BUYING/SELLING In Michigan
Homes, Gas Stations, Liquor Stores, Plazas, Hotels
RAJ SHERGILL
Associate Broker
Landmark Realty

40600 Ann Arbor Rd. Ste. 150
Plymouth, MI 48170
Cell 734-751-4455, rajsshergill@yahoo.com

Truck Insurance Specialist
- Preferred Carriers (A++)
- Bobtail Insurance
- Cargo and Primary Liability
TRI COUNTY INSURANCE
734 655 9090

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM
$25 'ਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
24/7 Customer Service
ਟੌਲ ਫਰੀ ਨੰਬਰ 'ਤੇ ਕਾਲ ਕਰੋ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
1-888-652-6268,732-983-4332/4333



Eighteenth Year of Publication | ਮਿਡਵੈਸਟ ਐਡੀਸ਼ਨ | Price 50¢

Email:punjabtimes1@gmail.com
www.punjabtimesusa.com


ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 18, Issue 13, April 1, 2017 | 20451 N Plum Grove Rd., Palatine, IL 60074 | Ph:847-359-0746, Fax:847-705-9388


## ਨਸ਼ਾ ਤਸਕਰੀ ਕੇਸ 'ਚ ਸਿਆਸੀ ਆਗੂ 'ਬਰੀ'

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਬਾਦਲ ਸਰਕਾਰ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਨਸ਼ਾ ਤਸਕਰੀ ਮਾਮਲੇ ਵਿਚ ਕਿਸੇ ਵੀ ਸਿਆਸੀ ਆਗੂ ਦੀ ਸ਼ਮੂਲੀਅਤ ਤੋਂ ਇਨਕਾਰ ਕਰ ਕੇ ਤਸਕਰੀ ਮਾਮਲੇ ਦਾ ਭੋਗ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਰਿਪੋਰਟ ਵਿਚ ਮੁਲਜ਼ਮਾਂ ਦੇ ਮੋਬਾਇਲ ਫੋਨਾਂ ਦੀਆਂ ਕਾਲਾਂ ਦਾ ਬਿਓਰਾ ਅਤੇ ਕੰਪਿਊਟਰਾਂ ਦਾ ਰਿਕਾਰਡ ਖੰਘਾਲਣ ਦਾ ਦਾਅਵਾ ਕੀਤਾ ਗਿਆ ਹੈ, ਪਰ ਜਾਂਚ ਟੀਮ ਨੂੰ ਨਸ਼ਾ ਤਸਕਰਾਂ ਦੇ ਕਿਸੇ ਵੀ ਸਿਆਸੀ ਆਗੂ ਨਾਲ ਸਬੰਧਾਂ ਨਾਲ ਜੁੜੀ ਕੋਈ ਕੜੀ ਦਿਖਾਈ ਨਹੀਂ ਦਿੱਤੀ। ਰਿਪੋਰਟ ਵਿਚ ਕੁਝ ਵੀ ਨਵਾਂ ਖੁਲਾਸਾ ਨਹੀਂ ਕੀਤਾ ਗਿਆ; ਜਿਹੜੇ 20 ਮੁਲਜ਼ਮਾਂ ਨੂੰ ਇਸ ਜਾਂਚ ਟੀਮ ਨੇ ਦੋਸ਼ੀ ਮੰਨਿਆ ਹੈ, ਉਨ੍ਹਾਂ ਵਿਰੁੱਧ ਦੋਸ਼ ਪਹਿਲਾਂ ਹੀ ਤੈਅ ਹੋ ਚੁੱਕੇ ਹਨ। 'ਸਿੱਟ' ਨੇ ਇਹ ਰਿਪੋਰਟ ਉਸੇ ਦਿਨ ਅਦਾਲਤ ਨੂੰ ਸੌਂਪੀ ਸੀ ਜਿਸ ਦਿਨ ਕੈਪਟਨ ਅਮਰਿੰਦਰ



ਸਿੰਘ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਰਹੇ ਸਨ। ਕਾਬਲੇਗੌਰ ਹੈ ਕਿ ਕੁਝ ਅਕਾਲੀ ਲੀਡਰਾਂ ਦਾ ਨਾਂ ਉਛਲਣ ਮਗਰੋਂ ਬਾਦਲ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਉਤੇ ਵਿਸ਼ੇਸ਼ ਜਾਂਚ ਟੀਮ ਬਣਾਈ ਸੀ। 'ਸਿੱਟ' ਵੱਲੋਂ 16 ਮਾਰਚ ਨੂੰ ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਆਂਸਲ ਬੇਰੀ ਦੀ ਅਦਾਲਤ ਵਿਚ ਤਕਰੀਬਨ

*(ਬਾਕੀ ਸਫਾ 6 'ਤੇ)*




*ਪੰਜਾਬ ਟਾਈਮਜ਼ ਦੀ 17ਵੀਂ ਵਰ੍ਹੇਗੰਢ ਮੌਕੇ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰ (ਖੱਬਿਓਂ) ਜੈਦੇਵ ਸਿੰਘ ਭੱਠਲ, ਡਾ. ਹਰਗੁਰਮੁਖਪਾਲ ਸਿੰਘ, ਮੁੱਖ ਮਹਿਮਾਨ ਮੇਜਰ ਗੁਰਚਰਨ ਸਿੰਘ ਝੱਜ, ਡਾ. ਗੁਰਦਿਆਲ ਸਿੰਘ ਬਸਰਾਨ, ਹਰਦਿਆਲ ਸਿੰਘ ਦਿਓਲ, ਦਰਸ਼ਨ ਸਿੰਘ ਗਰੇਵਾਲ, ਬਲਵਿੰਦਰ ਕੌਰ (ਨਿੱਕੀ) ਸੇਖੋਂ, ਅਯੁਧਿਆ ਸਲਵਾਨ, ਮਨਦੀਪ ਸਿੰਘ ਭੂਰਾ ਅਤੇ ਜਗਦੀਸ਼ਰ ਸਿੰਘ ਕਲੇਰ ਸੰਪਾਦਕ ਅਮੋਲਕ ਸਿੰਘ (ਵ੍ਹੀਲ ਚੇਅਰ) ਨਾਲ* *(ਰਿਪੋਰਟ ਅਗਲੇ ਅੰਕ ਵਿਚ)*

## ਲੰਘ ਚੱਲੇ ਚਾਰ ਹਫਤੇ...

**ਚੰਡੀਗੜ੍ਹ:** ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਚੋਣਾਂ ਤੋਂ ਪਹਿਲਾਂ ਪੰਜਾਬ ਵਿਚੋਂ ਚਾਰ ਹਫਤਿਆਂ ਵਿਚ ਨਸ਼ੇ ਖਤਮ ਕਰਨ ਦੀ ਗੱਲ ਆਖੀ ਸੀ। ਉਨ੍ਹਾਂ ਨੂੰ ਮੁੱਖ ਮੰਤਰੀ ਦੀ ਕੁਰਸੀ ਸੰਭਾਲੀ ਨੂੰ ਤਿੰਨ ਹਫਤੇ ਹੋਣ ਵਾਲੇ ਹਨ, ਪਰ ਅਜੇ ਤੱਕ ਨਸ਼ਿਆਂ ਖਿਲਾਫ ਕੋਈ ਵੱਡੀ ਮੁਹਿੰਮ ਨਹੀਂ ਚਲਾਈ ਜਾ ਸਕੀ। ਉਨ੍ਹਾਂ ਇਹ ਮਿਸ਼ਨ ਪੂਰਾ ਕਰਨ ਲਈ ਬੇਸ਼ੱਕ ਪੁਲਿਸ ਦੇ ਉਚ ਅਫਸਰਾਂ ਨਾਲ ਮੀਟਿੰਗ ਕਰ ਕੇ ਹਦਾਇਤਾਂ ਵੀ ਦੇ ਦਿੱਤੀਆਂ ਅਤੇ ਮੰਤਰੀਆਂ ਤੇ ਵਿਧਾਇਕਾਂ ਸਮੇਤ ਕਾਂਗਰਸੀ ਆਗੂਆਂ ਵੱਲੋਂ ਵੀ ਪੂਰੀ ਸਰਗਰਮੀ ਵਿਖਾਈ ਜਾ ਰਹੀ ਹੈ। ਇਥੋਂ ਤੱਕ ਕਿ ਨਸ਼ਿਆਂ ਨੂੰ ਰੋਕਣ ਲਈ ਗੁਰਦੁਆਰਿਆਂ ਤੋਂ ਅਨਾਊਂਸਮੈਂਟਾਂ ਕਰਵਾਈਆਂ ਜਾ ਰਹੀਆਂ ਹਨ, ਪਰ ਜਿਸ ਤਰ੍ਹਾਂ ਕਾਂਗਰਸ ਦੇ ਕੌਮੀ ਉਪ ਪ੍ਰਧਾਨ ਰਾਹੁਲ ਗਾਂਧੀ ਵਲੋਂ 70 ਫੀਸਦੀ ਪੰਜਾਬੀਆਂ ਦੇ ਨਸ਼ੇੜੀ ਹੋਣ ਦਾ ਦਾਅਵਾ ਕੀਤਾ ਗਿਆ ਸੀ, ਉਸ ਨੂੰ ਦੇਖਦੇ ਹੋਏ ਸਿਰਫ ਇਕ ਮਹੀਨੇ 'ਚ ਨਸ਼ਿਆਂ ਦਾ ਮੁਕੰਮਲ ਤੌਰ 'ਤੇ ਖਾਤਮਾ ਸਰਕਾਰ ਲਈ ਵੱਡੀ ਚੁਣੌਤੀ ਸਮਝਿਆ ਜਾ ਰਿਹਾ ਹੈ।

## ਗੁਰਦਾਸਪੁਰ ਜੇਲ੍ਹ ਕਾਂਡ ਨੇ ਖੋਲ੍ਹੀ ਪੋਲ

**ਚੰਡੀਗੜ੍ਹ:** ਗੁਰਦਾਸਪੁਰ ਦੀ ਕੇਂਦਰੀ ਜੇਲ੍ਹ ਵਿਚ ਕੈਦੀਆਂ ਵੱਲੋਂ ਜੇਲ੍ਹ ਅਧਿਕਾਰੀਆਂ ਅਤੇ ਮੁਲਾਜ਼ਮਾਂ 'ਤੇ ਕੀਤੇ ਹਮਲੇ ਨੇ ਇਕ ਵਾਰ ਫਿਰ ਸਿੱਧ ਕਰ ਦਿੱਤਾ ਹੈ ਕਿ ਪੰਜਾਬ ਦੀਆਂ ਜੇਲ੍ਹਾਂ ਵਿਚ ਸਭ ਅੱਛਾ ਨਹੀਂ। ਇਨ੍ਹਾਂ ਗੈਂਗਸਟਰ ਕੈਦੀਆਂ ਨੇ ਨਾ ਸਿਰਫ ਜੇਲ੍ਹ ਦੇ ਸੁਰੱਖਿਆ ਕਰਮਚਾਰੀਆਂ ਨਾਲ, ਬਲਕਿ ਬਾਹਰੋਂ ਮੰਗਵਾਈ ਪੁਲਿਸ ਨਾਲ ਵੀ ਮੁਕਾਬਲਾ ਕਰਨ ਦੀ ਕੋਸ਼ਿਸ਼ ਕੀਤੀ। ਗੈਸ ਸਿਲੰਡਰ ਨਾਲ ਧਮਾਕਾ ਕਰਨ ਅਤੇ ਉਨ੍ਹਾਂ ਖਿਲਾਫ਼ ਸਖਤੀ ਵਰਤਣ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਪਾਉਣ ਦੀਆਂ ਧਮਕੀਆਂ ਵੀ ਦਿੱਤੀਆਂ।


ਪੁਲਿਸ ਅਤੇ ਜੇਲ੍ਹ ਵਿਭਾਗ ਨੂੰ ਇਸ ਸਾਰੇ ਮਾਮਲੇ ਨੂੰ ਸ਼ਾਂਤ ਕਰਨ ਲਈ ਕਾਫੀ ਮੁਸ਼ੱਕਤ ਕਰਨੀ ਪਈ। ਇਸ ਸਾਰੇ ਘਟਨਾਕ੍ਰਮ ਨੇ ਪਿਛਲੇ 10 ਸਾਲਾਂ ਦੌਰਾਨ ਸੂਬੇ ਦੀਆਂ ਜੇਲ੍ਹਾਂ ਅੰਦਰ ਬਣੇ ਖਤਰਨਾਕ ਮਾਹੌਲ, ਰਸੂਖਵਾਨ ਕੈਦੀਆਂ ਦੇ ਰੋਅਬ, ਨਸ਼ਿਆਂ, ਹਥਿਆਰਾਂ ਅਤੇ ਮੋਬਾਇਲ ਫੋਨਾਂ ਦੀ ਮੌਜੂਦਗੀ ਦਾ ਕੌੜਾ ਸੱਚ ਜਨਤਕ ਕਰ ਦਿੱਤਾ ਹੈ।

ਸੂਬੇ ਦੀਆਂ ਜੇਲ੍ਹਾਂ ਅੰਦਰਲੀ ਬਦਤਰ ਸਥਿਤੀ ਦਾ ਪ੍ਰਗਟਾਵਾ ਕਰਨ ਵਾਲੀ ਇਹ ਪਹਿਲੀ ਘਟਨਾ ਨਹੀਂ ਬਲਕਿ ਪਿਛਲੇ ਕੁਝ ਸਾਲਾਂ ਦੌਰਾਨ ਅਜਿਹੀਆਂ ਦਰਜਨਾਂ ਘਟਨਾਵਾਂ ਵਾਪਰ ਚੁੱਕੀਆਂ

*(ਬਾਕੀ ਸਫਾ 6 'ਤੇ)*


Best Fare Guarantee

Harpreet Singh
AMRITSAR $915
DELHI $875
Mumbai $865


WorldWide Travel
www.fly2world.com
866 66 INDIA
4 6 3 4 2
Detroit 734 838 9998
Chicago 312 224 8800
Fares shown above are from Chicago and may change without notice, please call our office for more details. Other conditions apply.

Ad space available
Please call
Ph: 847-359-0756

ਵਿਸਾਖੀ ਮੁਬਾਰਿਕ TO CELEBRATE ਵਿਸਾਖੀ ਮੁਬਾਰਿਕ

VAISAKHI

# PUNJABI CULTURAL SOCIETY

of Chicago

PROUDLY PRESENTS MOST POPULAR SHOW IN CHICAGOLAND FOR 23 YEARS

# RANGLA PUNJAB 2017

on

## SATURDAY, April 29th, 2017

7:00 p.m. sharp

## MEADOWS CLUB

## 2950 W Golf Rd. Rolling Meadows, Il. 60008

ENJOY A COLORFUL FAMILY STYLE EVENING FULL OF EXCITEMENT

# ਰੰਗਲਾ ਪੰਜਾਬ

Bhangra, Gidha, Children's Items, Bolian, Dances, Punjabi skits and much more.



Admission Donation: $20, $50, $100/V.I.P. Front row reserved seats, Children under 10 yr. Free,
(Dinner included w/$100 tickets)

SPONSORS are encouraged, will be appropriately recognized at the show
Advance Purchase is encouraged, Purchase your tickets ASAP, Make your check Payable to P.C.S.

for further information please contact:

ਪੰਜਾਬੀ ਸਭਿਆਚਾਰਕ ਸਭਾ (847) 359-5PCS

## PUNJABI CULTURAL SOCIETY

of Chicago

P. O. BOX 1244, PALATINE, IL. 60078 E-mail info@PCSChicago.org
Facebook: PUNJABI CULTURAL SOCIETY OF CHICAGO www.PCSChicago.org

P.C.S. is a not for profit organization promoting Punjabi Culture, Language Sports & Performing Arts.

# ਦਵਿੰਦਰ ਸਿੰਘ ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ ਦੇ ਪ੍ਰਧਾਨ ਬਣੇ

**ਸ਼ਿਕਾਗੋ (ਬਿਊਰੋ):** ਸ. ਦਵਿੰਦਰ ਸਿੰਘ ਨੂੰ ਸਰਬਸੰਮਤੀ ਨਾਲ ਸਥਾਨਕ ਸੰਸਥਾ ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ (ਪੀ.ਏ.ਓ.) ਦਾ ਸਾਲ 2017-18 ਲਈ ਪ੍ਰਧਾਨ ਬਣਾਇਆ ਗਿਆ ਹੈ। ਸ. ਦਵਿੰਦਰ ਸਿੰਘ ਪਿਛਲੇ ਕਈ ਸਾਲਾਂ ਤੋਂ ਸੰਸਥਾ ਵਿਚ ਵੱਖ ਵੱਖ ਅਹੁਦਿਆਂ 'ਤੇ ਸੇਵਾ ਨਿਭਾ ਚੁਕੇ ਹਨ। ਉਹ ਪੇਸ਼ੇ ਵਜੋਂ ਇਕ ਨਾਮੀ ਮਲਟੀਨੈਸ਼ਨਲ ਕੰਪਨੀ ਵਿਚ ਵਾਈਸ ਪ੍ਰੈਜ਼ੀਡੈਂਟ ਦੇ ਅਹੁਦੇ 'ਤੇ ਕੰਮ ਕਰ ਰਹੇ ਹਨ।

ਸ. ਦਵਿੰਦਰ ਸਿੰਘ ਨੇ ਦੱਸਿਆ ਕਿ ਸੰਸਥਾ ਦਾ 13ਵਾਂ ਰੰਗਾਰੰਗ ਪ੍ਰੋਗਰਾਮ 'ਤੀਆਂ ਦਾ ਮੇਲਾ' ਐਤਵਾਰ, 23 ਜੁਲਾਈ 2017 ਨੂੰ ਵਾਟਰਫੋਰਡ ਬੈਂਕੁਇਟ ਹਾਲ, ਐਲਮਹਰਸਟ ਵਿਖੇ ਸਵੇਰੇ 11 ਤੋਂ ਸ਼ਾਮ 4:30 ਵਜੇ ਤੱਕ ਕਰਵਾਇਆ ਜਾਵੇਗਾ। ਇਹ ਮੇਲਾ ਸਿਰਫ ਬੀਬੀਆਂ ਲਈ ਹੋਵੇਗਾ ਜਿਸ ਵਿਚ ਗਿੱਧਾ, ਗੀਤ-ਸੰਗੀਤ ਅਤੇ ਲਾਈਵ ਡੀ.ਜੇ. ਦੇ ਨਾਲ ਨਾਲ ਫੈਸ਼ਨ ਸ਼ੋਅ ਤੇ 'ਸ਼ੌਕਣ ਮੇਲੇ ਦੀ' ਮੁਕਾਬਲਾ ਵੀ ਕਰਵਾਇਆ ਜਾਵੇਗਾ। ਬੀਬੀਆਂ ਲਈ ਮਹਿੰਦੀ, ਗਿਫਟ ਆਈਟਮਾਂ, ਗਹਿਣਿਆਂ ਅਤੇ ਪੰਜਾਬੀ ਸੂਟਾਂ ਦੇ ਸਟਾਲ ਵੀ ਲਾਏ ਜਾਣਗੇ।

ਸ. ਦਵਿੰਦਰ ਸਿੰਘ ਨੇ ਭਰੋਸਾ ਪ੍ਰਗਟਾਇਆ ਕਿ ਉਹ ਸੰਸਥਾ ਲਈ ਤਨ, ਮਨ, ਧਨ ਨਾਲ ਸੇਵਾ ਕਰਨਗੇ। ਇਸ ਦੇ ਨਾਲ ਹੀ ਉਨ੍ਹਾਂ ਅਮਰੀਕਾ ਵਿਚ ਵਾਪਰ ਰਹੀਆਂ ਨਸਲੀ ਵਿਤਕਰੇ ਦੀਆਂ ਘਟਨਾਵਾਂ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਸਭ ਭਾਈਚਾਰਿਆਂ ਨੂੰ ਆਪਸੀ



ਦਵਿੰਦਰ ਸਿੰਘ

ਸਦਭਾਵਨਾ ਨਾਲ ਰਹਿਣ ਦੀ ਅਪੀਲ ਕੀਤੀ ਹੈ।

ਪੀ.ਏ.ਓ. ਦੇ ਸੰਸਥਾਪਕ ਅਤੇ ਮੈਨੇਜਿੰਗ ਡਾਇਰੈਕਟਰ ਸ. ਗੁਲਜ਼ਾਰ ਸਿੰਘ ਮੁਲਤਾਨੀ ਨੇ ਨਵੇਂ ਪ੍ਰਧਾਨ ਅਤੇ ਪੀ.ਏ.ਓ. ਦੇ ਸਾਰੇ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਆਸ ਪ੍ਰਗਟਾਈ ਹੈ ਕਿ ਉਹ ਸੰਸਥਾ ਨੂੰ ਨਵੀਂ ਸੇਧ ਦਿੰਦੇ ਹੋਏ ਹੋਰ ਉਚਾਈਆਂ ਵੱਲ ਲੈ ਕੇ ਜਾਣਗੇ।

## ਸਿੱਖ ਕੁੜੀ ਨਫਰਤੀ ਹਮਲੇ ਦਾ ਸ਼ਿਕਾਰ

**ਨਿਊ ਯਾਰਕ:** ਸਬਵੇਅ ਟਰੇਨ ਵਿਚ ਸਫਰ ਕਰ ਰਹੀ ਰਾਜਪ੍ਰੀਤ ਹੇਅਰ ਨੂੰ ਗੋਰੇ ਨੇ ਮੁਸਲਿਮ ਮਹਿਲਾ ਸਮਝਦਿਆਂ 'ਲਿਬਨਾਨ ਵਾਪਸ ਜਾਣ' ਲਈ ਕਿਹਾ। ਰਾਜਪ੍ਰੀਤ ਮੈਨਹੱਟਨ ਆਪਣੇ ਇਕ ਦੋਸਤ ਦੀ ਜਨਮ ਦਿਨ ਪਾਰਟੀ ਲਈ ਜਾ ਰਹੀ ਸੀ।

# ਕਾਂਗਰਸੀਆਂ ਤੇ ਅਕਾਲੀਆਂ ਵਿਚਾਲੇ ਚੱਲੀਆਂ ਗੋਲੀਆਂ

**ਤਰਨ ਤਾਰਨ:** ਪਿੰਡ ਮਾਛੀਕੇ ਵਿਚ ਅਕਾਲੀ ਵਰਕਰਾਂ ਵੱਲੋਂ ਕਾਂਗਰਸੀਆਂ 'ਤੇ ਗੋਲੀ ਚਲਾਉਣ ਨਾਲ ਦੋ ਵਿਅਕਤੀ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਦੀ ਸ਼ਨਾਖਤ ਪ੍ਰਭਜੀਤ ਸਿੰਘ ਪ੍ਰਭਾ ਅਤੇ ਕੁਲਵਿੰਦਰ ਸਿੰਘ ਵਜੋਂ ਹੋਈ ਹੈ। ਪੁਲਿਸ ਨੇ ਇਸ ਮਾਮਲੇ ਵਿਚ ਪੰਜ ਅਕਾਲੀ ਵਰਕਰਾਂ ਰਵਿੰਦਰ ਸਿੰਘ ਕਾਲੂ, ਉਸ ਦੇ ਭਰਾ ਗੁਰਵਿੰਦਰ ਸਿੰਘ, ਬੂਟਾ ਸਿੰਘ, ਜਗਤਾਰ ਸਿੰਘ ਤੇ ਕੁਲਦੀਪ ਸਿੰਘ ਖਿਲਾਫ਼ ਕੇਸ ਦਰਜ ਕੀਤਾ ਹੈ।

ਕਾਂਗਰਸੀ ਆਗੂ ਗੁਰਸੇਵਕ ਸਿੰਘ ਨੇ ਸ਼ਿਕਾਇਤ ਦਿੱਤੀ ਕਿ ਉਹ ਪ੍ਰਭਜੀਤ ਸਿੰਘ ਅਤੇ ਕੁਲਵਿੰਦਰ ਸਿੰਘ ਨਾਲ ਘਰ ਆ ਰਿਹਾ ਸੀ ਕਿ ਵਿਰੋਧੀਆਂ ਨੇ ਉਨ੍ਹਾਂ 'ਤੇ ਗੋਲੀਆਂ ਚਲਾ ਦਿੱਤੀਆਂ। ਦੋਹਾਂ ਧਿਰਾਂ ਵਿਚਾਲੇ ਪੁਰਾਣਾ ਤਕਰਾਰ ਚਲਦਾ ਆ ਰਿਹਾ ਹੈ। ਇਸ ਦੌਰਾਨ ਸਾਬਕਾ ਅਕਾਲੀ ਵਿਧਾਇਕ ਵਿਰਸਾ ਸਿੰਘ ਵਲਟੋਹਾ ਨੇ ਦੋਸ਼ ਲਾਇਆ ਕਿ ਗੋਲੀਬਾਰੀ ਵਿਚ ਅਕਾਲੀ ਵਰਕਰ ਵੀ ਜ਼ਖ਼ਮੀ ਹੋਏ ਹਨ, ਪਰ ਉਨ੍ਹਾਂ ਦੇ ਬਿਆਨਾਂ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਗਿਆ ਹੈ।

## ਐਤਕੀਂ ਵੱਧ ਪਵੇਗੀ ਗਰਮੀ

**ਨਵੀਂ ਦਿੱਲੀ:** ਦਿੱਲੀ ਵਿਚ ਜਿਥੇ ਗਰਮੀ ਦੀ ਤਪਸ਼ ਮਹਿਸੂਸ ਕੀਤੀ ਜਾ ਰਹੀ ਹੈ, ਉਥੇ ਮਾਰਚ ਮਹੀਨੇ 'ਚ ਹੀ ਭਾਰੀ ਗਰਮੀ ਕਾਰਨ ਅਹਿਮਦਾਬਾਦ ਵਿਚ 'ਯੈਲੋ ਅਲਰਟ' ਜਾਰੀ ਕਰ ਦਿੱਤਾ ਗਿਆ ਹੈ। ਮੁਲਕ ਦੀ ਆਰਥਿਕ ਰਾਜਧਾਨੀ ਮੁੰਬਈ 'ਚ ਪਾਰਾ ਰਿਕਾਰਡ ਤੋੜਨ ਲੱਗਾ ਹੈ। ਦਿੱਲੀ ਤੇ ਇਸ ਦੇ ਨੇੜਲੇ ਇਲਾਕਿਆਂ 'ਚ ਬੀਤੇ ਦਸ ਦਿਨਾਂ ਦੌਰਾਨ ਤਾਪਮਾਨ 13 ਡਿਗਰੀ ਤੱਕ ਵਧ ਗਿਆ ਹੈ। ਮੌਸਮ ਵਿਭਾਗ ਨੇ ਅਗਲੇ ਦੋ ਮਹੀਨੇ ਦੌਰਾਨ ਸਾਰੇ ਦੇਸ਼ 'ਚ ਔਸਤ ਨਾਲੋਂ ਵੱਧ ਤਾਪਮਾਨ ਦੀ ਸੰਭਾਵਨਾ ਜਤਾਈ ਹੈ। ਵਿਭਾਗ ਮੁਤਾਬਕ ਮਾਰਚ ਤੋਂ ਮਈ ਮਹੀਨੇ ਦੌਰਾਨ ਕਈ ਸੂਬਿਆਂ 'ਚ ਝੁਲਸਾ ਦੇਣ ਵਾਲੀ ਗਰਮੀ ਪਵੇਗੀ।



*ਸ. ਰਮਨਦੀਪ ਸਿੰਘ (ਖੱਬਿਓਂ ਪੰਜਵੇਂ) ਨੂੰ ਇਲੀਨਾਏ ਟੈਕਨਾਲੋਜੀ ਫਾਊਂਡੇਸ਼ਨ (ਆਈ.ਟੀ.ਐਫ.) ਵਲੋਂ 'ਫਿਫਟੀ ਫਾਰ ਦਾ ਫਿਊਚਰ' ਐਵਾਰਡ ਦਿੱਤਾ ਗਿਆ ਹੈ। ਉਹ ਅਮਰੀਕਾ 'ਚ ਪਹਿਲੇ ਸਿੱਖ ਸਟੂਡੈਂਟ ਹਨ ਜਿਸ ਨੂੰ ਇਹ ਐਵਾਰਡ ਦਿੱਤਾ ਗਿਆ ਹੈ। ਐਵਾਰਡ ਵੰਡ ਸਮਾਗਮ ਲੰਘੇ ਦਿਨੀਂ ਰੌਬਰਟ ਮੋਰਿਸ ਯੂਨੀਵਰਸਿਟੀ, ਸ਼ਿਕਾਗੋ ਵਿਖੇ ਹੋਇਆ ਸੀ।*

# ਸਾਬਕਾ ਮੰਤਰੀ ਗੁਰਦੇਵ ਬਾਦਲ ਦਾ ਦੇਹਾਂਤ

**ਫ਼ਰੀਦਕੋਟ:** ਫ਼ਰੀਦਕੋਟ ਦੇ ਵਸਨੀਕ ਸਾਬਕਾ ਖੇਤੀਬਾੜੀ ਮੰਤਰੀ ਗੁਰਦੇਵ ਸਿੰਘ ਬਾਦਲ ਦਾ ਲੰਮੀ ਬਿਮਾਰੀ ਮਗਰੋਂ ਮੰਗਲਵਾਰੀਂ ਦਇਆਨੰਦ ਮੈਡੀਕਲ ਕਾਲਜ ਤੇ ਹਸਪਤਾਲ ਲੁਧਿਆਣਾ ਵਿਚ ਦੇਹਾਂਤ ਹੋ ਗਿਆ। ਉਨ੍ਹਾਂ ਦਾ ਦੇਰ ਸ਼ਾਮ ਇਥੋਂ ਦੇ ਸ਼ਾਂਤੀਵਣ ਵਿਚ ਸਰਕਾਰੀ ਸਨਮਾਨਾਂ ਨਾਲ ਸਸਕਾਰ ਕਰ ਦਿੱਤਾ ਗਿਆ।


ਗੁਰਦੇਵ ਸਿੰਘ ਬਾਦਲ ਅਕਾਲੀ ਦਲ ਦੇ ਸੀਨੀਅਰ ਆਗੂਆਂ ਵਿਚੋਂ ਸਨ ਅਤੇ ਉਹ 1967 ਤੋਂ ਲੈ ਕੇ 2002 ਤੱਕ ਅੱਠ ਵਾਰ ਵਿਧਾਇਕ ਚੁਣੇ ਗਏ। 1997 ਤੋਂ ਲੈ ਕੇ 2002 ਤੱਕ ਉਹ ਪੰਜਾਬ ਦੇ ਖੇਤੀਬਾੜੀ ਮੰਤਰੀ ਰਹੇ। ਗੁਰਦੇਵ ਸਿੰਘ ਬਾਦਲ ਨੇ 1989 ਵਿਚ ਬਠਿੰਡਾ ਲੋਕ ਸਭਾ ਹਲਕੇ ਤੋਂ ਚੋਣ ਲੜੀ, ਪਰ ਉਹ ਚੋਣ ਹਾਰ ਗਏ ਸਨ। ਸਿਆਸਤ 'ਚ ਆਉਣ ਤੋਂ ਪਹਿਲਾਂ ਉਹ ਢਾਡੀ ਸਨ।

Singh Tax & Accounting Services LLC.
Individual & Business Taxes, Accounting, Payroll & Financial Consulting Services.
File your taxes on time, Tax planning, start new business, to resolve tax related matters with IRS. Free consultation for tax matters. Translation from Punjabi to English and Notary Services.
ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ
Ph:248-982-2036
Fax:616-855-5575

Mohan Singh M.COM, MBA (Finance), ACA Master in Taxation. IRS Enrolled agent, Notary Public
Office Locations: 38969 Cheshire Dr., Northville, MI 48167; 38565 Joy Rd., Westland, MI 48185
Email : jhand_mohan@yahoo.com; or info@SinghTaxServices.com
For More Detail check our web site at :www.SinghTaxServices.com

Personalized Service-Committed To Quality
Purchase & Refinance Your Home Loans

ਆਪਣਾ ਘਰ ਖਰੀਦਣ ਜਾਂ ਘਰ ਉਪਰ ਲੋਨ ਰੀਫਾਇਨਾਂਸ ਕਰਾਉਣ ਲਈ ਸੰਪਰਕ ਕਰੋ
Solutions Financial Mortgage Company
1701 E. Lake Avenue #280, Glenview, IL 60025
Office: 847-834-0100
Fax: 847-834-0106
AMRIK P. SINGH
Mortgage Loan Originator
NMLS # 232904
Cell 312-608-0006
Illinois Residential Mortgage Licensee.
Email: asingh@solutionsfn.com
Web: www.solutionsfn.com

Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

Drivers Wanted
*Dedicated Route *Hook and Drop options
*Local IN - OH work (Within 200 Miles)
*Weekend Home *New Trucks Automatic / 10 Speed
$5K to $6K + a month Guaranteed Income
Clean Operations
PrePass, EzPass, Company Fuel Cards.
(No ComCheck - TCheck)
ਡਰਾਈਵਰਾਂ ਦੀ ਲੋੜ ਹੈ
*ਡੈਡੀਕੇਟਿਡ ਰੂਟ
*ਇਕੋ ਥਾਂ ਤੋਂ ਲੋਡਿੰਗ/ਅਨਲੋਡਿੰਗ
*5 ਦਿਨ ਕੰਮ
*ਨਵੇਂ ਟਰੱਕ, ਨਵੇਂ ਟਰੇਲਰ
*ਲੋਕਲ ਕੰਮ (ਇੰਡੀਆਨਾ-ਓਹਾਇਓ)
(200+ ਮੀਲ ਦੇ ਦਾਇਰੇ ਵਿਚ)

*ਤਨਖਾਹ 5 ਤੋਂ 6,000+ ਡਾਲਰ ਪ੍ਰਤੀ ਮਹੀਨਾ
ਘੱਟੋ ਘੱਟ ਤਜਰਬਾ 2 ਸਾਲ, ਉਮਰ 23 ਸਾਲ
Clean CDL ਰਿਕਾਰਡ
ਸੰਪਰਕ ਕਰੋ (614) 641-0000
13-14

# ਕੈਪਟਨ ਸਰਕਾਰ ਵੀ ਸਿਆਸੀ ਲਿਹਾਜ਼ਦਾਰੀਆਂ ਪੁਗਾਉਣ ਦੇ ਰਾਹ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਸਹੁੰ ਚੁੱਕ ਸਮਾਗਮ ਨੂੰ ਸਾਦਾ ਰੱਖ ਕੇ ਸਰਕਾਰੀ ਫਜ਼ੂਲ ਖਰਚਿਆਂ 'ਚ ਕਮੀ ਲਿਆਉਣ ਦਾ ਐਲਾਨ ਕੀਤਾ ਸੀ, ਪਰ ਉਸ ਤੋਂ ਤੁਰਤ ਬਾਅਦ ਜਿਸ ਢੰਗ ਨਾਲ ਉਨ੍ਹਾਂ ਸਰਕਾਰੀ ਖਜ਼ਾਨੇ ਰਾਹੀਂ ਆਪਣੇ ਪੁਰਾਣੇ ਸਿਆਸੀ ਸਮਰਥਕਾਂ ਤੇ ਸ਼ੁਭਚਿੰਤਕਾਂ ਨੂੰ ਮੁੱਖ ਮੰਤਰੀ ਸਕੱਤਰੇਤ 'ਚ ਵਿਸ਼ੇਸ਼ ਅਹੁਦਿਆਂ ਨਾਲ ਨਿਵਾਜਣਾ ਸ਼ੁਰੂ ਕੀਤਾ ਹੈ, ਉਸ ਨੇ ਕਾਂਗਰਸ ਸਰਕਾਰ ਦੀ ਕਥਨੀ ਤੇ ਕਰਨੀ 'ਤੇ ਵੱਡਾ ਸੁਆਲੀਆ ਨਿਸ਼ਾਨ ਲਗਾ ਦਿੱਤਾ ਹੈ।



ਮੁੱਖ ਮੰਤਰੀ ਵੱਲੋਂ ਮੁੱਖ ਮੰਤਰੀ ਸਕੱਤਰੇਤ 'ਚ 15 ਗੈਰ-ਸਰਕਾਰੀ ਵਿਅਕਤੀਆਂ ਨੂੰ ਅਹਿਮ ਨਿਯੁਕਤੀਆਂ ਦਿੱਤੀਆਂ, ਜਦੋਂਕਿ ਕੁਝ ਹੋਰ ਨਿਯੁਕਤੀਆਂ ਲਈ ਅਜੇ ਪ੍ਰਕਿਰਿਆ ਜਾਰੀ ਹੈ। ਹਾਲਾਂਕਿ ਮੁੱਖ ਮੰਤਰੀ ਨਾਲ ਸਰਕਾਰੀ ਤੌਰ 'ਤੇ ਵੀ ਪ੍ਰਮੁੱਖ ਸਕੱਤਰ, ਵਿਸ਼ੇਸ਼ ਪ੍ਰਮੁੱਖ ਸਕੱਤਰ, ਡਿਪਟੀ ਪ੍ਰਮੁੱਖ ਸਕੱਤਰ, 2 ਪੀ.ਸੀ.ਐਸ. ਅਧਿਕਾਰੀ ਓ.ਐਸ.ਡੀ. ਵਜੋਂ ਨਿਯੁਕਤ ਕੀਤੇ ਗਏ ਹਨ ਅਤੇ ਇਕ ਡੀ.ਆਈ.ਜੀ. ਤੇ 3-4 ਐਸ.ਪੀ. ਰੈਂਕ ਦੇ ਅਧਿਕਾਰੀਆਂ ਤੋਂ ਇਲਾਵਾ ਡਾਕਟਰਾਂ ਦੀ ਟੀਮ ਅਤੇ ਲੋਕ ਸੰਪਰਕ ਵਿਭਾਗ ਵੱਲੋਂ ਐਡੀਸ਼ਨਲ ਡਾਇਰੈਕਟਰ ਦੀ ਅਗਵਾਈ 'ਚ ਅਫਸਰਾਂ ਦੀ ਇਕ ਟੀਮ ਨਿਯੁਕਤ ਹੈ। ਨਵੇਂ ਨਿਯੁਕਤ ਕੀਤੇ ਗੈਰ-ਸਰਕਾਰੀ ਵਿਅਕਤੀਆਂ 'ਚ 4 ਸਲਾਹਕਾਰਾਂ ਵਿਚੋਂ ਮੁੱਖ ਮੰਤਰੀ ਦੇ ਫੌਜ ਵਿਚ ਭਰਤੀ ਹੋਣ ਮੌਕੇ ਬੈਚ ਦੇ ਸਾਥੀ ਤੇ ਪੁਰਾਣੇ ਦੋਸਤ ਜਨਰਲ ਟੀ.ਐਸ. ਸ਼ੇਰਗਿੱਲ ਨੂੰ ਕੈਬਨਿਟ ਦਾ ਦਰਜਾ ਦਿੱਤਾ ਗਿਆ ਹੈ, ਜਦੋਂਕਿ ਭਰਤ ਇੰਦਰ ਸਿੰਘ ਚਾਹਲ ਅਤੇ ਰਵੀਨ ਠੁਕਰਾਲ ਨੂੰ ਰਾਜ ਮੰਤਰੀ ਦਾ ਦਰਜਾ ਦਿੱਤਾ ਗਿਆ ਹੈ ਅਤੇ ਖੁਬੀ ਰਾਮ ਨੂੰ ਸੁਰੱਖਿਆ ਸਲਾਹਕਾਰ ਵਜੋਂ ਨਿਯੁਕਤੀ ਦਿੱਤੀ ਗਈ ਹੈ।

ਇਕ ਸੇਵਾਮੁਕਤ ਅਧਿਕਾਰੀ ਨੂੰ ਕੌਮੀ ਕੈਬਨਿਟ ਸਕੱਤਰ ਦੇ ਰੈਂਕ ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਤੇ ਇਕ ਸੇਵਾਮੁਕਤ ਪੀ.ਸੀ. ਐਸ. ਅਧਿਕਾਰੀ ਨੂੰ ਮੁੱਖ ਮੰਤਰੀ ਦਾ ਸਕੱਤਰ ਅਤੇ ਇਕ ਸਾਬਕਾ ਪੱਤਰਕਾਰ ਨੂੰ ਮੁੱਖ ਮੰਤਰੀ ਦਾ ਪ੍ਰੈੱਸ ਸਕੱਤਰ ਨਿਯੁਕਤ ਕੀਤਾ ਗਿਆ ਹੈ, ਜਦੋਂਕਿ ਉਨ੍ਹਾਂ ਨਾਲ ਅੱਜ 5 ਗੈਰ-ਸਰਕਾਰੀ ਵਿਅਕਤੀਆਂ ਗੁਰਪ੍ਰੀਤ ਸਿੰਘ ਸੋਨੂੰ ਢੇਸੀ, ਜਗਦੀਪ ਸਿੰਘ ਸਿੱਧੂ, ਸੰਦੀਪ ਸਿੰਘ ਬਰਾੜ, ਦਮਨਜੀਤ ਸਿੰਘ ਮੋਹੀ ਅਤੇ ਅੰਕਤ ਬਾਂਸਲ ਨੂੰ ਓ.ਐਸ.ਡੀ. ਵਜੋਂ ਨਿਯੁਕਤ ਕੀਤਾ ਗਿਆ ਹੈ। ਅਕਾਲੀ-ਭਾਜਪਾ ਸਰਕਾਰ ਵੱਲੋਂ ਸਲਾਹਕਾਰਾਂ ਲਈ ਤਨਖਾਹ 50 ਹਜ਼ਾਰ ਰੁਪਏ ਮਹੀਨਾ ਰੱਖੀ ਹੋਈ ਸੀ, ਜਦੋਂਕਿ ਮੌਜੂਦਾ ਸਰਕਾਰ ਵੱਲੋਂ ਨਿਯੁਕਤ ਕੀਤੇ ਵਿਅਕਤੀਆਂ ਲਈ ਸੇਵਾ ਸ਼ਰਤਾਂ ਨੂੰ ਅਜੇ ਐਲਾਨਿਆ ਜਾਣਾ ਹੈ, ਪਰ ਸਰਕਾਰੀ ਅਧਿਕਾਰੀਆਂ ਦਾ ਦੱਸਣਾ ਹੈ ਕਿ ਇਨ੍ਹਾਂ ਨਿਯੁਕਤ ਕੀਤੇ ਗਏ ਗ਼ੈਰ-ਸਰਕਾਰੀ ਵਿਅਕਤੀਆਂ ਦੀਆਂ ਤਨਖਾਹਾਂ, ਰਿਹਾਇਸ਼ਾਂ, ਸਹਾਇਕ ਸਟਾਫ, ਸੁਰੱਖਿਆ ਅਮਲੇ, ਕਾਰਾਂ ਤੇ ਤੇਲ ਆਦਿ ਤੋਂ ਇਲਾਵਾ ਟੀ.ਏ. ਡੀ.ਏ. ਤੇ ਰਾਜ ਸਰਕਾਰ ਨੂੰ ਸਾਲਾਨਾ ਕੋਈ 10 ਤੋਂ 15 ਕਰੋੜ ਰੁਪਏ ਖਰਚਣੇ ਪੈਣਗੇ, ਜਦੋਂਕਿ ਰਾਜ ਦਾ ਖ਼ਜ਼ਾਨਾ ਪਹਿਲਾਂ ਹੀ ਵੱਡੇ ਦਬਾਅ ਹੇਠ ਹੈ ਅਤੇ ਸਰਕਾਰ ਲਈ ਜ਼ਰੂਰੀ ਖਰਚਿਆਂ ਲਈ ਅਦਾਇਗੀਆਂ ਕਰਨੀਆਂ ਮੁਸ਼ਕਲ ਬਣੀਆਂ ਹੋਈਆਂ ਹਨ। ਇਸੇ ਤਰ੍ਹਾਂ ਮੁੱਖ ਮੰਤਰੀ ਦੀ ਸਲਾਹ 'ਤੇ ਰਾਜ ਦੇ ਮੁੱਖ ਸਕੱਤਰ ਵੱਲੋਂ ਮੰਤਰੀਆਂ ਨੂੰ ਕੋਠੀਆਂ ਦੀ ਅਲਾਟਮੈਂਟ ਸਬੰਧੀ ਜੋ ਹੁਕਮ ਜਾਰੀ ਕੀਤੇ ਗਏ ਹਨ, ਉਸ ਅਨੁਸਾਰ ਮੁੱਖ ਮੰਤਰੀ ਨੂੰ ਮੰਤਰੀਆਂ ਵਾਲੀਆਂ 4 ਕੋਠੀਆਂ ਅਲਾਟ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀਆਂ ਕੋਠੀਆਂ ਤੋਂ ਇਲਾਵਾ ਉਨ੍ਹਾਂ ਦੇ ਮਗਰਲੇ ਪਾਸੇ ਵਾਲੀਆਂ 2 ਮੰਤਰੀਆਂ ਦੀਆਂ ਕੋਠੀਆਂ ਵੀ ਸ਼ਾਮਲ ਹਨ। ਮੁੱਖ ਮੰਤਰੀ ਅਤੇ ਉਪ-ਮੁੱਖ ਮੰਤਰੀ ਦੀਆਂ ਕੋਠੀਆਂ ਕੋਈ 3 ਏਕੜ ਜਗ੍ਹਾ ਵਿਚ ਹਨ ਜਦੋਂਕਿ ਮਗਰਲੇ ਪਾਸੇ ਵਾਲੀਆਂ 2 ਕੋਠੀਆਂ ਵੀ ਕੋਈ ਡੇਢ ਏਕੜ ਜਗ੍ਹਾ ਵਿਚ ਹਨ।

## ਸੰਸਦੀ ਸਕੱਤਰਾਂ ਦੀ ਫੌਜ ਰੱਖਣ ਦੀ ਤਿਆਰੀ

**ਚੰਡੀਗੜ੍ਹ:** ਕਾਂਗਰਸ ਸਰਕਾਰ ਹੁਣ ਆਪਣੇ ਰਹਿੰਦੇ ਲੀਡਰਾਂ ਨੂੰ ਸੰਸਦੀ ਸਕੱਤਰ ਬਣਾਉਣ ਦੀ ਤਿਆਰੀ ਕਰ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਛੇਤੀ ਹੀ ਸੰਸਦੀ ਸਕੱਤਰਾਂ ਦੀ ਨਿਯੁਕਤੀ ਬਾਰੇ ਕਾਨੂੰਨ ਲਿਆਵੇਗੀ ਤੇ ਇਨ੍ਹਾਂ ਸੰਸਦੀ ਸਕੱਤਰਾਂ ਨੂੰ ਵੱਖ-ਵੱਖ ਮੰਤਰੀਆਂ ਨਾਲ ਲਾਇਆ ਜਾਵੇਗਾ। ਕੈਪਟਨ ਨੇ ਇਹ ਦਾਅਵਾ ਇਕ ਟੀ.ਵੀ. ਇੰਟਰਵਿਊ ਦੌਰਾਨ ਕੀਤਾ। ਕਾਬਲੇਗੌਰ ਹੈ ਕਿ ਸੰਸਦੀ ਸਕੱਤਰਾਂ ਦੀਆਂ ਨਿਯੁਕਤੀਆਂ ਦਾ ਸਦਾ ਵਿਰੋਧ ਹੁੰਦਾ ਰਿਹਾ ਹੈ। ਸੰਸਦੀ ਸਕੱਤਰਾਂ ਕੋਲ ਕੋਈ ਕੰਮ ਨਹੀਂ ਹੁੰਦਾ, ਪਰ ਉਹ ਮੰਤਰੀ ਜਿੰਨੀਆਂ ਹੀ ਸਹੂਲਤਾਂ ਦਾ ਅਨੰਦ ਮਾਣਦੇ ਹਨ। ਸੁਪਰੀਮ ਕੋਰਟ ਦੇ ਆਦੇਸ਼ਾਂ ਤੋਂ ਬਾਅਦ ਸੰਸਦੀ ਸਕੱਤਰਾਂ ਨੂੰ ਮੰਤਰੀਆਂ ਦੀ ਥਾਂ ਅਹੁਦਿਆਂ ਨਾਲ ਨਿਵਾਜ਼ਿਆ ਜਾਂਦਾ ਹੈ। ਹਾਲ ਹੀ ਦੀਆਂ ਵਿਧਾਨ ਸਭਾ ਚੋਣਾਂ ਨੂੰ ਆਪਣੀਆਂ ਆਖਰੀ ਚੋਣਾਂ ਦੱਸਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸੰਸਦੀ ਸਕੱਤਰਾਂ ਦੀ ਨਿਯੁਕਤੀ ਬਾਰੇ ਸਰਕਾਰ ਬਿੱਲ ਲਿਆਵੇਗੀ। ਇਹ ਸੰਸਦੀ ਸਕੱਤਰ ਮੰਤਰੀਆਂ ਦੇ ਨਾਲ ਕੰਮ ਕਰ ਕੇ ਭਵਿੱਖ ਦੇ ਮੰਤਰੀਆਂ ਵਜੋਂ ਤਿਆਰ ਹੋਣਗੇ।

## ਸਲਾਹਕਾਰਾਂ ਦੀ ਗਿਣਤੀ ਪੱਖੋਂ ਬਾਦਲ ਨੂੰ ਵੀ ਮਾਤ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਚਹੇਤਿਆਂ ਦੀਆਂ ਮੌਜਾਂ ਲਈ ਬਾਦਲਾਂ ਨੂੰ ਵੀ ਮਾਤ ਪਾ ਦਿੱਤੀ ਹੈ। ਕੈਪਟਨ ਅਮਰਿੰਦਰ ਦੇ ਸਿਆਸੀ ਤੇ ਮੀਡੀਆ ਸਲਾਹਕਾਰਾਂ ਦੀ ਫੌਜ ਵਿਚ 13 ਜਰਨੈਲ ਸ਼ਾਮਲ ਹੋ ਚੁੱਕੇ ਹਨ। ਇਹ ਗਿਣਤੀ ਅਜੇ ਹੋਰ ਵਧ ਸਕਦੀ ਹੈ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਅਜਿਹੇ ਸਲਾਹਕਾਰਾਂ ਦੀ ਗਿਣਤੀ ਨੌਂ ਹੀ ਸੀ। ਚਰਚਾ ਹੈ ਕਿ ਕੈਪਟਨ ਅਮਰਿੰਦਰ ਵੀ ਬਾਦਲ ਸਰਕਾਰ ਵਾਲੇ ਰਾਹ ਚੱਲ ਪਏ ਹਨ।

## ਪ੍ਰਧਾਨ ਬਦਲਣ ਲਈ ਸਰਗਰਮ ਹੋਈਆਂ ਸਿਆਸੀ ਧਿਰਾਂ

**ਜਲੰਧਰ:** ਚੋਣ ਨਤੀਜਿਆਂ ਤੋਂ ਬਾਅਦ ਹੁਣ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਕਈ ਸਿਆਸੀ ਪਾਰਟੀਆਂ ਦੇ ਪ੍ਰਧਾਨ ਬਦਲੇ ਜਾਣ ਦੀ ਚਰਚਾ ਹੈ। ਸੂਬੇ ਦੀ ਸੱਤਾ 'ਤੇ ਕਾਬਜ਼ ਹੋਈ ਕਾਂਗਰਸ ਵਿਚ ਵੀ ਦੱਬੀ ਜ਼ੁਬਾਨ ਨਾਲ ਪ੍ਰਦੇਸ਼ ਪ੍ਰਧਾਨ ਬਦਲਣ ਦੀ ਆਵਾਜ਼ ਉਠ ਰਹੀ ਹੈ। ਹਾਲਾਂਕਿ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਉਹ ਮੁੱਖ ਮੰਤਰੀ ਅਤੇ ਪ੍ਰਦੇਸ਼ ਪ੍ਰਧਾਨ ਵਜੋਂ ਦੋਵੇਂ ਜ਼ਿੰਮੇਵਾਰੀਆਂ ਸੰਭਾਲਣ ਦੇ ਸਮਰੱਥ ਹਨ।

ਕੈਪਟਨ ਉਡੀਕ ਕਰ ਰਹੇ ਸਨ ਕਿ ਕਾਂਗਰਸ ਦੇ ਕੌਮੀ ਪ੍ਰਧਾਨ ਸੋਨੀਆ ਗਾਂਧੀ ਵਿਦੇਸ਼ੋਂ ਪਰਤਣ 'ਤੇ ਫੈਸਲਾ ਕਰਨ। ਸੋਨੀਆ ਗਾਂਧੀ ਦੇਸ਼ ਪਰਤ ਆਏ ਹਨ ਤੇ ਹੁਣ ਕਾਂਗਰਸ ਦਾ ਪੰਜਾਬ ਪ੍ਰਧਾਨ ਬਦਲਣ ਦੇ ਕਿਆਫੇ ਹਨ। ਇਸ ਦੌਰਾਨ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਹੋਈ ਨਿਰਾਸ਼ਾਜਨਕ ਹਾਰ ਕਾਰਨ ਪਾਰਟੀ ਆਗੂਆਂ ਨੇ ਸ਼ਰ੍ਹੇਆਮ ਸੂਬਾ ਪ੍ਰਧਾਨ ਵਿਜੇ ਸਾਂਪਲਾ ਵਿਰੁੱਧ ਮੋਰਚਾ ਖੋਲ੍ਹ ਦਿੱਤਾ ਹੈ। ਪਾਰਟੀ ਦੇ ਕਈ ਆਗੂ ਨੈਤਿਕਤਾ ਦੇ ਆਧਾਰ 'ਤੇ ਸ੍ਰੀ ਸਾਂਪਲਾ ਕੋਲੋਂ ਅਸਤੀਫਾ ਮੰਗ ਰਹੇ ਹਨ। ਚੋਣ ਨਤੀਜਿਆਂ ਤੋਂ ਤੁਰਤ ਬਾਅਦ ਭਾਜਪਾ ਪ੍ਰਧਾਨ ਇੰਗਲੈਂਡ ਚਲੇ ਗਏ ਸਨ। ਹਲਕਾ ਫਗਵਾੜਾ ਤੋਂ ਜੇਤੂ ਰਹੇ ਭਾਜਪਾ ਵਿਧਾਇਕ ਸੋਮ ਪ੍ਰਕਾਸ਼ ਨੇ ਤਾਂ ਬਕਾਇਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਪਾਰਟੀ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਜਾਣੂ ਕਰਵਾ ਦਿੱਤਾ ਸੀ ਕਿ ਉਨ੍ਹਾਂ ਨੂੰ ਹਰਾਉਣ ਲਈ ਸ੍ਰੀ ਸਾਂਪਲਾ ਦੇ ਸਮਰਥਕਾਂ ਨੇ ਕਾਂਗਰਸ ਨੂੰ ਵੋਟਾਂ ਪਵਾਈਆਂ ਸਨ। ਇਸੇ ਤਰ੍ਹਾਂ ਹੁਸ਼ਿਆਰਪੁਰ ਤੋਂ ਚੋਣ ਹਾਰੇ ਤੀਕਸ਼ਣ ਸੂਦ ਸਮੇਤ ਹੋਰ ਆਗੂਆਂ ਨੇ ਵੀ ਸ੍ਰੀ ਸਾਂਪਲਾ ਵਿਰੁੱਧ ਆਵਾਜ਼ ਉਠਾਈ ਹੈ।

ਬਹੁਜਨ ਸਮਾਜ ਪਾਰਟੀ ਦੀ ਵਿਧਾਨ ਸਭਾ ਚੋਣਾਂ ਵਿਚ ਲਗਾਤਾਰ ਹੋ ਰਹੀ ਹਾਰ ਤੋਂ ਪਰੇਸ਼ਾਨ ਬਸਪਾ ਲੀਡਰਸ਼ਿਪ ਦੇ ਆਗੂਆਂ ਨੇ ਵੀ ਪਾਰਟੀ ਦੇ ਸੂਬਾ ਪ੍ਰਧਾਨ ਰਛਪਾਲ ਰਾਜੂ ਨੂੰ ਬਦਲਣ ਦੀ ਮੰਗ ਕੀਤੀ ਹੈ, ਹਾਲਾਂਕਿ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਹੀ ਉਨ੍ਹਾਂ ਨੂੰ ਪ੍ਰਧਾਨ ਬਣਾਇਆ ਗਿਆ ਸੀ। ਇਸ ਤੋਂ ਪਹਿਲਾਂ ਬਸਪਾ ਪੰਜਾਬ ਦੀ ਪ੍ਰਧਾਨਗੀ 'ਤੇ ਅਵਤਾਰ ਸਿੰਘ ਕਰੀਮਪੁਰੀ ਲੰਮੇ ਸਮੇਂ ਤੋਂ ਕਾਬਜ਼ ਚਲੇ ਆ ਰਹੇ ਸਨ। ਪੰਜਾਬ ਵਿਧਾਨ ਸਭਾ ਦੀਆਂ ਚੋਣਾਂ 'ਚ ਉਨ੍ਹਾਂ ਨੂੰ ਫਿਲੌਰ ਤੋਂ ਚੋਣ ਲੜਾਏ ਜਾਣ ਕਾਰਨ ਪ੍ਰਧਾਨਗੀ ਛੱਡਣੀ ਪਈ ਸੀ। ਦਿਲਚਸਪ ਗੱਲ ਹੈ ਕਿ ਵਿਧਾਨ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਬੁਰੀ ਤਰ੍ਹਾਂ ਹਾਰਿਆ ਹੈ, ਪਰ ਇਸ ਪਾਰਟੀ ਦੇ ਕਿਸੇ ਆਗੂ ਨੇ ਅਜਿਹੀ ਮੰਗ ਨਹੀਂ ਕੀਤੀ ਤੇ ਨਾ ਹੀ ਸੁਖਬੀਰ ਸਿੰਘ ਬਾਦਲ ਨੇ ਨੈਤਿਕਤਾ ਦੇ ਆਧਾਰ 'ਤੇ ਅਸਤੀਫਾ ਦੇਣ ਪੇਸ਼ਕਸ਼ ਕੀਤੀ ਹੈ।

# ਰਿਸ਼ਵਤਖੋਰਾਂ ਖਿਲਾਫ ਕੈਪਟਨ ਸਰਕਾਰ ਦਾ ਪਹਿਲਾ ਵਾਰ

**ਚੰਡੀਗੜ੍ਹ:** ਬਿਨਾਂ ਲਾਲ ਬੱਤੀ ਗੱਡੀ ਕਾਰਨ ਹੀ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਦੋ ਟ੍ਰੈਫਿਕ ਪੁਲਿਸ ਅਧਿਕਾਰੀਆਂ ਨੂੰ ਰਿਸ਼ਵਤ ਲੈਂਦੇ ਰੰਗੇ ਹੱਥੀਂ ਗ੍ਰਿਫਤਾਰ ਕਰਵਾਇਆ।

ਮਨਪ੍ਰੀਤ ਸਿੰਘ ਬਾਦਲ ਲੁਧਿਆਣਾ-ਦੋਰਾਹਾ ਦੱਖਣੀ ਬਾਈਪਾਸ 'ਤੇ ਆਪਣੀ ਬਿਨਾਂ ਲਾਲ ਬੱਤੀ ਵਾਲੀ ਗੱਡੀ ਉਤੇ ਜਾ ਰਹੇ ਸਨ, ਉਨ੍ਹਾਂ ਨੇ ਵੇਖਿਆ ਕਿ ਜਗਜੀਤ ਸਿੰਘ ਅਤੇ ਮਨਜੀਤ ਸਿੰਘ ਦੋ ਕਾਂਸਟੇਬਲ ਦੋਰਾਹਾ ਪੁਲ ਉਤੇ ਨਾਕੇਬੰਦੀ ਦੌਰਾਨ ਡਿਊਟੀ ਕਰ ਰਹੇ ਹਨ ਅਤੇ ਰਿਸ਼ਵਤ ਵੀ ਲੈ ਰਹੇ ਹਨ ਜਿਸ ਦਾ ਬਕਾਇਦਾ ਉਨ੍ਹਾਂ ਵੱਲੋਂ ਵੀਡੀਓ ਵੀ ਬਣਾਇਆ ਗਿਆ ਅਤੇ ਪੁਲਿਸ ਕਮਿਸ਼ਨਰ ਲੁਧਿਆਣਾ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਧਿਆਨ ਵਿਚ ਇਹ ਮਾਮਲਾ ਲਿਆਂਦਾ, ਜਿਸ ਤੋਂ ਬਾਅਦ ਦੋਵਾਂ ਪੁਲਿਸ ਮੁਲਾਜ਼ਮਾਂ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਮਨਪ੍ਰੀਤ ਬਾਦਲ ਨੇ ਸਟਿੰਗ ਆਪ੍ਰੇਸ਼ਨ ਦੀ ਵੀਡੀਓ ਦੇਣ ਤੋਂ ਮਨ੍ਹਾ ਕੀਤਾ ਸੀ, ਪਰ ਪੁਲਿਸ ਵੱਲੋਂ ਉਕਤ ਸਟਿੰਗ ਦੀ ਵੀਡੀਓ ਜਾਰੀ ਕਰ ਦਿੱਤੀ ਗਈ ਹੈ।



## ਸੂਬਾ ਸਰਕਾਰ ਨਸ਼ਿਆਂ ਦੇ ਖਾਤਮੇ ਲਈ ਦ੍ਰਿੜ੍ਹ: ਮਨਪ੍ਰੀਤ

**ਹੁਸੈਨੀਵਾਲਾ:** ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਸੂਬੇ ਦੇ ਲੋਕਾਂ ਨੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ 'ਤੇ ਵਿਸ਼ਵਾਸ ਪ੍ਰਗਟਾਇਆ ਹੈ ਤੇ ਉਹ ਲੋਕਾਂ ਨੂੰ ਵਿਸ਼ਵਾਸ ਦਿਵਾਉਂਦੇ ਹਨ ਕਿ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਅਤੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਵਿਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ਹੀਦੀ ਸਮਾਰਕ ਹੁਸੈਨੀਵਾਲਾ ਦੇ ਸੁੰਦਰੀਕਰਨ ਅਤੇ ਇਸ ਦੇ ਵਿਕਾਸ 'ਤੇ 4 ਕਰੋੜ ਰੁਪਏ ਖਰਚ ਕੀਤੇ ਜਾਣਗੇ।

# ਸਰਫਾ ਮੁਹਿੰਮ ਨਾਲ ਕੈਪਟਨ ਸਰਕਾਰ ਭਰੇਗੀ ਖਜ਼ਾਨਾ

**ਚੰਡੀਗੜ੍ਹ:** ਪੰਜਾਬ ਦੀ ਆਰਥਿਕ ਹਾਲਤ ਵਿਚ ਸੁਧਾਰ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਨੇ ਸਰਕਾਰੀ ਖਰਚਿਆਂ ਉਤੇ ਕੱਟ ਲਾਉਣ ਦਾ ਫੈਸਲਾ ਕੀਤਾ ਹੈ। ਇਸ ਕੰਮ ਲਈ ਸਾਬਕਾ ਮੁੱਖ ਸਕੱਤਰ ਕੇ.ਆਰ. ਲਖਨਪਾਲ ਦੀ ਅਗਵਾਈ ਹੇਠ ਖਰਚਾ ਸੁਧਾਰ ਕਮਿਸ਼ਨ ਬਣਾਉਣ ਲਈ ਸਹਿਮਤੀ ਦੇ ਦਿੱਤੀ ਹੈ। ਮੁੱਖ ਮੰਤਰੀ ਦਾ ਸੀਨੀਅਰ ਸਲਾਹਕਾਰ ਲਾਉਣਾ ਵੀ ਫੈਸਲਾ ਹੋਇਆ ਹੈ। ਭਰੋਸੇਯੋਗ ਸੂਤਰਾਂ ਮੁਤਾਬਕ ਇਹ ਕਮਿਸ਼ਨ ਰਾਜ ਸਰਕਾਰ ਨੂੰ ਖਰਚੇ ਘਟਾਉਣ ਲਈ ਸਿਫਾਰਸ਼ਾਂ ਵਾਲੀ ਆਪਣੀ ਰਿਪੋਰਟ ਦੇਵੇਗਾ ਤੇ ਉਸ ਦੇ ਅਧਾਰ 'ਤੇ ਵੱਖ-ਵੱਖ ਕਮਿਸ਼ਨਾਂ ਦਾ ਆਕਾਰ ਘਟਾਇਆ ਜਾਵੇਗਾ ਜਾਂ ਕਮਿਸ਼ਨ ਬੰਦ ਕੀਤੇ ਜਾਣਗੇ। ਇਸ ਨਾਲ ਸਰਕਾਰ ਦੇ ਇਕ ਹਜ਼ਾਰ ਕਰੋੜ ਰੁਪਏ ਬਚਣ ਦੀ ਉਮੀਦ ਹੈ।

ਕਮਿਸ਼ਨ ਦੀ ਕਾਇਮੀ ਦਾ ਫੈਸਲਾ ਵਜ਼ਾਰਤ ਦੀ ਪਹਿਲੀ ਮੀਟਿੰਗ ਵਿਚ ਹੋਇਆ ਸੀ। ਇਸ ਤੋਂ ਇਲਾਵਾ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਪੰਜਾਬ ਭਰ ਦੇ ਪਿੰਡਾਂ ਵਿਚ ਨਵੇਂ ਸ਼ੁਰੂ ਹੋਣ ਵਾਲੇ ਵਿਕਾਸ ਕੰਮਾਂ 'ਤੇ ਪਾਬੰਦੀ ਲਾ ਦਿੱਤੀ ਹੈ। ਪੰਚਾਇਤ ਵਿਭਾਗ ਦੇ ਡਾਇਰੈਕਟਰ ਨੇ ਪੱਤਰ ਜਾਰੀ ਕਰ ਕੇ ਪਿੰਡਾਂ ਵਿਚ ਪਏ ਅਣਵਰਤੇ ਫੰਡਾਂ ਦੇ ਵੇਰਵੇ ਮੰਗ ਲਏ ਹਨ। ਅਗਲੇ ਹੁਕਮਾਂ ਤੱਕ ਸਰਕਾਰ ਨੇ ਪਿੰਡਾਂ ਦੇ ਵਿਕਾਸ ਕਾਰਜਾਂ 'ਤੇ ਰੋਕ ਲਾ ਦਿੱਤੀ ਹੈ। ਗੱਠਜੋੜ ਸਰਕਾਰ ਵੱਲੋਂ ਚੋਣਾਂ ਤੋਂ ਐਨ ਪਹਿਲਾਂ ਜੋ ਕਰੋੜਾਂ ਦੇ ਫੰਡ ਵੰਡੇ ਗਏ ਸਨ, ਉਨ੍ਹਾਂ ਵਿਚੋਂ ਜਿਹੜੇ ਫੰਡਾਂ ਨਾਲ ਕੰਮ ਅਜੇ ਸ਼ੁਰੂ ਨਹੀਂ ਹੋਏ, ਉਹ ਅਗਲੇ ਹੁਕਮਾਂ ਤੱਕ ਰੁਕੇ ਰਹਿਣਗੇ।

ਕੈਪਟਨ ਸਰਕਾਰ ਨੇ ਪਹਿਲਾਂ ਹੀ ਆਖ ਦਿੱਤਾ ਹੈ ਕਿ ਖਜ਼ਾਨਾ ਖਾਲੀ ਹੈ। ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਨੇ ਆਪਣਾ ਅਹੁਦਾ ਸੰਭਾਲਣ ਮਗਰੋਂ ਇਹ ਹੁਕਮ ਜਾਰੀ ਕੀਤੇ, ਜਿਨ੍ਹਾਂ ਨੂੰ ਹੁਣ ਅਮਲ ਵਿਚ ਲਿਆਂਦਾ ਜਾ ਰਿਹਾ ਹੈ।

ਸੂਤਰਾਂ ਅਨੁਸਾਰ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਨੇ ਵਿਭਾਗ ਦੇ ਉਚ ਅਫਸਰਾਂ ਨਾਲ ਪਲੇਠੀ ਮੀਟਿੰਗ ਕੀਤੀ ਹੈ, ਜਿਸ ਦੌਰਾਨ ਅਫਸਰਾਂ ਦੀ ਖਿਚਾਈ ਵੀ ਕੀਤੀ ਗਈ। ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਮੀਟਿੰਗ ਵਿਚ ਅਫ਼ਸਰਾਂ ਨੂੰ ਖਰੀਆਂ ਖਰੀਆਂ ਸੁਣਾਈਆਂ ਤੇ ਸਾਫ ਆਖ ਦਿੱਤਾ ਕਿ ਪੇਂਡੂ ਵਿਕਾਸ ਲਈ ਜਿਹੜਾ ਪੈਸਾ ਜਾਰੀ ਕੀਤਾ ਜਾਂਦਾ ਹੈ, ਉਹ ਪੂਰਾ ਪੇਂਡੂ ਵਿਕਾਸ 'ਤੇ ਖਰਚ ਨਹੀਂ ਹੁੰਦਾ ਹੈ।

## ਵੀ.ਆਈ.ਪੀ. ਸਭਿਆਚਾਰ ਵਿਰੁੱਧ ਮੁਹਿੰਮ ਨੂੰ ਹੁੰਗਾਰਾ

**ਚੰਡੀਗੜ੍ਹ:** ਅੰਗਰੇਜ਼ੀ ਰਾਜ ਵੇਲੇ ਤੋਂ ਚੱਲੇ ਆ ਰਹੇ ਲਾਲ ਬੱਤੀ ਸੱਭਿਆਚਾਰ ਦੇ ਖ਼ਾਤਮੇ ਦੀ ਸ਼ੁਰੂਆਤ ਪੰਜਾਬ ਤੋਂ ਹੋਈ ਹੈ। ਪੰਜਾਬ ਦੀ ਨਵੀਂ ਬਣੀ ਕਾਂਗਰਸ ਸਰਕਾਰ ਨੇ ਲਾਲ ਬੱਤੀ ਕਲਚਰ ਨੂੰ ਨੱਥ ਪਾਉਣ ਦਾ ਫੈਸਲਾ ਕੀਤਾ ਹੈ। ਪੰਜਾਬ ਵੱਲੋਂ ਸ਼ੁਰੂ ਕੀਤੀ ਇਹ ਪਹਿਲ ਪੂਰੇ ਦੇਸ਼ ਵਿਚ ਫੈਲਣ ਲੱਗੀ ਹੈ। ਇਸ ਸ਼ਲਾਘਾਯੋਗ ਕਦਮ ਦੀ ਤਰਜ਼ 'ਤੇ ਚੱਲਦਿਆਂ ਉਤਰ ਪ੍ਰਦੇਸ਼ ਦੀ ਨਵੀਂ ਸਰਕਾਰ ਨੇ ਵੀ ਇਸ ਨੂੰ ਅਪਣਾਇਆ ਤੇ ਹੁਣ ਬਿਹਾਰ ਵਿਚ ਵੀ ਲਾਲ ਬੱਤੀ ਕਲਚਰ ਖਤਮ ਕਰਨ ਦੀ ਮੰਗ ਉੱਠਣ ਲੱਗੀ ਹੈ। ਬਿਹਾਰ ਦੇ ਸਿੱਖਿਆ ਮੰਤਰੀ ਅਸ਼ੋਕ ਚੌਧਰੀ ਨੇ ਮੰਤਰੀਆਂ ਦੀਆਂ ਗੱਡੀਆਂ ਤੋਂ ਲਾਲ ਬੱਤੀਆਂ ਹਟਾਉਣ ਦੀ ਮੰਗ ਕੀਤੀ ਹੈ। ਇਸ ਮੰਗ ਦੇ ਨਾਲ ਹੀ ਬਹਿਸ ਵੀ ਸ਼ੁਰੂ ਹੋ ਗਈ ਹੈ। ਭਾਜਪਾ ਨੇਤਾ ਸੁਸ਼ੀਲ ਮੋਦੀ ਨੇ ਅਸ਼ੋਕ ਚੌਧਰੀ ਦੇ ਇਸ ਫੈਸਲੇ ਦਾ ਸਮਰਥਨ ਕੀਤਾ ਹੈ ਜਦਕਿ ਲਾਲੂ ਪ੍ਰਸਾਦ ਯਾਦਵ ਦੀ ਪਤਨੀ ਰਾਬੜੀ ਦੇਵੀ ਤਾਂ ਲਾਲ ਬੱਤੀ ਦਾ ਇਸਤੇਮਾਲ ਨਾ ਕੀਤੇ ਜਾਣ ਦੀ ਸਫਾਈ ਦੇਣ ਲੱਗੇ ਹਨ। ਉਧਰ, ਜੇ.ਡੀ.ਯੂ. ਦੇ ਬੁਲਾਰੇ ਨੀਰਜ ਕੁਮਾਰ ਦਾ ਕਹਿਣਾ ਹੈ ਕਿ ਲਾਲ ਬੱਤੀ ਦਾ ਦੁਰਉਪਯੋਗ ਕੀਤੇ ਜਾਣ 'ਤੇ ਇਸ ਮਾਮਲੇ ਉਤੇ ਵਿਚਾਰ ਕੀਤਾ ਜਾ ਸਕਦਾ ਹੈ। ਦੇਸ਼ ਦੇ ਮੰਤਰੀ ਤੇ ਵੱਡੇ ਨੇਤਾ 1989 ਦੇ ਮੋਟਰ ਵਹੀਕਲਸ ਐਕਟ ਤਹਿਤ ਲਾਲ ਬੱਤੀ ਦਾ ਪ੍ਰਯੋਗ ਕਰਦੇ ਹਨ ਹਾਲਾਂਕਿ ਸਮੇਂ-ਸਮੇਂ 'ਤੇ ਲਾਲ ਬੱਤੀ ਦੇ ਇਸਤੇਮਾਲ ਸਬੰਧੀ ਕਾਨੂੰਨ ਬਦਲਦੇ ਰਹਿੰਦੇ ਹਨ।

## ਦੁਨੀਆਂ ਦੇ ਸਭ ਤੋਂ ਪੁਰਾਣੇ ਵੈਸਪਾ ਸਕੂਟਰ ਦੀ ਨਿਲਾਮੀ

**ਨਵੀਂ ਦਿੱਲੀ:** ਦੁਨੀਆ ਦੇ ਸਭ ਤੋਂ ਪੁਰਾਣੇ ਵੈਸਪਾ ਸਕੂਟਰ ਦੀ ਨਿਲਾਮੀ ਕੀਤੀ ਜਾ ਰਹੀ ਹੈ। ਹੱਥ ਨਾਲ ਬਣਾਏ ਇਸ ਸਕੂਟਰ ਨੂੰ 1953 ਵਿਚ ਬਣੀ ਫਿਲਮ 'ਰੋਮਨ ਹਾਲੀਡੇ' ਵਿਚ ਵਿਖਾਇਆ ਗਿਆ ਸੀ। ਇਸ ਸਕੂਟਰ ਦੇ 250,000 ਤੋਂ 300,000 ਯੂਰੋ ਵਿਚ ਨਿਲਾਮ ਹੋਣ ਦੀ ਸੰਭਾਵਨਾ ਹੈ। ਸਕੂਟਰ ਦਾ ਚੈਸੀ ਨੰਬਰ 1003 ਹੈ ਅਤੇ ਇਹ ਇਟਲੀ ਦੀ ਵਾਹਨ ਨਿਰਮਾਤਾ ਕੰਪਨੀ ਪਿਆਗੀਓ ਵੱਲੋਂ ਬਣਾਇਆ ਗਿਆ ਸੀ।

ਇਹ ਪਿਆਗੀਓ ਕੰਪਨੀ ਦਾ ਜ਼ੀਰੋ ਲੜੀ ਦਾ ਸਕੂਟਰ ਹੈ ਜਿਸ ਵਿਚ 60 ਪ੍ਰੋਟੋਟਾਈਪ ਹਨ। ਹਾਲਾਂਕਿ ਇਸ ਤਰ੍ਹਾਂ ਦੇ ਬਣੇ ਦੋ ਪ੍ਰੋਟੋਟਾਈਪ ਸਕੂਟਰ ਹੁਣ ਮੌਜੂਦ ਨਹੀਂ ਹਨ। ਆਨਲਾਈਨ ਨਿਲਾਮੀ ਕਰਨ ਵਾਲੀ ਕੰਪਨੀ ਕੈਟਵਿਕੀ ਵਿਚ ਵੈਸਪਾ ਸਕੂਟਰਾਂ ਦੇ ਮਾਹਿਰ ਡੇਵਿਡ ਮੇਰਵਲੀ ਮੁਤਾਬਕ ਉਨ੍ਹਾਂ ਨੂੰ ਕਿਸੇ ਨਿੱਜੀ ਸੰਗ੍ਰਹਿਕਰਤਾ ਵੱਲੋਂ ਸਕੂਟਰ ਖਰੀਦਣ ਦੀ ਉਮੀਦ ਹੈ। ਸਕੂਟਰ ਨੂੰ 1946 ਵਿਚ ਹੱਥ ਨਾਲ ਬਣਾਇਆ ਗਿਆ ਸੀ ਅਤੇ ਹੁਣ ਵੀ ਚਾਲੂ ਹਾਲਤ ਵਿਚ ਹੈ।

# 2040 ਤੱਕ ਪੀਣ ਵਾਲਾ ਪਾਣੀ ਹੋਵੇਗਾ ਸਭ ਤੋਂ ਵੱਡੀ ਚੁਣੌਤੀ

**ਨਵੀਂ ਦਿੱਲੀ:** ਦੁਨੀਆਂ ਦੇ 1.8 ਕਰੋੜ ਲੋਕ ਆਪਣੀ ਜਾਨ ਨੂੰ ਖਤਰੇ ਵਿਚ ਪਾ ਕੇ ਦੂਸ਼ਿਤ ਪਾਣੀ ਪੀਣ ਲਈ ਮਜਬੂਰ ਹਨ, ਜਿਸ ਨਾਲ ਉਹ ਹੈਜ਼ਾ, ਪੇਚਸ਼ ਤੇ ਟਾਇਫਾਇਡ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਸੰਯੁਕਤ ਰਾਸ਼ਟਰ ਦੀ ਰਿਪੋਰਟ ਅਨੁਸਾਰ 2040 ਤੱਕ ਵਿਸ਼ਵ ਦੇ 6 ਕਰੋੜ ਬੱਚੇ ਸਾਫ ਪਾਣੀ ਦੀ ਸਭ ਤੋਂ ਵੱਡੀ ਕਮੀ ਦਾ ਸਾਹਮਣਾ ਕਰਨਗੇ। ਇਹ ਰਿਪੋਰਟ ਸੰਯੁਕਤ ਰਾਸ਼ਟਰ ਦੀ ਬੱਚਿਆਂ ਦੇ ਐਮਰਜੰਸੀ ਫੰਡ ਨਾਲ ਸਬੰਧਤ ਏਜੰਸੀ 'ਯੂਨੀਸੈਫ' ਵੱਲੋਂ ਜਾਰੀ ਕੀਤੀ ਗਈ ਹੈ।

ਇਸ ਸਬੰਧੀ ਯੂਨੀਸੈਫ ਦੇ ਕਾਰਜਕਾਰੀ ਡਾਇਰੈਕਟਰ ਐਂਥਨੀ ਲੇਕ ਨੇ ਦੱਸਿਆ ਕਿ ਪੂਰੇ ਵਿਸ਼ਵ 'ਚ ਕਰੋੜਾਂ ਬੱਚੇ ਸਾਫ ਪਾਣੀ ਦੀ ਕਮੀ ਕਾਰਨ ਕਈ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ, ਜੋ ਉਨ੍ਹਾਂ ਦੇ ਭਵਿੱਖ ਨੂੰ ਹਨੇਰੇ 'ਚ ਲਿਜਾ ਰਿਹਾ ਹੈ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਇਹ ਸਮੱਸਿਆ ਉਦੋਂ ਤੱਕ ਹੱਲ ਨਹੀਂ ਹੋ ਸਕਦੀ ਹੈ ਜਦੋਂ ਤੱਕ ਅਸੀਂ ਸਮੂਹਿਕ ਤੌਰ ਉਤੇ ਇਸ ਬਾਰੇ ਜਾਗਰੂਕ ਨਹੀਂ ਹੁੰਦੇ। ਯੂਨੀਸੈਫ ਨੇ ਸਾਫ ਪਾਣੀ ਦੀ ਸਮੱਸਿਆ ਬਾਰੇ ਚਿਤਾਵਨੀ ਦਿੱਤੀ ਕਿ ਜਲਵਾਯੂ ਪਰਿਵਰਤਨ ਵੀ ਇਸ 'ਚ ਬਰਾਬਰ ਦਾ ਭਾਈਵਾਲ ਹੈ। ਭਾਰਤ ਵਿਚ ਕੁੱਲ ਸੰਸਾਰ ਦੀ 18 ਫੀਸਦੀ ਆਬਾਦੀ ਵਸਦੀ ਹੈ, ਪਰ ਇਥੇ ਕੁੱਲ ਸੰਸਾਰ ਦੇ 4 ਫੀਸਦੀ ਜਲ ਸਰੋਤ ਹੀ ਮੌਜੂਦ ਹਨ। ਸਾਲ 2011 ਵਿਚ ਪਾਣੀ ਦੀ ਪ੍ਰਤੀ ਜੀਅ ਸਾਲਾਨਾ ਉਪਲਬਧਤਾ 1545 ਘਣ ਮੀਟਰ ਸੀ ਜੋ ਸਾਲ 2025 ਵਿਚ ਘਟ ਕੇ 1340 ਘਣ ਮੀਟਰ ਅਤੇ ਸਾਲ 2050 ਵਿਚ 1140 ਘਣ ਮੀਟਰ ਹੋ ਜਾਣ ਦਾ ਅੰਦਾਜ਼ਾ ਲਾਇਆ ਗਿਆ ਹੈ। ਸਾਰਾ ਸਤਿਹੀ ਪਾਣੀ 690 ਬਿਲੀਅਨ ਘਣ ਮੀਟਰ ਹੈ ਤੇ ਜ਼ਮੀਨਦੋਜ਼ ਪਾਣੀ 431 ਬਿਲੀਅਨ ਘਣ ਮੀਟਰ ਹੈ, ਭਾਵ ਕਿ ਕੁਲ ਪਾਣੀ ਦੀ ਸਮਰੱਥਾ ਸਾਡੇ ਕੋਲ 1121 ਬਿਲੀਅਨ ਘਣ ਮੀਟਰ ਦੀ ਹੈ, ਪਰ 2050 ਤੱਕ ਸਾਡੀ ਪਾਣੀ ਦੀ ਸਾਲਾਨਾ ਲੋੜ 1180 ਬਿਲੀਅਨ ਘਣ ਮੀਟਰ ਹੋਵੇਗੀ। ਸਾਡਾ 45 ਫੀਸਦੀ ਮੀਹਾਂ ਦੀ ਪਾਣੀ ਰੁੜ੍ਹ ਕੇ ਦਰਿਆਵਾਂ ਤੋਂ ਹੁੰਦਾ ਹੋਇਆ ਸਮੁੰਦਰਾਂ ਵਿਚ ਚਲਾ ਜਾਂਦਾ ਹੈ।

## ਪਾਣੀ ਦੀ ਪ੍ਰਤੀ ਜੀਅ ਸਾਲਾਨਾ ਉਪਲਬਧਤਾ 'ਚ ਗਿਰਾਵਟ



## ਪੰਜਾਬ ਦੇ ਜ਼ਮੀਨਦੋਜ਼ ਪਾਣੀ ਅੰਦਰ ਯੂਰੇਨੀਅਮ

**ਚੰਡੀਗੜ੍ਹ:** ਪੰਜਾਬ ਦੇ ਜ਼ਮੀਨਦੋਜ਼ ਪਾਣੀਆਂ ਅੰਦਰ ਯੂਰੇਨੀਅਮ ਤੇ ਹੋਰ ਜ਼ਹਿਰਾਂ ਰਲ ਗਈਆਂ ਹਨ। ਮਾਲਵਾ ਖੇਤਰ ਕੈਂਸਰ, ਪੀਲੀਆ ਤੇ ਮਾਨਸਿਕ ਰੋਗਾਂ ਦਾ ਗੜ੍ਹ ਬਣ ਰਿਹਾ ਹੈ। ਪੰਜਾਬ ਦੇ ਕਈ ਜ਼ਿਲ੍ਹਿਆਂ ਦੇ ਪਾਣੀ ਦੇ ਨਮੂਨੇ ਫੇਲ੍ਹ ਹੋ ਗਏ ਅਤੇ ਕਈਆਂ ਦਾ ਪਾਣੀ ਵਰਤੋਂ ਲਈ ਅਸੁਰਖਿਅਤ ਕਰਾਰ ਦਿੱਤਾ ਗਿਆ। ਸਾਲ 1980 ਵਿਚ ਕੇਂਦਰ ਪ੍ਰਦੂਸ਼ਣ ਕੰਟਰੋਲ ਬੋਰਡ ਨੇ 22 ਮੁੱਖ ਉਦਯੋਗਿਕ ਖੇਤਰਾਂ ਦੀ ਧਰਤੀ ਥੱਲੇ ਦੇ ਪਾਣੀ ਦਾ ਸਰਵੇਖਣ ਕੀਤਾ ਸੀ। ਇਨ੍ਹਾਂ ਪਾਣੀਆਂ ਅੰਦਰ ਖਤਰਨਾਕ ਰਸਾਇਣ, ਭਾਰੀ ਧਾਤਾਂ, ਰੇਡੀਓ ਧਰਮੀ ਤੱਤ ਤੇ ਕੀਟਨਾਸ਼ਕ ਘੁਲੇ ਹੋਏ ਸਨ। ਉਦਯੋਗੀਕਰਨ ਵੀ ਪਾਣੀ ਦੀ ਗੁਣਵੱਤਾ ਨੂੰ ਵੱਡਾ ਖੋਰਾ ਲਾ ਰਿਹਾ ਹੈ।

## ਕੈਪਟਨ ਵੱਲੋਂ ਪਾਣੀ ਅਜਾਈਂ ਨਾ ਗੁਆਉਣ ਦਾ ਸੱਦਾ



**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਾਣੀ ਦੀ ਇਕ ਵੀ ਬੂੰਦ ਅਜਾਈਂ ਨਾ ਗੁਆਉਣ ਦੀ ਲੋਕਾਂ ਨੂੰ ਅਪੀਲ ਕੀਤੀ ਹੈ। ਉਨ੍ਹਾਂ ਨੇ ਤੇਜ਼ੀ ਨਾਲ ਪਾਣੀ ਦਾ ਪੱਧਰ ਹੇਠਾਂ ਜਾਣ ਤੋਂ ਰੋਕਣ ਲਈ ਉਚ ਪੱਧਰੀ ਸੰਭਾਵੀ ਤਕਨੀਕਾਂ ਦੀ ਵਰਤੋਂ ਕਰਨ ਲਈ ਆਖਿਆ ਹੈ ਤਾਂ ਜੋ ਮਨੁੱਖਤਾ ਦੇ ਭਲੇ ਲਈ ਇਸ ਕੁਦਰਤੀ ਸਰੋਤ ਨੂੰ ਬਚਾਇਆ ਜਾ ਸਕੇ। ਜਲ ਦਿਵਸ ਮੌਕੇ ਆਪਣੇ ਸੁਨੇਹੇ ਵਿਚ ਮੁੱਖ ਮੰਤਰੀ ਨੇ ਹਰੇਕ ਨਾਗਰਿਕ ਨੂੰ ਆਪਣੇ ਜੀਵਨ ਨਿਰਬਾਹ ਤੇ ਸੂਬੇ ਦੇ ਨਿਰਬਾਹ ਲਈ ਪਾਣੀ ਨੂੰ ਸੰਭਾਲਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

## ਪਾਣੀ ਦੀ ਹਰੇਕ ਬੂੰਦ ਬਚਾਈ ਜਾਵੇ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜਲ ਦਿਵਸ ਮੌਕੇ ਦੇਸ਼ ਦੇ ਨਾਗਰਿਕਾਂ ਨੂੰ ਬਹੁਮੁੱਲੇ ਪਾਣੀ ਦੀ ਹਰੇਕ ਬੂੰਦ ਬਚਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਟਵੀਟ ਕਰਦਿਆਂ ਕਿਹਾ ਕਿ ਜਲ ਦਿਵਸ ਮੌਕੇ ਚਲੋ ਅਹਿਦ ਕਰੀਏ ਕਿ ਅਸੀਂ ਪਾਣੀ ਦੀ ਹਰੇਕ ਬੂੰਦ ਬਚਾਵਾਂਗੇ। ਜਦੋਂ ਜਨ ਸ਼ਕਤੀ ਮਿਲ ਕੇ ਪਾਣੀ ਬਚਾਉਣ ਲਈ ਆਪਣਾ ਮਨ ਬਣਾਵੇਗੀ ਤਾਂ ਇਸ ਨਾਲ ਜਲ ਸ਼ਕਤੀ ਨੂੰ ਕਾਮਯਾਬੀ ਨਾਲ ਬਚਾਇਆ ਜਾ ਸਕੇਗਾ।



## ਮੌਤ ਦੀ ਸਜ਼ਾ ਖਤਮ ਕਰਨ ਦੀ ਸਿਫਾਰਸ਼

**ਨਵੀਂ ਦਿੱਲੀ:** ਸਰਕਾਰ ਨੇ ਰਾਜ ਸਭਾ 'ਚ ਦੱਸਿਆ ਹੈ ਕਿ ਕਾਨੂੰਨ ਕਮਿਸ਼ਨ ਨੇ ਅਤਿਵਾਦ ਨਾਲ ਸਬੰਧਤ ਅਪਰਾਧਾਂ ਨੂੰ ਛੱਡ ਬਾਕੀ ਸਾਰੇ ਅਪਰਾਧਾਂ 'ਚ ਮੌਤ ਦੀ ਸਜ਼ਾ ਨੂੰ ਖਤਮ ਕਰਨ ਦੀ ਸਿਫਾਰਸ਼ ਕੀਤੀ ਹੈ।


ਗ੍ਰਹਿ ਰਾਜ ਮੰਤਰੀ ਹੰਸ ਰਾਜ ਅਹੀਰ ਨੇ ਦੱਸਿਆ ਕਿ ਕਾਨੂੰਨ ਕਮਿਸ਼ਨ ਨੇ ਆਪਣੀ 262ਵੀ ਰਿਪੋਰਟ 'ਚ ਸਿਫਾਰਸ਼ ਕੀਤੀ ਹੈ ਕਿ ਅਤਿਵਾਦ ਤੇ ਦੇਸ਼ ਖਿਲਾਫ ਜੰਗ ਛੇੜਨ ਵਰਗੇ ਅਪਰਾਧਾਂ ਤੋਂ ਇਲਾਵਾ ਬਾਕੀ ਸਾਰੇ ਅਪਰਾਧਾਂ 'ਚੋਂ ਮੌਤ ਦੀ ਸਜ਼ਾ ਖਤਮ ਕੀਤੀ ਜਾਵੇ।

Freeway Travel Inc



ਸਸਤੀਆਂ ਟਿਕਟਾਂ, ਖਰਾ ਸੌਦਾ,
ਬਿਹਤਰ ਸਰਵਿਸ
Call Raju
Tel: 773-973-0200
Fax: 773-973-0557
2542 W Devon Ave. Chicago IL 60659

ਰੈਸਟੋਰੈਂਟ ਲਈ ਲੋੜ ਹੈ




ਮੈਡੀਸਨ, ਵਿਸਕਾਨਸਿਨ ਵਿਚ
ਇਕ ਇੰਡੀਅਨ ਰੈਸਟੋਰੈਂਟ ਲਈ
ਤੰਦੂਰੀਏ, ਕਿਚਨ ਹੈਲਪਰ ਤੇ
ਡਿਸ਼ਵਾਸ਼ਰ ਦੀ ਲੋੜ ਹੈ
ਸੰਪਰਕ ਕਰੋ
ਫੋਨ: 262-391-7666
11-13

Desi Bazar
916 E. Main Street #118, Greenwood, IN, 46143
Tel: 317-888-2040, Fax: 317-887-6116
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies
and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

ਅਮਰ ਕਾਰਪੈਟਸ
ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ
ਮਕਾਨਾਂ ਵਿਚ ਵਧੀਆ ਕੁਆਲਟੀ
ਦਾ ਕਾਰਪੈਟ ਸਸਤੇ ਭਾਅ ਪੁਆਓ
ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੰਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਬੇਹਤਰੀਨ ਚੋਣ ਭਰਪੂਰ ਸ਼ੋਅਰੂਮ



ਅਮਰੀਕ ਸਿੰਘ
ਹਾਰਡਵੁੱਡ ਫਲੋਰ, ਕਿਚਨ ਕੈਬਨਿਟ
ਹਰ ਤਰ੍ਹਾਂ ਦੇ ਫਲੋਰ ਉਪਲਬਧ



ਫਰੀ ਐਸਟੀਮੇਟ, ਆਰਡਰ ਕਰਨ ਦੇ
ਅਗਲੇ ਹੀ ਦਿਨ ਕਾਰਪੈਟ ਪਾਵਾਂਗੇ
Same day service in
Chicago and suburbs
Amar Carpets Inc
ਵੈਸਟਰਨ ਐਵੇਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659
ਕਾਲ ਕਰੋ : ਅਮਰੀਕ ਸਿੰਘ
Ph: 773-508-5253,773-507-8043, Fax: 773-508-5249

# ਦਿੱਲੀ ਗੁਰਦੁਆਰਾ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਰੋਕੀ

**ਨਵੀਂ ਦਿੱਲੀ:** ਦਿੱਲੀ ਗੁਰਦੁਆਰਾ ਚੋਣਾਂ ਵਿਚ ਰਾਖਵੇਂ ਚੋਣ ਨਿਸ਼ਾਨਾਂ ਸਬੰਧੀ ਇਕ ਨਿਯਮ ਦੀ ਵਾਜਬੀਅਤ ਨੂੰ ਚੁਣੌਤੀ ਦਿੰਦੀ ਪਟੀਸ਼ਨ ਦੇ ਆਧਾਰ ਉਤੇ ਦਿੱਲੀ ਹਾਈ ਕੋਰਟ ਨੇ ਕੇਂਦਰ ਤੇ ਦਿੱਲੀ ਸਰਕਾਰ ਅਤੇ ਦਿੱਲੀ ਗੁਰਦੁਆਰਾ ਚੋਣ ਡਾਇਰੈਕਟਰ ਨੂੰ ਨੋਟਿਸ ਜਾਰੀ ਕੀਤਾ ਹੈ।




ਦਿੱਲੀ ਕਮੇਟੀ ਦੇ ਮੈਂਬਰ ਤੇ ਸਾਬਕਾ ਕਾਂਗਰਸੀ ਵਿਧਾਇਕ ਤਰਵਿੰਦਰ ਸਿੰਘ ਮਰਵਾਹ ਦੀ ਪਟੀਸ਼ਨ ਉਪਰ ਦਿੱਲੀ ਹਾਈ ਕੋਰਟ ਨੇ ਦਿੱਲੀ ਦੇ ਉਪ ਰਾਜਪਾਲ ਨੂੰ ਵੀ ਇਹ ਨੋਟਿਸ ਜਾਰੀ ਕਰਦਿਆਂ 17 ਜੁਲਾਈ ਨੂੰ ਜਵਾਬ ਮੰਗਿਆ ਹੈ। ਇਹ ਹੁਕਮ ਜਸਟਿਸ ਜੀ. ਰੋਹਿਣੀ ਤੇ ਜਸਟਿਸ ਸੰਗੀਤਾ ਢੀਂਗਰਾ ਸਹਿਗਲ ਦੇ ਡਿਵੀਜ਼ਨ ਨੇ ਜਾਰੀ ਕੀਤੇ। ਪਟੀਸ਼ਨਰ ਨੇ ਦਿੱਲੀ ਸਿੱਖ ਗੁਰਦੁਆਰਾ ਐਕਟ ਵਿਚ 2010 ਨੂੰ ਕੀਤੀ ਗਈ ਸੋਧ ਨੂੰ ਇਸ ਐਕਟ ਤੇ ਸੰਵਿਧਾਨ ਖ਼ਿਲਾਫ਼ ਦੱਸਦਿਆਂ ਮਾਮਲਾ ਅਦਾਲਤ ਵਿਚ ਲਿਆਂਦਾ ਹੈ।

ਦੂਜੇ ਪਾਸੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 5 ਅਹੁਦੇਦਾਰਾਂ ਤੇ 10 ਕਾਰਜਕਾਰੀ ਮੈਂਬਰਾਂ ਦੀ 28 ਮਾਰਚ ਨੂੰ ਹੋਣ ਵਾਲੀ ਚੋਣ ਅੱਗੇ ਪੈ ਗਈ ਹੈ, ਕਿਉਂਕਿ 24 ਮਾਰਚ ਦੀ ਮੀਟਿੰਗ ਦੌਰਾਨ ਚੁਣੇ ਗਏ ਪ੍ਰੋਟਮ ਚੇਅਰਮੈਨ ਮਨਜੀਤ ਸਿੰਘ ਜੀ.ਕੇ. ਨੇ ਇਸ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਸ ਕਾਰਨ ਹੁਣ ਪ੍ਰੋਟਮ ਚੇਅਰਮੈਨ ਦੀ ਮੁੜ ਚੋਣ ਕੀਤੀ ਜਾਵੇਗੀ ਜਿਸ ਲਈ ਦਿੱਲੀ ਗੁਰਦੁਆਰਾ ਚੋਣ ਡਾਇਰੈਕਟਰ ਨੋਟੀਫਿਕੇਸ਼ਨ ਜਾਰੀ ਕਰਨਗੇ। ਗੁਰਦੁਆਰਾ ਕਮੇਟੀ ਦੇ ਜਿੱਤੇ ਹੋਏ ਮੈਂਬਰਾਂ ਨੂੰ ਅਹੁਦੇਦਾਰੀਆਂ ਦੇਣ ਦਾ ਮਾਮਲਾ ਅਦਾਲਤੀ ਗੇੜ ਵਿਚ ਫਸਦਾ ਦਿਸ ਰਿਹਾ ਹੈ। ਪਹਿਲੀ ਅਪਰੈਲ ਨੂੰ ਜ਼ਿਲ੍ਹਾ ਅਦਾਲਤ ਵਿਚ ਵੀ ਮਾਮਲੇ ਦੀ ਸੁਣਵਾਈ ਹੋਣੀ ਹੈ ਜਿਸ ਦੀ ਰੋਸ਼ਨੀ ਹੇਠ ਅੰਤਰਿੰਗ ਕਮੇਟੀ ਦੀ ਚੋਣ ਹੋਰ ਲਟਕ ਸਕਦੀ ਹੈ। ਦਿੱਲੀ ਹਾਈ ਕੋਰਟ ਵਿਚ ਤਰਵਿੰਦਰ ਸਿੰਘ ਮਾਰਵਾਹ ਵੱਲੋਂ ਦਾਇਰ ਪਟੀਸ਼ਨ ਵਿਚ ਕਿਹਾ ਗਿਆ ਕਿ ਦਿੱਲੀ ਗੁਰਦੁਆਰਾ ਐਕਟ ਦੇ ਨਿਯਮ 14 ਵਿਚ ਕੀਤੀ ਗਈ ਸੋਧ ਆਜ਼ਾਦ ਉਮੀਦਵਾਰਾਂ ਵੱਲੋਂ ਆਪਣੀ ਪਸੰਦ ਦਾ ਧੜਾ ਜਾਂ ਸੰਸਥਾ ਬਣਾਉਣ ਤੇ ਸਾਰੇ ਵਾਰਡਾਂ ਲਈ ਰਾਖਵਾਂ ਚੋਣ ਨਿਸ਼ਾਨ ਲੈਣ ਦੇ ਬੁਨਿਆਦੀ ਅਧਿਕਾਰਾਂ ਦਾ ਉਲੰਘਣ ਕਰਦੀ ਹੈ।

26 ਫਰਵਰੀ ਨੂੰ ਹੋਈਆਂ ਚੋਣਾਂ ਦੌਰਾਨ ਆਜ਼ਾਦ ਉਮੀਦਵਾਰ ਵਜੋਂ ਜਿੱਤੇ ਮਰਵਾਹ ਨੇ ਦਾਅਵਾ ਕੀਤਾ ਕਿ ਨਿਯਮ-14 ਤਹਿਤ ਸਿਰਫ਼ ਧਾਰਮਿਕ ਪਾਰਟੀ ਹੀ ਕਮੇਟੀ ਦੇ ਇੱਕ ਨਿਸ਼ਾਨ ਉਪਰ ਚੋਣ ਲੜ ਸਕਦੀ ਹੈ। ਇਹ ਨਿਯਮ ਦਿੱਲੀ ਗੁਰਦੁਆਰਾ ਐਕਟ 1974 ਦੀ ਮੂਲ ਭਾਵਨਾ ਦੇ ਹੀ ਉਲਟ ਹੈ, ਜਿਸ ਨੂੰ ਗ਼ੈਰਸੰਵਿਧਾਨਕ ਕਰਾਰ ਦਿੱਤਾ ਜਾਵੇ।

ਦਿੱਲੀ ਕਮੇਟੀ ਦੇ ਕਾਨੂੰਨੀ ਵਿਭਾਗ ਦੇ ਆਗੂ ਜੀ.ਐਸ. ਜੌਲੀ ਨੇ ਦੱਸਿਆ ਕਿ ਮਾਰਵਾਹ ਨੇ ਮੰਗ ਕੀਤੀ ਹੈ ਕਿ ਧਾਰਮਿਕ ਪਾਰਟੀ ਹੋਣ ਦਾ ਨਿਯਮ ਹਟਾਇਆ ਜਾਵੇ। ਜ਼ਿਲ੍ਹਾ ਅਦਾਲਤ ਵਿਚ ਪੰਥਕ ਸੇਵਾ ਦਲ ਦੇ ਵੱਖ-ਵੱਖ ਹਾਰੇ ਉਮੀਦਵਾਰਾਂ ਨੇ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਉਮੀਦਵਾਰਾਂ ਦੀ ਚੋਣ ਨੂੰ ਚੁਣੌਤੀ ਦਿੱਤੀ ਹੋਈ ਹੈ।

# ਓਬਾਮਾਕੇਅਰ ਨੇ ਡੋਨਲਡ ਟਰੰਪ ਦੀ ਹਾਲਤ ਵਿਗਾੜੀ

**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਲਡ ਟਰੰਪ ਨੂੰ ਉਸ ਵੇਲੇ ਕਾਨੂੰਨੀ ਹਾਰ ਦਾ ਸਾਹਮਣਾ ਪਿਆ ਜਦੋਂ ਰਿਪਬਲਿਕਨਾਂ ਨੂੰ ਓਬਾਮਾਕੇਅਰ ਬਿੱਲ ਨੂੰ ਮਨਸੂਖ਼ ਕਰਨ ਬਾਰੇ ਮਤਦਾਨ ਨੂੰ ਵਾਪਸ ਲੈਣਾ ਪਿਆ। ਹਾਊਸ ਸਪੀਕਰ ਪਾਲ ਰਿਆਨ ਓਬਾਮਾਕੇਅਰ ਦੀ ਜਗ੍ਹਾ ਨਵਾਂ ਸਿਹਤ-ਸੰਭਾਲ ਬਿੱਲ ਪਾਸ ਕਰਾਉਣ ਲਈ ਰਿਪਬਲਿਕਨਾਂ ਦੇ ਕਬਜ਼ੇ ਵਾਲੇ ਪ੍ਰਤੀਨਿਧ ਸਦਨ ਵਿਚ ਬਹੁਮਤ ਜੁਟਾਉਣ ਵਿਚ ਨਾਕਾਮ ਰਹੇ, ਕਿਉਂਕਿ ਉਨ੍ਹਾਂ ਦੀ ਆਪਣੀ ਪਾਰਟੀ ਦੇ ਹੀ ਕੁਝ ਕਾਨੂੰਨਸਾਜ਼ ਇਸ ਦੇ ਖ਼ਿਲਾਫ਼ ਸਨ।



ਪ੍ਰਤੀਨਿਧ ਸਦਨ ਦੇ 435 ਮੈਂਬਰ ਹਨ। ਸਦਨ ਵਿਚ ਰਿਪਬਲਿਕਨ 235 ਮੈਂਬਰਾਂ ਨਾਲ ਬਹੁਗਿਣਤੀ ਵਿਚ ਹਨ, ਪਰ ਰਿਆਨ ਜੋ ਟਰੰਪ ਵੱਲੋਂ ਇਸ ਬਿੱਲ ਨੂੰ ਪਾਸ ਕਰਾਉਣ ਲਈ ਯਤਨ ਕਰ ਰਹੇ ਸਨ, ਬਹੁਮਤ (215 ਵੋਟਾਂ) ਸਾਬਤ ਨਾ ਕਰ ਸਕੇ। ਸ਼ਰਮਨਾਕ ਹਾਰ ਤੋਂ ਬਚਣ ਲਈ ਰਿਆਨ ਨੇ ਐਲਾਨ ਕੀਤਾ ਕਿ ਉਹ ਓਬਾਮਾਕੇਅਰ ਉਤੇ ਮਤਦਾਨ ਵਾਪਸ ਲੈ ਰਹੇ ਹਨ।

# ਗੁਰਦਾਸਪੁਰ ਜੇਲ੍ਹ ਕਾਂਡ ਨੇ ਖੋਲ੍ਹੀ ਪੋਲ

(ਸਫਾ ਇਕ ਦੀ ਬਾਕੀ)

ਹਨ। ਪਿਛਲੇ ਸਾਲ ਨਵੰਬਰ ਮਹੀਨੇ ਵਿਸ਼ੇਸ਼ ਸਖਤ ਸੁਰੱਖਿਆ ਪ੍ਰਬੰਧਾਂ ਵਾਲੀ ਨਾਭਾ ਜੇਲ੍ਹ ਵਿਚੋਂ ਕੁਝ ਹਥਿਆਰਬੰਦ ਵਿਅਕਤੀਆਂ ਵੱਲੋਂ ਦੋ ਖਾੜਕੂਆਂ ਸਮੇਤ ਆਪਣੇ ਚਾਰ ਗੈਂਗਸਟਰ ਸਾਥੀ ਭਜਾਉਣ ਦੀ ਘਟਨਾ ਵਾਪਰੀ ਸੀ। ਉਦੋਂ ਭਾਵੇਂ ਸਰਕਾਰ ਨੇ ਜੇਲ੍ਹ ਦੇ ਸੁਪਰਡੈਂਟ ਅਤੇ ਡਿਪਟੀ ਸੁਪਰਡੈਂਟ ਨੂੰ ਬਰਖਾਸਤ ਕਰਨ ਦੇ ਨਾਲ-ਨਾਲ ਜੇਲ੍ਹ ਵਿਭਾਗ ਦੇ ਮੁਖੀ ਨੂੰ ਵੀ ਮੁਅੱਤਲ ਕਰ ਦਿੱਤਾ ਸੀ, ਪਰ ਹਾਲੇ ਵੀ ਉਨ੍ਹਾਂ ਫਰਾਰ ਗੈਂਗਸਟਰਾਂ ਵਿਚੋਂ ਦੋ ਦੀ ਗ੍ਰਿਫਤਾਰੀ ਨਾ ਹੋਣੀ ਪੁਲਿਸ ਅਤੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕਰ ਰਹੀ ਹੈ। ਇੰਨਾ ਹੀ ਨਹੀਂ, ਪਿਛਲੇ ਡੇਢ ਸਾਲ ਦੌਰਾਨ ਦਰਜਨਾਂ ਗੈਂਗਸਟਰ ਪੁਲਿਸ ਹਿਰਾਸਤ ਵਿਚੋਂ ਭੱਜਣ ਵਿਚ ਸਫਲ ਹੋ ਚੁੱਕੇ ਹਨ।

ਰਸੂਖਵਾਨਾਂ ਦੀ ਮਿਲੀਭੁਗਤ ਕਾਰਨ ਹੀ ਜੇਲ੍ਹਾਂ ਵਿਚ ਇਨ੍ਹਾਂ ਅਪਰਾਧੀਆਂ ਨੂੰ ਮੋਬਾਈਲ ਫੋਨ, ਨਸ਼ੇ ਅਤੇ ਹੋਰ ਸੁੱਖ ਸਹੂਲਤਾਂ ਮਿਲਦੀਆਂ ਰਹੀਆਂ। ਹੋਰ ਤਾਂ ਹੋਰ, ਇਹ ਅਪਰਾਧੀ ਤੱਤ ਜੇਲ੍ਹਾਂ ਵਿਚੋਂ ਹੀ ਆਪਣਾ ਕਾਰੋਬਾਰ ਵੀ ਚਲਾਉਂਦੇ ਰਹੇ।

## ਕਸ਼ਮੀਰ ਦੇ ਹਾਲਾਤ 'ਚ ਮੋੜਾ

**ਸ੍ਰੀਨਗਰ:** ਕਸ਼ਮੀਰ ਵਾਦੀ ਦੇ ਬਡਗਾਮ ਜ਼ਿਲ੍ਹੇ ਵਿਚ ਮੰਗਲਵਾਰ ਨੂੰ ਦਹਿਸ਼ਤਗਰਦਾਂ ਨਾਲ ਮੁਕਾਬਲੇ ਵਾਲੀ ਥਾਂ ਵਿਰੋਧ ਮੁਜ਼ਾਹਰਾ ਕਰ ਰਹੇ ਲੋਕਾਂ ਖ਼ਿਲਾਫ਼ ਜਵਾਨਾਂ ਵੱਲੋਂ ਕੀਤੀ ਕਾਰਵਾਈ ਕਾਰਨ ਤਿੰਨ ਨੌਜਵਾਨ ਮਾਰੇ ਗਏ ਅਤੇ 18 ਫੱਟੜ ਹੋ ਗਏ। ਇਹ ਅਤਿਵਾਦ-ਵਿਰੋਧੀ ਓਪਰੇਸ਼ਨ ਇਕ ਦਹਿਸ਼ਤਗਰਦ ਦੇ ਮਾਰੇ ਜਾਣ ਨਾਲ ਖ਼ਤਮ ਹੋਇਆ। ਪਹਿਲਾਂ ਵੀ ਲੋਕ ਇਸੇ ਤਰ੍ਹਾਂ ਪਥਰਾਓ ਕਰਦੇ ਰਹੇ ਹਨ। ਇਸ ਨੂੰ ਵਾਦੀ ਦੇ ਹਾਲਾਤ ਵਿਚ ਵੱਡਾ ਮੋੜਾ ਮੰਨਿਆ ਜਾ ਰਿਹਾ ਹੈ।

# ਨਸ਼ਾ ਤਸਕਰੀ ਕੇਸ ਵਿਚ ਸਿਆਸੀ ਆਗੂ 'ਬਰੀ'

(ਸਫਾ ਇਕ ਦੀ ਬਾਕੀ)

1700 ਪੰਨਿਆਂ ਦੀ ਜਾਂਚ ਰਿਪੋਰਟ ਪੇਸ਼ ਕੀਤੀ ਗਈ ਸੀ। ਵਿਸ਼ੇਸ਼ ਜਾਂਚ ਟੀਮ ਨੇ ਡੇਢ ਸਾਲ ਦੀ ਪੜਤਾਲ ਦੌਰਾਨ ਸਿਰਫ ਮੁਲਜ਼ਮਾਂ ਦੀਆਂ ਮੋਬਾਇਲ ਫੋਨਾਂ ਦੀਆਂ ਕਾਲਾਂ ਅਤੇ ਕੰਪਿਊਟਰਾਂ ਦੇ ਰਿਕਾਰਡ ਦੀ ਛਾਣ-ਬੀਣ ਨੂੰ ਹੀ ਜਾਂਚ ਦਾ ਆਧਾਰ ਬਣਾਇਆ, ਜਦਕਿ ਹੋਰ ਤੱਥਾਂ ਨੂੰ ਅੱਖੋਂ ਓਹਲੇ ਕਰ ਦਿੱਤਾ ਗਿਆ। ਪੰਜਾਬ ਦੇ ਸਾਬਕਾ ਡੀ.ਜੀ.ਪੀ. (ਜੇਲ੍ਹਾਂ) ਸ਼ਸ਼ੀਕਾਂਤ ਨੇ ਸਿਆਸੀ ਆਗੂਆਂ ਤੇ ਉਚ ਪੁਲਿਸ ਅਧਿਕਾਰੀਆਂ ਬਾਰੇ ਪੁਖਤਾ ਸਬੂਤ ਹੋਣ ਦੇ ਦਾਅਵੇ ਕੀਤੇ ਸਨ, ਪਰ ਜਾਂਚ ਵਿਚ ਇਸ ਸੇਵਾ ਮੁਕਤ ਅਧਿਕਾਰੀ ਨੂੰ ਸ਼ਾਮਲ ਹੀ ਨਹੀਂ ਕੀਤਾ ਗਿਆ। ਹੋਰ ਤਾਂ ਹੋਰ ਬਾਦਲ ਸਰਕਾਰ ਦੇ ਸਭ ਤੋਂ 'ਤਾਕਤਵਰ' ਰਹੇ ਮੰਤਰੀ ਬਿਕਰਮ ਸਿੰਘ ਮਜੀਠੀਆ, ਜਿਨ੍ਹਾਂ ਦੀਆਂ ਤਸਕਰਾਂ ਨਾਲ ਤਸਵੀਰਾਂ ਅਖਬਾਰਾਂ ਦੀਆਂ ਸੁਰਖੀਆਂ ਬਣੀਆਂ ਸਨ, ਨੂੰ ਵੀ ਕਲੀਨ ਚਿੱਟ ਦੇ ਦਿੱਤੀ ਗਈ।

ਮਜੀਠੀਏ ਤੋਂ ਨਸ਼ਿਆਂ ਨਾਲ ਸਬੰਧਤ ਹਵਾਲਾ ਕਾਰੋਬਾਰ ਵਿਚ ਈ.ਡੀ. ਵੀ ਪੁੱਛ-ਗਿੱਛ ਕਰ ਚੁੱਕੀ ਹੈ। ਇਸ ਤੋਂ ਇਲਾਵਾ ਬਾਦਲ ਦੇ ਮੰਤਰੀ ਸਰਵਣ ਸਿੰਘ ਫਿਲੌਰ ਜਿਸ ਨੂੰ ਆਪਣੇ ਪੁੱਤਰ ਦੀ ਨਸ਼ਾ ਤਸਕਰਾਂ ਨਾਲ ਸ਼ਮੂਲੀਅਤ ਕਾਰਨ ਅਸਤੀਫਾ ਦੇਣਾ ਪਿਆ ਸੀ, ਦੇ ਪਰਿਵਾਰ ਬਾਰੇ ਵੀ ਕੋਈ ਜ਼ਿਕਰ ਨਹੀਂ ਕੀਤਾ ਗਿਆ। ਸੂਬੇ ਦੇ ਲੋਕਾਂ ਅਤੇ ਵਿਰੋਧੀ ਸਿਆਸੀ ਪਾਰਟੀਆਂ ਵੱਲੋਂ ਵੀ ਨਸ਼ਿਆਂ ਦਾ ਵਪਾਰ ਸੱਤਾਧਾਰੀ ਅਕਾਲੀ ਸਰਕਾਰ ਦੀ ਸਰਪ੍ਰਸਤੀ ਹੇਠ ਚੱਲਣ ਦੇ ਦੋਸ਼ ਲਗਾਏ ਜਾਂਦੇ ਰਹੇ ਹਨ। ਅੰਮ੍ਰਿਤਸਰ ਜ਼ਿਲ੍ਹੇ ਦੇ ਨਸ਼ਿਆਂ ਦੇ ਦੋ ਵੱਡੇ ਵਪਾਰੀਆਂ ਦੇ ਅੰਮ੍ਰਿਤਸਰ ਤੋਂ ਹੀ ਸ਼੍ਰੋਮਣੀ ਅਕਾਲੀ ਦਲ ਦੇ ਪਿਉ-ਪੁੱਤਰ ਵਿਧਾਇਕਾਂ ਦੇ ਚੋਣ ਏਜੰਟ ਹੋਣ ਦੀ ਗੱਲ ਵੀ ਸਾਹਮਣੇ ਆਈ ਸੀ। ਯੂਥ ਅਕਾਲੀ ਦਲ ਦੇ ਨੇਤਾਵਾਂ ਦੀਆਂ ਲਾਲ ਬੱਤੀਆਂ ਵਾਲੀਆਂ ਗੱਡੀਆਂ ਵਿਚ ਨਸ਼ੇ ਢੋਣ ਦੀਆਂ ਖਬਰਾਂ ਅਖਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹੀਆਂ ਹਨ। ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਕੁਝ ਤਸਕਰਾਂ ਨੇ ਸੱਤਾਧਾਰੀ ਧਿਰ ਨਾਲ ਸਬੰਧਾਂ ਦਾ ਖੁਲਾਸਾ ਕੀਤਾ ਸੀ। ਨਸ਼ਾ ਤਸਕਰੀ ਵਿਚ ਪੁਲਿਸ ਤੇ ਸਿਆਸੀ ਆਗੂਆਂ ਦੀ ਮਿਲੀਭੁਗਤ ਕਿਸੇ ਤੋਂ ਲੁਕੀ ਹੋਈ ਨਹੀਂ। ਇਸੇ ਹਫਤੇ ਤਿੰਨ ਕਿੱਲੋ ਪੋਸਤ ਸਣੇ ਫੜੀ ਗਈ ਇਕ ਔਰਤ ਨੇ ਪੁਲਿਸ ਸਾਹਮਣੇ ਦਾਅਵਾ ਕਰ ਦਿੱਤੀ ਸੀ ਕਿ ਉਹ ਕੰਦੂਖੇੜਾ ਪੁਲਿਸ ਨਾਕੇ ਨੂੰ ਸਿਰਫ 100 ਰੁਪਏ ਦੇ ਪਾਰ ਕਰ ਆਈ ਸੀ। ਅਫਸਰਾਂ ਨੇ ਤੁਰੰਤ ਤਿੰਨ ਮੁਲਾਜ਼ਮਾਂ ਨੂੰ ਉਥੋਂ ਬਦਲ ਦਿੱਤਾ। ਔਰਤਾਂ ਨੇ ਖੁੱਲ੍ਹੇਆਮ ਸਰਹੱਦੀ ਨਾਕੇ ਉਤੇ ਬਕਾਇਦਾ 'ਭੁੱਕੀ ਟੈਕਸ' ਦੇ ਕੇ ਲੰਘਣ ਦੀ ਗੱਲ ਆਖੀ।

ਦੱਸਣਯੋਗ ਹੈ ਕਿ ਭਾਵੇਂ ਸਮੇਂ-ਸਮੇਂ ਉਤੇ ਹੋਏ ਸਰਵੇਖਣ ਪੰਜਾਬ ਵਿਚ ਨਸ਼ਿਆਂ ਦੀ ਗੰਭੀਰਤਾ ਨੂੰ ਪੇਸ਼ ਕਰਦੇ ਰਹੇ ਹਨ, ਪਰ ਅਕਾਲੀ ਭਾਜਪਾ ਸਰਕਾਰ ਹਮੇਸ਼ਾ 'ਸਭ ਕੁਝ ਠੀਕ' ਦਾ ਦਾਅਵਾ ਕਰ ਰਹੀ ਹੈ। ਲੋਕ ਸਭਾ ਚੋਣਾਂ ਵਿਚ ਸਿਆਸੀ ਸੇਕਾ ਲੱਗਣ ਤੋਂ ਬਾਅਦ ਸਰਕਾਰ ਨੇ ਧੜਾ ਧੜ ਨਸ਼ਾ ਛੁਡਾਊ ਕੇਂਦਰ ਖੋਲ੍ਹ ਕੇ ਤੇ ਛੋਟੇ ਮੋਟੇ ਨਸ਼ੇੜੀਆਂ ਨੂੰ ਫੜ ਕੇ ਪਾਕ-ਸਾਫ ਹੋਣ ਦੀ ਕੋਸ਼ਿਸ਼ ਕੀਤੀ, ਪਰ ਇਹ ਮੁਹਿੰਮ ਛੇਤੀ ਹੀ ਦਮ ਤੋੜ ਗਈ ਤੇ ਸਰਕਾਰ ਨੇ ਫਿਰ ਸੂਬੇ ਨੂੰ 'ਐਵੇਂ ਬਦਨਾਮ' ਕਰਨ ਵਾਲਾ ਰਾਗ ਅਲਾਪਣਾ ਸ਼ੁਰੂ ਕਰ ਦਿੱਤੀ। 'ਸਿੱਟ' ਦੀ ਇਹ ਜਾਂਚ ਰਿਪੋਰਟ ਉਸ ਵੇਲੇ ਸਾਹਮਣੇ ਆਈ ਹੈ ਜਦ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਦਿੱਲੀ ਨੇ ਆਪਣੀ ਰਿਪੋਰਟ ਵਿਚ ਪੰਜਾਬ ਵਿਚ ਨਸ਼ਿਆਂ ਦੇ ਕਾਰੋਬਾਰ ਦੀ ਪੋਲ ਖੋਲ੍ਹੀ ਹੈ। ਰਿਪੋਰਟ ਮੁਤਾਬਕ ਪੰਜਾਬ ਵਿਚ ਕੈਮਿਸਟਾਂ ਦੀਆਂ ਦੁਕਾਨਾਂ ਤੋਂ ਹਰ ਸਾਲ ਪੌਣੇ ਚਾਰ ਸੌ ਕਰੋੜ ਰੁਪਏ ਦੀਆਂ ਨਸ਼ੇ ਦੀਆਂ ਦਵਾਈਆਂ ਵਿਕਦੀਆਂ ਹਨ। ਪੰਜਾਬ ਵਿਚ ਦਵਾਈਆਂ ਦੀ 14 ਫੀਸਦੀ ਵਿਕਰੀ ਨਸ਼ੇ ਦੀਆਂ ਦਵਾਈਆਂ ਦੀ ਹੈ।

ਇਸ ਰਿਪੋਰਟ ਮੁਤਾਬਕ ਨਸ਼ੇ ਕਰਨ ਵਾਲਿਆਂ ਵਿਚ 99 ਫੀਸਦੀ ਦੀ ਉਮਰ 18 ਤੋਂ 35 ਸਾਲ ਦੇ ਵਿਚ ਹੈ ਅਤੇ ਇਨ੍ਹਾਂ ਵਿਚੋਂ 54 ਪ੍ਰਤੀਸ਼ਤ ਵਿਆਹੇ ਵਰੇ ਪੁਰਸ਼ ਹਨ। ਪੜ੍ਹੇ ਲਿਖੇ ਨਸ਼ੇੜੀਆਂ ਦੀ ਗਿਣਤੀ ਜ਼ਿਆਦਾ ਹੈ ਅਤੇ ਇਨ੍ਹਾਂ ਵਿਚੋਂ ਜ਼ਿਆਦਾਤਰ ਪੰਜਾਬੀ ਬੋਲੀ 'ਚ ਗੱਲ ਕਰਦੇ ਹਨ।

# ਪਤਨੀ ਤੇ 3 ਬੱਚਿਆਂ ਦੀ ਹੱਤਿਆ

**ਕੁਰੂਕਸ਼ੇਤਰ:** ਪਤਨੀ ਤੇ 3 ਬੱਚਿਆਂ ਦੀ ਹੱਤਿਆ ਤੋਂ ਬਾਅਦ ਨਸ਼ੇੜੀ ਵੱਲੋਂ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ ਗਈ। ਇੰਨਾ ਹੀ ਨਹੀਂ, ਦੋਸ਼ੀ ਨੇ ਚੁੱਪ-ਚਪੀਤੇ ਪਤਨੀ ਦਾ ਅੰਤਮ ਸਸਕਾਰ ਵੀ ਕਰ ਦਿੱਤਾ। ਘਟਨਾ ਵਾਲੇ ਦਿਨ ਰਾਧੇਸ਼ਿਆਮ ਸ਼ਰਾਬ ਦੇ ਨਸ਼ੇ 'ਚ ਘਰ ਆਇਆ, ਤਾਂ ਪਤਨੀ ਮੰਜੂ ਨਾਲ ਉਸ ਦਾ ਝਗੜਾ ਹੋ ਗਿਆ। ਦੋਸ਼ੀ ਨੇ ਕੁਹਾੜੀ ਮਾਰ ਕੇ ਆਪਣੀ ਪਤਨੀ ਨੂੰ ਮਾਰ ਦਿੱਤਾ। ਉਸ ਨੇ 8 ਸਾਲ ਦੀ ਆਪਣੀ ਧੀ ਖੁਸ਼ੀ, 6 ਸਾਲਾ ਤਮੰਨਾ ਅਤੇ 2 ਸਾਲਾ ਪੁੱਤਰ ਨੈਤਿਕ ਨੂੰ ਵੀ ਪਾਣੀ 'ਚ ਡੁਬੋ ਮਾਰ ਦਿੱਤਾ ਤੇ ਆਪ ਖੂਹ 'ਚ ਛਾਲ ਮਾਰ ਦਿੱਤੀ, ਹਾਲਾਂਕਿ ਉਸ ਨੂੰ ਖੂਹ ਵਿਚੋਂ ਜਿਊਂਦਾ ਬਾਹਰ ਕੱਢ ਲਿਆ ਗਿਆ।

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

## Matrimonial

### ਵਰ ਦੀ ਲੋੜ

Wanted suitable U.S. citizen boy in SF Bay Area for Software Engineer U.S. citizen Jatt Sikh girl, 26, 5'-2". Computer Science/ Computer Engineering background preferred. Contact: bsinghs408@gmail.com 12-13

Wanted US Citizen/Green card holder match for Ravidasia Sikh, 38, 5'-5", slim, beautiful girl, never married, on visitor visa in US. M.A. (history), beautician & tailoring course. Call: 260-213-3337 or email: jsjusa@yahoo.com 11-14

US citizen or Green Card holder well settled educated match wanted for Amritdhari Saini Sikh girl, 28 yrs, 5'-3", B.Com, MBA, from an educated family. The girl is in India. Caste no bar. Contact, Ph: 216-513-5887 (USA) or +91-98786-21898 (India) 11-18

### ਕੰਨਿਆ ਦੀ ਲੋੜ

Wanted suitable US citizen girl for Jatt Sikh Boy, 30, 5'-11", Canadian Citizen & USA Green Card Holder, well Settled in the USA. Contact: Ph.317-603-1000 or 317-979-4740, Email-jagbirsandhu86@yahoo.com 13+

Suitable match wanted for US citizen Jatt Sikh handsome boy 32, 5'-8", B.Sc. in electrical engineer, family well settled in Michigan. The girl should be nice and employed. Call, Ph: 586-435-6228 or 313-327-4107 10-13

Seeking suitable match for Jatt Sikh US citizen boy 29, 5'-11" wears turban, trims beard. Bachelor in computer information systems. Family well settled in Bay Area, CA. contact: bayarea257@gmail.com or Ph. 510-541-9594 9-12


# ਹਾਰ ਪਿੱਛੋਂ 'ਆਪ' ਨੂੰ ਚੇਤੇ ਆਇਆ ਸੰਵਿਧਾਨ

## ਪੰਜਾਬ ਦੀ ਕਾਰਜਕਾਰਨੀ ਸੰਵਿਧਾਨ ਮੁਤਾਬਕ ਬਣਾਉਣ ਦਾ ਐਲਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੂੰ ਪੰਜਾਬ ਵਿਚ ਹਾਰ ਤੋਂ ਬਾਅਦ ਸੰਵਿਧਾਨ ਚੇਤੇ ਆਉਣਾ ਲੱਗਾ ਹੈ। 'ਆਪ' ਦੇ ਸਮੂਹ ਜਿੱਤੇ ਅਤੇ ਹਾਰੇ ਉਮੀਦਵਾਰਾਂ ਦੀ ਹੋਈ ਮੀਟਿੰਗ ਵਿਚ ਹਾਰ ਦੇ ਕਾਰਨਾਂ ਦਾ ਮੰਥਨ ਕਰਨ ਤੋਂ ਬਾਅਦ ਫੈਸਲਾ ਕੀਤਾ ਗਿਆ ਹੈ ਕਿ ਹੁਣ ਪੰਜਾਬ ਦੀ ਕਾਰਜਕਾਰਨੀ ਸੰਵਿਧਾਨ ਮੁਤਾਬਕ ਹੀ ਬਣਾਈ ਜਾਵੇਗੀ। ਜਦੋਂ ਤੱਕ 'ਆਪ' ਦੀ ਪੰਜਾਬ ਦੀ ਬਾਡੀ ਪਾਰਟੀ ਸੰਵਿਧਾਨ ਅਨੁਸਾਰ ਨਹੀਂ ਬਣਦੀ, ਉਦੋਂ ਤੱਕ ਚੋਣ ਪ੍ਰਚਾਰ ਕਮੇਟੀ ਪਾਰਟੀ ਦੀਆਂ ਸਰਗਰਮੀਆਂ ਚਲਾਵੇਗੀ। ਇਸ ਕਮੇਟੀ ਦੀ ਅਗਵਾਈ ਸੰਸਦ ਮੈਂਬਰ ਭਗਵੰਤ ਮਾਨ ਦੇ ਹੱਥ ਹੈ, ਜਿਸ ਵਿਚ ਵਿਧਾਇਕ ਸੁਖਪਾਲ ਸਿੰਘ ਖਹਿਰਾ, ਕੰਵਰ ਸੰਧੂ, ਪ੍ਰੋ. ਬਲਜਿੰਦਰ ਕੌਰ, ਕੁਲਤਾਰ ਸਿੰਘ ਸੰਧਵਾਂ, ਅਮਨ ਅਰੋੜਾ ਅਤੇ ਯੂਥ ਵਿੰਗ ਦੇ ਪ੍ਰਧਾਨ ਹਰਜੋਤ ਸਿੰਘ ਬੈਂਸ ਤੇ ਪੰਜਾਬ ਦੇ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਆਦਿ ਸ਼ਾਮਲ ਹਨ।

ਸੂਤਰਾਂ ਅਨੁਸਾਰ ਸਮੂਹ ਜਿੱਤੇ ਤੇ ਹਾਰੇ ਉਮੀਦਵਾਰਾਂ ਦੀ ਮੀਟਿੰਗ ਦੌਰਾਨ ਅਹਿਮ ਫੈਸਲਾ ਕੀਤਾ ਗਿਆ ਕਿ ਪੰਜਾਬ ਇਕਾਈ ਨੂੰ ਹੁਣ ਸੰਵਿਧਾਨ ਅਨੁਸਾਰ ਹੀ ਬਣਾਇਆ ਜਾਵੇਗਾ। ਇਸ ਤਹਿਤ ਲੋਕ ਸਭਾ ਹਲਕਿਆਂ 'ਤੇ ਅਧਾਰਤ ਜ਼ੋਨਲ ਨੂੰ ਜ਼ਿਲ੍ਹਾ ਪੱਧਰੀ ਕਮੇਟੀਆਂ ਬਣਾਈਆਂ ਜਾਣਗੀਆਂ। ਫਿਰ ਬਾਕਾਇਦਾ ਸੂਬਾਈ ਬਾਡੀ ਦੀ ਚੋਣ ਹੋਵੇਗੀ। ਪੰਜਾਬ ਦੇ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਨੇ ਪੁਸ਼ਟੀ ਕੀਤੀ ਕਿ ਹੁਣ ਪਾਰਟੀ ਸੰਵਿਧਾਨ ਅਨੁਸਾਰ ਲੋਕ ਸਭਾ ਹਲਕਿਆਂ ਅਨੁਸਾਰ ਜ਼ੋਨਲ ਇੰਚਾਰਜਾਂ ਦੀਆਂ ਕਮੇਟੀਆਂ ਭੰਗ ਕਰ ਕੇ ਜ਼ਿਲ੍ਹਾ ਪੱਧਰੀ ਇਕਾਈਆਂ ਬਣਾਈਆਂ ਜਾਣਗੀਆਂ। ਮੀਟਿੰਗ ਵਿਚ ਹੋਏ ਫੈਸਲੇ ਅਨੁਸਾਰ ਉਨ੍ਹਾਂ ਸਿਆਸੀ ਮਾਮਲਿਆਂ ਦੀ ਕਮੇਟੀ (ਪੀ.ਏ.ਸੀ.) ਨੂੰ ਇਸ ਮਤੇ ਦੀ ਸਿਫਾਰਸ਼ ਕਰ ਦਿੱਤੀ ਹੈ।

## ਅਰਵਿੰਦ ਕੇਜਰੀਵਾਲ ਸਣੇ ਛੇ ਵਿਰੁਧ ਮਾਣਹਾਨੀ ਦਾ ਮੁਕੱਦਮਾ

**ਨਵੀਂ ਦਿੱਲੀ:** ਵਿੱਤ ਮੰਤਰੀ ਅਰੁਣ ਜੇਤਲੀ ਵੱਲੋਂ ਦਾਇਰ ਅਪਰਾਧਕ ਮਾਣਹਾਨੀ ਕੇਸ ਵਿਚ ਅਦਾਲਤ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਆਮ ਆਦਮੀ ਪਾਰਟੀ ਦੇ ਪੰਜ ਹੋਰ ਆਗੂਆਂ ਖਿਲਾਫ਼ ਮੁਕੱਦਮਾ ਸ਼ੁਰੂ ਕਰ ਦਿੱਤਾ ਹੈ।

ਸੁਣਵਾਈ ਦੌਰਾਨ ਸ੍ਰੀ ਜੇਤਲੀ ਦੀ ਗੈਰ-ਹਾਜ਼ਰੀ ਅਤੇ ਇਹ ਮੁੱਦਾ ਮੁਲਤਵੀ ਕੀਤੇ ਜਾਣ ਨੂੰ ਲੈ ਕੇ ਵਕੀਲਾਂ ਵਿਚਾਲੇ ਭਖਵੀਂ ਬਹਿਸ ਹੋਈ। ਇਕ ਵਕੀਲ ਵੱਲੋਂ ਦੂਜੇ ਨੂੰ ਅਦਾਲਤ ਅੰਦਰ ਧਮਕੀਆਂ ਦਿੱਤੇ ਜਾਣ ਬਾਅਦ ਮੁਲਜ਼ਮਾਂ ਕੇਜਰੀਵਾਲ, ਆਸ਼ੂਤੋਸ਼, ਕੁਮਾਰ ਵਿਸ਼ਵਾਸ, ਸੰਜੈ ਸਿੰਘ ਤੇ ਰਾਘਵ ਚੱਢਾ, ਜੋ ਅਦਾਲਤ ਵਿਚ ਮੌਜੂਦ ਸਨ, ਨੇ ਕਿਹਾ ਕਿ ਉਨ੍ਹਾਂ ਨੂੰ ਗੰਭੀਰ ਖਤਰਾ ਹੈ ਕਿਉਂਕਿ ਜੇ.ਐਨ.ਯੂ. ਦੇਸ਼-ਧ੍ਰੋਹ ਕੇਸ ਵਿਚ ਸਾਲ ਪਹਿਲਾਂ ਕਾਲੇ ਕੋਟ ਵਾਲੇ ਵਿਅਕਤੀਆਂ ਨੇ 'ਵਰਸਿੱਟੀ ਵਿਦਿਆਰਥੀਆਂ ਤੇ ਪੱਤਰਕਾਰਾਂ ਨਾਲ ਕੁੱਟਮਾਰ ਕੀਤੀ ਸੀ। ਅਦਾਲਤ ਨੇ ਇਸ ਕੇਸ ਦੀ ਅਗਲੀ ਸੁਣਵਾਈ 20 ਮਈ 'ਤੇ ਪਾ ਦਿੱਤੀ।

## ਡੋਡਿਆਂ ਦੇ ਸ਼ੌਕੀਨਾਂ ਨਾਲ ਪੰਗਾ ਪਿਆ ਮਹਿੰਗਾ

**ਚੰਡੀਗੜ੍ਹ:** ਮੀਟਿੰਗ ਵਿਚ ਹਾਰ ਦੇ ਹੋਰ ਕਾਰਨਾਂ ਦੇ ਨਾਲ ਇਕ ਆਗੂ ਨੇ ਰੋਚਕ ਪੱਖ ਰੱਖਦਿਆਂ ਕਿਹਾ ਕਿ ਪਾਰਟੀ ਵੱਲੋਂ ਨਸ਼ਿਆਂ ਵਿਰੁੱਧ 'ਲੋੜੋਂ ਵੱਧ ਪ੍ਰਚਾਰ' ਕਰਨ ਨਾਲ ਡੋਡਿਆਂ ਦੇ ਸ਼ੌਕੀਨ ਵੀ ਪਾਰਟੀ ਖਿਲਾਫ਼ ਹੋ ਗਏ। ਮਜ਼ੇਦਾਰ ਗੱਲ ਇਹ ਹੈ ਕਿ ਮੀਟਿੰਗ ਵਿਚ ਪੰਜਾਬ ਇਕਾਈ ਦੇ ਇੰਚਾਰਜ ਸੰਜੇ ਸਿੰਘ ਅਤੇ ਪੰਜਾਬ ਦੇ ਜਥੇਬੰਦਕ ਢਾਂਚੇ ਦੇ ਘਾੜੇ ਦੁਰਗੇਸ਼ ਪਾਠਕ ਸ਼ਾਮਲ ਨਹੀਂ ਸਨ, ਜਦਕਿ ਚੋਣਾਂ ਤੋਂ ਪਹਿਲਾਂ ਇਨ੍ਹਾਂ ਦੇ ਇਸ਼ਾਰੇ ਤੋਂ ਬਿਨਾਂ ਪਾਰਟੀ ਵਿਚ ਕੋਈ ਫੈਸਲਾ ਨਹੀਂ ਹੁੰਦਾ ਸੀ। ਕਈ ਲੀਡਰਾਂ ਨੇ ਪੰਜਾਬ ਇਕਾਈ ਵਿਚ ਦਿੱਲੀ ਦੀ ਲੀਡਰਸ਼ਿਪ ਦੀ ਫਾਲਤੂ ਦਖਲਅੰਦਾਜ਼ੀ ਦਾ ਮੁੱਦਾ ਉਠਾਇਆ।

# ਸਰਕਾਰਾਂ ਦੀਆਂ ਨੀਤੀਆਂ ਨੇ ਹੀ ਡੋਬੀ ਪੰਜਾਬ ਦੀ ਕਿਸਾਨੀ

**ਚੰਡੀਗੜ੍ਹ:** ਪੰਜਾਬ ਦਾ ਕਿਸਾਨ ਲਗਾਤਾਰ ਕਰਜ਼ੇ ਦੀ ਦਲਦਲ 'ਚ ਧਸਦਾ ਜਾ ਰਿਹਾ ਹੈ। ਕਿਸਾਨਾਂ ਦੀ ਆਰਥਿਕ ਦਸ਼ਾ ਸੁਧਾਰਨ ਲਈ ਸਰਕਾਰਾਂ ਵੱਲੋਂ ਤਰ੍ਹਾਂ-ਤਰ੍ਹਾਂ ਦੇ ਦਾਅਵੇ ਕੀਤੇ ਗਏ, ਪਰ ਇਸ ਦੇ ਬਾਵਜੂਦ ਕਿਸਾਨੀ ਕਰਜ਼ਾ ਲਗਾਤਾਰ ਭਾਰੀ ਹੁੰਦਾ ਜਾ ਰਿਹਾ ਹੈ।

ਪੰਜਾਬ 'ਚ ਕਿਸਾਨਾਂ ਨੂੰ ਆਰਥਿਕ ਘਾਟੇ ਵਿਚੋਂ ਕੱਢਣ ਲਈ ਖੇਤੀ ਦੇ ਨਾਲ-ਨਾਲ ਆਪਣੀ ਆਮਦਨ ਵਧਾਉਣ ਲਈ ਖੇਤੀ ਮਾਹਰਾਂ ਵੱਲੋਂ ਸਹਾਇਕ ਧੰਦੇ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ, ਜਿਨ੍ਹਾਂ ਵਿਚ ਡੇਅਰੀ ਫਾਰਮਿੰਗ, ਮੱਖੀ ਪਾਲਣ, ਮੱਛੀ ਪਾਲਣ, ਪੋਲਟਰੀ ਫਾਰਮ, ਪੋਸਟ ਹਾਰਵੈਸਟ ਪ੍ਰਸੈਸਿੰਗ, ਸੂਰ ਪਾਲਣ, ਖੁੰਭਾਂ ਦੀ ਖੇਤੀ, ਬੱਕਰੀ ਪਾਲਣ, ਪੋਲੀ ਹਾਊਸ ਫਾਰਮਿੰਗ, ਨੈਟ ਹਾਊਸ ਆਦਿ ਸ਼ਾਮਲ ਹਨ। ਮਾਹਰਾਂ ਵੱਲੋਂ ਕਿਸਾਨਾਂ ਨੂੰ ਰਵਾਇਤੀ ਖੇਤੀ ਦੇ ਨਾਲ-ਨਾਲ ਇਹ ਕਿੱਤੇ ਅਪਣਾਉਣ ਲਈ ਟਰੇਨਿੰਗ ਦੇ ਕੇ ਉਤਸ਼ਾਹਿਤ ਕੀਤਾ ਤੇ ਸਰਕਾਰ ਦੇ ਇਨ੍ਹਾਂ ਕਿੱਤਿਆਂ ਨੂੰ ਪ੍ਰਫੁੱਲਿਤ ਕਰਨ ਲਈ ਸਬਸਿਡੀ ਵਾਲੇ ਕਰਜ਼ੇ ਵੀ ਮੁਹੱਈਆ ਕਰਵਾਏ, ਪਰ ਜਦੋਂ ਕਿਸਾਨਾਂ ਇਨ੍ਹਾਂ ਸਹਾਇਕ ਧੰਦਿਆਂ ਨੂੰ ਜ਼ਮੀਨੀ ਪੱਧਰ 'ਤੇ ਅਪਣਾਉਂਦਾ ਹੈ ਤਾਂ ਇਨ੍ਹਾਂ ਕਿੱਤਿਆਂ ਦੀਆਂ ਚੁਣੌਤੀਆਂ ਵਿਚ ਉਲਝ ਜਾਂਦਾ ਹੈ, ਜਿਸ ਕਾਰਨ ਜ਼ਿਆਦਾਤਰ ਕਿਸਾਨਾਂ ਦੇ ਪੱਲੇ ਅਸਫਲਤਾ ਹੀ ਪੈਂਦੀ ਹੈ ਅਤੇ ਬੈਂਕਾਂ ਵੱਲੋਂ ਚੁੱਕਿਆ ਕਰਜ਼ਾ ਲਗਾਤਾਰ ਭਾਰੀ ਹੁੰਦਾ ਜਾਂਦਾ ਹੈ।

ਕਿਸਾਨਾਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਜਦੋਂ ਕਿਸੇ ਵੀ ਸਹਾਇਕ ਕਿੱਤੇ ਦੀ ਸਿਖਲਾਈ ਕਰਵਾਈ ਜਾਂਦੀ ਹੈ ਤਾਂ ਉਸ ਵੇਲੇ ਉਸ ਕਿੱਤੇ ਤੋਂ ਪੈਦਾ ਹੋਣ ਵਾਲੇ ਕੱਚੇ ਮਾਲ ਨੂੰ ਖ਼ਰੀਦਣ ਦਾ ਕੋਈ ਲਿਖਤੀ ਜਾਂ ਠੋਸ ਇਕਰਾਰਨਾਮਾ ਨਹੀਂ ਕੀਤਾ ਜਾਂਦਾ। ਮਾਰਕੀਟ 'ਚ ਜ਼ਿਆਦਾਤਰ ਕੱਚੇ ਮਾਲ ਨੂੰ ਵਪਾਰੀ ਕੌਡੀਆਂ ਦੇ ਭਾਅ ਖਰੀਦਦੇ ਹਨ, ਜਦਕਿ ਕਿਸਾਨ ਦੀ ਸੁਣਵਾਈ ਕਿਤੇ ਨਹੀਂ ਹੁੰਦੀ ਤੇ ਲਾਗਤ ਖਰਚੇ ਵੀ ਪੂਰੇ ਨਹੀਂ ਹੁੰਦੇ। ਪੰਜਾਬ ਦੇ ਕਿਸਾਨਾਂ ਸਿਰ 80000 ਕਰੋੜ ਰੁਪਏ ਕਰਜ਼ਾ ਹੈ, ਜਿਸ ਵਿਚ ਕਾਰਪੋਰੇਟ ਖੇਤਰ ਦਾ ਫਸਲੀ ਕਰਜ਼ਾ 12500 ਕਰੋੜ ਹੈ। ਇਸ ਤਰ੍ਹਾਂ ਪੰਜਾਬ ਦੇ ਹਰੇਕ ਕਿਸਾਨ ਸਿਰ ਫਸਲੀ ਕਰਜ਼ੇ ਸਮੇਤ 8 ਲੱਖ ਰੁਪਏ ਦਾ ਕਰਜ਼ਾ ਹੈ। ਪੰਜਾਬ ਦੇ ਛੋਟੇ ਤੇ ਦਰਮਿਆਨੇ ਕਿਸਾਨ ਪ੍ਰਤੀ ਏਕੜ ਦੇ ਹਿਸਾਬ ਦੇਸ਼ 'ਚ ਸਭ ਤੋਂ ਵੱਧ ਕਰਜ਼ਦਾਰ ਹਨ। ਕਰਜ਼ ਲਾਹੁਣ ਤੋਂ ਅਸਮਰੱਥ ਪੰਜਾਬੀ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਸੂਬੇ ਨੇ ਸਾਲ 2016-17 ਦੇ ਹਾੜ੍ਹੀ ਸੀਜ਼ਨ ਦੌਰਾਨ ਰਿਕਾਰਡ 160.60 ਲੱਖ ਮੀਟਰਕ ਟਨ ਕਣਕ ਖਰੀਦੀ ਹੈ, ਜਿਸ ਵਿਚੋਂ 108.24 ਲੱਖ ਮੀਟਰਕ ਟਨ ਕਣਕ ਕੇਂਦਰੀ ਭੰਡਾਰ ਲਈ ਖਰੀਦੀ ਗਈ। ਸੋਕੇ ਵਰਗੇ ਹਾਲਾਤ ਰਹਿਣ ਦੇ ਬਾਵਜੂਦ 2016 ਦੀ ਸਾਉਣੀ ਦੌਰਾਨ ਰਿਕਾਰਡ 186.76 ਲੱਖ ਮੀਟਰਕ ਟਨ ਝੋਨੇ ਦੀ ਖਰੀਦ ਕੀਤੀ ਗਈ।

## ਪੰਜਾਬੀ ਕਿਸਾਨਾਂ ਦਾ ਕਰਜ਼ਾ ਵੀ ਮੁਆਫ ਹੋਵੇ: ਕੈਪਟਨ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਮੁਲਾਕਾਤ ਕਰ ਕੇ ਯੂ.ਪੀ. ਦੀ ਤਰਜ਼ ਉਤੇ ਪੰਜਾਬ ਦੇ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਦੀ ਮੰਗ ਰੱਖੀ। ਕੈਪਟਨ ਅਮਰਿੰਦਰ ਸਿੰਘ ਨੇ ਮੰਗ ਕੀਤੀ ਕਿ ਜਿਵੇਂ ਯੂ.ਪੀ. ਦੇ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਦਾ ਐਲਾਨ ਕੀਤਾ ਗਿਆ ਹੈ, ਉਸੇ ਤਰ੍ਹਾਂ ਪੰਜਾਬ ਦੇ ਕਿਸਾਨਾਂ ਦਾ ਕਰਜ਼ਾ ਇਕਮੁਸ਼ਤ ਮੁਆਫ ਕਰਨ ਲਈ ਵਿਸ਼ੇਸ਼ ਪੈਕੇਜ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਪਿਛਲੀ ਵਾਰ ਜਦੋਂ ਉਹ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਦੀ ਅਗਵਾਈ ਵਾਲੇ ਵਫਦ ਨਾਲ ਪ੍ਰਧਾਨ ਮੰਤਰੀ ਨੂੰ ਮਿਲੇ ਸੀ, ਤਾਂ ਉਸ ਸਮੇਂ ਕੀਤੀ ਗਈ ਕਰਜ਼ਾ ਮੁਆਫੀ ਦੀ ਮੰਗ ਨੂੰ ਹੀ ਅੱਗੇ ਵਧਾਇਆ ਗਿਆ ਹੈ। ਕਾਂਗਰਸ ਵੱਲੋਂ ਚੋਣਾਂ ਦੌਰਾਨ ਪੰਜਾਬ ਦੇ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਦੇ ਕੀਤੇ ਵਾਅਦੇ ਨੂੰ ਪੂਰਾ ਕਰਨ ਲਈ ਕੈਪਟਨ ਨੇ ਕੇਂਦਰ ਤੋਂ ਮਦਦ ਮੰਗੀ ਹੈ।




SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways



Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available



ਹਲਵਾਈ, ਡੋਸਾ ਮੇਕਰ ਅਤੇ ਕਿਚਨ ਹੈਲਪਰਾਂ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਹਲਵਾਈ ਤੇ ਡੋਸਾ ਮੇਕਰ ਅਤੇ ਤਿੰਨ ਕਿਚਨ ਹੈਲਪਰ ਚਾਹੀਦੇ ਹਨ

ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
11-


## ਜਥੇਦਾਰ ਨੇ ਜੰਮੂ ਕਸ਼ਮੀਰ ਵਿਚ ਬੇਅਦਬੀ ਮਾਮਲੇ ਬਾਰੇ ਮੰਗੀ ਰਿਪੋਰਟ

**ਅੰਮ੍ਰਿਤਸਰ:** ਜੰਮੂ ਕਸ਼ਮੀਰ ਦੇ ਜ਼ਿਲ੍ਹਾ ਬਡਗਾਮ ਦੇ ਪਿੰਡ ਖਾਨਪੁਰ ਸਰਾਂ ਵਿਚਲੇ ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਅਤੇ ਧਾਰਮਿਕ ਸਾਹਿਤ ਦੀ ਬੇਅਦਬੀ ਕਰਨ ਸਮੇਤ ਗੋਲਕ ਲੁੱਟਣ ਦੀ ਘਟਨਾ ਦਾ ਗੰਭੀਰ ਨੋਟਿਸ ਲੈਂਦਿਆਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਮਾਮਲੇ ਦੀ ਜਾਂਚ ਕਰਨ ਅਤੇ ਰਿਪੋਰਟ ਦੇਣ ਦੀ ਹਦਾਇਤ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਕੁਝ ਸ਼ਰਾਰਤੀ ਅਨਸਰਾਂ ਨੇ ਗੁਰਦੁਆਰੇ ਦੇ ਵਿਹੜੇ ਵਿਚ ਦਾਖਲ ਹੋ ਕੇ ਉਥੇ ਗੋਲਕ ਨੂੰ ਲੁੱਟਣ ਦਾ ਯਤਨ ਕੀਤਾ ਗਿਆ ਹੈ। ਇਸ ਕਾਰਵਾਈ ਦੌਰਾਨ ਗੁਰੂ ਗ੍ਰੰਥ ਸਾਹਿਬ, ਗੁਟਕੇ ਤੇ ਹੋਰ ਧਾਰਮਿਕ ਸਾਹਿਤ ਦੀ ਬੇਅਦਬੀ ਵੀ ਕੀਤੀ ਗਈ ਹੈ। ਇਸ ਘਟਨਾ ਕਾਰਨ ਇਲਾਕੇ ਵਿਚ ਤਣਾਅ ਵਾਲੀ ਸਥਿਤੀ ਹੈ। ਉਨ੍ਹਾਂ ਆਖਿਆ ਕਿ ਇਸ ਮਾਮਲੇ ਵਿਚ ਜੰਮੂ ਕਸ਼ਮੀਰ ਦੇ ਸਿੱਖ ਮਿਸ਼ਨ ਦੇ ਇੰਚਾਰਜ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਤੁਰਤ ਘਟਨਾ ਸਥਾਨ 'ਤੇ ਪਹੁੰਚੇ ਅਤੇ ਘਟਨਾ ਸਬੰਧੀ ਰਿਪੋਰਟ ਭੇਜੇ।


INDIAN BAZAAR
334 S. Emerson Ave., GREENWOOD, IN 46143

ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਤੇ ਮਿਠਾਈਆਂ ਲਈ ਮਸ਼ਹੂਰ

- ਖਾਣਾ ਸ਼ੁੱਧ ਵੈਸ਼ਨੋ, ਤਾਜ਼ਾ ਸਮੋਸੇ, ਚਾਟ, ਥਾਲੀ
- ਕੈਟਰਿੰਗ ਵੀ ਕਰਦੇ ਹਾਂ
- ਵੱਡੇ ਆਰਡਰ ਲਈ ਸਪੈਸ਼ਲ ਰੇਟ
- ਤਾਜ਼ਾ ਸਬਜ਼ੀਆਂ ਹਰ ਵੀਰਵਾਰ

ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ

ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।

ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ




Ph: 317-534-5151, 916-524-0045

# ਆਰ.ਐਸ.ਐਸ. ਦੀ ਫਿਰਕੂ ਰੇਲ ਨੇ ਫੜੀ ਰਫਤਾਰ



**ਲਖਨਊ:** ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਦੇ ਸੱਤਾ ਸੰਭਾਲਦੇ ਹੀ ਆਰ.ਐਸ.ਐਸ. ਅਤੇ ਭਾਜਪਾ ਦੀ ਫਿਰਕੂ ਮੁਹਿੰਮ ਨੇ ਇਕਦਮ ਜ਼ੋਰ ਫੜ ਲਿਆ ਹੈ। ਆਪਣੀਆਂ ਫਿਰਕੂ ਟਿੱਪਣੀਆਂ ਕਾਰਨ ਚਰਚਾ ਵਿਚ ਰਹਿਣ ਵਾਲੇ ਯੋਗੀ ਅਦਿਤਿਆਨਾਥ ਵੱਲੋਂ ਲਈ ਗਏ ਕੁਝ ਫੈਸਲਿਆਂ ਕਾਰਨ ਘੱਟ ਗਿਣਤੀ ਭਾਈਚਾਰਿਆਂ ਵਿਚ ਸਹਿਮ ਬਣ ਗਿਆ ਹੈ। ਕੁਰਸੀ ਸੰਭਾਲਦਿਆਂ ਹੀ ਯੋਗੀ ਨੇ ਸੂਬੇ ਵਿਚ ਬੁੱਚੜਖਾਨੇ ਬੰਦ ਕਰਨ ਦੇ ਹੁਕਮ ਦਿੱਤੇ ਹਨ।

ਮੁੱਖ ਮੰਤਰੀ ਦੇ ਇਨ੍ਹਾਂ ਹੁਕਮਾਂ ਪਿੱਛੋਂ ਕਈ ਥਾਈਂ ਮੀਟ ਤੇ ਮੱਛੀ ਦੀ ਵਿਕਰੀ ਕਰਨ ਵਾਲੀਆਂ ਦੁਕਾਨਾਂ ਨੂੰ ਅੱਗ ਲਾ ਦਿੱਤੀ ਗਈ। ਇਸ ਤੋਂ ਇਲਾਵਾ 'ਐਂਟੀ ਰੋਮੀਓ' ਦੇ ਨਾਂ ਉਤੇ ਪ੍ਰੇਮੀਆਂ ਜੋੜਿਆਂ ਦੀ ਕੁੱਟਮਾਰ ਕੀਤੀ ਜਾ ਰਹੀ ਹੈ। ਯੋਗੀ ਨੇ ਸਕੂਲਾਂ ਦੇ ਅਧਿਆਪਕਾਂ ਲਈ ਵੀ ਨਵੇਂ ਆਦੇਸ਼ ਜਾਰੀ ਕੀਤੇ ਹਨ। ਸਕੂਲਾਂ ਦੇ ਅਧਿਆਪਕ ਡਿਊਟੀ ਸਮੇਂ ਟੀ-ਸ਼ਰਟਾਂ ਨਾ ਪਾਉਣ, ਹਰ ਸਕੂਲ 'ਚ ਰੋਜ਼ਾਨਾ ਪ੍ਰਾਰਥਨਾ ਕਰਵਾਉਣ ਤੇ ਮੋਬਾਈਲ ਫੋਨ ਦਾ ਇਸਤੇਮਾਲ ਨਾ ਕਰਨ ਵਾਲੇ ਹੁਕਮਾਂ ਦੀ ਖੂਬ ਚਰਚਾ ਹੋ ਰਹੀ ਹੈ।


ਗਊ ਹੱਤਿਆ ਦੇ ਮਾਮਲੇ 'ਚ ਮੌਤ ਦੀ ਸਜ਼ਾ ਦੀ ਵਿਵਸਥਾ ਵਾਲਾ ਇਕ ਨਿੱਜੀ ਬਿੱਲ ਵੀ ਰਾਜ ਸਭਾ 'ਚ ਪੇਸ਼ ਕੀਤਾ ਗਿਆ ਹੈ। ਭਾਜਪਾ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਇਸ ਦਾ ਅਯੁੱਧਿਆ ਵਿਚ ਰਾਮ ਮੰਦਰ ਉਸਾਰਨ ਦਾ ਸੁਪਨਾ ਅਪਰੈਲ 2018 ਤੋਂ ਬਾਅਦ ਪੂਰਾ ਹੋ ਸਕੇਗਾ। ਪਾਰਟੀ ਨੂੰ ਆਸ ਹੈ ਕਿ ਉਦੋਂ ਤੱਕ ਇਸ ਨੂੰ ਰਾਜ ਸਭਾ ਵਿਚ ਬਹੁਮਤ ਹਾਸਲ ਹੋ ਜਾਵੇਗਾ ਤੇ ਫਿਰ ਇਸ ਲਈ ਮੰਦਰ ਦੀ ਉਸਾਰੀ ਵਾਸਤੇ ਕਾਨੂੰਨ ਬਣਾਉਣ ਵਿਚ ਕੋਈ ਅੜਚਣ ਨਹੀਂ ਆਵੇਗੀ। ਉਧਰ, ਅਯੁੱਧਿਆ ਦੇ ਦਿਗੰਬਰ ਅਖਾੜੇ ਦੇ ਮੁੱਖ ਮਹੰਤ ਸੁਰੇਸ਼ ਦਾਸ ਨੇ ਆਖਿਆ ਕਿ ਰਾਮ ਜਨਮ ਭੂਮੀ ਉਤੇ ਹੁਣ ਮੰਦਰ ਹਰ ਹਾਲਤ ਵਿਚ ਬਣੇਗਾ। ਅਯੁੱਧਿਆ ਵਿਚ ਰਾਮ ਮੰਦਰ ਗੁਜਰਾਤ ਦੇ ਸੋਮਨਾਥ ਮੰਦਰ ਦੀ ਤਰਜ਼ ਉਤੇ ਬਣੇਗਾ।

ਸੁਪਰੀਮ ਕੋਰਟ ਦੇ ਆਪਸੀ ਸਮਝੌਤੇ ਦੇ ਨਿਰਦੇਸ਼ ਦਾ ਸਵਾਗਤ ਕਰਦੇ ਹੋਏ ਮਹੰਤ ਸੁਰੇਸ਼ ਦਾਸ ਨੇ ਆਖਿਆ ਕਿ ਰਾਮ ਜਨਮ ਭੂਮੀ ਉਤੇ ਸਿਰਫ ਰਾਮ ਮੰਦਰ ਦਾ ਨਿਰਮਾਣ ਹੋਵੇਗਾ ਤੇ ਕੋਈ ਮਸਜਿਦ ਨਹੀਂ ਬਣੇਗੀ, ਜੇਕਰ ਦੂਜਾ ਧੜਾ ਨਹੀਂ ਮੰਨਦਾ ਤਾਂ ਦੇਸ਼ ਤੇ ਪ੍ਰਦੇਸ਼ ਵਿਚ ਹੁਣ ਸਾਡੀਆਂ ਸਰਕਾਰਾਂ ਹਨ। ਅਸੀਂ 2018 ਵਿਚ ਸੰਸਦ ਵਿਚ ਕਾਨੂੰਨ ਪਾਸ ਕਰ ਕੇ ਮੰਦਰ ਦਾ ਨਿਰਮਾਣ ਕਰਾਂਗੇ। ਗੌਰਤਲਬ ਹੈ ਕਿ ਸੁਪਰੀਮ ਕੋਰਟ ਨੇ ਸਬੰਧਤ ਧਿਰਾਂ ਨੂੰ ਅਦਾਲਤ ਤੋਂ ਬਾਹਰ ਗੱਲਬਾਤ ਰਾਹੀਂ ਮਸਲੇ ਦਾ ਹੱਲ ਕਰਨ ਦਾ ਸੁਝਾਅ ਦਿੱਤਾ ਸੀ, ਪਰ ਪਹਿਲਾਂ ਅਜਿਹੀਆਂ ਕੋਸ਼ਿਸ਼ਾਂ ਨਾਕਾਮ ਰਹਿਣ ਕਾਰਨ ਇਸ ਸੁਝਾਅ ਨੂੰ ਮੁਸਲਿਮ ਜਥੇਬੰਦੀਆਂ ਵੱਲੋਂ ਰੱਦ ਕਰ ਦਿੱਤਾ ਗਿਆ। ਇਸ ਉਤੇ ਭਾਜਪਾ ਦੇ ਸੀਨੀਅਰ ਆਗੂ ਸੁਬਰਾਮਨੀਅਨ ਸਵਾਮੀ ਨੇ ਦੋਸ਼ ਲਾਇਆ ਕਿ ਮੁਸਲਿਮ ਜਥੇਬੰਦੀਆਂ ਰਾਮ ਜਨਮਭੂਮੀ-ਬਾਬਰੀ ਮਸਜਿਦ ਮਸਲੇ ਦੇ ਹੱਲ ਵਿਚ ਅੜਿੱਕੇ ਡਾਹ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮੰਦਰ ਦੀ ਉਸਾਰੀ ਨੂੰ ਕੋਈ ਭਾਵੇਂ ਕਿੰਨਾ ਵੀ ਲਮਕਾ ਲਵੇ, ਇਸ ਨੂੰ ਟਾਲਣ ਦੀ 'ਵੱਧ ਤੋਂ ਵੱਧ ਮਿਆਦ' ਅਪਰੈਲ 2018 ਹੀ ਹੈ।

## ਸ਼ਿਵ ਸੈਨਾ ਸੰਸਦ ਮੈਂਬਰ ਗਾਇਕਵਾੜ ਦਾ ਤਾਂਡਵ

**ਨਵੀਂ ਦਿੱਲੀ:** ਸ਼ਿਵ ਸੈਨਾ ਦੇ ਉਸਮਾਨਾਬਾਦ ਤੋਂ ਸੰਸਦ ਮੈਂਬਰ ਰਵਿੰਦਰ ਗਾਇਕਵਾੜ ਨੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਏਅਰ ਇੰਡੀਆ ਦੇ ਸਟਾਫ ਮੈਂਬਰਾਂ ਨਾਲ ਹੋਈ ਤਕਰਾਰ ਦੌਰਾਨ ਬਜ਼ੁਰਗ ਡਿਊਟੀ ਮੈਨੇਜਰ ਨੂੰ ਜੁੱਤੀਆਂ ਨਾਲ ਕੁੱਟਿਆ ਤੇ ਉਸ ਦੇ ਕੱਪੜੇ ਪਾੜ ਦਿੱਤੇ। ਉਂਜ ਇਸ ਤਕਰਾਰ ਦੀ ਵਜ੍ਹਾ ਸੰਸਦ ਮੈਂਬਰ ਨੂੰ ਬਿਜ਼ਨਸ ਕਲਾਸ ਦੀ ਟਿਕਟ 'ਤੇ ਇਕਾਨਮੀ ਕਲਾਸ ਵਾਲੀ ਫਲਾਈਟ 'ਤੇ ਸਫਰ ਕਰਨ ਤੋਂ ਰੋਕਣਾ ਸੀ। ਏਅਰਲਾਈਨ ਨੇ ਗਾਇਕਵਾੜ ਖਿਲਾਫ਼ ਪੁਲਿਸ ਰਿਪੋਰਟ ਦਰਜ ਕਰਨ ਦਾ ਫੈਸਲਾ ਕਰਦਿਆਂ ਮਾਮਲੇ ਦੀ ਜਾਂਚ ਲਈ ਕਮੇਟੀ ਬਣਾ ਦਿੱਤੀ ਹੈ। ਗਾਇਕਵਾੜ ਦੇ ਇਸ ਕਾਰੇ ਪਿੱਛੋਂ ਹਵਾਈ ਕੰਪਨੀਆਂ ਨੇ ਉਸ ਨੂੰ ਬਲੈਕ-ਲਿਸਟ ਕਰ ਦਿੱਤਾ ਹੈ।

## ਭਾਰਤ 'ਚ ਅਕਾਦਮਿਕ ਆਜ਼ਾਦੀ ਨੂੰ ਖਤਰਾ: ਅਨਸਾਰੀ



**ਚੰਡੀਗੜ੍ਹ:** ਉਪ ਰਾਸ਼ਟਰਪਤੀ ਤੇ ਪੰਜਾਬ ਯੂਨੀਵਰਸਿਟੀ ਦੇ ਚਾਂਸਲਰ ਹਾਮਿਦ ਅਨਸਾਰੀ ਨੇ ਵਿੱਦਿਅਕ ਅਦਾਰਿਆਂ ਵਿਚ ਬੇਲੋੜੀ ਰੋਕ ਟੋਕ ਅਤੇ ਅਸਹਿਣਸ਼ੀਲਤਾ ਉਤੇ ਚਿੰਤਾ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਅਜਿਹਾ ਮਾਹੌਲ ਬਣਾਇਆ ਜਾ ਰਿਹਾ ਹੈ, ਜਿਸ ਨੇ ਅਕਾਦਮਿਕ ਆਜ਼ਾਦੀ 'ਤੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰ ਦਿੱਤੇ ਹਨ। ਕਈ ਯੂਨੀਵਰਸਿਟੀਆਂ ਵਿਚ ਉਪਰੋਥਲੀ ਵਾਪਰੀਆਂ ਕਈ ਘਟਨਾਵਾਂ ਕਾਰਨ ਸਹਿਣਸ਼ੀਲਤਾ ਖੰਭ ਲਾ ਕੇ ਉਡ ਗਈ ਹੈ ਅਤੇ ਵਿੱਦਿਅਕ ਅਦਾਰਿਆਂ ਨੂੰ ਚੁਣੌਤੀਆਂ ਨੇ ਆ ਘੇਰਿਆ ਹੈ।

## ਗਾਂ ਨੂੰ ਮਾਂ ਨਾ ਆਖਣ ਵਾਲੇ ਸਾਵਧਾਨ!

**ਮੁਜ਼ੱਫਰਨਗਰ:** 'ਮੈਂ ਵਾਅਦਾ ਕਰਦਾ ਹਾਂ ਕਿ ਜਿਹੜਾ ਵਿਅਕਤੀ 'ਬੰਦੇ ਮਾਤਰਮ' ਨਹੀਂ ਕਹੇਗਾ, ਮੈਂ ਉਸ ਦੇ ਹੱਥ ਤੇ ਲੱਤਾਂ ਤੋੜ ਦਿਆਂਗਾ। ਜਿਹੜੇ ਗਊ ਨੂੰ ਮਾਂ ਨਹੀਂ ਮੰਨਣਗੇ ਤੇ ਉਸ ਨਾਲ ਕੋਈ ਵਧੀਕੀ ਕਰਨਗੇ, ਉਨ੍ਹਾਂ ਦਾ ਵੀ ਕਤਲ ਕਰ ਦਿਆਂਗਾ।" ਇਹ ਗੱਲ ਯੂ.ਪੀ. ਵਿਚ ਭਾਜਪਾ ਦੇ ਵਿਧਾਇਕ ਵਿਕਰਮ ਸੈਨੀ ਨੇ ਕਹੀ ਹੈ। ਸੈਨੀ ਉਹੀ ਭਾਜਪਾ ਲੀਡਰ ਹੈ ਜਿਸ ਨੂੰ ਮੁਜ਼ੱਫਰ ਨਗਰ ਦੰਗਿਆਂ ਦੇ ਕੇਸ 'ਚ ਗ੍ਰਿਫਤਾਰ ਕੀਤਾ ਗਿਆ ਸੀ ਤੇ ਉਸ ਉਤੇ ਨੈਸ਼ਨਲ ਸਕਿਉਰਿਟੀ ਐਕਟ ਤਹਿਤ ਮਾਮਲਾ ਦਰਜ ਹੋਇਆ ਸੀ। ਸੈਨੀ ਜਦੋਂ ਇਹ ਗੱਲ ਕਹਿ ਰਹੇ ਸਨ ਤਾਂ ਉਸ ਸਮੇਂ ਯੂ.ਪੀ. ਦੇ ਮੰਤਰੀ ਸੁਰੇਸ਼ ਰਾਣਾ ਵੀ ਹਾਜ਼ਰ ਸਨ। ਦਰਅਸਲ, ਰਾਣਾ ਨੇ ਇਕ ਪ੍ਰੋਗਰਾਮ ਰੱਖਿਆ ਸੀ ਜਿਸ 'ਚ ਸੈਨੀ ਸ਼ਿਰਕਤ ਕਰਨ ਪੁੱਜੇ ਸਨ। ਸੈਨੀ ਨੇ ਕਿਹਾ, 'ਅਸੀਂ ਜੋ ਕਿਹਾ, ਉਹ ਕਰਾਂਗੇ ਤੇ ਸਾਡਾ ਹਰ ਕੰਮ ਨੂੰ ਸਾਡੇ ਨੌਜਵਾਨ ਸਿਰੇ ਚੜ੍ਹਾਣਗੇ।'

## ਸਵਾਮੀ ਅਸੀਮਾਨੰਦ ਦੀ 'ਆਜ਼ਾਦੀ' ਨਾਲ ਜੁੜੇ ਸਵਾਲ

**ਹੈਦਰਾਬਾਦ:** ਹੈਦਰਾਬਾਦ ਦੀ ਅਦਾਲਤ ਨੇ 2007 ਦੇ ਮੱਕਾ ਮਸਜਿਦ ਧਮਾਕਾ ਮਾਮਲੇ 'ਚ ਸਵਾਮੀ ਅਸੀਮਾਨੰਦ ਨੂੰ ਜ਼ਮਾਨਤ ਦੇ ਦਿੱਤੀ ਹੈ। ਇਸੇ ਮਹੀਨੇ ਅਸੀਮਾਨੰਦ ਅਜਮੇਰ ਧਮਾਕਾ ਮਾਮਲੇ 'ਚੋਂ ਵੀ ਬਰੀ ਹੋਇਆ ਹੈ। ਹੈਦਰਾਬਾਦ ਦੀ ਅਦਾਲਤ ਨੇ ਸਾਲ 2007 ਵਿਚ ਮੱਕਾ ਮਸਜਿਦ ਧਮਾਕਾ ਮਾਮਲੇ ਵਿਚ ਅਸੀਮਾਨੰਦ ਦੀ ਜ਼ਮਾਨਤ ਅਰਜ਼ੀ ਮਨਜ਼ੂਰ ਕਰ ਲਈ ਹੈ। ਅਸੀਮਾਨੰਦ ਦਾ ਅਸਲ ਨਾਂ ਬਾਬਾ ਕੁਮਾਰ ਸਰਕਾਰ ਹੈ। ਉਸ ਨੂੰ 19



ਨਵੰਬਰ, 2010 ਵਿਚ ਹਰਿਦੁਆਰ ਦੀ ਮੱਕਾ ਮਸਜਿਦ ਧਮਾਕਾ ਮਾਮਲੇ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਇਹ ਘਟਨਾ 18 ਮਈ, 2007 ਦੀ ਹੈ। ਇਸ ਵਿਚ 9 ਲੋਕ ਮਾਰੇ ਗਏ ਸਨ। ਜੈਪੁਰ ਦੀ ਵਿਸ਼ੇਸ਼ ਅਦਾਲਤ ਨੇ ਅਜਮੇਰ ਸਥਿਤ ਸੂਫੀ ਖਵਾਜਾ ਮੋਇਨੁਦੀਨ ਹਸਨ ਚਿਸ਼ਤੀ ਦਰਗਾਹ ਪਰੀਸਰ ਵਿਚ ਕਰੀਬ 9 ਸਾਲ ਪਹਿਲਾਂ ਹੋਏ ਧਮਾਕਾ ਮਾਮਲੇ ਵਿਚ ਸਜ਼ਾ ਸੁਣਾਈ ਸੀ। ਇਸ ਮਾਮਲੇ ਵਿਚ ਦੋਸ਼ੀਆਂ ਭਾਵੇਸ਼ ਪਟੇਲ ਤੇ ਦੇਵੇਂਦਰ ਗੁਪਤਾ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਜਦਕਿ ਮਾਮਲੇ ਵਿਚ ਅਸੀਮਾਨੰਦ ਸਮੇਤ 7 ਨੂੰ ਬਰੀ ਕਰ ਦਿੱਤਾ ਗਿਆ।

# ਰਾਮ ਮੰਦਿਰ ਦਾ ਰਾਹ ਪੱਧਰ ਕਰਨ ਲਈ ਭਾਜਪਾ ਦੀ ਰਣਨੀਤੀ

**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ ਆਪਣੇ ਹਿੰਦੁਤਵ ਦੇ ਏਜੰਡੇ ਨੂੰ ਅੱਗੇ ਵਧਾਉਣ 'ਚ ਸਫਲ ਹੁੰਦੀ ਜਾ ਰਹੀ ਹੈ। ਉਤਰ ਪ੍ਰਦੇਸ਼ ਦਾ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਨੂੰ ਬਣਾਇਆ ਗਿਆ ਹੈ, ਜੋ ਨਾ ਸਿਰਫ ਰਾਮ ਮੰਦਿਰ ਬਣਾਉਣ ਦੀ ਪੂਰੀ ਵਕਾਲਤ ਕਰਦਾ ਰਿਹਾ ਹੈ, ਸਗੋਂ ਫਿਰਕੂ ਬਿਆਨ ਦੇਣ ਵਿਚ ਵੀ ਬੜਾ ਪ੍ਰਸਿੱਧ ਰਿਹਾ ਹੈ। ਅਜਿਹੇ ਮਾਹੌਲ ਵਿਚ ਇਕ ਵਾਰ ਫਿਰ ਅਯੁੱਧਿਆ ਵਿਚ ਰਾਮ ਮੰਦਰ ਦੇ ਨਿਰਮਾਣ ਦੀ ਮੰਗ ਨੇ ਜ਼ੋਰ ਫੜ ਲਿਆ ਹੈ।

ਹੁਣ ਜਦੋਂ ਕੇਂਦਰ ਅਤੇ ਉਤਰ ਪ੍ਰਦੇਸ਼ ਵਿਚ ਭਾਜਪਾ ਦੀ ਸਰਕਾਰ ਹੈ ਤਾਂ ਇਸ ਪਾਰਟੀ ਨਾਲ ਸਬੰਧਤ ਕੁਝ ਵੱਡੇ ਆਗੂਆਂ ਵੱਲੋਂ ਇਹ ਕਿਹਾ ਜਾ ਰਿਹਾ ਹੈ ਕਿ ਉਹ ਬਹੁਮਤ ਵਿਚ ਹੋਣ ਕਾਰਨ ਇਸ ਸਬੰਧੀ ਕਾਨੂੰਨ ਪਾਸ ਕਰਵਾ ਲੈਣਗੇ, ਪਰ ਅਜਿਹਾ ਹੋਣ ਨਾਲ ਇਹ ਮਸਲਾ ਸੁਲਝਣ ਦੀ ਬਜਾਏ ਹੋਰ ਵੀ ਵਧੇਰੇ ਉਲਝ ਸਕਦਾ ਹੈ, ਕਿਉਂਕਿ ਹੁਣ ਹਿੰਦੂ ਜਥੇਬੰਦੀਆਂ ਇਸ ਗੱਲ ਲਈ ਬਜ਼ਿੱਦ ਹਨ ਕਿ ਇਹ ਵਿਵਾਦਤ ਜਗ੍ਹਾ 'ਤੇ ਮੰਦਰ ਹੀ ਬਣੇਗਾ।


ਅਦਾਲਤਾਂ ਵਿਚ ਚਲਦੇ ਕੇਸਾਂ ਦੇ ਬਾਵਜੂਦ ਕੁਝ ਜਥੇਬੰਦੀਆਂ ਵੱਲੋਂ 6 ਨਵੰਬਰ, 1992 ਨੂੰ ਬਾਬਰੀ ਮਸਜਿਦ ਨੂੰ ਢਾਹ ਦਿੱਤਾ ਗਿਆ ਸੀ, ਕਿਉਂਕਿ ਇਹ ਜਥੇਬੰਦੀਆਂ ਇਸ ਜਗ੍ਹਾ ਨੂੰ ਭਗਵਾਨ ਰਾਮ ਦਾ ਜਨਮ ਸਥਾਨ ਮੰਨਦੀਆਂ ਰਹੀਆਂ ਹਨ। ਇਸ ਤੋਂ ਬਾਅਦ ਵੱਡੀ ਪੱਧਰ 'ਤੇ ਫਿਰਕੂ ਦੰਗੇ ਵੀ ਹੋਏ ਸਨ ਅਤੇ ਉਸ ਤੋਂ ਬਾਅਦ ਤੋਂ ਹੀ ਕੋਰਟਾਂ-ਕਚਹਿਰੀਆਂ ਵਿਚ ਇਹ ਵਿਵਾਦਤ ਕੇਸ ਚਲਦਾ ਆ ਰਿਹਾ ਹੈ।

ਇਸ ਨੂੰ ਇਲਾਹਾਬਾਦ ਹਾਈ ਕੋਰਟ ਨੇ ਹੱਲ ਕਰਨ ਦਾ ਯਤਨ ਕੀਤਾ ਸੀ। ਉਸ ਨੇ ਸਾਲ 2010 ਵਿਚ ਸਾਰੀਆਂ ਧਿਰਾਂ ਨੂੰ ਆਪਸ ਵਿਚ ਮਿਲ ਬੈਠ ਕੇ ਇਹ ਮਸਲਾ ਹੱਲ ਕਰਨ ਲਈ ਕਿਹਾ ਸੀ ਅਤੇ ਵਿਵਾਦ ਵਾਲੀ 2.77 ਏਕੜ ਜ਼ਮੀਨ ਨੂੰ ਤਿੰਨ ਹਿੱਸਿਆਂ ਵਿਚ ਵੰਡਣ ਸਬੰਧੀ ਫੈਸਲਾ ਦਿੱਤਾ ਸੀ, ਪਰ ਕਿਸੇ ਵੀ ਧਿਰ ਨੂੰ ਇਹ ਫੈਸਲਾ ਪ੍ਰਵਾਨ ਨਹੀਂ ਹੋਇਆ। ਇਸ ਲਈ ਕੇਸ ਸੁਪਰੀਮ ਕੋਰਟ ਤੱਕ ਜਾ ਪੁੱਜਾ। ਹੁਣ ਸੁਪਰੀਮ ਕੋਰਟ ਦੇ ਚੀਫ ਜਸਟਿਸ ਜਸਟਿਸ ਖੇਹਰ ਦੀ ਅਗਵਾਈ ਵਾਲੇ ਜੱਜਾਂ ਦੇ ਬੈਂਚ ਨੇ ਇਹ ਕਿਹਾ ਹੈ ਕਿ ਇਸ ਮਸਲੇ ਨੂੰ ਸਾਰੀਆਂ ਧਿਰਾਂ ਵੱਲੋਂ ਮਿਲ ਬੈਠ ਕੇ ਹੱਲ ਕਰਨਾ ਚਾਹੀਦਾ ਹੈ।

ਇਸ ਸਬੰਧੀ ਵੀ ਕਈ ਤਰ੍ਹਾਂ ਦੇ ਪ੍ਰਤੀਕਰਮ ਸਾਹਮਣੇ ਆਏ ਹਨ। ਬਾਬਰੀ ਮਸਜਿਦ ਐਕਸ਼ਨ ਕਮੇਟੀ ਨੇ ਇਸ ਨੂੰ ਰੱਦ ਕਰ ਦਿੱਤਾ ਹੈ। ਹਿੰਦੂ ਮਹਾਂ ਸਭਾ ਵੱਲੋਂ ਵੀ ਇਸ ਸੁਝਾਅ ਨੂੰ ਖਾਰਜ ਕੀਤਾ ਗਿਆ ਹੈ। ਅਖਿਲ ਭਾਰਤੀ ਅਖਾੜਾ ਪ੍ਰੀਸ਼ਦ ਅਤੇ ਰਾਮ ਜਨਮ ਭੂਮੀ ਵਿਵਾਦ ਨਾਲ ਸਬੰਧਤ ਕੁਝ ਸੰਤਾਂ ਨੇ ਇਸ ਮਸਲੇ ਨੂੰ ਅਦਾਲਤ ਤੋਂ ਬਾਹਰ ਸੁਲਝਾਉਣ ਲਈ ਸਹਿਮਤੀ ਜਤਾਈ ਹੈ, ਪਰ ਕੁਝ ਮੁਸਲਿਮ ਜਥੇਬੰਦੀਆਂ ਵੱਲੋਂ ਇਹ ਕਿਹਾ ਗਿਆ ਹੈ ਕਿ ਇਹ ਮਸਲਾ ਜ਼ਮੀਨ ਦੇ ਮਾਲਕਾਨਾ ਹੱਕਾਂ ਦਾ ਹੈ, ਜਦੋਂ ਕਿ ਇਲਾਹਾਬਾਦ ਹਾਈ ਕੋਰਟ ਨੇ ਇਸ ਨੂੰ ਗਲਤੀ ਨਾਲ ਭਾਈਵਾਲੀ ਦਾ ਮਸਲਾ ਸਮਝ ਲਿਆ ਸੀ।

ਬਾਬਰੀ ਮਸਜਿਦ ਨੂੰ ਢਾਹੇ ਜਾਣ ਤੋਂ 31 ਸਾਲਾਂ ਬਾਅਦ ਵੀ ਇਹ ਮਸਲਾ ਸੁਲਝ ਨਹੀਂ ਸਕਿਆ। ਹੁਣ ਜੋ ਆਪਸੀ ਮਿਲ ਬੈਠ ਕੇ ਮਸਲਾ ਹੱਲ ਕਰਨ ਦੀ ਹਦਾਇਤ ਸੁਪਰੀਮ ਕੋਰਟ ਨੇ ਦਿੱਤੀ ਹੈ, ਉਸ ਦਿਸ਼ਾ ਵਿਚ ਪਹਿਲਾਂ ਵੀ ਕਈ ਵਾਰ ਵੱਡੇ ਯਤਨ ਹੋ ਚੁੱਕੇ ਹਨ। ਮਈ 2016 ਵਿਚ ਇਕ ਵਾਰ ਫਿਰ ਦੋਵਾਂ ਧਿਰਾਂ ਦੇ ਆਗੂਆਂ ਨੇ ਇਕੱਠੇ ਹੋ ਕੇ ਇਸ ਨੂੰ ਸੁਲਝਾਉਣ ਦਾ ਯਤਨ ਕੀਤਾ ਸੀ, ਪਰ ਇਸ ਨਾਲ ਵੀ ਕੋਈ ਸੰਤੁਸ਼ਟੀਜਨਕ ਹੱਲ ਨਹੀਂ ਸੀ ਕੱਢਿਆ ਜਾ ਸਕਿਆ।

## ਮੰਦਿਰ ਦੀ ਉਸਾਰੀ ਕਾਨੂੰਨੀ ਘੇਰੇ 'ਚ ਲਿਆਉਣ ਦੀ ਤਿਆਰੀ




## ਸਿਆਸਤਦਾਨਾਂ ਦੇ ਨਸਲੀ ਬੋਲਾਂ 'ਤੇ ਫਿਕਰਮੰਦੀ

**ਨਵੀਂ ਦਿੱਲੀ:** ਨਸਲੀ ਭਾਸ਼ਣ ਦੇ ਖਤਰਿਆਂ ਦੀ ਨਿਸ਼ਾਨਦੇਹੀ ਕਰਦਿਆਂ ਲਾਅ ਕਮਿਸ਼ਨ ਨੇ ਸਰਕਾਰ ਨੂੰ ਸਿਫਾਰਸ਼ ਕੀਤੀ ਹੈ ਕਿ ਭਾਰਤ ਵਿਚ ਅਕਸਰ ਫਿਰਕੂ ਹਿੰਸਾ ਦਾ ਕਾਰਨ ਬਣਦੇ ਇਸ ਖਤਰੇ ਨਾਲ ਸਿੱਝਣ ਲਈ ਕਮਿਸ਼ਨ ਦੀਆਂ ਤਜਵੀਜ਼ਾਂ ਸਬੰਧੀ ਵਿਆਪਕ ਤੇ ਅਸਰਦਾਰ ਕਦਮ ਚੁੱਕੇ ਜਾਣ। ਕਮਿਸ਼ਨ ਨੇ ਸਰਕਾਰ ਨੂੰ ਦਿੱਤੀ ਆਪਣੀ 267ਵੀਂ ਰਿਪੋਰਟ ਵਿਚ ਕਿਹਾ ਕਿ ਨਸਲੀ ਭਾਸ਼ਣ ਦਾ ਪਤਾ ਲਾਉਣ ਲਈ ਇਸ ਉਤੇ ਸਿਰਫ ਹਿੰਸਾ ਨੂੰ ਭੜਕਾਉਣ ਦਾ ਮਾਪਦੰਡ ਲਾਗੂ ਨਹੀਂ ਹੋਣਾ ਚਾਹੀਦਾ, ਸਗੋਂ ਨਫਰਤ ਤੇ ਡਰ ਫੈਲਾਉਣ ਦੀਆਂ ਕੋਸ਼ਿਸ਼ਾਂ ਨੂੰ ਵੀ ਇਸ ਦੇ ਘੇਰੇ ਵਿਚ ਲਿਆਉਣਾ ਚਾਹੀਦਾ ਹੈ। ਸੁਪਰੀਮ ਕੋਰਟ ਦੇ ਹੁਕਮ ਉਤੇ ਇਸ ਮੁੱਦੇ ਦੀ ਘੋਖ ਕਰ ਰਹੇ ਕਮਿਸ਼ਨ ਨੇ ਭਾਰਤੀ ਦੰਡ ਵਿਧਾਨ ਵਿਚ ਨਵੀਂ ਧਾਰਾ ਜੋੜਨ ਦਾ ਸੁਝਾਅ ਦਿੰਦਿਆਂ ਕਿਹਾ ਕਿ ਹਿੰਸਾ ਨਾ ਭੜਕਾਉਣ ਵਾਲਾ ਭਾਸ਼ਣ ਵੀ ਸਮਾਜ ਦੇ ਇਕ ਵਰਗ ਨੂੰ ਹਾਸ਼ੀਏ ਉਤੇ ਧੱਕਣ ਦੇ ਸਮਰੱਥ ਹੁੰਦਾ ਹੈ।

## ਇੰਗਲੈਂਡ ਦੀ ਫੌਜ ਵੱਲੋਂ ਸਿੱਖਾਂ ਨਾਲ ਇਤਿਹਾਸਕ ਸਮਝੌਤਾ


**ਲੰਦਨ:** ਇੰਗਲੈਂਡ ਦੀ ਫੌਜ ਨੇ ਉਥੇ ਵਸਦੇ ਸਿੱਖਾਂ ਨਾਲ 'ਆਰਮਡ ਫੋਰਸਜ਼ ਕਾਵਨੈਂਟ' ਨਾਮੀ ਇਤਿਹਾਸਕ ਸਮਝੌਤਾ ਕੀਤਾ ਹੈ। ਇਹ ਇਕਰਾਰ ਬ੍ਰਿਟਿਸ਼ ਡਿਫੈਂਸ ਸਕੱਤਰ ਮਾਈਕਲ ਫਾਲਨ ਨੇ ਪੇਸ਼ ਕੀਤਾ। ਇਸ ਸਮਝੌਤੇ ਨਾਲ ਸਿੱਖ ਭਾਈਚਾਰੇ ਤੇ ਬ੍ਰਿਟਿਸ਼ ਆਰਮੀ ਵਿਚਕਾਰ ਰਿਸ਼ਤੇ ਮਜ਼ਬੂਤ ਹੋਣ ਦੀ ਉਮੀਦ ਬੱਝੀ ਹੈ।



ਵਿਸਾਖੀ ਨੂੰ ਸਮਰਪਿਤ ਪ੍ਰੋਗਰਾਮ ਦੌਰਾਨ ਇਸ ਸਮਝੌਤੇ 'ਤੇ ਦੋਵਾਂ ਧਿਰਾਂ ਵੱਲੋਂ ਹਸਤਾਖਰ ਕੀਤੇ ਗਏ। ਮਾਈਕਲ ਫਾਲਨ ਨੇ ਕਿਹਾ," ਵਿਭਿੰਨ ਸਿਪਾਹੀਆਂ ਦੇ ਮਿਸ਼ਰਣ ਵਾਲੀ ਫੌਜ ਹੀ ਤਾਕਤਵਰ ਫੌਜ ਹੁੰਦੀ ਹੈ ਤੇ ਸਾਡੇ ਦਰਮਿਆਨ ਕੀਤਾ ਗਿਆ ਇਹ ਸਮਝੌਤਾ ਬ੍ਰਿਟਿਸ਼ ਫੌਜ ਦੇ ਚੰਗੇ ਪ੍ਰਦਰਸ਼ਨ ਦਾ ਸਬੂਤ ਦੇਵੇਗਾ।" ਉਨ੍ਹਾਂ ਕਿਹਾ, "ਵਿਸ਼ਵ ਦੇ ਇਤਿਹਾਸ ਦੀਆਂ ਜੰਗੀ ਸੇਵਾਵਾਂ ਵਿਚ ਸਿੱਖਾਂ ਦਾ ਯੋਗਦਾਨ ਬਹੁਤ ਸ਼ਾਨਦਾਰ ਹੈ। ਸਾਰਾਗੜ੍ਹੀ ਦੀ ਜੰਗ ਤੋਂ ਲੈ ਕੇ ਪਹਿਲੇ ਤੇ ਦੂਜੇ ਵਿਸ਼ਵ ਯੁੱਧ ਦੌਰਾਨ ਸਿੱਖ ਆਰਮੀ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਸਿੱਖ ਉਸ ਵੇਲੇ ਬ੍ਰਿਟੇਨ ਲਈ ਜਾਨਾਂ ਹੂਲ ਕੇ ਲੜੇ ਸਨ। ਅਸੀਂ ਆਪਣੇ ਪੁਰਾਣੇ ਰਿਸ਼ਤਿਆਂ ਵਾਂਗ ਹੁਣ ਵੀ ਸਿੱਖ ਭਾਈਚਾਰੇ ਨਾਲ ਰਿਸ਼ਤਿਆਂ ਨੂੰ ਮਜ਼ਬੂਤ ਕਰਦੇ ਹੋਏ ਸਿੱਖਾਂ ਦੇ ਜੁਝਾਰੂਪਣ ਦਾ ਲਾਹਾ ਲੈ ਸਕਦੇ ਹਾਂ।" ਮੀਡੀਆ ਨੂੰ ਮਿਲੀ ਜਾਣਕਾਰੀ ਮੁਤਾਬਕ ਮੌਜੂਦਾ ਸਮੇਂ ਬ੍ਰਿਟਿਸ਼ ਦੀ ਰਾਇਲ ਨੇਵੀ, ਫੌਜ ਤੇ ਰਾਇਲ ਏਅਰ ਫੋਰਸ ਵਿਚ ਤਕਰੀਬਨ 170 ਸਿੱਖ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ।

# ਪੈਂਤੜੇ ਵਾਲੇ ਲੀਡਰ ਦੀ ਅਣਹੋਂਦ 'ਚ ਮਹਾਂ-ਗੱਠਜੋੜ ਦਾ ਸੁਪਨਾ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇਸ ਹਫਤੇ ਦੀ ਸਭ ਤੋਂ ਹਾਸੋਹੀਣੀ ਖਬਰ ਸ਼ਰਦ ਪਵਾਰ ਦਾ ਇਹ ਬਿਆਨ ਮੰਨ ਸਕਦੇ ਹਾਂ ਕਿ ਹੁਣ ਭਾਜਪਾ ਦੇ ਵਿਰੋਧ ਲਈ ਅਗਲੀਆਂ ਸੰਸਦ ਚੋਣਾਂ ਤੱਕ ਸਭ ਭਾਜਪਾ-ਵਿਰੋਧੀ ਸਿਆਸੀ ਪਾਰਟੀਆਂ ਨੂੰ ਮਹਾਂ-ਗੱਠਜੋੜ ਬਣਾ ਲੈਣਾ ਚਾਹੀਦਾ ਹੈ। ਇਹ ਗੱਲ ਉਸ ਨੂੰ ਨਾਲ ਹੀ ਕਹਿ ਦੇਣੀ ਚਾਹੀਦੀ ਸੀ ਕਿ ਗੱਠਜੋੜ ਦੇ ਆਗੂ ਵਜੋਂ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਵੀ ਸ਼ਰਦ ਪਵਾਰ ਨੂੰ ਹੁਣੇ ਤੋਂ ਮੰਨ ਲੈਣਾ ਚਾਹੀਦਾ ਹੈ। ਸੁਫਨਾ ਹੀ ਲੈਣਾ ਹੈ ਤਾਂ ਅਧੂਰਾ ਕਿਉਂ! ਏਦਾਂ ਦਾ ਸੁਫਨਾ ਲੈਣ ਦੇ ਹਾਲਾਤ ਕਿੰਜ ਪੈਦਾ ਹੋਏ, ਇਸ ਬਾਰੇ ਪਵਾਰ ਸ਼ਾਇਦ ਚਰਚਾ ਵੀ ਨਹੀਂ ਕਰਨਾ ਚਾਹੇਗਾ।

ਉਹ ਵੀ ਇੱਕ ਸਮਾਂ ਸੀ, ਜਦੋਂ ਬੰਗਲਾ ਦੇਸ਼ ਬਣਨ ਵੇਲੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹਰ ਪਾਸੇ ਚੜ੍ਹਤ ਸੀ। ਉਹ ਆਪਣੀ ਚੜ੍ਹਤ ਨੂੰ ਸੰਭਾਲ ਨਹੀਂ ਸੀ ਸਕੀ। ਪਾਰਟੀ ਦੇ ਜਿੰਨੇ ਕੁ ਵੱਡੇ ਆਗੂ ਉਦੋਂ ਤੱਕ ਉਸ ਦੇ ਨਾਲ ਖੜੋਤੇ ਸਨ, ਸਭਨਾਂ ਨੂੰ ਪਿੱਛੇ ਛੱਡ ਕੇ ਪਾਰਟੀ ਨੂੰ ਪਰਿਵਾਰਕ ਰਾਜਨੀਤੀ ਦੀ ਆੜ੍ਹਤ ਬਣਾਉਣ ਵਾਸਤੇ ਆਪਣੇ ਪੁੱਤਰ ਸੰਜੇ ਗਾਂਧੀ ਨੂੰ ਅੱਗੇ ਲੈ ਆਈ ਸੀ। ਸ਼ਰਦ ਪਵਾਰ ਦੀ ਪੀੜ੍ਹੀ ਵਾਲੇ ਆਗੂ ਉਦੋਂ ਉਭਰਦੇ ਪਏ ਸਨ, ਪਰ ਉਨ੍ਹਾਂ ਦੀ ਆਵਾਜ਼ ਸੁਣੀ ਜਾਣ ਲੱਗ ਪਈ ਸੀ। ਮਹਾਰਾਸ਼ਟਰ ਦੇ ਉਦੋਂ ਦੇ ਸਭ ਤੋਂ ਵੱਡੇ ਕਾਂਗਰਸੀ ਆਗੂ ਯਸ਼ਵੰਤ ਰਾਓ ਚਵਾਨ ਨਾਲ ਚਿਪਕਿਆ ਪਵਾਰ ਵੀ ਹੋਰ ਆਗੂਆਂ ਵਾਂਗ ਸੰਜੇ ਗਾਂਧੀ ਨੂੰ ਉਭਾਰਨ ਵਾਲਿਆਂ 'ਚ ਸ਼ਾਮਲ ਸੀ।

ਐਮਰਜੈਂਸੀ ਮਗਰੋਂ ਜਨਤਾ ਪਾਰਟੀ ਜਿੱਤ ਗਈ ਤਾਂ ਨਹਿਰੂ-ਗਾਂਧੀ ਪਰਿਵਾਰ ਨੂੰ ਪਾਸੇ ਧੱਕ ਕੇ ਕੌਮੀ ਆਗੂ ਬਣਨ ਦੀ ਦੌੜ ਵਿਚ ਉਹ ਉਸ ਵੇਲੇ ਇੰਦਰਾ ਗਾਂਧੀ ਤੋਂ ਬਾਗੀ ਹੋਏ ਲੀਡਰਾਂ ਵਿਚ ਜਾ ਮਿਲਿਆ ਤੇ ਕਾਂਗਰਸ ਲੀਡਰਸ਼ਿਪ ਨੂੰ ਚੁਣੌਤੀ ਦੇਣ ਵਾਲੀ ਕਾਂਗਰਸ (ਐਸ) ਦਾ ਪ੍ਰਧਾਨ ਬਣ ਗਿਆ। ਥੋੜ੍ਹੇ ਸਮੇਂ ਪਿੱਛੋਂ ਉਹ ਕਾਂਗਰਸ 'ਚ ਉਦੋਂ ਮੁੜ ਆਇਆ, ਜਦੋਂ ਅਯੁੱਧਿਆ ਵਿਚ ਰਾਮ ਮੰਦਿਰ ਵਾਲੇ ਢਾਂਚੇ ਨੂੰ ਅਦਾਲਤ ਦੇ ਹੁਕਮ ਉਤੇ ਲੱਗਾ ਤਾਲਾ ਖੁਲ੍ਹਵਾ ਕੇ ਰਾਜੀਵ ਗਾਂਧੀ ਨੇ ਪੂਜਾ ਕੀਤੀ ਤੇ ਹਿੰਦੂਤਵ ਨੂੰ ਉਭਾਰਦੇ ਨਾਅਰਿਆਂ ਨਾਲ ਸੰਸਦ ਚੋਣਾਂ ਵਿਚ ਹੂੰਝਾ ਫੇਰ ਲਿਆ ਸੀ। ਇਸ ਨਾਲ ਹਿੰਦੂਤਵ ਦੀ ਅਗਲੀ ਉਠਾਣ ਲਈ ਇੱਕ ਪੜੁੱਲ ਉਦੋਂ ਰਾਜੀਵ ਗਾਂਧੀ ਨੇ ਹੀ ਸਿਰਜ ਦਿੱਤਾ ਸੀ, ਜਿਸ ਨੂੰ ਬਾਅਦ 'ਚ ਭਾਜਪਾ ਨੇ ਵਰਤ ਲਿਆ ਹੈ।

ਸ਼ਰਦ ਪਵਾਰ ਅਤੇ ਹੋਰ ਆਗੂ ਉਸ ਵੇਲੇ ਰਾਜੀਵ ਗਾਂਧੀ ਨਾਲ ਖੜ੍ਹੇ ਰਹਿ ਕੇ ਇੱਕ ਪਾਸੇ ਸ਼ਾਹਬਾਨੋ ਕੇਸ ਵਿਚ ਮੁਸਲਿਮ ਕੱਟੜਪੰਥੀਆਂ ਨੂੰ ਪਲੋਸਦੇ ਰਹੇ ਤੇ ਦੂਜੇ ਪਾਸੇ ਤਿੱਖੇ ਹਿੰਦੂਤਵ ਦੀਆਂ ਧਿਰਾਂ ਨਾਲ ਜੋੜ ਰੱਖਦੇ ਰਹੇ। ਫਿਰ ਜਦੋਂ ਸੀਤਾ ਰਾਮ ਕੇਸਰੀ ਦੇ ਹੱਥ ਕਾਂਗਰਸ ਦੀ ਕਮਾਨ ਆਈ ਤਾਂ ਉਸ ਨੂੰ ਭਾਜਪਾ ਦੇ ਨਾਲ ਮਿਲਿਆ ਕਹਿ ਕੇ



ਸ਼ਰਦ ਪਵਾਰ

ਉਸ ਦੇ ਵਿਰੋਧ ਕਰਨ 'ਚ ਸ਼ਰਦ ਪਵਾਰ ਸਭ ਤੋਂ ਅੱਗੇ ਸੀ, ਪਰ ਜਦੋਂ ਕਾਂਗਰਸ ਨੇ ਸੋਨੀਆ ਗਾਂਧੀ ਨੂੰ ਪ੍ਰਧਾਨ ਬਣਾ ਲਿਆ ਤਾਂ ਭਾਜਪਾ ਦੇ ਇਸ਼ਾਰੇ ਉਤੇ ਸੋਨੀਆ ਨੂੰ 'ਵਿਦੇਸ਼ਣ' ਕਹਿ ਕੇ ਉਸ ਦੇ ਖਿਲਾਫ ਨੈਸ਼ਨਲਿਸਟ ਕਾਂਗਰਸ ਪਾਰਟੀ ਬਣਾਉਣ ਦੀ ਖੇਡ ਵੀ ਸ਼ਰਦ ਪਵਾਰ ਨੇ ਖੇਡੀ ਸੀ। ਬਾਅਦ ਵਿਚ ਉਸੇ 'ਵਿਦੇਸ਼ਣ' ਨਾਲ ਪਵਾਰ ਨੇ ਸਿਆਸੀ ਸਾਂਝ ਵੀ ਪਾ ਲਈ ਤੇ ਆਪਣੇ ਰਾਜ ਵਿਚ ਸ਼ਿਵ ਸੈਨਾ ਨਾਲ ਨੇੜ ਵੀ ਲੁਕਾਉਂਦਾ ਨਹੀਂ ਸੀ।

ਹੁਣ ਉਸੇ ਸ਼ਰਦ ਪਵਾਰ ਨੂੰ ਭਾਰਤ ਵਿਚ ਹਿੰਦੂਤਵ ਦੀ ਚੜ੍ਹਤ ਹੁੰਦੀ ਜਾਪਦੀ ਹੈ ਤੇ ਅਗਲੀਆਂ ਸੰਸਦ ਚੋਣਾਂ 'ਚ ਭਾਜਪਾ ਦੇ ਮੁਕਾਬਲੇ ਦਾ ਗੱਠਜੋੜ ਬਣਾਉਣ ਦੇ ਸੱਦੇ ਦੇਣ ਲੱਗਾ ਹੈ।

ਮਸਾਂ ਦੋ ਸਾਲ ਪਹਿਲਾਂ ਦੀ ਗੱਲ ਹੈ, ਕਾਂਗਰਸ ਨੇ ਮਹਾਰਾਸ਼ਟਰ ਵਿਚ ਭਾਜਪਾ ਦਾ ਰਾਹ ਰੋਕਣ ਲਈ ਚੋਣ ਗੱਠਜੋੜ ਦਾ ਸੱਦਾ ਦਿੱਤਾ ਸੀ ਤੇ ਪਵਾਰ ਨੇ ਮੰਨਣ ਦੀ ਥਾਂ 288 ਮੈਂਬਰੀ ਵਿਧਾਨ ਸਭਾ ਦੀਆਂ 278 ਸੀਟਾਂ ਵਿਚੋਂ 41 ਸੀਟਾਂ ਜਿੱਤੀਆਂ ਤੇ ਕਾਂਗਰਸ ਨੂੰ 287 ਸੀਟਾਂ 'ਤੇ ਲੜਨ ਦੇ ਬਾਅਦ 42 ਸੀਟਾਂ ਮਿਲੀਆਂ। ਉਥੇ ਦਸ ਸਾਲ ਲਗਾਤਾਰ ਦੋਵਾਂ ਨੇ ਸਾਂਝੀ ਸਰਕਾਰ ਚਲਾਈ ਹੋਈ ਸੀ, ਇਸ ਚੋਣ ਵਿਚ ਮਿਲ ਜਾਂਦੇ ਤਾਂ ਦੋਵਾਂ ਦੀਆਂ ਵੋਟਾਂ ਜੋੜ ਕੇ 83 ਦੀ ਥਾਂ ਡੇਢ ਸੌ ਸੀਟਾਂ ਆ ਸਕਦੀਆਂ ਸਨ, ਪਰ ਪਵਾਰ ਨੇ ਵੱਖਰੇ ਚੋਣਾਂ ਲੜਨ ਦੀ ਜ਼ਿਦ ਕੀਤੀ। ਉਦੋਂ ਸ਼ਿਵ ਸੈਨਾ ਅਤੇ ਭਾਜਪਾ ਦਾ ਗੱਠਜੋੜ ਟੁੱਟ ਜਾਣ ਕਾਰਨ ਦੋਵੇਂ ਆਹਮੋ-ਸਾਹਮਣੇ ਸਨ, ਪਰ ਪ੍ਰਧਾਨ ਮੰਤਰੀ ਬਣ ਚੁਕੇ ਨਰਿੰਦਰ ਮੋਦੀ ਨੇ ਮਹਾਰਾਸ਼ਟਰ ਵਿਚ ਆਪਣੀ ਚੋਣ-ਨੀਤੀ ਵਾਸਤੇ ਰਾਜ ਠਾਕਰੇ ਅਤੇ ਸ਼ਰਦ ਪਵਾਰ-ਦੋਵਾਂ ਨੂੰ ਵਰਤਣ ਦਾ ਜੁਗਾੜ ਕਰ ਲਿਆ ਸੀ। ਨਤੀਜੇ ਵਜੋਂ ਭਾਜਪਾ ਉਥੇ ਪਹਿਲੀ ਵਾਰ ਸਭ ਤੋਂ ਵੱਡੀ ਪਾਰਟੀ ਬਣੀ ਅਤੇ ਸ਼ਿਵ ਸੈਨਾ ਉਸ ਦੀ ਛੋਟੀ ਭਾਈਵਾਲ ਹੋਣ ਦੇ ਨਾਲ ਰਾਜ ਠਾਕਰੇ ਅਤੇ ਵੱਖੋ-ਵੱਖ ਚੋਣ ਲੜ ਰਹੀਆਂ ਕਾਂਗਰਸ ਦੀਆਂ ਦੋਵੇਂ ਧਿਰਾਂ ਕੱਖੋਂ ਹੌਲੇ ਹੋ ਕੇ ਰਹਿ ਗਈਆਂ ਸਨ। ਇਸ ਪਿੱਛੋਂ ਸ਼ਿਵ ਸੈਨਾ ਹੀਣੀ ਹੋ ਕੇ ਭਾਜਪਾ ਨਾਲ ਦੁਬਾਰਾ ਜੁੜੀ ਸੀ।

ਅਯੁੱਧਿਆ ਵਿਚ ਬੰਦ ਪਏ ਢਾਂਚੇ ਨੂੰ ਲੱਗਾ ਤਾਲਾ ਰਾਜੀਵ ਗਾਂਧੀ ਵੱਲੋਂ ਖੁਲ੍ਹਵਾਏ ਜਾਣ ਪਿੱਛੋਂ ਵੀ ਜਿਸ ਮਹਾਰਾਸ਼ਟਰ ਵਿਚ ਭਾਜਪਾ ਦੀ ਉਠਾਣ ਨੂੰ ਸ਼ਰਦ ਪਵਾਰ ਦੀ ਅਗਵਾਈ ਹੇਠ ਕਾਂਗਰਸ ਰੋਕ ਲੈਂਦੀ ਸੀ, ਹੁਣ ਉਸੇ ਰਾਜ ਵਿਚ ਸਭ ਰੰਗਾਂ ਦੇ ਕਾਂਗਰਸੀਆਂ ਦੀ ਹਾਲਤ ਪਾਣੀਓਂ ਪਤਲੀ ਹੋ ਗਈ ਹੈ। ਅਗਲੀਆਂ ਸੰਸਦ ਚੋਣਾਂ ਵਿਚ ਭਾਜਪਾ ਦੇ ਮੁਕਾਬਲੇ ਲਈ ਪਵਾਰ ਗੱਠਜੋੜ ਬਣਾਉਣ ਦਾ ਸੱਦਾ ਦਿੰਦੇ ਸਮੇਂ ਪੰਜ ਰਾਜਾਂ ਵਿਚ ਹੁਣੇ ਹੋਈਆਂ ਵਿਧਾਨ ਸਭਾ ਚੋਣਾਂ ਤੇ ਖਾਸ ਕਰ ਕੇ ਉਤਰ ਪ੍ਰਦੇਸ਼ ਦਾ ਜ਼ਿਕਰ ਕਰਦਾ ਹੈ। ਉਸ ਨੂੰ ਇਹ ਸੱਦਾ ਉਦੋਂ ਦੇਣਾ ਬਣਦਾ ਸੀ, ਜਦੋਂ ਇਨ੍ਹਾਂ ਰਾਜਾਂ ਦੀਆਂ ਚੋਣਾਂ ਦੌਰਾਨ ਹੀ ਮਹਾਰਾਸ਼ਟਰ ਦੀਆਂ ਨਗਰ ਪਾਲਿਕਾਵਾਂ ਵਿਚ ਭਾਜਪਾ ਨੇ ਕਾਂਗਰਸ ਦੀਆਂ ਇਨ੍ਹਾਂ ਦੋਵਾਂ ਧਿਰਾਂ ਦੇ ਨਾਲ ਸ਼ਿਵ ਸੈਨਾ ਵਾਲੀ ਸ਼ਰੀਕ ਧਿਰ ਵੀ ਰਗੜ ਦਿੱਤੀ ਸੀ। ਚਰਚਾ ਤਾਂ ਉਦੋਂ ਇਹ ਵੀ ਸੁਣੀਂਦੀ ਸੀ ਕਿ ਜੇ ਕੁਝ ਸੀਟਾਂ ਮਿਲ ਜਾਣ ਤਾਂ ਸ਼ਰਦ ਪਵਾਰ ਦੀ ਪਾਰਟੀ ਸ਼ਿਵ ਸੈਨਾ ਦੇ ਨਾਲ ਹੱਥ ਮਿਲਾ ਲੈਣ ਬਾਰੇ ਸੋਚ ਸਕਦੀ ਹੈ। ਮਹਾਰਾਸ਼ਟਰ ਵਿਚ ਪੰਜ ਸਾਲ ਦੇ ਸਾਂਝੇ ਰਾਜ ਵਿਚ ਇਹ ਗੱਲ ਕਹੀ ਜਾਂਦੀ ਰਹੀ ਸੀ ਕਿ ਸ਼ਰਦ ਪਵਾਰ ਕਿਸੇ ਵੀ ਔਖੀ ਘੜੀ ਭਾਜਪਾ ਨਾਲ ਨੇੜ ਦਾ ਕੋਈ ਰਾਹ ਕੱਢ ਲੈਂਦਾ ਸੀ।

ਅਸੀਂ ਪੰਜਾਬ ਵਿਚ ਰਹਿੰਦੇ ਹਾਂ, ਜਿੱਥੇ ਸ਼ਰਦ ਪਵਾਰ ਦੀਆਂ ਰਾਜਸੀ ਚੁਸਤੀਆਂ ਨਾਲ ਬਹੁਤਾ ਫਰਕ ਪੈਣ ਦਾ ਕੋਈ ਖਦਸ਼ਾ ਨਹੀਂ। ਇਸ ਦੇ ਬਾਵਜੂਦ ਅਸੀਂ ਸ਼ਰਦ ਪਵਾਰ ਦਾ ਸ਼ਿਜਰਾ-ਗਿਰਦਾਵਰੀ ਇਸ ਕਰ ਕੇ ਫੋਲਿਆ ਹੈ ਕਿ ਜਿੰਦਾਂ ਦੀਆਂ ਗੱਲਾਂ ਉਹ ਕਰਦਾ ਹੈ, ਉਹੋ ਜਿਹੇ ਕਈ ਆਗੂ ਕਸ਼ਮੀਰ ਤੋਂ ਕੇਰਲਾ ਅਤੇ ਮਹਾਰਾਸ਼ਟਰ ਤੋਂ ਮੇਘਾਲਿਆ ਤੱਕ ਮਿਲ ਜਾਂਦੇ ਹਨ। ਜਦੋਂ ਉਹ ਲੋਕ ਇਹ ਕਹਿੰਦੇ ਹਨ ਕਿ ਭਾਰਤ ਦੀ ਧਰਮ ਨਿਰਪੱਖਤਾ ਨੂੰ ਖਤਰਾ ਹੈ ਅਤੇ ਇਸ ਖਤਰੇ ਦੇ ਖਿਲਾਫ ਇਕੱਠੇ ਹੋਣ ਦੀ ਲੋੜ ਹੈ, ਉਹ ਅਸਲ ਵਿਚ ਦੇਸ਼ ਦੇ ਲੋਕਾਂ ਨੂੰ ਇਹ ਭੁਲਾਉਣਾ ਚਾਹੁੰਦੇ ਹਨ ਕਿ ਇਹ ਖਤਰਾ ਪੈਦਾ ਕਰਨ ਵਿਚ ਉਨ੍ਹਾਂ ਦੀ ਕੁਰਸੀ ਦੀ ਭੁੱਖ ਤੇ ਆਪਸੀ ਖਹਿਬਾਜ਼ੀਆਂ ਵਿਚ ਚੌਧਰ ਦੀ ਲੜਾਈ ਦਾ ਵੀ ਰੋਲ ਸੀ। ਸ਼ਰਦ ਪਵਾਰ ਦੀ ਅਗਵਾਈ ਹੇਠਲੀ ਨੈਸ਼ਨਲਿਸਟ ਕਾਂਗਰਸ ਪਾਰਟੀ ਦਾ ਇੱਕ ਆਗੂ ਪੂਰਨੋ ਸੰਗਮਾ ਕੁਝ ਚਿਰ ਬਾਅਦ ਭਾਜਪਾ ਦੀ ਮਦਦ ਨਾਲ ਪ੍ਰਣਬ ਮੁਖਰਜੀ ਦੇ ਮੁਕਾਬਲੇ ਰਾਸ਼ਟਰਪਤੀ ਚੋਣ ਲਈ ਮੈਦਾਨ ਵਿਚ ਉਦੋਂ ਆ ਗਿਆ ਸੀ, ਜਦੋਂ ਸੱਤਾ ਦਾ ਸੁੱਖ ਮਾਣਨ ਲਈ ਆਪਣੀ ਧੀ ਅਗਾਥਾ ਨੂੰ ਉਸ ਨੇ ਕਾਂਗਰਸੀ ਅਗਵਾਈ ਵਾਲੀ ਮਨਮੋਹਨ ਸਿੰਘ ਸਰਕਾਰ ਦੀ ਮੰਤਰੀ ਬਣਵਾਇਆ ਹੋਇਆ ਸੀ। ਕਮਾਲ ਦੀ ਚੁਸਤੀ ਵਿਖਾਈ ਕਿ ਧੀ ਨੂੰ ਧਰਮ ਨਿਰਪੱਖਤਾ ਦਾ ਝੰਡਾ ਚੁਕਵਾ ਕੇ ਕਾਂਗਰਸ ਸਰਕਾਰ ਦੀ ਮੰਤਰੀ ਬਣਵਾ ਲਿਆ ਤੇ ਖੁਦ ਉਸੇ ਕਾਂਗਰਸ ਦੇ ਖਿਲਾਫ ਭਾਜਪਾ ਦੀ ਉਸ ਰਾਜਨੀਤੀ ਦਾ ਮੋਹਰਾ ਜਾ ਬਣਿਆ, ਜਿਸ ਨੂੰ ਸ਼ਰਦ ਪਵਾਰ ਹੁਣ ਗੱਠਜੋੜ ਬਣਾ ਕੇ ਰੋਕਣਾ ਚਾਹੁੰਦਾ ਹੈ।

ਮੋਰਚਾ ਜੰਗੀ ਹੋਵੇ ਜਾਂ ਚੋਣਾਂ ਦਾ, ਉਸ ਵਿਚ ਪਹਿਲੀ ਲੋੜ ਇੱਕਸੁਰਤਾ ਦੀ ਹੁੰਦੀ ਹੈ। ਇੰਦਰਾ ਗਾਂਧੀ ਵਿਰੁਧ ਕਈ ਸਾਲਾਂ ਤੋਂ ਵੱਖੋ-ਵੱਖ ਲੜਦੇ ਆਏ ਚਾਰ ਪਾਰਟੀਆਂ ਦੇ ਆਗੂ ਉਦੋਂ ਤੱਕ ਹਰ ਵਾਰ ਹਾਰਦੇ ਰਹੇ ਸਨ, ਜਦੋਂ ਤੱਕ ਜਨਤਾ ਪਾਰਟੀ ਦੇ ਰੂਪ ਵਿਚ ਇਕੱਠੇ ਹੋ ਕੇ ਪੇਸ਼ ਨਹੀਂ ਸੀ ਹੋਏ। ਜਿਨ੍ਹਾਂ ਪਾਰਟੀਆਂ ਦੇ ਗੱਠਜੋੜ ਦੀਆਂ ਗੱਲਾਂ ਸ਼ਰਦ ਪਵਾਰ ਤੇ ਉਸੇ ਵਰਗੇ ਆਗੂ ਹੁਣ ਕਰਦੇ ਹਨ, ਉਨ੍ਹਾਂ ਵਿਚੋਂ ਇਹੋ ਜਿਹੀ ਕੋਈ ਨਹੀਂ ਲੱਭਦੀ, ਜਿਹੜੀ ਇੰਦਰਾ ਗਾਂਧੀ ਦਾ ਲਗਾਤਾਰ ਵਿਰੋਧ ਕਰਨ ਵਾਲੇ ਉਦੋਂ ਦੇ ਆਗੂਆਂ ਵਾਂਗ ਭਾਜਪਾ ਦੀ ਲਗਾਤਾਰ ਵਿਰੋਧੀ ਹੋਵੇ।

ਬਿਹਾਰ ਦਾ ਗੱਠਜੋੜ ਇੱਕ ਖਾਸ ਪੈਂਤੜੇ ਦਾ ਪ੍ਰਤੀਕ ਸੀ, ਜਿਸ ਵਿਚ ਜਦੋਂ ਬਾਕੀ ਸਭ ਪਾਸਾ ਵੱਟ ਗਏ ਤਾਂ ਨਿਤੀਸ਼ ਕੁਮਾਰ ਆਪਣੇ ਪੈਂਤੜੇ 'ਤੇ ਇਕੱਲਾ ਵੀ ਖੜੋਤਾ ਰਿਹਾ ਸੀ। ਉਦੋਂ ਨਿਤੀਸ਼ ਇੱਕ ਆਗੂ ਤੋਂ ਵੱਧ ਪੈਂਤੜੇ ਦਾ ਪ੍ਰਤੀਕ ਜਾਪਦਾ ਸੀ। ਅਗਲੀਆਂ ਸੰਸਦ ਚੋਣਾਂ ਦੌਰਾਨ ਕੋਈ ਗੱਠਜੋੜ ਬਣੇ ਵੀ ਤਾਂ ਉਸ ਦੀ ਅਗਵਾਈ ਲਈ ਕਿਸੇ ਪੈਂਤੜੇ ਦੇ ਪ੍ਰਤੀਕ ਦੀ ਜਿੰਦਾਂ ਦੇ ਆਗੂ ਦੀ ਲੋੜ ਹੈ, ਉਸ ਦੇ ਮੁਹਾਂਦਰੇ ਵਾਲਾ ਕੋਈ ਜਣਾ ਹਾਲੇ ਦਿਖਾਈ ਨਹੀਂ ਦਿੰਦਾ। ਸ਼ਰਦ ਪਵਾਰ ਤੇ ਮੁਲਾਇਮ ਸਿੰਘ ਯਾਦਵ ਵਰਗੇ ਕੁਰਸੀਆਂ ਵੱਲ ਟੀਰੀ ਅੱਖ ਨਾਲ ਝਾਕਣ ਵਾਲੇ ਲੋਕ ਇਸ ਦੇਸ਼ ਦੇ ਭਵਿੱਖ ਦਾ ਨਿਰਣਾ ਕਰਨ ਲਈ ਬਣਨ ਵਾਲੇ ਵਡੇਰੇ ਗੱਠਜੋੜ ਲਈ ਪੈਂਤੜੇ ਦੇ ਪ੍ਰਤੀਕ ਵਾਲੀ ਝਲਕ ਨਹੀਂ ਦਿਖਾ ਸਕਦੇ। ਅੱਜ ਭਾਜਪਾ ਨਾਲ ਲੜਨ ਦਾ ਐਲਾਨ ਕਰਨ ਤੇ ਭਲਕੇ ਉਸ ਨਾਲ ਜੁੜ ਜਾਣ ਵਾਲਿਆਂ ਦਾ ਯਕੀਨ ਲੋਕਾਂ ਨੇ ਸੌਖਾ ਨਹੀਂ ਕਰ ਲੈਣਾ।

# ਆਮ ਆਦਮੀ ਪਾਰਟੀ ਦੀ ਹਾਰ ਵਾਲੀ ਦੁਖਦੀ ਰਗ

## ਪਾਠਕਾਂ ਦੀ ਗੱਲ

ਮੈਂ ਪਿਛਲੇ ਚਾਰ-ਪੰਜ ਸਾਲਾਂ ਤੋਂ 'ਪੰਜਾਬ ਟਾਈਮਜ਼' ਦਾ ਪਾਠਕ ਹਾਂ। ਰਾਜਨੀਤੀ, ਸਭਿਆਚਾਰ, ਸਾਹਿਤ ਅਤੇ ਪੰਜਾਬੀ ਲੋਕਾਂ ਦੀਆਂ ਸਮੱਸਿਆਵਾਂ ਬਾਰੇ ਜਿਸ ਕਿਸਮ ਦੀ ਬਹੁਪੱਖੀ ਸਮਗਰੀ ਇਸ ਵਿਚ ਹੁੰਦੀ ਹੈ, ਉਸ ਦੀ ਵਧਾਈ ਦੇਣੀ ਬਣਦੀ ਹੈ।

ਡੇਢ ਕੁ ਸਾਲ ਪਹਿਲਾਂ 'ਪੰਜਾਬ ਟਾਈਮਜ਼' ਵਿਚ ਗੁਰਦਿਆਲ ਸਿੰਘ ਬੱਲ ਦਾ ਲੇਖ 'ਕੇਜਰੀਵਾਲ ਡਾ. ਦਲਜੀਤ ਸਿੰਘ ਦੀ ਗੱਲ ਸੁਣਦਾ ਕਿਉਂ ਨਹੀਂ' ਪੜ੍ਹਿਆ ਸੀ ਜਿਸ ਵਿਚ ਉਨ੍ਹਾਂ ਆਮ ਆਦਮੀ ਪਾਰਟੀ (ਆਪ) ਦੀ ਸਫਲਤਾ ਦੀ ਕਾਮਨਾ ਕਰਦਿਆਂ ਅਰਵਿੰਦ ਕੇਜਰੀਵਾਲ ਅਤੇ ਉਸ ਦੇ ਸਾਥੀਆਂ ਨੂੰ ਕਈ ਨੇਕ ਸਲਾਹਾਂ ਦਿੱਤੀਆਂ ਸਨ। ਹਾਲੀਆ ਪੰਜਾਬ ਚੋਣਾਂ ਵਿਚ 'ਆਪ' ਦੀ ਹਾਰ ਦੇ ਕਾਰਨਾਂ ਦੀ ਸਮੀਖਿਆ ਕਰਦਿਆਂ 'ਆਪ ਦੀ ਹਾਰ! ਇਹ ਕੀ ਹੋਇਆ ਯਾਰ!' ਸਿਰਲੇਖ ਹੇਠ ਜੋ ਲੇਖ ਛਪਿਆ, ਉਹ ਵੀ ਮੈਂ ਬੜੇ ਗਹੁ ਨਾਲ ਪੜ੍ਹਿਆ ਹੈ ਅਤੇ ਮੇਰੇ ਆਪਣੇ ਵੀ ਕੁਝ ਕੌੜੇ ਮਿੱਠੇ ਅਨੁਭਵ ਹਨ ਜੋ ਪਾਠਕਾਂ ਨਾਲ ਸਾਂਝੇ ਕਰਨ ਦਾ ਮਨ ਹੈ।

ਬੱਲ ਨੇ ਠੀਕ ਲਿਖਿਆ ਹੈ ਕਿ ਪੰਜਾਬੀ ਦੇਸ-ਪਰਦੇਸ, ਕਿਤੇ ਵੀ ਰਹਿੰਦਾ ਰਹੇ, ਉਸ ਦੀ ਸੁਰਤਾ ਆਪਣੀ ਮਾਂ ਭੂਮੀ ਦੇ ਚੰਗੇ ਬੁਰੇ ਦਾ ਪਤਾ ਰੱਖਣ ਦੀ ਸਦਾ ਹੀ ਬਣੀ ਰਹਿੰਦੀ ਹੈ। ਮੇਰਾ ਪਿੰਡ ਬਰਗਾੜੀ ਹੈ। ਸਾਰੀ ਉਮਰ ਮੈਂ ਪੰਜਾਬ ਵਿਚ ਪਹਿਲਾਂ ਕਾਂਗਰਸੀ ਅਤੇ ਫਿਰ ਅਕਾਲੀ ਸਰਕਾਰਾਂ ਦੇ ਕੰਮ ਕਾਰ ਨੂੰ ਨੇੜਿਓਂ ਦੇਖਿਆ ਹੈ। ਇਨ੍ਹਾਂ ਦੇ ਸਿਆਸੀ ਕਲਚਰ ਕਰਕੇ ਮੈਂ ਅਤੇ ਮੇਰੇ ਵਰਗੇ ਹੋਰ ਬਥੇਰੇ ਲੋਕ ਸੰਤੁਸ਼ਟ ਨਹੀਂ ਸਨ। ਹੈਰਾਨੀ ਨਹੀਂ ਕਿ ਇਨ੍ਹਾਂ ਪਾਰਟੀਆਂ ਦੇ ਬਦਲ ਦਾ ਦਾਅਵਾ ਲੈ ਕੇ 'ਆਪ' ਜਦੋਂ ਸਾਹਮਣੇ ਆਈ ਤਾਂ ਸਾਡੇ ਵਰਗੇ ਲੋਕਾਂ ਨੂੰ ਬੜੀਆਂ ਉਮੀਦਾਂ ਸਨ। ਸਾਨੂੰ ਲੱਗਿਆ ਕਿ ਪੰਜਾਬ ਦੀ ਰਾਜਨੀਤੀ ਦੇ ਦਿਸਹੱਦਿਆਂ 'ਤੇ ਨਵੀਂ ਕਿਰਨ ਉਜਾਗਰ ਹੋਣ ਲੱਗੀ ਹੈ।

ਦੇਖਦਿਆਂ ਦੇਖਦਿਆਂ 'ਆਪ' ਆਗੂਆਂ ਦੀ ਵਿਚਾਰਧਾਰਾ ਦੇ ਸਮਰਥਕ ਲੋਕ ਪਾਰਟੀ ਨਾਲ ਜੁੜ ਗਏ। ਸਭ ਤੋਂ ਪਹਿਲਾਂ ਇਨ੍ਹਾਂ ਦਿੱਲੀ ਦੇ ਗਲੀਆਂ, ਝੌਂਪੜੀਆਂ, ਆਟੋ ਰਿਕਸ਼ਿਆਂ, ਰਿਕਸ਼ੇ, ਰੇੜ੍ਹੀ ਵਾਲਿਆਂ ਤੇ ਮਜ਼ਦੂਰ ਮਹੱਲਿਆਂ ਵਿਚ ਜਾ ਕੇ ਲੋਕਾਂ ਦੀਆਂ ਦੁੱਖ-ਤਕਲੀਫਾਂ ਸੁਣੀਆਂ। ਉਨ੍ਹਾਂ ਹੇਠਲੀ ਤਹਿ ਵਾਲੇ ਲੋਕਾਂ ਦੇ ਮਸਲੇ ਹੱਲ ਕਰਨ ਦਾ ਭਰੋਸਾ ਦੇ ਕੇ ਉਨ੍ਹਾਂ ਨੂੰ ਪਾਰਟੀ 'ਚ ਸ਼ਾਮਲ ਕੀਤਾ ਤੇ ਦੱਸਿਆ ਕਿ ਉਨ੍ਹਾਂ ਦੇ ਦੁੱਖਾਂ ਦੀ ਵਜ੍ਹਾ ਗ਼ੈਰ-ਜਥੇਬੰਦ ਰਹਿਣਾ ਹੈ; ਜਥੇਬੰਦ ਹੋ ਕੇ ਹੀ ਇਨ੍ਹਾਂ ਦਾ ਹੱਲ ਨਿਕਲ ਸਕਦਾ ਹੈ।

ਪੰਜਾਬ ਅਤੇ ਪੰਜਾਬ ਤੋਂ ਬਾਹਰ ਵਸਦੇ ਹੋਰ ਲੋਕਾਂ ਵਾਂਗ ਮੈਨੂੰ ਵੀ ਵਿਸ਼ਵਾਸ ਸੀ ਕਿ 'ਆਪ' ਨੂੰ ਮੌਕਾ ਮਿਲਣਾ ਚਾਹੀਦਾ ਹੈ। ਉਹ ਕੋਈ ਚਮਤਕਾਰ ਕਰ ਸਕਦੇ ਹਨ। ਇਸੇ ਆਸ ਹੇਠ ਪਿਛਲੇ ਸਾਲ ਮੈਂ ਅਪਰੈਲ ਦੌਰਾਨ ਵਤਨ ਦਾ ਗੇੜਾ ਮਾਰਨ ਗਿਆ ਤਾਂ ਕੇਜਰੀਵਾਲ ਅਤੇ ਉਸ ਦੇ ਸਾਥੀਆਂ ਨੂੰ ਉਚੇਚੇ ਤੌਰ 'ਤੇ ਦਿੱਲੀ ਮਿਲ ਕੇ ਆਇਆ। ਗੁਰਦਿਆਲ ਬੱਲ ਨੇ ਜਿਸ ਕਿਸਮ ਦੇ ਸੁਝਾਅ ਡਾ. ਦਲਜੀਤ ਸਿੰਘ ਵਾਲੇ ਲੇਖ ਵਿਚ ਦਿਤੇ ਹਨ, ਉਸੇ ਤਰ੍ਹਾਂ ਦੇ ਸੁਝਾਅ ਬਾਕਾਇਦਾ ਹਿੰਦੀ ਵਿਚ ਲਿਖ ਕੇ ਅਤੇ ਟਾਈਪ ਕਰਵਾ ਕੇ ਮੈਂ ਕੇਜਰੀਵਾਲ ਨੂੰ ਦੇ ਕੇ ਆਇਆ। ਮੈਂ ਇਹ ਸੁਝਾਅ ਮੇਰੇ ਬੈਠਿਆਂ ਪੜ੍ਹਨ ਲਈ ਜ਼ੋਰ ਲਾਇਆ, ਪਰ ਉਸ ਦਿਨ ਮਮਤਾ ਬੈਨਰਜੀ ਦੀ ਮੁੱਖ ਮੰਤਰੀ ਵਜੋਂ ਦੂਜੀ ਤਾਜਪੋਸ਼ੀ ਦੀ ਰਸਮ ਵਿਚ ਸ਼ਾਮਲ ਹੋਣ ਲਈ ਕਲਕੱਤੇ ਜਾਣ ਦੀ ਤਿਆਰੀ ਵਿਚ ਰੁਝੇ ਹੋਣ ਕਰ ਕੇ ਉਨ੍ਹਾਂ ਪੜ੍ਹਨ ਲਈ ਵਕਤ ਕੱਢਣ ਤੋਂ ਬੇਵਸੀ ਪ੍ਰਗਟ ਕੀਤੀ, ਪਰ ਮੇਰਾ ਪੱਤਰ ਆਪਣੇ ਬਰੀਫ ਕੇਸ ਵਿਚ ਰਖਦਿਆਂ ਪੜ੍ਹ ਕੇ ਮੈਨੂੰ ਫੋਨ 'ਤੇ ਗੱਲ ਕਰਨ ਦਾ ਭਰੋਸਾ ਦਿਵਾ ਕੇ ਮੈਨੂੰ ਤੋਰ ਦਿਤਾ, ਪਰ ਪਿੱਛੋਂ ਗੱਲਬਾਤ ਕੀਹਨੀ ਕਰਨੀ ਸੀ ਭਲਾ?

ਹੁਣ ਗੁਰਦਿਆਲ ਬੱਲ ਦੇ ਲੇਖ 'ਆਪ ਦੀ ਹਾਰ! ਇਹ ਕੀ ਹੋਇਆ ਯਾਰ!' ਵਾਲੇ ਮੁੱਦੇ ਵੱਲ ਆਉਂਦਾ ਹਾਂ। ਸਭ ਤੋਂ ਪਹਿਲੀ ਗੱਲ ਤਾਂ ਬੱਲ ਨੇ ਆਪਣੇ ਸਵਾਲ ਦਾ ਜਵਾਬ ਆਪ ਹੀ ਦਿਤਾ ਹੋਇਆ ਹੈ। ਕੇਜਰੀਵਾਲ ਨੇ ਆਪਣੇ ਪੈਰਾਂ 'ਤੇ ਪਹਿਲੀ ਸੱਟ ਆਪਣੇ ਵਿਤੋਂ ਵੱਧ ਸਵੈ-ਭਰੋਸੇ ਕਾਰਨ ਉਦੋਂ ਹੀ ਮਾਰ ਲਈ ਜਦੋਂ ਉਹਨੇ ਦਿੱਲੀ ਵਿਚ ਪ੍ਰਸ਼ਾਂਤ ਭੂਸ਼ਨ ਅਤੇ ਪੰਜਾਬ ਵਿਚ ਡਾ. ਧਰਮਵੀਰ ਗਾਂਧੀ, ਮਾਸਟਰ ਖੇਤਾ ਸਿੰਘ, ਸੁਮੇਲ ਸਿੰਘ ਸਿੱਧੂ ਅਤੇ ਡਾ. ਦਲਜੀਤ ਸਿੰਘ ਵਰਗੇ ਪਾਰਟੀ ਵਰਕਰਾਂ ਨੂੰ ਬਿਨਾ ਕਾਰਨ ਦੱਸੇ ਹੰਕਾਰੀ ਢੰਗ ਨਾਲ ਪਾਸੇ ਕਰ ਦਿਤਾ। ਜਦੋਂ ਬਾਅਦ ਉਸ ਨੇ ਬੇਅਸੂਲੀ ਰਾਜਨੀਤੀ ਦੇ ਉਹ ਸਾਰੇ ਦਾਅਪੇਚ ਆਪਣਾ ਲਏ ਜਿਨ੍ਹਾਂ ਦੇ ਬਦਲ ਵਜੋਂ ਉਸ ਨੇ ਆਪਣੀ ਨਵੀਂ ਪਾਰਟੀ ਦਾ ਢੋਲ ਵਜਾਇਆ ਸੀ।

ਸਭ ਤੋਂ ਪਹਿਲਾਂ ਮੈਂ ਖੁਦ ਆਪਣੇ ਪਿੰਡ ਬਰਗਾੜੀ ਨੂੰ ਲੈਂਦਾ ਹਾਂ। ਉਥੇ ਪਿਛਲੇ ਸਾਲ ਮਹਾਰਾਜ ਦੇ ਸਰੂਪਾਂ ਦੀ ਬੇਅਦਬੀ ਦੀਆਂ ਘਟਨਾਵਾਂ ਵਾਪਰਨੀਆਂ ਸ਼ੁਰੂ ਹੋਈਆਂ। ਪੁਲਿਸ ਨੇ ਦਿਨਾਂ ਵਿਚ ਹੀ ਜ਼ਿੰਮੇਵਾਰ ਲੜਕੇ ਫੜ ਲਏ। ਧਰਮ ਦੇ ਕਥਿਤ ਠੇਕੇਦਾਰ ਤੁਰੰਤ ਉਨ੍ਹਾਂ ਦੀ ਪਿੱਠ 'ਤੇ ਆ ਗਏ। ਨਾਕੇ ਲੱਗਣੇ ਸ਼ੁਰੂ ਹੋ ਗਏ। ਇਕ ਨਾਕੇ 'ਤੇ ਲੋਕ ਪੁਲਿਸ ਦੇ ਗਲ ਪੈ ਗਏ। ਝੜਪ ਹੋਈ ਤਾਂ ਦੋ ਨੌਜਵਾਨ ਮਾਰੇ ਗਏ। ਧਰਮ ਦੇ ਠੇਕੇਦਾਰਾਂ ਦੀਆਂ ਪੌਂ ਬਾਰਾਂ ਹੋ ਗਈਆਂ। ਉਹ ਕਹਿਣ, ਅਸੀਂ ਬਾਦਲਾਂ ਦੇ ਗੋਡੇ ਲਵਾ ਕੇ ਛਡਣੇ ਅਤੇ ਜਦੋਂ ਤੱਕ ਗੋਡੇ ਨਹੀਂ ਲਗਦੇ, ਮੁੰਡਿਆਂ ਦਾ ਸਸਕਾਰ ਨਹੀਂ ਕਰਨ ਦੇਣਾ। ਹਾਰ ਕੇ ਇਕ ਲੜਕੇ ਦੇ ਪਿਤਾ ਨੇ ਉਨ੍ਹਾਂ ਤੋਂ ਅੱਕ ਕੇ ਬੱਚੇ ਦਾ ਸਸਕਾਰ ਘਰ ਵਿਚ ਹੀ ਕਰਨ ਦੀ ਧਮਕੀ ਦੇ ਦਿਤੀ।

ਬਰਗਾੜੀ ਪਿੰਡ ਵਿਚ ਜਲਸਾ ਹੋਇਆ। ਬਾਦਲਾਂ ਵਿਰੁਧ ਪਿੱਟ-ਸਿਆਪਾ ਚੱਲ ਰਿਹਾ ਸੀ। ਉਸੇ ਜਲਸੇ ਵਿਚ ਸੁੱਚਾ ਸਿੰਘ ਛੋਟੇਪੁਰ ਆਪਣੀ ਪਾਰਟੀ ਦੇ ਐਮ.ਪੀ. ਸਾਧੂ ਸਿੰਘ ਅਤੇ ਭਗਵੰਤ ਮਾਨ ਨਾਲ ਪਹੁੰਚ ਗਿਆ। ਸਾਰੇ ਬਰਗਾੜੀ ਪਿੰਡ ਨੂੰ ਪਤਾ ਹੈ ਕਿ ਛੋਟੇਪੁਰੀਏ ਨੇ ਜਲਸੇ ਦੇ ਪ੍ਰਬੰਧਕ ਜਥੇਦਾਰ ਦੇ ਕੰਨ ਵਿਚ ਭਗਵੰਤ ਮਾਨ ਦੇ ਸ਼ਰਾਬੀ ਹੋਣ ਦੀ ਫੂਕ ਮਾਰ ਦਿਤੀ। ਉਹ ਸ਼ਰਾਬ ਪੀਂਦਾ ਹੈ, ਰਾਤ ਕਿਤੇ ਉਸ ਨੇ ਪੀਤੀ ਵੀ ਹੋਵੇਗੀ। ਉਹਨੇ ਬਥੇਰਾ ਕਿਹਾ ਕਿ ਉਹ ਸ਼ਰਾਬ ਪੀ ਕੇ ਨਹੀਂ ਆਇਆ, ਪਰ ਉਸ ਦੀ ਕਿਸੇ ਨੇ ਨਾ ਸੁਣੀ ਅਤੇ ਜਥੇਦਾਰਾਂ ਨੇ ਉਸ ਨੂੰ ਧੱਕੇ ਨਾਲ ਸਟੇਜ ਤੋਂ ਹੇਠ ਲਾਹ ਦਿਤਾ। ਵਗਦੀ ਗੰਗਾ ਵਿਚ ਹੱਥ ਧੋਂਦਿਆਂ ਛੋਟੇਪੁਰੀਏ ਨੇ ਪਾਰਟੀ ਦੀ ਦੂਸਰੀ ਸੇਵਾ ਇਹ ਕੀਤੀ ਜੋ ਕੇਜਰੀਵਾਲ ਨੂੰ ਦਿੱਲੀਓਂ ਸੱਦ ਕੇ ਪੁਲਿਸ ਗੋਲੀ ਨਾਲ ਮਾਰੇ ਮੁੰਡਿਆਂ ਦੇ ਮਾਪਿਆਂ ਨੂੰ 2-2 ਲੱਖ ਰੁਪਿਆ ਦਿਵਾ ਆਇਆ। ਸਿਆਣੇ ਬੰਦੇ ਉਦੋਂ ਹੀ ਕਹਿਣ ਲਗ ਪਏ ਸਨ ਕਿ 'ਆਪ' ਵਾਲਿਆਂ ਨੇ ਆਹ ਤਾਂ ਆਪਣੀਆਂ ਜੜ੍ਹਾਂ ਵਿਚ ਆਪੇ ਤੇਲ ਪਾ ਲਿਆ ਹੈ। ਹੁਣ ਬਾਦਲਾਂ ਨੂੰ ਫਿਕਰ ਕਰਨ ਦੀ ਕੀ ਲੋੜ ਹੈ! ਪ੍ਰਕਾਸ਼ ਸਿੰਘ ਬਾਦਲ ਆਪਣੀ ਆਦਤ ਅਨੁਸਾਰ ਗਰਮਪੰਥੀਆਂ ਦੇ ਅੱਗੇ ਲੱਗ ਕੇ ਭੱਜ ਤੁਰਿਆ।

ਗਰਮਦਲੀਆਂ ਦੀ ਉਹ ਜਿੱਤ ਸੀ। ਬਾਦਲਾਂ ਨੂੰ ਉਹ ਚੋਣਾਂ ਤੋਂ ਪਹਿਲਾਂ ਹੀ ਲੱਕੋਂ ਲੈ ਗਏ ਸਨ। ਬੇਮਿਸਾਲ ਇਤਿਹਾਸਕ 'ਸਰਬੱਤ ਖਾਲਸਾ' ਕਰ ਕੇ ਆਪਣੀ ਤਾਕਤ ਬਾਕਮਾਲ ਢੰਗ ਨਾਲ ਦਰਸਾ ਵੀ ਦਿਤੀ। ਬਾਦਲ ਭਿੱਜੀ ਬਿੱਲੀ ਵਾਂਗ ਡਰੇ ਹੋਏ ਸਨ ਜਿਸ ਤਰ੍ਹਾਂ ਧਰਮ ਯੁੱਧ ਮੋਰਚੇ ਸਮੇਂ ਡਰ ਕੇ ਅੰਦਰ ਵੜੇ ਰਹੇ ਸਨ। ਇਹ ਤਾਂ ਪੰਜਾਬੀਆਂ ਦੀ ਚੰਗੀ ਕਿਸਮਤ ਸੀ ਕਿ ਉਦੋਂ ਗਰਮਦਲੀਆਂ ਨੇ ਆਪਣੇ ਸਾਰੇ ਪੱਤੇ ਨੰਗੇ ਕਰ ਕੇ ਆਪਣੇ ਪੈਰਾਂ 'ਤੇ ਕੁਹਾੜੇ ਮਾਰ ਲਏ; ਨਹੀਂ ਤਾਂ ਕੇਜਰੀਵਾਲ, ਬਾਦਲ, ਕੈਪਟਨ ਅਮਰਿੰਦਰ ਸਿੰਘ-ਸਾਰੇ ਉਸ ਹਨੇਰੀ ਅੱਗੇ ਕੱਖਾਂ ਵਾਂਗੂ ਉਡ ਜਾਂਦੇ।

ਸ਼ੁਕਰ ਕਰੋ ਕਿ ਉਹ ਹਨੇਰੀ ਸ਼ਾਂਤ ਹੋਈ। ਅਮਨ-ਅਮਾਨ ਬਹਾਲ ਹੋਇਆ। ਗੁਰਦਿਆਲ ਸਿੰਘ ਬੱਲ ਨੇ ਅੱਗਿਉਂ ਕੇਜਰੀਵਾਲ ਦੀ ਹਾਰ ਦੇ ਜੋ ਕਾਰਨ ਗਿਣਾਏ ਹਨ, ਉਨ੍ਹਾਂ ਵਿਚੋਂ 80 ਫੀਸਦੀ ਮੈਨੂੰ ਠੀਕ ਲਗਦੇ ਹਨ। 'ਕੇਜਰੀਵਾਲ ਡਾ. ਦਲਜੀਤ ਸਿੰਘ ਦੀ ਗੱਲ ਕਿਉਂ ਨਹੀਂ ਸੁਣਦਾ' ਵਾਲੀ ਉਸ ਦੀ ਗੱਲ ਤਾਂ 100% ਠੀਕ ਹੈ, ਪਰ ਛੋਟੇਪੁਰ ਵਾਲੀ ਗੱਲ ਉਨ੍ਹਾਂ ਦੀ ਠੀਕ ਨਹੀਂ ਹੈ। ਛੋਟੇਪੁਰ ਨੂੰ ਤਾਂ ਡਾ. ਦਲਜੀਤ ਸਿੰਘ ਦੀ ਮੰਨਦਿਆਂ ਉਦੋਂ ਹੀ ਪਾਰਟੀ ਵਿਚੋਂ ਕੱਢਣਾ ਚਾਹੀਦਾ ਸੀ, ਸਗੋਂ ਦੇਰ ਹੀ ਕੀਤੀ ਗਈ। ਅਫਸੋਸ ਇਸ ਗੱਲ ਦਾ ਹੈ ਕਿ ਛੋਟੇਪੁਰ ਨੂੰ ਪਾਸੇ ਕਰ ਕੇ ਕੇਜਰੀਵਾਲ ਦੇ ਦਿੱਲੀਓਂ ਆਏ ਅਹਿਲਕਾਰਾਂ ਨੇ ਉਸ ਤੋਂ ਵੀ ਵੱਧ ਹਿਮਾਕਤਾਂ ਅਤੇ ਤਿਕੜਮਾਂ ਕੀਤੀਆਂ ਜਿਸ ਕਿਸਮ ਦੀ ਤਿਕੜਮ ਛੋਟੇਪੁਰ ਨੇ ਬਰਗਾੜੀ ਸਮਾਗਮ ਵਿਚ ਭਗਵੰਤ ਮਾਨ ਨਾਲ ਕੀਤੀ ਸੀ। ਕੇਜਰੀਵਾਲ ਨੇ ਜੇ ਦਿੱਲੀ ਅਸੈਂਬਲੀ ਚੋਣਾਂ ਦੌਰਾਨ ਜਾਮਾ ਮਸਜਿਦ ਦੇ ਇਮਾਮ ਦੀ ਮਦਦ ਦੀ ਪੇਸ਼ਕਸ਼ ਠੁਕਰਾ ਦਿਤੀ ਸੀ ਤਾਂ ਭਗਵੰਤ ਮਾਨ ਲਈ ਉਸ ਨੂੰ ਭਾਈ ਮੋਹਕਮ ਸਿੰਘ ਦੀ ਮਦਦ ਕਬੂਲਣ ਦੀ ਕੀ ਲੋੜ ਸੀ?

ਕੇਜਰੀਵਾਲ ਨੇ ਵਾਰ ਵਾਰ ਵਾਅਦਾ ਕੀਤਾ ਕਿ ਪੰਜਾਬ ਵਿਚ ਸਾਫ-ਸੁਥਰੀ ਰਾਜਨੀਤੀ ਲੈ ਕੇ ਆਵੇਗਾ, ਦਲ ਬਦਲੂਆਂ ਨੂੰ ਮੂੰਹ ਨਹੀਂ ਲਾਵੇਗਾ, ਉਮੀਦਵਾਰਾਂ ਨੂੰ ਟਿਕਟਾਂ ਪਾਰਦਰਸ਼ੀ ਢੰਗ ਨਾਲ ਸਥਾਨਕ ਵਾਲੰਟੀਅਰਾਂ ਦੀ ਰਾਏ ਲੈ ਕੇ ਦਿਤੀਆਂ ਜਾਣਗੀਆਂ; ਪਰ ਕੀਤਾ ਇਸ ਤੋਂ ਉਲਟ! ਉਸ ਨੇ 40 ਤੋਂ ਵੱਧ ਟਿਕਟਾਂ ਕਾਂਗਰਸ, ਬਸਪਾ ਅਤੇ ਅਕਾਲੀ ਦਲ ਛੱਡ ਕੇ ਆਏ ਦਲ-ਬਦਲੂਆਂ ਨੂੰ ਦਿਤੀਆਂ। ਮੇਰੇ ਆਪਣੇ ਇਲਾਕੇ ਵੱਲੋਂ ਹੀ ਕਈ ਮਿਸਾਲਾਂ ਹਨ। ਮੁਕਤਸਰ ਸੀਟ ਲਈ ਪਿੰਡ ਛੱਤਣਵਾਲਾ ਦੇ ਸਰਗਰਮ ਵਰਕਰ ਜਗਦੀਪ ਸੰਧੂ ਦਾ ਹੱਕ ਬਣਦਾ ਸੀ। ਦੁਰਗੇਸ਼ ਨੇ ਟਿਕਟ ਉਸੇ ਪਿੰਡ ਦੇ ਜਗਦੀਪ ਬਰਾੜ ਨੂੰ ਦੇ ਦਿਤੀ। ਰੌਲਾ ਪਿਆ ਤਾਂ ਸੰਧੂ ਨੂੰ ਬਾਹਰ ਕਿਸੇ ਹੋਰ ਹਲਕੇ ਤੋਂ ਖੜ੍ਹਾ ਕਰ ਕੇ ਉਸ ਨੂੰ ਹਨੇਰੇ ਵੱਲ ਧੱਕ ਦਿਤਾ।

ਅਸੀਂ ਇਹ ਵੀ ਮੰਨ ਸਕਦੇ ਹਾਂ ਕਿ ਸਾਰੇ ਦਲ-ਬਦਲੂ ਬੇਅਸੂਲੇ ਨਹੀਂ ਸਨ। ਕੁਝ ਜ਼ਮੀਰ ਦੀ ਆਵਾਜ਼ ਸੁਣ ਕੇ ਆਏ, ਬਾਅਸੂਲ ਸੱਜਣ ਵੀ ਹੋ ਸਕਦੇ ਹਨ। ਮਸਲਨ, ਸਾਡੇ ਵਰਗੇ ਸਾਰੇ ਹੀ ਕਹਿੰਦੇ ਹਨ ਕਿ ਕੇਜਰੀਵਾਲ ਨੇ ਸੁਖਪਾਲ ਸਿੰਘ ਖਹਿਰਾ ਨੂੰ ਟਿਕਟ ਦੇ ਕੇ ਸਹੀ ਕਦਮ ਉਠਾਇਆ, ਬੱਲ ਦੀ ਇਹ ਧਾਰਨਾ ਬਿਲਕੁਲ ਠੀਕ ਹੈ ਕਿ ਟਿਕਟਾਂ ਜੇ ਪ੍ਰੋ. ਬਲਜਿੰਦਰ ਕੌਰ, ਨਾਜ਼ਰ ਸਿੰਘ ਮਾਨਸ਼ਾਹੀਆ ਅਤੇ ਮਾਸਟਰ ਬੂਟਾ ਰਾਮ ਵਰਗੇ ਨਿਸ਼ਕਾਮ ਉਮੀਦਵਾਰਾਂ ਨੂੰ ਦਿਤੀਆਂ ਹੁੰਦੀਆਂ ਤਾਂ ਪੰਜਾਬ ਵਿਚ 'ਆਪ' ਦੀ ਹਾਰ ਦੀ ਵੀ ਨਿਰਾਲੀ ਹੀ ਸ਼ਾਨ ਹੋਣੀ ਸੀ!

-ਗੁਰਮੇਲ ਸਿੰਘ ਬਰਗਾੜੀ
ਫੋਨ: 416-845-7534

ਪੰਜਾਬ ਟਾਈਮਜ਼

*ਸਨਿਚਰਵਾਰ, ਪਹਿਲੀ ਅਪਰੈਲ 2017*

## ਨਵੀਆਂ ਸਰਕਾਰਾਂ, ਪੁਰਾਣੇ ਮੁੱਦੇ

ਹਾਲ ਹੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੀਆਂ ਜੇਤੂ ਧਿਰਾਂ ਨੇ ਆਪੋ-ਆਪਣੀਆਂ ਸਰਕਾਰਾਂ ਬਣਾ ਲਈਆਂ ਹਨ। ਪੰਜਾਬ ਵਿਚ ਕਾਂਗਰਸ ਅਤੇ ਉਤਰ ਪ੍ਰਦੇਸ਼ ਤੇ ਉਤਰਾਖੰਡ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਬਹੁਮਤ ਮਿਲਿਆ ਸੀ, ਪਰ ਇਸ ਨੇ ਕੇਂਦਰੀ ਸੱਤਾ ਦੇ ਜ਼ੋਰ ਹੇਠ ਮਨੀਪੁਰ ਅਤੇ ਗੋਆ ਵਿਚ ਬਹੁਮਤ ਨਾ ਮਿਲਣ ਦੇ ਬਾਵਜੂਦ ਸਰਕਾਰਾਂ ਕਾਇਮ ਕਰ ਲਈਆਂ। ਇਨ੍ਹਾਂ ਦੋਹਾਂ ਸੂਬਿਆਂ ਵਿਚ ਸਰਕਾਰਾਂ ਦੀ ਕਾਇਮੀ ਲਈ ਇਸ ਨੇ ਉਹੀ ਹੱਥ-ਕੰਡੇ ਅਪਨਾਏ ਜੋ ਕਿਸੇ ਵਕਤ ਕੇਂਦਰੀ ਸੱਤਾ ਉਤੇ ਕਾਬਜ਼ ਰਹੀ ਕਾਂਗਰਸ ਅਪਨਾਉਂਦੀ ਰਹੀ ਹੈ। ਕੁਲ ਮਿਲਾ ਕੇ ਸਿਆਸੀ ਪਿੜ ਵਿਚ ਹਾਲਾਤ ਜਿਉਂ ਦੇ ਤਿਉਂ ਹਨ। ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਸਰਕਾਰ ਦੀ ਕਾਇਮੀ ਦੇ ਨਾਲ ਹੀ ਲਾਲ ਬੱਤੀ ਕਲਚਰ ਦਾ ਭੋਗ ਪਾਉਣ ਦਾ ਐਲਾਨ ਕਰ ਦਿੱਤਾ ਸੀ, ਪਰ ਮੰਗਲਵਾਰ ਦੀ ਸਵੇਰ ਨੂੰ ਨੋਟੀਫਿਕੇਸ਼ਨ ਜਾਰੀ ਹੋ ਗਿਆ ਕਿ ਮੁੱਖ ਮੰਤਰੀ ਅਤੇ ਵਜ਼ੀਰਾਂ ਦੀਆਂ ਕਾਰਾਂ ਉਤੇ ਲਾਲ ਬੱਤੀ ਵਾਲਾ ਸ਼ਿੰਗਾਰ ਕਾਇਮ ਰਹੇਗਾ। ਹਰ ਪਾਸਿਓਂ ਤਿੱਖਾ ਵਿਰੋਧ ਹੋਣ ਤੋਂ ਬਾਅਦ ਉਸੇ ਸ਼ਾਮ ਇਹ ਨੋਟੀਫਿਕੇਸ਼ਨ ਵਾਪਸ ਲੈਣਾ ਪੈ ਗਿਆ। ਜ਼ਾਹਰ ਹੈ ਕਿ ਨਵੀਂ ਸਰਕਾਰ ਦੇ ਬਾਵਜੂਦ ਲੀਹ ਪੁਰਾਣੀ ਹੀ ਹੈ। ਪੰਜਾਬ ਵਿਚ ਜਿਸ ਪਾਰਟੀ (ਆਮ ਆਦਮੀ ਪਾਰਟੀ) ਤੋਂ ਲੀਹ-ਪਾੜਵੀਂ ਸਿਆਸਤ ਦੀ ਤਵੱਕੋ ਕੀਤੀ ਜਾ ਰਹੀ ਸੀ, ਉਹ ਸਰਕਾਰ ਕਾਇਮ ਕਰਨ ਜੋਗੀ ਜਿੱਤ ਹਾਸਲ ਨਹੀਂ ਕਰ ਸਕੀ। ਹਾਂ, ਮੁੱਖ ਵਿਰੋਧੀ ਧਿਰ ਜ਼ਰੂਰ ਬਣ ਗਈ ਹੈ। ਪੰਜਾਬ ਦੇ ਮੁੱਦੇ ਤਾਂ ਉਹੀ ਹਨ ਅਤੇ ਪੰਜਾਬ ਦੇ ਲੋਕਾਂ ਦੀਆਂ ਮੰਗਾਂ ਵੀ ਉਹੀ ਹਨ। ਹੁਣ ਇਸ ਪਾਰਟੀ ਦੀ ਕਾਰਗੁਜ਼ਾਰੀ ਇਸ ਦੀ ਅਗਲੀ ਸਿਆਸਤ ਲਈ ਰਾਹ ਤਲਾਸ਼ੇਗੀ।

ਉਂਜ, ਉਤਰ ਪ੍ਰਦੇਸ਼ ਦੀ ਯੋਗੀ ਅਦਿਤਿਆਨਾਥ ਸਰਕਾਰ ਨੇ ਸਿਆਸੀ ਪਿੜ ਅੰਦਰ ਜੋ ਰਫਤਾਰ ਦਿਖਾਈ ਹੈ, ਉਸ ਨੇ ਕਈ ਖਦਸ਼ੇ ਜ਼ਾਹਰ ਕੀਤੇ ਹਨ। ਭਾਜਪਾ ਦੇ ਚੋਣ ਪ੍ਰਚਾਰ ਦੌਰਾਨ ਯੋਗੀ ਅਦਿਤਿਆਨਾਥ ਦੀ ਬਹੁਤੀ ਚਰਚਾ ਨਹੀਂ ਸੀ; ਹਾਲਾਂਕਿ ਉਸ ਦੇ ਪ੍ਰਚੰਡ ਹਿੰਦੂਤਵੀ ਰੰਗ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਿਤੇ ਲੁਕਵੇਂ ਅਤੇ ਕਿਤੇ ਸਪਸ਼ਟ ਰੂਪ ਵਿਚ ਪ੍ਰਗਟ ਕਰ ਰਹੇ ਸਨ, ਪਰ ਯੋਗੀ ਦੀ ਮੁੱਖ ਮੰਤਰੀ ਵਜੋਂ ਚੋਣ ਨੇ ਸਪਸ਼ਟ ਕਰ ਦਿੱਤਾ ਕਿ ਭਾਜਪਾ ਅਤੇ ਇਸ ਦੀ ਸਰਪ੍ਰਸਤ ਜਥੇਬੰਦੀ ਆਰ.ਐਸ.ਐਸ. ਦਾ ਅਗਲਾ ਏਜੰਡਾ ਕੀ ਹੈ। ਪਹਿਲਾਂ 2014 ਵਿਚ ਲੋਕ ਸਭਾ ਚੋਣਾਂ ਦੌਰਾਨ ਅਤੇ ਹੁਣ ਉਤਰ ਪ੍ਰਦੇਸ਼ ਵਿਚ ਵਿਧਾਨ ਸਭਾ ਚੋਣਾਂ ਮੌਕੇ ਇਨ੍ਹਾਂ ਜਥੇਬੰਦੀਆਂ ਨੇ ਸਿਆਸੀ ਪੱਧਰ 'ਤੇ ਸਾਬਤ ਕਰ ਦਿਖਾਇਆ ਹੈ ਕਿ ਇਹ ਆਪਣਾ ਸਿਆਸੀ ਪਿੜ ਘੱਟ-ਗਿਣਤੀਆਂ ਤੋਂ ਬਗੈਰ ਹੀ ਬੰਨ੍ਹਣਗੀਆਂ। ਇਹ ਸਾਰਾ ਕੁਝ ਹਿੰਦੂ ਵੋਟਾਂ ਦੀ ਸਫਬੰਦੀ ਨਾਲ ਹੀ ਸੰਭਵ ਹੋ ਸਕਿਆ ਹੈ। ਸਾਰੇ ਸਿਆਸੀ ਵਿਸ਼ਲੇਸ਼ਕ ਭਾਵੇਂ ਇਸ ਸਫਬੰਦੀ ਨੂੰ ਭਾਰਤੀ ਲੋਕਤੰਤਰ ਲਈ ਖਤਰਾ ਕਰਾਰ ਦੇ ਰਹੇ ਹਨ, ਪਰ ਇਹ ਜਥੇਬੰਦੀਆਂ ਆਪਣੀ ਇਹ ਜੇਤੂ ਮੁਹਿੰਮ ਸੰਨ 2019 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਵੀ ਦੁਹਰਾਉਣ ਲਈ ਰਣਨੀਤੀ ਤਿਆਰ ਕਰ ਰਹੀਆਂ ਹਨ। ਸਪਸ਼ਟ ਹੈ ਕਿ ਇਨ੍ਹਾਂ ਜਥੇਬੰਦੀਆਂ ਲਈ ਇਨ੍ਹਾਂ ਦਾ ਪੁਰਾਣਾ ਹਿੰਦੂ ਰਾਸ਼ਟਰ ਵਾਲਾ ਏਜੰਡਾ ਹੀ ਮੁੱਖ ਹੈ ਅਤੇ ਇਸੇ ਮੁਤਾਬਕ ਹੀ ਆਪਣੇ ਸਿਆਸੀ ਦਾਅ-ਪੇਚ ਖੇਡ ਰਹੀਆਂ ਹਨ। ਇਸੇ ਪ੍ਰਸੰਗ ਵਿਚ ਖਬਰਾਂ ਆ ਰਹੀਆਂ ਹਨ ਕਿ ਹੁਣ ਗੁਜਰਾਤ, ਜਿਥੇ ਇਸੇ ਸਾਲ ਚੋਣਾਂ ਹੋਣੀਆਂ ਹਨ, ਵਿਚ ਵੀ ਕਿਸੇ ਕੱਟੜ ਹਿੰਦੂਵਾਦੀ ਚਿਹਰੇ ਦੀ ਭਾਲ ਕੀਤੀ ਜਾ ਰਹੀ ਹੈ। ਪਿਛਲੇ ਤਕਰੀਬਨ ਦੋ ਦਹਾਕਿਆਂ ਤੋਂ ਉਥੇ ਭਾਜਪਾ ਦੀ ਸਰਕਾਰ ਹੈ। ਇਹ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਜੱਦੀ ਸੂਬਾ ਹੈ ਅਤੇ ਉਥੇ ਵੱਖ ਵੱਖ ਵਰਗਾਂ ਵਿਚ ਸਰਕਾਰ ਖਿਲਾਫ ਗੁੱਸਾ ਵੀ ਸਾਫ ਦਿਸ ਰਿਹਾ ਹੈ। ਹੁਣ ਸਭ ਦੀਆਂ ਨਿਗਾਹਾਂ ਭਾਜਪਾ ਅਤੇ ਆਰ.ਐਸ.ਐਸ. ਦੀ ਗੁਜਰਾਤ ਰਣਨੀਤੀ ਉਤੇ ਟਿਕੀਆਂ ਹੋਈਆਂ ਹਨ। ਉਂਜ ਇਕ ਤੱਥ ਇਹ ਵੀ ਹੈ ਕਿ ਉਥੇ ਨਰੇਂਦਰ ਮੋਦੀ ਦੇ ਸ਼ਾਸਨ ਕਾਲ ਵੇਲੇ ਮੁਸਲਮਾਨਾਂ ਦੇ ਕਤਲੇਆਮ ਦੇ ਬਾਵਜੂਦ ਜੇ ਭਾਜਪਾ ਲਗਾਤਾਰ ਜਿੱਤਦੀ ਆਈ ਹੈ ਤਾਂ ਇਸ ਦਾ ਇਕੋ-ਇਕ ਕਾਰਨ ਇਹੀ ਸੀ ਕਿ ਉਥੇ ਵਿਰੋਧੀ ਧਿਰ ਮਜ਼ਬੂਤ ਨਹੀਂ ਸੀ। ਉਥੇ ਹੁਣ ਵੀ ਹਾਲਾਤ ਕੋਈ ਵੱਖਰੇ ਨਹੀਂ ਹਨ। ਪੱਟੀਦਾਰ ਰਾਖਵਾਂਕਰਨ ਅੰਦੋਲਨ ਦੇ ਨੌਜਵਾਨ ਲੀਡਰ ਹਾਰਦਿਕ ਪਟੇਲ ਨੇ ਸੱਤਾਧਾਰੀ ਭਾਜਪਾ ਨੂੰ ਹੱਥਾਂ-ਪੈਰਾਂ ਦੀਆਂ ਤਾਂ ਪਾਈਆਂ ਹੋਈਆਂ ਹਨ, ਪਰ ਉਹ ਆਪਣੇ ਅੰਦੋਲਨ ਨੂੰ ਸਿਆਸੀ ਤਰਜ਼ ਉਤੇ ਕਿੰਨਾ ਕੁ ਢਾਲ ਸਕੇਗਾ, ਇਹ ਦੇਖਣਾ ਅਜੇ ਬਾਕੀ ਹੈ।

ਕੁੱਲ ਮਿਲਾ ਕੇ ਮੁਲਕ ਵਿਚ ਮਾਹੌਲ ਭਾਜਪਾ ਵਾਲੀ ਲੀਹ ਵੱਲ ਤੁਰਦਾ ਨਜ਼ਰੀਂ ਪੈ ਰਿਹਾ ਹੈ। ਪੰਜਾਬ ਵਿਚ ਕਾਂਗਰਸ ਦੀ ਜਿੱਤ ਨੂੰ ਭਾਵੇਂ ਮੁਲਕ ਵਿਚ ਇਸ ਪਾਰਟੀ ਦੀ ਪੁਨਰ-ਸੁਰਜੀਤੀ ਨਾਲ ਜੋੜਿਆ ਜਾ ਰਿਹਾ ਹੈ, ਪਰ ਮੁੱਦਾ ਇਹ ਹੈ ਕਿ ਹੋਰ ਥਾਈਂ ਕਾਂਗਰਸ ਕੋਲ ਸ਼ਾਇਦ ਪੰਜਾਬ ਵਾਲੇ ਹਾਲਾਤ ਨਹੀਂ ਹਨ। ਨਾਲੇ ਪੰਜਾਬ ਵਿਚ ਕਾਂਗਰਸ ਦੀ ਜਿੱਤ ਬਾਰੇ ਜੋ ਵਿਸ਼ਲੇਸ਼ਣ ਹੁਣ ਤੱਕ ਸਾਹਮਣੇ ਆਇਆ ਹੈ, ਉਹ ਸਗੋਂ ਹੋਰ ਵੀ ਖਤਰਨਾਕ ਹੈ। ਇਹ ਵਿਸ਼ਲੇਸ਼ਣ ਦੱਸਦਾ ਹੈ ਕਿ ਪੰਜਾਬ ਵਿਚ ਆਰ.ਐਸ.ਐਸ. ਨੇ ਆਪਣੀਆਂ ਵੋਟਾਂ ਚੁੱਪ-ਚੁਪੀਤੇ ਕਾਂਗਰਸ ਦੇ ਹੱਕ ਵਿਚ ਭੁਗਤਾਈਆਂ। ਆਰ.ਐਸ.ਐਸ. ਨੂੰ ਇਹ ਸਪਸ਼ਟ ਸੀ ਕਿ ਇਸ ਦੀ ਆਪਣੀ ਧਿਰ (ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਗਠਜੋੜ) ਹਾਰ ਰਹੀ ਹੈ ਅਤੇ ਇਹ ਆਮ ਆਦਮੀ ਪਾਰਟੀ ਵਰਗੀ ਕਿਸੇ ਧਿਰ ਨੂੰ ਸੱਤਾ ਤੱਕ ਨਹੀਂ ਸੀ ਪੁੱਜਣ ਦੇਣਾ ਚਾਹੁੰਦੀ। ਹੁਣ ਜੇ ਇਹ ਹਿੰਦੂਤਵੀ ਧਿਰਾਂ ਇੰਨੀ ਗਿਣਤੀ-ਮਿਣਤੀ ਨਾਲ ਸਿਆਸੀ ਪਿੜ ਅੰਦਰ ਵਿਚਰ ਰਹੀਆਂ ਹਨ ਤਾਂ ਹੋਰ ਧਿਰਾਂ ਨੂੰ ਇਸ ਬਾਰੇ ਜ਼ਰੂਰ ਖਬਰਦਾਰ ਹੋਣਾ ਚਾਹੀਦਾ ਹੈ। ਲਾਲੂ ਪ੍ਰਸਾਦ ਯਾਦਵ ਨੇ ਭਾਜਪਾ ਨੂੰ ਹਰਾਉਣ ਖਾਤਰ ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਨੂੰ ਹੱਥ ਮਿਲਾਉਣ ਦਾ ਸੱਦਾ ਦਿੱਤਾ ਹੈ। ਸਮਾਜਵਾਦੀ ਪਾਰਟੀ ਅਤੇ ਕਾਂਗਰਸ ਪਹਿਲਾਂ ਹੀ ਨੇੜੇ ਆ ਚੁਕੀਆਂ ਹਨ; ਪਰ ਸਵਾਲ ਇਹ ਹੈ ਕਿ ਕੀ ਇਸ ਤਰ੍ਹਾਂ ਦੀ ਸਿਆਸਤ, ਹਿੰਦੂਤਵੀ ਤਾਕਤਾਂ ਦੇ ਜੇਤੂ ਰੱਥ ਨੂੰ ਠੱਲ੍ਹ ਸਕੇਗੀ, ਕਿਉਂਕਿ ਇਨ੍ਹਾਂ ਪਾਰਟੀਆਂ ਦੀ ਸਿਆਸਤ ਵੀ ਕਿਤੇ ਕੋਈ ਨਵੀਂ ਸਿਰਜਣਾ ਕਰਨ ਵਿਚ ਅਸਫਲ ਹੀ ਰਹੀ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਪਿਆਰ ਫੁੱਰਰ?*

ਮਾਪੇ ਜਾਲਦੇ ਜਫਰ ਔਲਾਦ ਖਾਤਰ, ਐਪਰ ਬੱਚੇ ਮਨਮਰਜੀਆਂ ਕਰੀ ਜਾਂਦੇ।
ਪਿਆਰ ਭੁੱਲ ਕੇ ਸਭ ਰਿਸ਼ਤਿਆਂ ਦਾ, ਪਿਛੇ ਹਾਣੀਆਂ ਹੌਕੇ ਹੀ ਭਰੀ ਜਾਂਦੇ।
ਛੱਡ ਦਿੱਤੀ 'ਸੀਰਤ' ਦੀ ਪਰਖ ਕਰਨੀ, ਦੇਖ 'ਸੂਰਤਾਂ' ਉਤੇ ਹੀ ਮਰੀ ਜਾਂਦੇ।
ਚੜ੍ਹਦਾ ਕਾਮ ਦਾ ਭੂਤ ਜਵਾਨੀਆਂ ਨੂੰ, ਕਹਿ ਕੇ 'ਇਸ਼ਕ ਝਨਾਂ' ਵਿਚ ਤਰੀ ਜਾਂਦੇ।
ਇਕ ਦੂਜੇ ਬਿਨ ਸਾਹ ਨਾ ਲੈਣ ਵਾਲੇ, ਮਾਰਨ ਤੱਕ ਜਾ ਪਹੁੰਚਦੇ ਹੁੱਰ ਕਰਕੇ।
ਆ ਰਹੀਆਂ ਖਬਰਾਂ ਲਵ ਮੈਰਿਜਾਂ 'ਚੋਂ, 'ਲਵ' ਉਡਦਾ ਏ ਛੇਤੀ ਹੀ ਫੁੱਰਰ ਕਰਕੇ!

# ਹੰਗਾਮਿਆਂ ਦੀ ਸਿਆਸਤ ਅਤੇ ਯੋਗੀ ਦੀ ਸਰਕਾਰ

***ਉਤਰ ਪ੍ਰਦੇਸ਼ ਵਿਚ ਅਦਿਤਿਆਨਾਥ ਯੋਗੀ ਨੂੰ ਮੁੱਖ ਮੰਤਰੀ ਬਣਾਉਣਾ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਆਕਾ ਜਥੇਬੰਦੀ ਆਰ.ਐਸ.ਐਸ. ਦੀ ਸੋਚੀ-ਸਮਝੀ ਰਣਨੀਤੀ ਹੈ। ਇਹ ਜਥੇਬੰਦੀਆਂ ਸੰਨ 2014 ਦੀਆਂ ਲੋਕ ਸਭਾ ਚੋਣਾਂ ਵਾਂਗ ਉਤਰ ਪ੍ਰਦੇਸ਼ ਚੋਣਾਂ ਦੌਰਾਨ ਵੀ ਫਿਰਕੂ ਕਤਾਰਬੰਦੀ ਕਰਨ ਵਿਚ ਸਫਲ ਰਹੀਆਂ ਸਨ ਅਤੇ ਹੁਣ ਇਨ੍ਹਾਂ ਦਾ ਨਿਸ਼ਾਨਾ 2019 ਵਿਚ ਆ ਰਹੀਆਂ ਲੋਕ ਸਭਾ ਚੋਣਾਂ ਹਨ। ਮੁਲਕ ਦੀ ਮੁੱਖ ਵਿਰੋਧੀ ਧਿਰ ਕਾਂਗਰਸ ਇਸ ਵੇਲੇ ਸਾਹ-ਸਤਹੀਣ ਹੋਈ ਪਈ ਹੈ ਅਤੇ ਸਮੁੱਚੇ ਰੂਪ ਵਿਚ ਵੀ ਵਿਰੋਧੀ ਧਿਰਾਂ ਪਾਟੀਆਂ ਪਈਆਂ ਹਨ ਤੇ ਬਹੁਤ ਸਾਰੇ ਮਾਮਲਿਆਂ ਵਿਚ ਆਪੋ-ਆਪਣੀ ਡਫਲੀ ਵਜਾ ਰਹੀਆਂ ਹਨ। ਅਜਿਹੇ ਹਾਲਾਤ ਵਿਚ ਯੋਗੀ ਅਦਿਤਿਆਨਾਥ ਆਪਣੀ ਮਨਮਰਜ਼ੀ ਦੀ ਸਿਆਸਤ ਚਲਾ ਰਿਹਾ ਹੈ।***

ਉਤਰ ਪ੍ਰਦੇਸ਼ ਦੀ ਅਦਿਤਿਆਨਾਥ ਯੋਗੀ ਸਰਕਾਰ ਦੇ ਸ਼ੁਰੂਆਤੀ ਦਿਨ ਕਾਫੀ ਸ਼ੋਰ-ਸ਼ਰਾਬੇ ਵਾਲੇ ਰਹੇ ਹਨ ਅਤੇ ਸਰਕਾਰ ਦੀਆਂ ਸਰਗਰਮੀਆਂ ਨੂੰ ਮੀਡੀਆ, ਖਾਸ ਕਰ ਕੇ ਟੀ.ਵੀ. ਵਾਲੇ ਕਾਫੀ ਮਹੱਤਵ ਦੇ ਰਹੇ ਹਨ। ਟੀ.ਵੀ. ਚੈਨਲਾਂ ਦੀ ਇਹ ਮਜਬੂਰੀ ਹੈ ਕਿ ਇਸ ਤਰ੍ਹਾਂ ਦੀਆਂ ਖ਼ਬਰਾਂ ਨੂੰ ਮਨੋਰੰਜਕ ਬਣਾ ਕੇ ਪੇਸ਼ ਕਰਦੇ ਹਨ ਅਤੇ ਭਾਰਤੀ ਜਨਤਾ ਪਾਰਟੀ ਦੀ ਨੀਤੀ ਰਹੀ ਹੈ ਕਿ ਉਸ ਦੀਆਂ ਸਰਗਰਮੀਆਂ ਮੀਡੀਆ ਵਿਚ ਛਾਈਆਂ

ਉਪਿੰਦਰ ਪ੍ਰਸਾਦ

ਰਹਿਣ। ਆਖਰ ਯੋਗੀ ਦੀ ਸਰਕਾਰ ਭਾਜਪਾ ਦੀ ਹੀ ਸਰਕਾਰ ਹੈ, ਇਸ ਲਈ ਇਕੋ ਵੇਲੇ ਯੋਗੀ ਸਰਕਾਰ ਅਤੇ ਟੀ.ਵੀ. ਚੈਨਲਾਂ ਦੀ ਸੁਣੀ ਗਈ ਹੈ। ਐਂਟੀ-ਰੋਮੀਓ ਸੁਕੈਅਡ ਹੋਵੇ, ਭਾਰਤੀਆਂ ਦੀ ਫਤੋ-ਫੜਾਈ, ਮੰਤਰੀਆਂ ਵੱਲੋਂ ਦਫਤਰਾਂ ਵਿਚ ਝਾੜੂ ਦੇਣ ਵਾਲੇ ਦ੍ਰਿਸ਼ ਵੇਖਣ ਵਾਲੇ ਨੂੰ ਆਕਰਸ਼ਿਤ ਕਰਦੇ ਹਨ, ਕਿਉਂਕਿ ਇਨ੍ਹਾਂ ਨੂੰ ਮਨੋਰੰਜਨ ਦੀ ਪੁੱਠ ਚਾੜ੍ਹੀ ਹੁੰਦੀ ਹੈ; ਇਸ ਤਰ੍ਹਾਂ ਖ਼ਬਰਾਂ ਦੇਣ ਵਾਲੇ ਚੈਨਲ ਮਨੋਰੰਜਨ ਦੇਣ ਵਾਲੇ ਚੈਨਲਾਂ ਨਾਲ ਮੁਕਾਬਲਾ ਕਰਦੇ ਹਨ।

ਲੋਕਾਂ ਦੇ ਮਨੋਰੰਜਨ ਦੇ ਲਿਹਾਜ਼ ਨਾਲ ਯੋਗੀ ਸਰਕਾਰ ਦੇ ਸ਼ੁਰੂਆਤੀ ਦਿਨਾਂ ਨੂੰ ਸਰਕਾਰ ਦੀ ਚੰਗੀ ਸ਼ੁਰੂਆਤ ਕਿਹਾ ਜਾ ਸਕਦਾ ਹੈ, ਪਰ ਪ੍ਰਦੇਸ਼ ਦੀ ਸਭ ਤੋਂ ਵੱਡੀ ਆਬਾਦੀ ਅਤੇ ਵੱਡੇ ਭੂਗੋਲਿਕ ਵਿਸਥਾਰ ਵਾਲੇ ਸੂਬੇ ਦੀਆਂ ਸਮੱਸਿਆਵਾਂ ਇਸ ਤਰ੍ਹਾਂ ਦੇ ਮਨੋਰੰਜਨਾਂ ਨਾਲ ਨਹੀਂ ਖ਼ਤਮ ਹੋ ਸਕਦੀਆਂ। ਇਸ ਤਰ੍ਹਾਂ ਦਾ ਮਨੋਰੰਜਨ ਕਦੀ ਲਾਲੂ ਪ੍ਰਸਾਦ ਯਾਦਵ ਵੀ ਬਿਹਾਰ ਵਿਚ ਖੂਬ ਕਰਦੇ ਸਨ। ਜਦੋਂ ਉਹ ਪਹਿਲੀ ਵਾਰ ਉਥੋਂ ਦੇ ਮੁੱਖ ਮੰਤਰੀ ਬਣੇ ਸਨ ਤਾਂ ਇਸੇ ਤਰ੍ਹਾਂ ਕਦੀ ਵੀ ਕਿਸੇ ਵੀ ਥਾਣੇ 'ਤੇ ਛਾਪਾ ਮਾਰ ਦਿੰਦੇ ਸਨ ਅਤੇ ਕਿਸੇ ਵੀ ਪੁਲਿਸ ਵਾਲੇ ਨੂੰ ਮੁਅੱਤਲ ਕਰ ਦਿੰਦੇ ਸਨ। ਖ਼ਬਰ ਬਣ ਜਾਂਦੀ ਸੀ। ਉਹ ਵੀ ਸਫ਼ਾਈ ਮੁਹਿੰਮਾਂ ਚਲਾਉਂਦੇ ਹੁੰਦੇ ਸਨ। ਗਰੀਬਾਂ ਅਤੇ ਦਲਿਤਾਂ ਦੇ ਮੁਹੱਲੇ ਵਿਚ ਜਾ ਕੇ ਉਨ੍ਹਾਂ ਦੇ ਬੱਚਿਆਂ ਨੂੰ ਇਸ਼ਨਾਨ ਕਰਵਾਉਂਦੇ ਸਨ, ਉਨ੍ਹਾਂ ਦੇ ਵਧੇ ਹੋਏ ਤੇ ਬੇਤਰਤੀਬੇ ਵਾਲ ਵੀ ਕਟਵਾਉਂਦੇ ਸਨ। ਸਪਸ਼ਟ ਹੈ ਕਿ ਉਹ ਆਪਣੇ ਨਾਲ ਹਜਾਮਤ ਕਰਨ ਵਾਲੀ ਟੀਮ ਵੀ ਲੈ ਕੇ ਤੁਰਦੇ ਸਨ। ਲਾਲੂ ਯਾਦਵ ਸ਼ਰਾਬ ਪੀਣ ਵਾਲਿਆਂ ਦੀ ਖ਼ਬਰ ਲੈਂਦੇ ਹੁੰਦੇ ਸਨ। ਉਹ ਛਾਪੇ ਮਾਰ ਕੇ ਸ਼ਰਾਬੀਆਂ ਨੂੰ ਫੜਦੇ ਅਤੇ ਉਨ੍ਹਾਂ ਨੂੰ ਕਦੀ ਕੰਨ ਫੜ ਕੇ ਬੈਠਕਾਂ ਕਢਵਾਉਂਦੇ ਸਨ, ਕਦੀ ਮੁਰਗਾ ਬਣਾ ਦਿੰਦੇ ਸਨ। ਆਸ-ਪਾਸ ਦੇ ਲੋਕਾਂ ਦਾ ਵਧੀਆ ਮਨੋਰੰਜਨ ਹੋ ਜਾਂਦਾ ਸੀ, ਪਰ ਇਤਿਹਾਸ ਗਵਾਹ ਹੈ ਕਿ ਮੁੱਖ ਮੰਤਰੀ ਦੇ ਰੂਪ ਵਿਚ ਲਾਲੂ ਦੀ ਉਸ ਤਰ੍ਹਾਂ ਦੀ ਸਰਗਰਮੀ ਨਾਲ ਬਿਹਾਰ ਦੀਆਂ ਸਮੱਸਿਆਵਾਂ ਖ਼ਤਮ ਨਹੀਂ ਹੋਈਆਂ। ਥਾਣਿਆਂ ਵਿਚ ਮਾਰੇ ਛਾਪਿਆਂ ਨਾਲ ਕਾਨੂੰਨ ਵਿਵਸਥਾ ਨਹੀਂ ਸੁਧਰੀ ਅਤੇ ਨਾ ਹੀ ਪੁਲਿਸ ਅਫ਼ਸਰਾਂ ਦੇ ਭ੍ਰਿਸ਼ਟਾਚਾਰ ਵਿਚ ਕੋਈ ਕਮੀ ਆਈ। ਸਫਾਈ ਮੁਹਿੰਮ ਚਲਾਉਣ ਨਾਲ ਸਵੱਛਤਾ ਵੀ ਨਹੀਂ ਹੋਈ, ਸ਼ਰਾਬੀਆਂ ਨੂੰ ਉਨ੍ਹਾਂ ਦੀਆਂ ਪਤਨੀਆਂ ਅਤੇ ਮੁਹੱਲੇ ਦੇ ਹੋਰ ਲੋਕਾਂ ਦੇ ਸਾਹਮਣੇ ਮੁਰਗੇ ਬਣਾਉਣ ਨਾਲ ਸ਼ਰਾਬ ਦੀ ਸਮੱਸਿਆ ਵੀ ਬਿਹਾਰ ਵਿਚ ਉਸ ਸਮੇਂ ਸਮਾਪਤ ਨਹੀਂ ਸੀ ਹੋਈ। ਹਾਂ, ਨਿਤੀਸ਼ ਸਰਕਾਰ ਨੇ ਸ਼ਰਾਬ 'ਤੇ ਪੂਰੀ ਪਾਬੰਦੀ ਲਗਾ ਕੇ ਸ਼ਰਾਬ ਤੋਂ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਨੂੰ ਲਗਪਗ ਖਤਮ ਕਰ ਦਿੱਤਾ ਹੈ।

ਲਾਲੂ ਪ੍ਰਸਾਦ ਯਾਦਵ ਨੇ ਆਪਣੇ ਪਹਿਲੇ ਕਾਰਜਕਾਲ ਵਿਚ ਇਕ ਹੋਰ ਵੱਡਾ ਕੰਮ ਕੀਤਾ ਸੀ, ਉਹ ਸੀ ਚਰਵਾਹਾ ਵਿਦਿਆਲਿਆ ਦੀ ਸਥਾਪਨਾ। ਚਰਵਾਹਾ-ਗਾਹਾਂ ਵਿਚ ਹੀ ਚਰਵਾਹਿਆਂ ਦੀ ਪੜ੍ਹਾਈ ਦਾ ਪ੍ਰਬੰਧ ਕਰਨ ਦੀ ਯੋਜਨਾ ਸੀ। ਮੀਡੀਆ ਵੱਲੋਂ ਲੋਕਾਂ ਦਾ ਭਰਪੂਰ ਮਨੋਰੰਜਨ ਕੀਤਾ ਗਿਆ। ਲੋਕਾਂ ਨੇ ਤਾਂ ਲਾਲੂ ਪ੍ਰਾਰਥਨਾ ਵੀ ਤਿਆਰ ਕੀਤੀ ਸੀ ਜਿਸ ਨੂੰ 'ਲਾਲੂ ਪਰੇਅਰ' ਕਿਹਾ ਜਾਂਦਾ ਸੀ। ਦਲਿਤਾਂ ਅਤੇ ਗਰੀਬਾਂ ਦੇ ਬੱਚਿਆਂ ਵਿਚ ਇਹ ਪਰੇਅਰ ਬਹੁਤ ਪ੍ਰਸਿੱਧ ਹੋਈ ਸੀ, ਪਰ ਅੱਜ ਚਰਵਾਹਾ ਵਿਦਿਆਲਿਆਂ ਦਾ ਕੋਈ ਅਤਾ-ਪਤਾ ਨਹੀਂ, ਜਦੋਂਕਿ ਅੱਜ ਵੀ ਚਰਵਾਹੇ ਬੁਰੀ ਹਾਲਤ ਵਿਚ ਹਨ।



ਬਿਹਾਰ ਦਾ ਦੂਜਾ ਪੱਖ ਦੇਖੀਏ ਤਾਂ ਸਾਫ਼ ਇਹੀ ਲਗਦਾ ਹੈ ਕਿ ਅਦਿਤਿਆਨਾਥ ਯੋਗੀ ਅਤੇ ਉਨ੍ਹਾਂ ਦੇ ਮੰਤਰੀ ਲਾਲੂ ਦੇ ਪਦ-ਚਿੰਨ੍ਹਾਂ 'ਤੇ ਹੀ ਚੱਲ ਰਹੇ ਹਨ, ਪਰ ਉਨ੍ਹਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਹੰਗਾਮੇ ਕਰ ਕੇ ਸੂਬੇ ਦੀਆਂ ਸਮੱਸਿਆਵਾਂ ਨੂੰ ਹੱਲ ਨਹੀਂ ਕੀਤਾ ਜਾ ਸਕਦਾ। ਕੁਝ ਸ਼ਰਾਬੀਆਂ ਨੂੰ ਗ੍ਰਿਫ਼ਤਾਰ ਕਰ ਕੇ, ਸ਼ਰਾਬੀਆਂ, ਉਨ੍ਹਾਂ ਦੇ ਪਰਿਵਾਰ ਅਤੇ ਸਮਾਜ ਦੀ ਸਥਿਤੀ ਨਹੀਂ ਸੁਧਾਰੀ ਜਾ ਸਕਦੀ। ਥਾਣਿਆਂ 'ਤੇ ਮੁੱਖ ਮੰਤਰੀ ਦੇ ਛਾਪੇ ਕਾਨੂੰਨ ਵਿਵਸਥਾ ਦੇ ਠੀਕ ਹੋਣ ਦੀ ਗਾਰੰਟੀ ਨਹੀਂ ਹਨ। 20 ਕਰੋੜ ਦੀ ਆਬਾਦੀ ਵਾਲੇ ਉਤਰ ਪ੍ਰਦੇਸ਼ ਵਿਚ ਲੱਖ ਤੋਂ ਵੱਧ ਥਾਣੇ ਹਨ। ਆਖਰ ਕਿਹੜੇ-ਕਿਹੜੇ ਥਾਣੇ ਵਿਚ ਕਦਮ ਰੱਖਣਗੇ ਮੁੱਖ ਮੰਤਰੀ ਅਦਿਤਿਆਨਾਥ ਯੋਗੀ? ਇਕ ਵਿਅਕਤੀ ਦੀ ਹੱਦ ਹੁੰਦੀ ਹੈ, ਇਸ ਲਈ ਜੇ ਮੁੱਖ ਮੰਤਰੀ ਕਾਨੂੰਨ ਵਿਵਸਥਾ ਦੀ ਸਮੱਸਿਆ ਤੋਂ ਸੂਬੇ ਨੂੰ ਮੁਕਤ ਕਰਵਾਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਨੀਤੀਆਂ ਲਾਗੂ ਕਰਵਾਉਣ ਦੀ ਪੱਧਰ ਵਿਚ ਤਬਦੀਲੀ ਕਰਨੀ ਪਵੇਗੀ ਅਤੇ ਇਸ ਤਰ੍ਹਾਂ ਦੀ ਤਬਦੀਲੀ ਹੰਗਾਮਿਆਂ ਨਾਲ ਨਹੀਂ ਹੁੰਦੀ, ਬਲਕਿ ਇਸ ਲਈ ਬੈਠ ਕੇ ਵਿਚਾਰ-ਵਟਾਂਦਰਾ ਕਰਨਾ ਪੈਂਦਾ ਹੈ।

***ਥਾਣਿਆਂ 'ਤੇ ਮੁੱਖ ਮੰਤਰੀ ਦੇ ਛਾਪੇ ਕਾਨੂੰਨ ਵਿਵਸਥਾ ਦੇ ਠੀਕ ਹੋਣ ਦੀ ਗਾਰੰਟੀ ਨਹੀਂ ਹਨ। 20 ਕਰੋੜ ਦੀ ਆਬਾਦੀ ਵਾਲੇ ਉਤਰ ਪ੍ਰਦੇਸ਼ ਵਿਚ ਲੱਖ ਤੋਂ ਵੱਧ ਥਾਣੇ ਹਨ। ਆਖਰ ਕਿਹੜੇ-ਕਿਹੜੇ ਥਾਣੇ ਵਿਚ ਕਦਮ ਰੱਖਣਗੇ ਮੁੱਖ ਮੰਤਰੀ ਅਦਿਤਿਆਨਾਥ ਯੋਗੀ? ਇਕ ਵਿਅਕਤੀ ਦੀ ਹੱਦ ਹੁੰਦੀ ਹੈ, ਇਸ ਲਈ ਜੇ ਮੁੱਖ ਮੰਤਰੀ ਕਾਨੂੰਨ ਵਿਵਸਥਾ ਦੀ ਸਮੱਸਿਆ ਤੋਂ ਸੂਬੇ ਨੂੰ ਮੁਕਤ ਕਰਵਾਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਨੀਤੀਆਂ ਲਾਗੂ ਕਰਵਾਉਣ ਦੀ ਪੱਧਰ ਵਿਚ ਤਬਦੀਲੀ ਕਰਨੀ ਪਵੇਗੀ ਅਤੇ ਅਜਿਹੀ ਦੀ ਤਬਦੀਲੀ ਹੰਗਾਮਿਆਂ ਨਾਲ ਨਹੀਂ ਹੁੰਦੀ, ਬਲਕਿ ਇਸ ਲਈ ਬੈਠ ਕੇ ਵਿਚਾਰ-ਵਟਾਂਦਰਾ ਕਰਨਾ ਪੈਂਦਾ ਹੈ।***

ਉਤਰ ਪ੍ਰਦੇਸ਼ ਸਭ ਤੋਂ ਵੱਡੀ ਆਬਾਦੀ ਵਾਲਾ ਸੂਬਾ ਹੈ। ਸਪਸ਼ਟ ਹੈ ਕਿ ਸਭ ਤੋਂ ਜ਼ਿਆਦਾ ਅਪਰਾਧ ਵੀ ਉਥੇ ਹੀ ਹੁੰਦੇ ਹੋਣਗੇ। ਇਸ ਦਾ ਵਿਸਥਾਰ ਵੀ ਬਹੁਤ ਵਧੇਰੇ ਹੈ, ਇਸ ਲਈ ਕਿਸੇ ਇਕ ਮੁੱਖ ਮੰਤਰੀ ਦੀ ਨਿੱਜੀ ਸਰਗਰਮੀ ਨਾਲ ਇਸ 'ਤੇ ਰੋਕ ਵੀ ਨਹੀਂ ਲਗਾਈ ਜਾ ਸਕਦੀ। ਚੁਸਤ-ਦਰੁਸਤ ਅਤੇ ਭ੍ਰਿਸ਼ਟਾਚਾਰ ਤੋਂ ਮੁਕਤ ਪੁਲਿਸ ਪ੍ਰਸ਼ਾਸਨ ਹੀ ਕਾਨੂੰਨ ਵਿਵਸਥਾ ਨੂੰ ਲੀਹ 'ਤੇ ਲਿਆ ਸਕਦਾ ਹੈ। ਉਸ ਨੂੰ ਚੁਸਤ-ਦਰੁਸਤ ਅਤੇ ਭ੍ਰਿਸ਼ਟਾਚਾਰ ਤੋਂ ਮੁਕਤ ਕਿਵੇਂ ਬਣਾਇਆ ਜਾਵੇ, ਉਸ ਲਈ ਯੋਗੀ ਸਰਕਾਰ ਨੂੰ ਢੁਕਵੇਂ ਫ਼ੈਸਲੇ ਕਰਨੇ ਪੈਣਗੇ। ਉਨ੍ਹਾਂ ਨੇ ਇਕ ਫ਼ੈਸਲਾ ਕੀਤਾ ਹੈ ਕਿ ਸਰਕਾਰ ਦੇ ਸਾਰੇ ਦਫਤਰਾਂ ਵਿਚ ਸੀ.ਸੀ.ਟੀ.ਵੀ. ਕੈਮਰੇ ਲਗਾਏ ਜਾਣਗੇ, ਪਤਾ ਨਹੀਂ ਉਸ ਦੇ ਲਈ ਸਰਕਾਰ ਦੇ ਕੋਲ ਸਾਧਨ ਹਨ ਵੀ ਜਾਂ ਨਹੀਂ, ਪਰ ਜੇ ਇਸ ਦੀ ਸ਼ੁਰੂਆਤ ਥਾਣਿਆਂ ਤੋਂ ਕੀਤੀ ਜਾਵੇ ਤਾਂ ਸਾਰਿਆਂ ਥਾਣਿਆਂ ਵਿਚ ਖਾਸ ਕਰ ਕੇ ਉਸ ਥਾਂ ਜਿਥੇ ਪੀੜਤ ਵਿਅਕਤੀ ਆਪਣੀ ਸ਼ਿਕਾਇਤ ਲੈ ਕੇ ਆਉਂਦਾ ਹੈ ਤੇ ਮੁਕੱਦਮਾ ਦਰਜ ਕਰਵਾਉਣਾ ਚਾਹੁੰਦਾ ਹੈ, ਉਥੇ ਸੀ.ਸੀ.ਟੀ.ਵੀ. ਕੈਮਰੇ ਦੀ ਸਭ ਤੋਂ ਵਧੇਰੇ ਜ਼ਰੂਰਤ ਹੁੰਦੀ ਹੈ।

ਇਸ ਲਈ ਸਾਰੇ ਦਫਤਰਾਂ ਵਿਚ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਤੋਂ ਚੰਗਾ ਹੈ ਕਿ ਸਾਰੇ ਥਾਣਿਆਂ ਵਿਚ ਸੀ.ਸੀ.ਟੀ.ਵੀ. ਕੈਮਰੇ ਲਗਵਾਉਣ। ਨਾ ਸਿਰਫ਼ ਉਨ੍ਹਾਂ ਨੂੰ ਲਗਵਾਇਆ ਹੀ ਜਾਵੇ ਬਲਕਿ ਉਹ ਸੀ.ਸੀ.ਟੀ.ਵੀ. ਕੰਮ ਵੀ ਕਰਨ। ਇਨ੍ਹਾਂ 'ਤੇ ਨਜ਼ਰ ਰੱਖਣ ਦੀ ਜ਼ਿੰਮੇਵਾਰੀ ਵੀ ਸਪਸ਼ਟ ਕੀਤੀ ਜਾਵੇ; ਨਹੀਂ ਤਾਂ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਪਿੱਛੋਂ ਇਕ ਵਾਰ ਖ਼ਰਾਬ ਹੋਣ ਤੋਂ ਬਾਅਦ ਸ਼ਾਇਦ ਮਹੀਨਿਆਂ ਤੱਕ ਫਿਰ ਇਹ ਠੀਕ ਨਹੀਂ ਹੁੰਦੇ। ਕਾਨੂੰਨ ਵਿਵਸਥਾ ਖ਼ਰਾਬ ਹੋਣ ਦੇ ਲਈ ਪੁਲਿਸ-ਦੋਸ਼ੀ-ਸਿਆਸੀ ਗਠਜੋੜ ਜ਼ਿੰਮੇਵਾਰ ਰਿਹਾ ਹੈ। ਭ੍ਰਿਸ਼ਟਾਚਾਰ ਦੀ ਇਸ ਵਿਚ ਭੂਮਿਕਾ ਹੈ। ਇਸ ਲਈ ਜੇ ਯੋਗੀ ਸਰਕਾਰ ਪੁਲਿਸ ਮਹਿਕਮੇ ਤੋਂ ਬਿਹਤਰ ਕਾਰਗੁਜ਼ਾਰੀ ਦੀ ਉਮੀਦ ਰੱਖਦੀ ਹੈ ਤਾਂ ਉਨ੍ਹਾਂ ਨੂੰ ਇਸ ਗਠਜੋੜ ਨੂੰ ਤੋੜਨਾ ਪਵੇਗਾ। ਜਿਸ ਤਰ੍ਹਾਂ ਨਿਤੀਸ਼ ਕੁਮਾਰ ਨੇ 2005 ਵਿਚ ਬਿਹਾਰ ਦੀ ਸੱਤਾ ਵਿਚ ਆਉਣ ਪਿੱਛੋਂ ਇਸ ਗਠਜੋੜ ਨੂੰ ਤੋੜਿਆ ਸੀ, ਠੀਕ ਉਸ ਵਰਗਾ ਹੀ ਕੰਮ ਯੋਗੀ ਅਦਿਤਿਆਨਾਥ ਨੂੰ ਕਰਨਾ ਪਵੇਗਾ; ਕਿਉਂਕਿ ਸੱਚ ਇਹੀ ਹੈ ਕਿ ਉਤਰ ਪ੍ਰਦੇਸ਼ ਪੁਲਿਸ ਦੀ ਹਾਲਤ ਬਿਹਾਰ ਪੁਲਿਸ ਤੋਂ ਵੀ ਖ਼ਰਾਬ ਹੈ।

ਹੰਗਾਮਿਆਂ ਦਾ ਸਮਾਂ ਸਮਾਪਤ ਹੋ ਗਿਆ ਹੋਵੇ ਤਾਂ ਹੁਣ ਯੋਗੀ ਨੂੰ ਬੈਠ ਕੇ ਯੋਜਨਾਬੰਦੀ ਕਰਨੀ ਚਾਹੀਦੀ ਹੈ ਤਾਂ ਕਿ ਉਹ ਖ਼ਰਾਬ ਕਾਨੂੰਨ ਵਿਵਸਥਾ ਅਤੇ ਭ੍ਰਿਸ਼ਟਾਚਾਰ ਦੀਆਂ ਦੋ ਸਭ ਤੋਂ ਵੱਡੀਆਂ ਸਮੱਸਿਆਵਾਂ ਤੋਂ ਸੂਬੇ ਦੇ ਲੋਕਾਂ ਨੂੰ ਮੁਕਤੀ ਦਿਵਾ ਸਕਣ।

# ਫਿਰਕੂ ਸਦਭਾਵਨਾ ਲਈ ਇਕ ਕਰਮਯੋਗੀ ਸੰਪਾਦਕ ਦੀ ਸ਼ਹਾਦਤ

ਗਣੇਸ਼ ਸ਼ੰਕਰ ਵਿਦਿਆਰਥੀ (26 ਅਕਤੂਬਰ 1890-25 ਮਾਰਚ 1931) ਕੱਦਾਵਰ ਆਜ਼ਾਦੀ ਘੁਲਾਟੀਏ ਸਨ ਅਤੇ ਨਾਲ ਹੀ ਵੱਡੇ ਹੌਸਲੇ ਵਾਲੇ ਧੜੱਲੇਦਾਰ ਸੰਪਾਦਕ ਵੀ ਸਨ। ਉਨ੍ਹਾਂ ਲਗਾਤਾਰ

ਬੂਟਾ ਸਿੰਘ
ਫੋਨ: +91-94634-74342

ਅਠਾਰਾਂ ਸਾਲ ਬਰਤਾਨਵੀ ਬਸਤੀਵਾਦੀ ਰਾਜ ਖਿਲਾਫ ਡਟ ਕੇ ਸੰਘਰਸ਼ ਕੀਤਾ। ਉਨ੍ਹਾਂ ਦਾ ਇਕ ਪੈਰ ਜੇਲ੍ਹ ਵਿਚ ਹੁੰਦਾ ਅਤੇ ਇਕ ਕਾਨਪੁਰ ਦੇ ਆਪਣੇ ਨਿੱਕੇ ਜਿਹੇ ਦਫ਼ਤਰ ਵਿਚ। ਉਨ੍ਹਾਂ ਦਾ ਰਸਾਲਾ 'ਪ੍ਰਤਾਪ' ਆਜ਼ਾਦੀ ਸੰਗਰਾਮ ਦਾ ਮੁਹਰੈਲ ਸੀ ਜੋ ਆਜ਼ਾਦੀ ਲਈ ਜੱਦੋਜਹਿਦ ਦੇ ਨਾਲ-ਨਾਲ ਜਗੀਰੂ ਅਤੇ ਹੋਰ ਸ਼ਾਹੀ ਤਾਕਤਾਂ ਖਿਲਾਫ ਸੰਘਰਸ਼ਾਂ ਲਈ ਮੰਚ ਮੁਹੱਈਆ ਕਰਦਾ ਸੀ। ਉਹ ਇਨਕਲਾਬੀ ਦੇਸ਼ ਭਗਤਾਂ ਅਤੇ ਗਾਂਧੀਵਾਦੀ ਤਾਕਤਾਂ ਨੂੰ ਮਿਲਾਉਣ ਵਾਲੇ ਪੁਲ ਦਾ ਕੰਮ ਕਰਦੇ ਸਨ। 1923-24 ਵਿਚ ਘਰੋਂ ਫ਼ਰਾਰ ਹੋ ਕੇ ਭਗਤ ਸਿੰਘ ਕਾਨਪੁਰ ਹੀ ਗਏ ਸਨ ਜੋ ਉਦੋਂ ਇਨਕਲਾਬੀ ਸਰਗਰਮੀਆਂ ਦਾ ਵੱਡਾ ਕੇਂਦਰ ਸੀ ਅਤੇ ਉਥੇ ਬੇਪਛਾਣ ਰਹਿ ਕੇ 'ਪ੍ਰਤਾਪ' ਅਖ਼ਬਾਰ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਇਹ ਦੌਰਾਨ ਹੀ ਉਹ ਕਾਨਪੁਰ ਦੇ ਇਨਕਲਾਬੀ ਕੇਂਦਰ ਦਾ ਹਿੱਸਾ ਬਣੇ।

ਮਾਮੂਲੀ ਬਜਟ ਨਾਲ ਉਨ੍ਹਾਂ ਨੇ 1913 ਤੋਂ ਲੈ ਕੇ ਮਾਰਚ 1931 ਵਿਚ ਆਪਣੀ ਸ਼ਹਾਦਤ ਤਕ, ਕਲਮ ਦੇ ਮੋਰਚੇ ਤੋਂ ਬਾਖ਼ੂਬੀ ਆਪਣੀ ਆਵਾਜ਼ ਬੁਲੰਦ ਕੀਤੀ। ਨਿਸ਼ਚੇ ਹੀ ਉਸ ਦੌਰ ਦੇ ਤਕਾਜ਼ੇ ਅਨੁਸਾਰ ਉਨ੍ਹਾਂ ਦਾ ਮੁੱਖ ਫੋਕਸ ਆਜ਼ਾਦੀ ਸੰਗਰਾਮ ਸੀ। ਉਨ੍ਹਾਂ ਦੀ ਇਤਿਹਾਸਕ ਦੇਣ ਦੇ ਇਸ ਪੱਖ ਬਾਰੇ ਤਾਂ ਖ਼ੂਬ ਚਰਚਾ ਹੁੰਦੀ ਹੈ, ਪਰ ਜਿਨ੍ਹਾਂ ਹੋਰ ਸਮਕਾਲੀ ਸਰੋਕਾਰਾਂ ਨੂੰ ਉਹ ਬਹੁਤ ਸ਼ਿੱਦਤ ਨਾਲ ਮੁਖ਼ਾਤਬ ਹੁੰਦੇ ਰਹੇ, ਉਹ ਵੀ ਬਹੁਤ ਗ਼ੌਰਤਲਬ ਹਨ। ਮਜ਼੍ਹਬੀ ਝਗੜੇ ਅਤੇ ਫਿਰਕੂ ਫ਼ਸਾਦ ਆਜ਼ਾਦੀ ਦੀ ਲੜਾਈ ਦੇ ਰਾਹ ਵਿਚ ਵੱਡੀ ਰੁਕਾਵਟ ਬਣ ਰਹੇ ਸਨ। ਵਿਦਿਆਰਥੀ ਜੀ ਆਪਣੀਆਂ ਲਿਖਤਾਂ ਵਿਚ ਇਸ ਮਸਲੇ ਨੂੰ ਵਾਰ-ਵਾਰ ਉਠਾਉਂਦੇ ਅਤੇ ਫਿਰਕੂ ਸਾਜ਼ਿਸ਼ਾਂ ਪਿੱਛੇ ਕੰਮ ਕਰਦੀ ਅੰਗਰੇਜ਼ ਰਾਜ ਦੀ ਘਿਨਾਉਣੀ ਨੀਤੀ ਅਤੇ ਸੌੜੇ ਫਿਰਕੂ ਹਿਤਾਂ ਵਾਲੀਆਂ ਤਾਕਤਾਂ ਬਾਰੇ ਧਾਰਮਿਕ ਫਿਰਕਿਆਂ ਦੇ ਅਵਾਮ ਨੂੰ ਉਹ ਲਗਾਤਾਰ ਖ਼ਬਰਦਾਰ ਕਰਦੇ ਰਹਿੰਦੇ ਸਨ। ਆਪਣੀ ਮੁੱਖ ਕਰਮਭੂਮੀ ਕਾਨਪੁਰ ਵਿਚ ਉਨ੍ਹਾਂ ਨੇ ਆਗੂ ਭੂਮਿਕਾ ਨਿਭਾਉਂਦੇ ਹੋਏ 'ਹਿੰਦੁਸਤਾਨੀ ਬਿਰਾਦਰੀ' ਨਾਂ ਦੀ ਜਥੇਬੰਦੀ ਬਣਾਈ ਹੋਈ ਸੀ ਜੋ ਫਿਰਕੂ ਸਦਭਾਵਨਾ ਬਣਾਈ ਰੱਖਣ ਲਈ ਸਰਗਰਮੀ ਨਾਲ ਕੰਮ ਕਰਦੀ ਸੀ ਅਤੇ ਵੱਖ-ਵੱਖ ਧਾਰਮਿਕ ਤਿਓਹਾਰਾਂ ਨੂੰ ਸਾਂਝੇ ਤੌਰ 'ਤੇ ਮਨਾਉਂਦੀ ਸੀ। ਸ਼ਹੀਦ ਭਗਤ ਸਿੰਘ ਨੇ ਵੀ ਇਸ ਮਸਲੇ ਦੀ ਗੰਭੀਰਤਾ ਦੇ ਮੱਦੇਨਜ਼ਰ 'ਮਜ਼ਹਬ ਤੇ ਸਾਡੀ ਆਜ਼ਾਦੀ ਦੀ ਜੰਗ' ਅਤੇ 'ਧਰਮਵਾਰ (ਫਿਰਕੂ) ਫਸਾਦ ਤੇ ਉਨ੍ਹਾਂ ਦਾ ਇਲਾਜ' ਨਾਂ ਦੇ ਲੇਖ ਲਿਖ ਕੇ ਅਤੇ ਨੌਜਵਾਨ ਭਾਰਤ ਸਭਾ ਦੇ



ਮਨੋਰਥ ਪੱਤਰ ਵਿਚ ਫਿਰਕਾਪ੍ਰਸਤੀ ਬਾਰੇ ਬਾਦਲੀਲ ਸਮਝ ਪੇਸ਼ ਕੀਤੀ ਸੀ।

ਜਦੋਂ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਇਨਕਲਾਬੀ ਸਾਥੀਆਂ ਉਪਰ ਬਰਤਾਨਵੀ ਹਕੂਮਤ ਵਲੋਂ ਮੁਕੱਦਮਾ ਚਲਾਇਆ ਜਾ ਰਿਹਾ ਸੀ, ਉਦੋਂ ਵਿਦਿਆਰਥੀ ਜੀ ਵੀ ਇਕ ਹੋਰ ਮਾਮਲੇ ਵਿਚ ਜੇਲ੍ਹ ਵਿਚ ਡੱਕੇ ਹੋਏ ਸਨ। ਉਨ੍ਹਾਂ ਦੀ ਇਨਕਲਾਬੀਆਂ ਨਾਲ ਬਹੁਤ ਨੇੜਤਾ ਸੀ। 23 ਮਾਰਚ ਤੋਂ ਥੋੜ੍ਹੇ ਦਿਨ ਪਹਿਲਾਂ ਹੀ ਉਹ ਰਿਹਾਅ ਹੋ ਕੇ ਜੇਲ੍ਹ ਵਿਚੋਂ ਬਾਹਰ ਆਏ ਸਨ। ਮੌਤ ਤੋਂ ਬੇਪ੍ਰਵਾਹ ਫਾਂਸੀ ਦੀ ਇੰਤਜ਼ਾਰ ਕਰ ਰਹੇ ਇਨਕਲਾਬੀਆਂ ਦੀ ਵਧ ਰਹੀ ਮਕਬੂਲੀਅਤ ਅੰਗਰੇਜ਼ ਹੁਕਮਰਾਨ ਨੂੰ ਬਹੁਤ ਚੁਭਦੀ ਸੀ। ਅਵਾਮ ਦੇ ਮਿਜ਼ਾਜ ਤੋਂ ਇਹ ਤੈਅ ਸੀ ਕਿ ਇਨਕਲਾਬੀਆਂ ਨੂੰ ਫ਼ਾਂਸੀ ਦੇਣ 'ਤੇ ਵਿਦੇਸ਼ੀ ਰਾਜ ਨੂੰ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ। ਇਨਕਲਾਬੀ ਸਰਗਰਮੀਆਂ ਦਾ ਗੜ੍ਹ ਕਾਨਪੁਰ ਵਿਰੋਧ ਦੇ ਐਸੇ ਕੇਂਦਰਾਂ ਵਿਚੋਂ ਇਕ ਸੀ ਜਿਥੇ ਵਿਦਿਆਰਥੀ ਜੀ ਆਪਣੇ ਰਸੂਖ਼ ਅਤੇ ਸਰਗਰਮੀਆਂ ਕਾਰਨ ਵੱਡਾ ਵਿਰੋਧ ਲਾਮਬੰਦ ਕਰ ਸਕਦੇ ਸਨ। ਇਸ ਮਾਹੌਲ ਨੂੰ ਮੋੜਾ ਦੇਣ ਲਈ ਇਥੇ ਅੰਗਰੇਜ਼ ਹਕੂਮਤ ਵਲੋਂ ਫਿਰਕੂ ਹਿੰਸਾ ਭੜਕਾ ਦਿੱਤੀ ਗਈ। ਵਿਦਿਆਰਥੀ ਜੀ ਨੂੰ ਇਨ੍ਹਾਂ ਫ਼ਸਾਦਾਂ ਨੂੰ ਰੋਕਣ ਲਈ ਪੇਸ਼ਬੰਦੀ ਕਰਨ ਦਾ ਵਕਤ ਨਹੀਂ ਮਿਲਿਆ, ਫਿਰ ਵੀ ਉਨ੍ਹਾਂ ਨੇ ਆਮ ਲੋਕਾਂ ਨੂੰ ਬਚਾਉਣ ਦੀਆਂ ਬੇਤਹਾਸ਼ਾ ਕੋਸ਼ਿਸ਼ਾਂ ਕੀਤੀਆਂ। ਉਹ ਹਿੰਦੂ ਅਤੇ ਮੁਸਲਮਾਨ, ਦੋਹਾਂ ਕੱਟੜਪੰਥੀ ਅਨਸਰਾਂ ਦੇ ਮਨਸੂਬੇ ਠੱਲ੍ਹਣ ਲਈ ਯਤਨਸ਼ੀਲ ਸਨ। ਇਸੇ ਦੌਰਾਨ 25 ਮਾਰਚ 1931 ਨੂੰ ਉਨ੍ਹਾਂ ਨੂੰ ਛੁਰਾ ਮਾਰ ਕੇ ਕਤਲ ਕਰ ਦਿੱਤਾ ਗਿਆ। ਲਾਸ਼ ਦੋ ਦਿਨ ਬਾਅਦ ਮਿਲੀ ਜਿਸ ਕਰ ਕੇ ਉਨ੍ਹਾਂ ਦੇ ਕਤਲ ਦੇ ਸਹੀ ਹਾਲਾਤ ਅਤੇ ਵਕਤ ਦੀ ਜਾਣਕਾਰੀ ਹਾਸਲ ਨਹੀਂ। ਸ਼ਹਾਦਤ ਦੇ ਵਕਤ ਉਨ੍ਹਾਂ ਦੀ ਉਮਰ ਮਹਿਜ਼ 40 ਸਾਲ ਸੀ।

ਵਿਦਿਆਰਥੀ ਜੀ ਦੀ ਬੇਟੀ ਅਤੇ ਪਤਨੀ ਨੂੰ ਆਮ ਲੋਕਾਂ ਤੋਂ ਜੋ ਸੁਣਨ ਨੂੰ ਮਿਲਿਆ, ਉਸ ਮੁਤਾਬਿਕ ਇਹ ਗਿਣ-ਮਿਥ ਕੇ ਕੀਤਾ ਗਿਆ ਕਤਲ ਸੀ। ਵਿਦਿਆਰਥੀ ਜੀ ਦੀਆਂ ਲਿਖਤਾਂ ਦੇ ਸੰਗ੍ਰਹਿ ਵਿਚ ਸ਼ਾਮਲ ਉਨ੍ਹਾਂ ਦੀ ਬੇਟੀ ਦੀ ਇੰਟਰਵਿਊ ਤੋਂ ਇਹ ਸਪਸ਼ਟ ਖ਼ੁਲਾਸਾ ਹੁੰਦਾ ਹੈ।

ਅੱਜ ਆਜ਼ਾਦੀ ਸੰਗਰਾਮੀਆਂ ਦੀ ਕਰਮਭੂਮੀ ਫਿਰਕੂ ਜ਼ਹਿਰ ਉਗਲਦੇ ਹਿੰਦੂਤਵੀ ਗਰੋਹਾਂ ਦੇ ਪਾਪਾਂ ਦੇ ਭਾਰ ਹੇਠ ਦਰੜੀ ਜਾ ਰਹੀ ਹੈ। ਇਸ ਪਾਖੰਡੀ ਰਾਸ਼ਟਰਵਾਦ ਦਾ ਢੁਕਵਾਂ ਜਵਾਬ ਵਿਦਿਆਰਥੀ ਜੀ ਵਰਗਿਆਂ ਦੀ ਸੱਚੀ ਤੇ ਸੁੱਚੀ ਦੇਸ਼ ਭਗਤੀ ਦੀ ਵਿਰਾਸਤ ਹੈ ਜੋ ਬਹੁਗਿਣਤੀ ਦੇ ਨਾਂ ਹੇਠ ਹਿੰਦੂਤਵੀ ਧੌਂਸ ਖਿਲਾਫ ਸਾਂਝੇ ਸੰਘਰਸ਼ ਦਾ ਢੁਕਵਾਂ ਆਧਾਰ ਬਣਦੀ ਹੈ। ਇਸੇ ਪ੍ਰਸੰਗ ਵਿਚ ਉਨ੍ਹਾਂ ਦੀਆਂ ਲਿਖਤਾਂ ਦਾ ਮੁੜ ਮੁਤਾਲਿਆ ਕੀਤੇ ਜਾਣ ਦੀ ਲੋੜ ਹੈ। ਅੱਜ ਇਹ ਜ਼ਰੂਰੀ ਹੈ ਕਿ ਇਸ ਵਿਰਾਸਤ ਨੂੰ ਧੜੱਲੇ ਨਾਲ ਬੁਲੰਦ ਕਰਦਿਆਂ ਸੰਘ ਪਰਿਵਾਰ ਵਲੋਂ ਥੋਪੇ ਰਾਸ਼ਟਰਵਾਦ ਦੇ ਪ੍ਰਵਚਨ ਨੂੰ ਇਸ ਇਤਿਹਾਸਕ ਪੱਖ ਤੋਂ ਵੀ ਮੁਖ਼ਾਤਿਬ ਹੋਇਆ ਜਾਵੇ।

## ਗਣੇਸ਼ ਸ਼ੰਕਰ ਵਿਦਿਆਰਥੀ ਦੀ ਕਲਮ ਤੋਂ...

# ਰਾਸ਼ਟ੍ਰੀਅਤਾ

ਦੇਸ਼ ਵਿਚ ਕਿਤੇ-ਕਿਤੇ ਕੌਮੀਅਤ (ਰਾਸ਼ਟ੍ਰੀਅਤਾ) ਦੇ ਭਾਵ ਨੂੰ ਸਮਝਣ ਵਿਚ ਡੂੰਘੀ ਅਤੇ ਭੱਦੀ ਭੁੱਲ ਕੀਤੀ ਜਾ ਰਹੀ ਹੈ। ਆਏ ਦਿਨ ਸਾਨੂੰ ਇਸ ਭੁੱਲ ਦੇ ਕਈ ਸਬੂਤ ਮਿਲ ਜਾਂਦੇ ਹਨ। ਜੇ ਇਸ ਭਾਵ ਦੇ ਸਹੀ ਅਰਥ ਚੰਗੀ ਤਰ੍ਹਾਂ ਸਮਝ ਲਏ ਗਏ ਹੁੰਦੇ ਤਾਂ ਇਸ ਵਿਸ਼ੇ ਨੂੰ ਲੈ ਕੇ ਬਹੁਤ ਸਾਰੀਆਂ ਬੇਤੁਕੀਆਂ ਅਤੇ ਅਸਪਸ਼ਟ ਗੱਲਾਂ ਸੁਣਨ ਵਿਚ ਨਾ ਆਉਂਦੀਆਂ। ਕੌਮੀਅਤ ਨਸਲੀ-ਸਭਿਆਚਾਰ ਨਹੀਂ ਹੈ। ਕੌਮੀਅਤ ਧਾਰਮਿਕ ਸਿਧਾਂਤਾਂ ਦਾ ਦਾਇਰਾ ਨਹੀਂ ਹੈ। ਕੌਮੀਅਤ ਸਮਾਜਿਕ ਬੰਧਨਾਂ ਦਾ ਘੇਰਾ ਨਹੀਂ ਹੈ। ਕੌਮੀਅਤ ਦਾ ਜਨਮ ਦੇਸ਼ ਦੇ ਸਵਰੂਪ ਤੋਂ ਹੁੰਦਾ ਹੈ। ਉਸ ਦੀਆਂ ਸੀਮਾਵਾਂ ਦੇਸ਼ ਦੀਆਂ ਸੀਮਾਵਾਂ ਹਨ। ਕੁਦਰਤੀ ਵਿਸ਼ੇਸ਼ਤਾ ਅਤੇ ਭਿੰਨਤਾ ਦੇਸ਼ ਨੂੰ ਦੁਨੀਆ ਤੋਂ ਅਲੱਗ ਕਰਦੀ ਹੈ ਤੇ ਸਪਸ਼ਟ ਵੀ ਕਰਦੀ ਹੈ ਅਤੇ ਉਸ ਦੇ ਨਿਵਾਸੀਆਂ ਨੂੰ ਇਕ ਖ਼ਾਸ ਬੰਧਨ, ਕਿਸੇ ਸਮਾਨੁਪਾਤ ਦੇ ਬੰਧਨ ਨਾਲ ਬੰਨ੍ਹਦੀ ਹੈ।

ਕੌਮੀਅਤ ਦੀ ਪਰਵਰਿਸ਼ ਅਧੀਨਤਾ ਦੇ ਪੰਘੂੜੇ ਵਿਚ ਨਹੀਂ ਹੁੰਦੀ। ਆਜ਼ਾਦ ਦੇਸ਼ ਹੀ ਕੌਮੀਅਤਾਂ ਦੀ ਭੂਮੀ ਹੈ, ਕਿਉਂਕਿ ਲੰਡਾ ਪਸ਼ੂ ਹੋਵੇ ਤਾਂ ਹੋਵੇ, ਪਰ ਆਪਣਾ ਰਾਜ ਆਪਣੇ ਹੱਥਾਂ ਵਿਚ ਨਾ ਰੱਖਣ ਵਾਲੇ ਕੌਮੀਅਤ ਨਹੀਂ ਹੁੰਦੇ। ਕੌਮੀਅਤ ਦਾ ਭਾਵ ਮਨੁੱਖੀ ਵਿਕਾਸ ਦੀ ਪੌੜੀ ਹੈ। ਇਹ ਡੂੰਘੇ ਤੌਰ-ਤਰੀਕਿਆਂ ਵਿਚੋਂ ਉਭਰਿਆ। ਯੂਰਪ ਦੇ ਦੇਸ਼ਾਂ ਵਿਚ ਇਹ ਸਭ ਤੋਂ ਪਹਿਲਾਂ ਪੈਦਾ ਹੋਇਆ। ਇਨਸਾਨ ਉਸ ਵਕਤ ਤਕ ਇਨਸਾਨ ਹੈ, ਜਦ ਤਕ ਉਸ ਦੀ ਨਜ਼ਰ ਦੇ ਸਾਹਮਣੇ ਕੋਈ ਐਸਾ ਉਚਾ ਆਦਰਸ਼ ਹੈ, ਜਿਸ ਦੇ ਲਈ ਉਹ ਆਪਣੇ ਪ੍ਰਾਣ ਤਕ ਨਿਛਾਵਰ ਕਰ ਸਕੇ। ਵਕਤ ਦੀ ਰਫ਼ਤਾਰ ਨਾਲ ਆਦਰਸ਼ਾਂ ਵਿਚ ਬਦਲਾਓ ਆਏ।

ਧਰਮ ਦੇ ਆਦਰਸ਼ ਲਈ ਲੋਕਾਂ ਨੇ ਜਾਨਾਂ ਦਿੱਤੀਆਂ ਅਤੇ ਤਨ ਕਟਵਾਏ, ਪਰ ਦੁਨੀਆ ਦੇ ਵੱਖ-ਵੱਖ ਧਰਮਾਂ ਦੇ ਟਕਰਾਓ, ਇਕ-ਇਕ ਦੇਸ਼ ਵਿਚ ਕਈ-ਕਈ ਧਰਮਾਂ ਦੇ ਹੋਣ ਅਤੇ ਧਾਰਮਿਕ ਭਾਵਾਂ ਦੇ ਗ਼ਲਬੇ ਨਾਲ ਦੇਸ਼ ਦੇ ਵਪਾਰ, ਕਲਾ-ਕੌਸ਼ਲ ਅਤੇ ਸਭਿਅਤਾ ਦੀ ਤਰੱਕੀ ਵਿਚ ਰੁਕਾਵਟ ਪੈਣ ਨਾਲ ਆਖ਼ਰਕਾਰ ਸਹਿਜੇ-ਸਹਿਜੇ ਧਰਮ ਦਾ ਪੱਖਪਾਤ ਘਟਦਾ ਗਿਆ ਅਤੇ ਲੋਕਾਂ ਅੱਗੇ ਦੇਸ਼ ਪ੍ਰੇਮ ਦਾ ਸੁਭਾਵਿਕ ਆਦਰਸ਼ ਸਾਹਮਣੇ ਆਉਂਦਾ ਗਿਆ।

ਪੁਰਾਤਨ ਕਾਲ ਵਿਚ ਜੋ ਧਰਮ ਦੇ ਨਾਂ 'ਤੇ ਕੱਟ-ਮਰਦੇ ਸਨ, ਅੱਜ ਉਨ੍ਹਾਂ ਦੀ ਸੰਤਾਨ ਦੇਸ਼ ਦੇ ਨਾਂ ਉਪਰ ਮਰਦੀ ਹੈ। ਪੁਰਾਣੇ ਚੰਗੇ ਸਨ ਜਾਂ ਇਹ ਨਵੇਂ; ਇਸ ਉਪਰ ਬਹਿਸ ਕਰਨਾ ਫ਼ਜ਼ੂਲ ਹੀ ਹੈ, ਪਰ ਉਨ੍ਹਾਂ ਵਿਚ ਜ਼ਿੰਦਗੀ ਸੀ ਅਤੇ ਇਨ੍ਹਾਂ ਵਿਚ ਵੀ ਜ਼ਿੰਦਗੀ ਹੈ। ਉਹ ਵੀ ਤਿਆਗ ਕਰਨਾ ਚਾਹੁੰਦੇ ਸਨ ਅਤੇ ਇਹ ਵੀ, ਤੇ ਇਹ ਦੋਨੋਂ ਉਨ੍ਹਾਂ ਬਦਕਿਸਮਤਾਂ ਨਾਲੋਂ ਲੱਖ ਦਰਜੇ ਚੰਗੇ ਅਤੇ ਭਾਗਾਂ ਵਾਲੇ ਹਨ ਜਿਨ੍ਹਾਂ ਦੇ ਸਾਹਮਣੇ ਕੋਈ ਆਦਰਸ਼ ਨਹੀਂ ਅਤੇ ਜੋ ਹਰ ਗੱਲ ਵਿਚ ਮੌਤ ਤੋਂ ਡਰਦੇ ਹਨ। ਇਹ ਆਦਮੀ ਆਪਣੇ ਦੇਸ਼ ਦਾ ਬੋਝ ਅਤੇ ਆਪਣੀ ਮਾਂ ਦੀ ਕੁੱਖ ਦਾ ਕਲੰਕ ਹਨ।

ਦੇਸ਼ ਪ੍ਰੇਮ ਦਾ ਭਾਵ ਇੰਗਲੈਂਡ ਵਿਚ ਉਸ ਵਕਤ ਉਦੈ ਹੋ ਚੁੱਕਾ ਸੀ, ਜਦੋਂ ਸਪੇਨ ਦੇ ਕੈਥੋਲਿਕ ਰਾਜਾ ਫਿਲਿਪ ਨੇ ਇੰਗਲੈਂਡ ਉਪਰ ਅਜਿੱਤ ਜਹਾਜ਼ੀ



ਕਾਨਪੁਰ (ਉਤਰ ਪ੍ਰਦੇਸ਼) ਦਾ ਮੈਡੀਕਲ ਕਾਲਜ ਜਿਸ ਦਾ ਨਾਂ ਗਣੇਸ਼ ਸ਼ੰਕਰ ਵਿਦਿਆਰਥੀ ਦੀ ਯਾਦ ਵਿਚ ਰੱਖਿਆ ਗਿਆ ਹੈ।

*ਧਰਮ ਦੇ ਆਦਰਸ਼ ਲਈ ਲੋਕਾਂ ਨੇ ਜਾਨਾਂ ਦਿੱਤੀਆਂ ਤੇ ਤਨ ਕਟਵਾਏ, ਪਰ ਦੁਨੀਆ ਦੇ ਵੱਖ-ਵੱਖ ਧਰਮਾਂ ਦੇ ਟਕਰਾਓ, ਇਕ-ਇਕ ਦੇਸ਼ ਵਿਚ ਕਈ-ਕਈ ਧਰਮਾਂ ਦੇ ਹੋਣ ਅਤੇ ਧਾਰਮਿਕ ਭਾਵਾਂ ਦੇ ਗ਼ਲਬੇ ਨਾਲ ਦੇਸ਼ ਦੇ ਵਪਾਰ, ਕਲਾ-ਕੌਸ਼ਲ ਅਤੇ ਸਭਿਅਤਾ ਦੀ ਤਰੱਕੀ ਵਿਚ ਰੁਕਾਵਟ ਪੈਣ ਨਾਲ ਆਖ਼ਰਕਾਰ ਸਹਿਜੇ-ਸਹਿਜੇ ਧਰਮ ਦਾ ਪੱਖਪਾਤ ਘਟਦਾ ਗਿਆ ਅਤੇ ਲੋਕਾਂ ਅੱਗੇ ਦੇਸ਼ ਪ੍ਰੇਮ ਦਾ ਸੁਭਾਵਿਕ ਆਦਰਸ਼ ਸਾਹਮਣੇ ਆਉਂਦਾ ਗਿਆ।... ਕੁਝ ਲੋਕ 'ਹਿੰਦੂ ਰਾਸ਼ਟਰ - ਹਿੰਦੂ ਰਾਸ਼ਟਰ' ਚੀਕ ਰਹੇ ਹਨ।... ਇਨ੍ਹਾਂ ਨੇ ਹੁਣ ਤਕ 'ਰਾਸ਼ਟਰ' ਦੇ ਅਰਥ ਹੀ ਨਹੀਂ ਸਮਝੇ।*

ਬੇੜੇ ਅਰਮੇਡਾ ਦੁਆਰਾ ਚੜ੍ਹਾਈ ਕੀਤੀ ਸੀ, ਕਿਉਂਕਿ ਇੰਗਲੈਂਡ ਦੇ ਕੈਥੋਲਿਕ ਅਤੇ ਪ੍ਰੋਟੈਸਟੈਂਟ, ਦੋਨੋਂ ਤਰ੍ਹਾਂ ਦੇ ਈਸਾਈਆਂ ਨੇ ਦੇਸ਼ ਦੇ ਦੁਸ਼ਮਣ ਦਾ ਇਕੋ ਜਿੰਨਾ ਸਵਾਗਤ ਕੀਤਾ। ਫਰਾਂਸ ਦੀ ਰਾਜ-ਕ੍ਰਾਂਤੀ ਨਾਲ ਕੌਮੀਅਤ ਪੂਰੇ ਜਲੌਅ ਵਿਚ ਖਿੜ ਉਠੀ। ਇਸ ਪ੍ਰਕਾਸ਼ਮਾਨ ਰੂਪ ਨੂੰ ਦੇਖ ਕੇ ਡਿੱਗੇ ਹੋਏ ਦੇਸ਼ਾਂ ਨੂੰ ਆਸ ਦਾ ਮਧੁਰ ਸੰਗੀਤ ਮਿਲ ਗਿਆ।

19ਵੀਂ ਸਦੀ ਕੌਮੀਅਤ ਦੀ ਸਦੀ ਸੀ। ਮੌਜੂਦਾ ਜਰਮਨੀ ਦਾ ਉਦੈ ਇਸੇ ਸਦੀ ਵਿਚ ਹੋਇਆ। ਅਧੀਨ (ਗੁਲਾਮ) ਇਟਲੀ ਨੇ ਸਵੈਇੱਛਾ ਨਾਲ ਆਸਟਰੀਆ ਦੇ ਬੰਧਨਾਂ ਤੋਂ ਮੁਕਤੀ ਹਾਸਲ ਕੀਤੀ। ਯੂਨਾਨ ਨੂੰ ਆਜ਼ਾਦੀ ਮਿਲੀ ਅਤੇ ਬਾਲਕਨ ਦੀਆਂ ਹੋਰ ਕੌਮਾਂ ਵੀ ਕਬਰਾਂ ਵਿਚੋਂ ਸਿਰ ਕੱਢ ਕੇ ਉਠ ਖਲੋਈਆਂ। ਡਿੱਗੇ ਹੋਏ ਪੂਰਬ ਨੇ ਵੀ ਆਪਣਾ ਪ੍ਰਤਾਪ ਦਿਖਾਇਆ। ਬਾਹਰਲੇ ਉਸ ਨੂੰ ਦੋਨਾਂ ਹੱਥਾਂ ਨਾਲ ਲੁੱਟ ਰਹੇ ਸਨ। ਉਸ ਵਿਚ ਚੇਤਨਾ ਆਈ। ਉਸ ਨੇ ਅੰਗੜਾਈ ਲਈ ਅਤੇ ਚੋਰਾਂ ਦੇ ਕੰਨ ਖੜ੍ਹੇ ਹੋ ਗਏ। ਉਸ ਨੇ ਦੁਨੀਆ ਦੀ ਰਫ਼ਤਾਰ ਉਪਰ ਨਜ਼ਰ ਮਾਰੀ। ਦੇਖਿਆ, ਦੁਨੀਆ ਨੂੰ ਨਵਾਂ ਚਾਨਣ ਮਿਲ ਗਿਆ ਹੈ ਅਤੇ ਜਾਣਿਆ ਕਿ ਖੁਦਗਰਜ਼ੀ ਦੇ ਇਸ ਅੰਧਕਾਰ ਨੂੰ ਉਸ ਚਾਨਣ ਤੋਂ ਬਿਨਾ ਪਾਰ ਕਰਨਾ ਅਸੰਭਵ ਹੈ। ਉਸ ਦੇ ਮਨ ਵਿਚ ਲਹਿਰਾਂ ਉਠੀਆਂ ਅਤੇ ਹੁਣ ਅਸੀਂ ਉਨ੍ਹਾਂ ਲਹਿਰਾਂ ਦੇ ਮੋਤੀ ਦੇਖ ਰਹੇ ਹਾਂ।

ਜਪਾਨ ਇਕ ਮੋਤੀ ਹੈ - ਐਸਾ ਚਮਕਦਾ ਹੋਇਆ ਕਿ ਕੌਮੀਅਤ ਉਸ ਨੂੰ ਕਿਤੇ ਵੀ ਪੇਸ਼ ਕਰ ਸਕਦਾ ਹੈ। ਲਹਿਰ ਰੁਕੀ ਨਹੀਂ, ਵਧੀ ਅਤੇ ਖ਼ੂਬ ਵਧੀ। ਅਫ਼ੀਮਚੀ ਚੀਨ ਨੂੰ ਉਸ ਨੇ ਜਗਾਇਆ ਅਤੇ ਅਧੀਨ ਭਾਰਤ ਨੂੰ ਉਸ ਨੇ ਹਲੂਣਿਆ। ਫਾਰਸ ਵਿਚ ਉਸ ਨੇ ਜਾਗ੍ਰਿਤੀ ਫੈਲਾਈ ਅਤੇ ਏਸ਼ੀਆ ਦੇ ਜੰਗਲਾਂ ਤੇ ਗੁਫ਼ਾਵਾਂ ਤਕ ਵਿਚ ਕੌਮੀਅਤ ਦੀ ਗੂੰਜ ਇਸ ਵਕਤ ਕਿਸੇ ਨਾ ਕਿਸੇ ਰੂਪ ਵਿਚ ਉਸ ਨੇ ਪਹੁੰਚਾ ਦਿੱਤੀ। ਇਹ ਸੰਸਾਰ ਲਹਿਰ ਹੈ। ਇਸ ਨੂੰ ਰੋਕਿਆ ਨਹੀਂ ਜਾ ਸਕਦਾ। ਉਹ ਖ਼ੁਦ ਹੀ ਆਪਣੇ ਹੱਥ ਤੋੜ ਲੈਣਗੇ - ਜੋ ਉਸ ਨੂੰ ਰੋਕਣਗੇ ਅਤੇ ਉਨ੍ਹਾਂ ਮੁਰਦਿਆਂ ਦੀ ਖ਼ਾਕ ਦਾ ਵੀ ਪਤਾ ਨਹੀਂ ਲੱਗੇਗਾ - ਜੋ ਇਸ ਦੇ ਸੰਦੇਸ਼ ਨੂੰ ਨਹੀਂ ਸੁਣਨਗੇ।

ਭਾਰਤ ਵਿਚ ਅਸੀਂ ਕੌਮੀਅਤ ਦੀ ਪੁਕਾਰ ਸੁਣ ਚੁੱਕੇ ਹਾਂ। ਸਾਨੂੰ ਭਾਰਤ ਦੇ ਉਚ ਅਤੇ ਉਜਲ ਭਵਿਖ ਦਾ ਵਿਸ਼ਵਾਸ ਹੈ। ਸਾਨੂੰ ਵਿਸ਼ਵਾਸ ਹੈ ਕਿ ਸਾਡਾ ਹੜ੍ਹ ਕਿਸੇ ਦੇ ਰੋਕਿਆਂ ਨਹੀਂ ਰੁਕ ਸਕਦਾ। ਰਸਤੇ ਵਿਚ ਰੋਕਣ ਵਾਲੀਆਂ ਚਟਾਨਾਂ ਆ ਸਕਦੀਆਂ ਹਨ। ਚਟਾਨਾਂ ਪਾਣੀ ਦੇ ਕਿਸੇ ਹੜ੍ਹ ਨੂੰ ਨਹੀਂ ਰੋਕ ਸਕਦੀਆਂ, ਪਰ ਇਕ ਗੱਲ ਹੈ; ਸਾਨੂੰ ਜਾਣ-ਬੁਝ ਕੇ ਮੂਰਖ਼ ਨਹੀਂ ਬਣਨਾ ਚਾਹੀਦਾ, ਊਟਪਟਾਂਗ ਰਸਤੇ ਨਹੀਂ ਗਾਹੁਣੇ ਚਾਹੀਦੇ।


ਕੁਝ ਲੋਕ 'ਹਿੰਦੂ ਰਾਸ਼ਟਰ - ਹਿੰਦੂ ਰਾਸ਼ਟਰ' ਚੀਕ ਰਹੇ ਹਨ। ਸਾਨੂੰ ਖ਼ਿਮਾ ਕਰਨਾ, ਜੇ ਅਸੀਂ ਕਹੀਏ - ਨਹੀਂ, ਅਸੀਂ ਇਸ ਗੱਲ ਉਪਰ ਜ਼ੋਰ ਦੇਈਏ ਕਿ ਉਹ ਬੜੀ ਭਾਰੀ ਭੁੱਲ ਕਰ ਰਹੇ ਹਨ ਅਤੇ ਉਨ੍ਹਾਂ ਨੇ ਹੁਣ ਤਕ 'ਰਾਸ਼ਟਰ' ਦੇ ਅਰਥ ਹੀ ਨਹੀਂ ਸਮਝੇ। ਅਸੀਂ ਨਜੂਮੀ ਨਹੀਂ, ਪਰ ਮਿਜ਼ਾਜ ਸਾਨੂੰ ਦੱਸਦਾ ਹੈ ਕਿ ਹੁਣ ਸੰਸਾਰ ਵਿਚ 'ਹਿੰਦੂ ਰਾਸ਼ਟਰ' ਨਹੀਂ ਹੋ ਸਕਦਾ, ਕਿਉਂਕਿ ਰਾਸ਼ਟਰ ਦਾ ਹੋਣਾ ਉਸੇ ਵਕਤ ਸੰਭਵ ਹੈ ਜਦੋਂ ਦੇਸ਼ ਦਾ ਸ਼ਾਸਨ ਦੇਸ਼ ਵਾਲਿਆਂ ਦੇ ਹੱਥਾਂ ਵਿਚ ਹੋਵੇ। ਤੇ ਜਦੋਂ ਇਹ ਮੰਨ ਲਿਆ ਜਾਵੇ ਕਿ ਅੱਜ ਭਾਰਤ ਆਜ਼ਾਦ ਹੋ ਜਾਵੇ, ਜਾਂ ਇੰਗਲੈਂਡ ਉਸ ਨੂੰ ਬਸਤੀਵਾਦੀ ਸਵਰਾਜ ਦੇ ਦੇਵੇ, ਤਾਂ ਵੀ ਹਿੰਦੂ ਹੀ ਭਾਰਤੀ ਰਾਸ਼ਟਰ ਦੇ ਸਭ ਕੁਝ ਹੋਣਗੇ ਅਤੇ ਜੋ ਐਸਾ ਸਮਝਦੇ ਹਨ - ਦਿਲੋਂ ਜਾਂ ਕੇਵਲ ਲੋਕਾਂ ਨੂੰ ਖ਼ੁਸ਼ ਕਰਨ ਲਈ ਉਹ ਭੁੱਲ ਕਰ ਰਹੇ ਹਨ ਤੇ ਦੇਸ਼ ਦਾ ਨੁਕਸਾਨ ਕਰ ਰਹੇ ਹਨ।

ਉਹ ਲੋਕ ਵੀ ਇਸ ਤਰ੍ਹਾਂ ਦੀ ਭੁੱਲ ਕਰ ਰਹੇ ਹਨ ਜੋ ਤੁਰਕੀ ਜਾਂ ਕਾਬੁਲ, ਮੱਕਾ ਜਾਂ ਜਦਾਹ ਦਾ ਸੁਪਨਾ ਦੇਖਦੇ ਹਨ, ਕਿਉਂਕਿ ਉਹ ਉਨ੍ਹਾਂ ਦੀ ਜਨਮਭੂਮੀ ਨਹੀਂ ਅਤੇ ਇਸ ਵਿਚ ਕੁਝ ਵੀ ਕੁੜੱਤਣ ਨਾ ਸਮਝੀ ਜਾਵੇ, ਜੇ ਅਸੀਂ ਇਹ ਕਹੀਏ ਕਿ ਉਨ੍ਹਾਂ ਦੀਆਂ ਕਬਰਾਂ ਇਸੇ ਦੇਸ਼ ਵਿਚ ਬਣਨਗੀਆਂ ਅਤੇ ਉਨ੍ਹਾਂ ਦੇ ਮਰਸੀਏ - ਜੇ ਉਹ ਇਸ ਯੋਗ ਹੋਣਗੇ ਤਾਂ - ਇਸੇ ਦੇਸ਼ ਵਿਚ ਗਾਏ ਜਾਣਗੇ; ਪਰ ਸਾਡਾ ਵਿਰੋਧੀ, ਨਹੀਂ, ਕੌਮੀਅਤ ਦਾ ਵਿਰੋਧ ਕਰਨ ਵਾਲਾ ਮੂੰਹ ਅੱਡ ਕੇ ਕਹਿ ਸਕਦਾ ਹੈ ਕਿ ਕੌਮੀਅਤ ਸਵਾਰਥਾਂ ਦੀ ਖਾਣ ਹੈ। ਦੇਖ ਲਉ ਇਸ ਮਹਾਂ ਯੁੱਧ ਨੂੰ ਅਤੇ ਕਰੋ ਹਿੰਮਤ ਇਨਕਾਰ ਕਰਨ ਦੀ, ਕਿ ਸੰਸਾਰ ਦੇ ਰਾਸ਼ਟਰ ਪੱਕੇ ਸਵਾਰਥੀ ਨਹੀਂ ਹਨ? ਅਸੀਂ ਇਸ ਵਿਰੋਧ ਦਾ ਸਵਾਗਤ ਕਰਦੇ ਹਾਂ, ਪਰ ਸੰਸਾਰ ਦੀ ਕਿਸ ਚੀਜ਼ ਵਿਚ ਬੁਰਾਈ ਅਤੇ ਭਲਾਈ ਦੋਨੋਂ ਗੱਲਾਂ ਨਹੀਂ ਹਨ?

ਲੋਹੇ ਤੋਂ ਡਾਕਟਰ ਦੀ ਚੀਰਾ ਦੇਣ ਵਾਲੀ ਨਸ਼ਤਰ ਅਤੇ ਰੇਲ ਦੀਆਂ ਪਟੜੀਆਂ ਬਣਦੀਆਂ ਹਨ, ਤੇ ਇਸੇ ਲੋਹੇ ਨਾਲ ਹਤਿਆਰੇ ਦਾ ਛੁਰਾ ਤੇ ਲੜਾਈ ਦੀਆਂ ਤੋਪਾਂ ਵੀ ਬਣਦੀਆਂ ਹਨ। ਸੂਰਜ ਦਾ ਪ੍ਰਕਾਸ਼ ਫੂਲਾਂ ਨੂੰ ਰੰਗ-ਬਰੰਗਾ ਬਣਾਉਂਦਾ ਹੈ ਪਰ ਉਹ ਬੇਚਾਰਾ ਮੁਰਦਾ ਲਾਸ਼ ਦਾ ਕੀ ਕਰੇ, ਜੋ ਉਸ ਦੇ ਛੂਹਣ 'ਤੇ ਹੀ ਸੜ ਕੇ ਬਦਬੂ ਮਾਰਨ ਲੱਗਦੀ ਹੈ। ਅਸੀਂ ਕੌਮੀਅਤ ਦੇ ਪੈਰੋਕਾਰ ਹਾਂ, ਪਰ ਉਹ ਸਾਡਾ ਸਭ ਕੁਝ ਨਹੀਂ, ਉਹ ਕੇਵਲ ਸਾਡੇ ਦੇਸ਼ ਦੀ ਤਰੱਕੀ ਦਾ ਉਪਾਅ ਹੈ।

*-ਅਨੁਵਾਦ: ਬੂਟਾ ਸਿੰਘ*

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

# ਪਰਵਾਸੀ ਪ੍ਰਚਾਰ ਦਾ ਤ੍ਰਿਸਕਾਰ?

ਪਹਿਲਾਂ ਹੀ ਸਪਸ਼ਟ ਕਰ ਦਿਆਂ ਕਿ ਨਾ ਤਾਂ ਸੌ ਵਿਚੋਂ ਸੌ ਪੰਜਾਬੀ ਪਰਵਾਸੀ ਆਮ ਆਦਮੀ ਪਾਰਟੀ (ਆਪ) ਦੀ ਹਮਾਇਤ ਕਰਨ ਪੰਜਾਬ ਗਏ ਸਨ ਅਤੇ ਨਾ ਹੀ ਮੇਰਾ ਇਹ ਦਾਅਵਾ ਹੈ ਕਿ ਸਾਰਿਆਂ ਦਾ ਤਜਰਬਾ ਮੇਰੇ ਆਪਣੇ ਤਜਰਬੇ ਨਾਲ ਮੇਲ ਖਾਂਦਾ ਹੋਵੇਗਾ; ਪਰ ਜਿਵੇਂ 'ਆਪ' ਵਿਰੋਧੀ ਪਾਰਟੀਆਂ ਨੇ ਪੰਜਾਬ ਪਹੁੰਚੇ ਪਰਵਾਸੀ ਜਥਿਆਂ ਉਤੇ ਨੱਕ-ਬੁੱਲ੍ਹ ਵੱਟੇ ਅਤੇ ਉਨ੍ਹਾਂ ਵਿਰੁਧ ਬਿਆਨਬਾਜ਼ੀ ਕੀਤੀ, ਉਸ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਨੱਬੇ ਪ੍ਰਤੀਸ਼ਤ ਪਰਵਾਸੀ ਭੈਣ-ਭਰਾ 'ਤਬਦੀਲੀ ਦਾ ਰਾਗ' ਗਾਉਂਦੇ ਹੀ ਉਥੇ ਪਹੁੰਚੇ। ਇਸ ਦੇ ਨਾਲ ਹੀ ਗਿਆਰਾਂ ਮਾਰਚ ਨੂੰ ਸਾਹਮਣੇ ਆਏ ਚੌੜ-ਚਪੱਟ ਨਤੀਜਿਆਂ ਤੋਂ ਇਹ ਵੀ ਸ਼ੱਕ ਉਪਜਦੀ ਹੈ ਕਿ ਜੋਸ਼ੀਲੇ ਪਰਵਾਸੀ ਪ੍ਰਚਾਰ ਦਾ ਕਿਤੇ ਨਾ ਕਿਤੇ ਮੌਜੂ ਜ਼ਰੂਰ ਉਡਾਇਆ ਗਿਆ!

ਜਿਉਂ ਹੀ ਪੰਜਾਬ ਵਿਚ ਚੋਣ ਪ੍ਰਕ੍ਰਿਆ ਦੀਆਂ ਤਰੀਕਾਂ ਦਾ ਐਲਾਨ ਹੋਇਆ, ਅਨੇਕਾਂ ਪਰਵਾਸੀਆਂ ਵਾਂਗ ਮੇਰੇ ਵੀ ਕਈ ਦੋਸਤਾਂ ਨੇ ਦੇਸ਼ ਵਹੀਰਾਂ ਘੱਤ ਦਿੱਤੀਆਂ। ਲੱਖ ਚਾਹੁੰਦਿਆਂ ਵੀ ਕੁਝ ਪਰਿਵਾਰਕ ਕਾਰਨਾਂ ਕਰ ਕੇ ਮੈਂ ਖੁਦ ਪੰਜਾਬ ਨਾ ਜਾ ਸਕਿਆ; ਜਰਮਨ, ਇਟਲੀ, ਇੰਗਲੈਂਡ ਤੇ ਕੈਨੇਡਾ ਤੋਂ ਪੰਜਾਬ ਪਹੁੰਚ ਕੇ ਪ੍ਰਚਾਰ ਕਰ ਰਹੇ ਮੇਰੇ ਕਈ ਦੋਸਤਾਂ ਨੇ ਮਿੱਠੇ ਮਿੱਠੇ ਨਿਹੋਰੇ ਵੀ ਬਹੁਤ ਮਾਰੇ ਕਿ ਅਖਬਾਰੀ ਜਾਂ ਫੇਸਬੁੱਕੀਆ 'ਸ਼ੇਰ' ਬਣਨ ਦੀ ਥਾਂ, ਮੈਦਾਨ ਵਿਚ ਆ, ਪਰ ਮੈਂ ਮਜਬੂਰੀ ਦੀ ਚੱਕੀ ਵਿਚ ਪਿਸਦਿਆਂ ਵਿਦੇਸ਼ ਬੈਠਿਆਂ ਹੀ ਪ੍ਰਚਾਰ ਮੁਹਿੰਮ ਚਲਾ ਲਈ। ਪ੍ਰਿੰਟ ਮੀਡੀਆ ਅਤੇ ਸੋਸ਼ਲ ਸਾਈਟਾਂ ਦੇ ਨਾਲ-ਨਾਲ ਮੈਂ ਦੇਸ਼ ਨੂੰ ਫੋਨ ਕਾਲਾਂ ਕਰਨ ਵਾਸਤੇ 'ਅਨਲਿਮਿਟਡ ਪਲੈਨ' ਲੈ ਲਈ। ਜਦੋਂ ਇਥੇ 'ਆਪ' ਹਮਾਇਤੀਆਂ ਦੀਆਂ ਮੀਟਿੰਗਾਂ ਵਿਚ ਵੱਖ-ਵੱਖ ਸੱਜਣ ਹੁੱਬ ਹੁੱਬ ਦੱਸਦੇ ਕਿ ਮੈਂ ਪੰਜਾਬ ਨੂੰ ਐਨੇ ਸੌ ਕਾਲਾਂ ਕੀਤੀਆਂ, ਤਦ ਮੈਨੂੰ ਵੀ ਹੋਰ ਉਤਸ਼ਾਹ ਮਿਲਦਾ।

ਅਮਰੀਕਾ ਵਿਚ ਮੇਰੀ ਰਾਤ ਦੀ ਜੌਬ ਹੋਣੀ ਮੇਰੇ ਲਈ ਵਰਦਾਨ ਬਣ ਗਈ, ਕਿਉਂਕਿ ਉਸ ਵੇਲੇ ਦੇਸ਼ ਵਿਚ ਦਿਨ ਦਾ ਸਮਾਂ ਹੁੰਦਾ ਹੈ। ਵਿਹਲਿਆਂ ਵਰਗੀ ਜੌਬ ਹੋਣ ਕਾਰਨ ਮੈਂ ਦੇ ਦਿੱਤੀਆਂ ਫਿਰ ਫੋਨ ਨੂੰ ਗੇੜੀਆਂ! ਖੁਦ ਦੋ ਚੋਣਾਂ ਲੜੀਆਂ ਹੋਣ ਕਾਰਨ, ਤੇ ਹੋਰ ਵੀ ਕਈ ਸਿਆਸੀ ਦੋਸਤਾਂ ਦੇ ਚੋਣ ਪ੍ਰਚਾਰ ਵਿਚ ਸਰਗਰਮ ਰਿਹਾ ਹੋਣ ਸਦਕਾ ਮੈਂ ਕੱਢ ਲਈਆਂ ਪੁਰਾਣੀਆਂ ਫੋਨ ਡਾਇਰੀਆਂ, ਤੇ ਕਰਨ ਲੱਗਾ ਫੋਨ ਪੰਜਾਬ ਵਿਚ।

ਪਿੰਡ ਰਹਿੰਦੇ ਇਕ ਜਾਣੂ ਦੇ ਘਰੇ ਰਾਤ ਵੇਲੇ ਫੋਨ ਕੀਤਾ, ਉਸ ਦੀ ਪਤਨੀ ਨੇ ਫੋਨ ਚੁੱਕਿਆ। ਮੈਂ ਆਪਣੇ ਬਾਰੇ ਦੱਸ ਕੇ ਕਿਹਾ ਕਿ ਭਰਾ ਜੀ ਨਾਲ ਗੱਲ ਕਰਾਇਓ। "ਉਹ ਤਾਂ ਜੀ ਸੌਂ ਗਏ ਐ", ਉਸ ਨੇ ਬਹੁਤ ਧੀਮੀ ਆਵਾਜ਼ ਵਿਚ ਕਿਹਾ, "ਜੇ ਕੋਈ ਜ਼ਰੂਰੀ ਗੱਲ ਹੈ ਤਾਂ ਉਠਾਵਾਂ?" ਸੁੱਤਿਆਂ ਨੂੰ ਬੇ-ਅਰਾਮ ਕੀਤਾ ਜਾਣ ਕੇ ਮੈਂ 'ਸੌਰੀ ਸੌਰੀ' ਕਹਿੰਦਿਆਂ ਫੋਨ ਬੰਦ ਕਰ ਦਿੱਤਾ ਕਿ 'ਕੋਈ ਨਾ, ਕੱਲ੍ਹ ਗੱਲ ਕਰ ਲਵਾਂਗੇ।' ਘੰਟੇ ਕੁ ਬਾਅਦ ਹੀ ਇਸ ਦੋਸਤ ਦੇ ਦੁਬਈ ਰਹਿੰਦੇ ਮੁੰਡੇ ਦਾ ਮੈਨੂੰ ਫੋਨ ਆ ਗਿਆ। ਉਹ ਹੱਸਦਾ ਹੋਇਆ ਮੈਨੂੰ ਦੱਸਣ ਲੱਗਾ ਕਿ ਮੰਮੀ ਕਹਿੰਦੇ, ਅੱਗੇ ਨਾ ਕਦੇ ਪਿਛੇ, ਉਹਦਾ (ਭਾਵ ਮੇਰਾ) ਫੋਨ ਨਹੀਂ ਆਇਆ, ਹੁਣ ਪਤਾ ਨਹੀਂ ਤੇਰੇ ਭਾਪਾ ਜੀ ਨੂੰ ਉਸ ਨੇ ਕੀ ਕਹਿਣਾ ਹੋਊ?

ਮੁੰਡੇ ਨੇ ਆਪਣੀ ਮਾਂ ਨੂੰ ਕਿਹਾ ਕਿ ਅੰਕਲ ਨੇ ਉਹੀ ਕੁਛ ਕਹਿਣਾ ਜੋ ਮੈਂ ਤੁਹਾਨੂੰ ਕਹਿ ਰਿਹਾਂ ਕਿ ਐਤਕੀਂ ਵੋਟ ਝਾੜੂ ਨੂੰ ਪਾਇਉ! ਪੱਕੀ ਤਸੱਲੀ ਦਿਵਾਉਂਦਿਆਂ ਮੁੰਡੇ ਨੇ ਮੈਨੂੰ ਇਹ ਵੀ ਕਹਿ ਦਿੱਤਾ ਕਿ ਅੰਕਲ ਜੀ, ਤੁਸੀਂ ਹੁਣ ਬੇਸ਼ੱਕ ਫੋਨ ਨਾ ਕਰਿਉ, ਸਾਡੇ ਘਰ ਦੇ 'ਝਾੜੂ' ਨੂੰ ਹੀ ਭੁਗਤਣਗੇ। ਖੁਸ਼ੀ ਵਿਚ ਵਾਛਾਂ ਖਿੜਾ ਖਿੜਾ ਕੇ ਇਹ ਗੱਲ ਮੈਂ ਇਧਰ-ਉਧਰ ਕਈ ਦੋਸਤਾਂ ਨੂੰ ਸੁਣਾਈ ਕਿ 'ਤੱਕੜੀ ਪ੍ਰਸ਼ੰਸਕ' ਪਰਿਵਾਰ ਮੈਂ 'ਆਪ' ਨਾਲ ਜੋੜ ਦਿੱਤਾ। ਵੋਟਾਂ 'ਪੁਆਉਣ' ਦੀ ਸਮਰੱਥਾ ਰੱਖਦੇ ਇਸੇ ਪਿੰਡ ਦੇ ਇਕ ਹੋਰ ਮਿੱਤਰ ਨੂੰ ਫੋਨ ਕੀਤਾ। ਹਾਲੇ ਮੈਂ ਉਸ ਨੂੰ ਆਮ ਆਦਮੀ ਪਾਰਟੀ ਦੀਆਂ ਸਿਫਤਾਂ ਗਿਣਾਉਣ ਹੀ ਲੱਗਾ ਸਾਂ ਕਿ ਮੋਹਰਿਉਂ ਉਹਦੀ ਗੱਲ ਸੁਣ ਕੇ ਮੇਰੇ ਦੰਦ ਹੀ ਜੁੜ ਗਏ।

"ਸੱਚੀ ਗੱਲ ਦੱਸਾਂ ਭਰਾਵਾ, ਮੈਂ ਤਾਂ ਕਈ ਦਿਨਾਂ ਤੋਂ 'ਆਪ' ਨਾਲ ਹੀ ਘੁੰਮ ਰਿਹਾ ਸੀ, ਪਰ ਫਲਾਣਾ ਸੂੰਹ ਨੇ ਤੱਕੜੀ ਵਾਲੇ ਜਥੇਦਾਰਾਂ ਕੋਲ ਮੇਰੀ ਸ਼ਿਕਾਇਤ ਕਰ'ਤੀ। ਅਖੇ, ਉਹਨੂੰ ਹਟਾਉ, ਉਹ 'ਆਪਣੀਆਂ' ਵੋਟਾਂ ਤੋੜਦਾ ਫਿਰਦਾ। ਹੁਣ ਮੈਂ ਬਚ-ਬਚਾਅ ਕੇ ਆਪਣੀ ਵੋਟ ਤਾਂ 'ਝਾੜੂ' ਨੂੰ ਪਾ ਦਊਂ, ਪਰ ਹੋਰ ਕਿਸੇ ਨੂੰ ਕਹਿ ਨਹੀਂ ਹੋਣਾ ਮੈਥੋਂ।"

ਇਸ ਮਿੱਤਰ ਸਿਰ ਜਥੇਦਾਰਾਂ ਨੂੰ ਚੜ੍ਹਾਅ ਕੇ ਲਿਆਉਣ ਵਾਲਾ 'ਫਲਾਣਾ ਸੂੰਹ' ਕੋਈ ਹੋਰ ਨਹੀਂ, ਦੁਬਈ ਵਾਲੇ ਉਸ ਮੁੰਡੇ ਦਾ ਬਾਪ ਹੀ ਸੀ!

ਇਸ ਤਰ੍ਹਾਂ ਇਕ ਹੋਰ ਮਿੱਤਰ ਨੂੰ ਫੋਨ ਘੁਮਾਇਆ। ਮੇਰੀਆਂ ਗੱਲਾਂ ਸੁਣ ਕੇ ਉਸ ਨੇ ਪੱਕਾ ਭਰੋਸਾ ਬਣਾਉਣ ਹਿਤ ਮੈਨੂੰ ਖੁਸ਼ ਹੁੰਦਿਆਂ ਦੱਸਿਆ ਕਿ ਭਾਅ ਜੀ, ਤੁਹਾਡਾ ਕਿਹਾ ਵੀ ਸਿਰ ਮੱਥੇ, ਪਰ ਸਾਨੂੰ ਪਹਿਲਾਂ ਵੀ ਬਾਹਰੋਂ ਕਈਆਂ ਦੇ ਫੋਨ ਆ ਰਹੇ ਆ, ਝਾੜੂ ਦੀ ਹਮਾਇਤ ਲਈ। ਇਟਲੀ, ਕੁਵੈਤ ਤੇ ਕੈਨੇਡਾ ਰਹਿੰਦੇ ਆਪਣੇ ਮਾਮੇ-ਮਾਸੀਆਂ ਦੇ ਮੁੰਡਿਆਂ ਅਤੇ ਆਪਣੇ ਜਵਾਈ ਦਾ ਜ਼ਿਕਰ ਕਰਦਿਆਂ ਉਸ ਚਾਅ ਨਾਲ ਕਿਹਾ ਕਿ ਇਹ ਸਾਰੇ 'ਤੁਹਾਡੇ ਕੇਜਰੀਵਾਲ' ਦਾ ਹੀ ਨਾਂ ਜਪਦੇ ਆ।

ਵੋਟਾਂ ਤੋਂ ਦੂਜੇ ਦਿਨ ਮੈਂ ਸਰਸਰੀ ਇਸੇ ਪਿੰਡ ਦੇ ਇਕ ਜਣੇ ਨੂੰ ਇਨ੍ਹਾਂ ਬਾਰੇ ਪੁੱਛਿਆ ਕਿ ਉਹ ਤਾਂ 'ਆਪ' ਨੂੰ ਹੀ ਭੁਗਤੇ ਹੋਣਗੇ? ਪਤਾ ਲੱਗਿਆ ਕਿ 'ਤਿਲ੍ਹਕਵੀਂ' ਮੰਨੀ ਜਾਂਦੀ ਵੋਟਾਂ ਵਾਲੇ ਦਿਨ ਤੋਂ ਪਹਿਲੀ ਰਾਤ, ਪੰਜੇ ਵਾਲਿਆਂ ਨੇ ਜਿਹੜੀ 'ਛਕਣ-ਛਕਾਉਣ ਦੀ ਮਹਿਫਿਲ' ਜਮਾਈ ਹੋਈ ਸੀ, ਉਹ ਇਸੇ ਘਰ ਰੱਖੀ ਹੋਈ ਸੀ ਜਿਨ੍ਹਾਂ ਨੇ 'ਮੇਰਾ ਕਿਹਾ ਸਿਰ ਮੱਥੇ' ਮੰਨਣ ਦਾ ਯਕੀਨ ਦਿਵਾਇਆ ਸੀ। ਇਥੇ ਹੀ ਬੱਸ ਨਹੀਂ; ਕਹਿੰਦੇ, ਉਹ ਇਕ ਸ਼ਾਮ ਨਸ਼ੇ ਦੀ ਲੋਰ ਵਿਚ ਹੱਟੀ ਮੋਹਰੇ ਖੜ੍ਹਾ ਆਪਣੇ ਵਿਦੇਸ਼ ਰਹਿੰਦੇ ਰਿਸ਼ਤੇਦਾਰਾਂ ਦਾ ਮਜ਼ਾਕ ਉਡਾਉਂਦਾ ਹੋਇਆ ਕਹਿ ਰਿਹਾ ਸੀ, "ਇਕ ਆਹ ਫਸਲੀ ਬਟੇਰੇ ਜਿਹੇ... ਜਿਹੜੇ ਸਾਲ ਦੇ ਅਖੀਰ 'ਚ ਸਿਆਲ ਉਤਰੇ 'ਤੇ ਸਾਨੂੰ 'ਆਪ' ਦਾ ਟੌਹਰ-ਟੱਪਾ ਦਿਖਾਉਣ ਆਉਂਦੇ ਐ... ਹੁਣ ਸਵੇਰੇ ਸ਼ਾਮ 'ਟਿਊਂ ਟਿਊਂ' ਫੋਨ ਖੜਕਾਈ ਜਾਂਦੇ ਆ... ਅਖੇ, ਕੇਜਰੀਵਾਲ ਨੂੰ ਵੋਟਾਂ ਪਾਇਉ!... ਹੂੰਅ... ਕਮਲੇ!! ਸਾਨੂੰ ਸਰਕਾਰੇ-ਦਰਬਾਰੇ ਛੱਤੀ ਸੌ ਕੰਮ ਪੈਂਦੇ ਆ... ਕਿਹਦੀ ਮਾਂ ਨੂੰ ਮਾਸੀ ਕਹਾਂਗੇ ਅਸੀਂ 'ਫੇ?"

'ਤੁਹਾਨੂੰ ਬੇਵਫਾ ਕਹਿਣਾ
ਸਰਾਸਰ ਨਾ ਮੁਨਾਸਬ ਹੈ,
ਤੁਸੀਂ ਵਾਅਦਾ ਨਿਭਾਉਂਦੇ ਹੋ
ਕਦੀ ਏਧਰ ਕਦੀ ਉਧਰ।'

ਇਉਂ ਤਾਂ ਨਹੀਂ ਕਿਹਾ ਜਾ ਸਕਦਾ ਕਿ ਪਰਵਾਸੀਆਂ ਦੇ ਚੋਣ ਪ੍ਰਚਾਰ ਦਾ ਅਸਰ ਨਹੀਂ ਹੋਇਆ, ਪਰ ਬਹੁਤਾਤ ਵਿਚ ਉਹੀ ਕਹਾਵਤ ਵਰਤੀ ਜਾਪਦੀ ਹੈ, ਅਖੇ... ਪੰਚਾਂ ਦਾ ਕਿਹਾ ਸਿਰ ਮੱਥੇ, ਪਰਨਾਲਾ ਉਥੇ ਦਾ ਉਥੇ! ਭਾਰਤੀ ਸੰਸਕ੍ਰਿਤੀ ਵਿਚ ਰਿਸ਼ੀ ਵੇਦ ਵਿਆਸ ਨੂੰ ਮਹਾਨ ਬੁੱਧੀਵੇਤਾ ਮੰਨਿਆ ਜਾਂਦਾ ਹੈ। ਉਨ੍ਹਾਂ ਦੇ ਇਕ ਪ੍ਰਵਚਨ ਵਿਚ ਪੰਜ ਆਦਮੀਆਂ ਨੂੰ ਜਿਉਂਦੇ ਹੀ ਮੋਇਆਂ ਬਰਾਬਰ ਲਿਖਿਆ ਹੋਇਆ ਹੈ। ਦਲਿੱਦਰੀ, ਰੋਗੀ, ਮੂਰਖ ਤੇ ਚੌਥੇ ਨੌਕਰ ਦੇ ਨਾਲ ਪੰਜਵਾਂ ਨੰਬਰ 'ਪਰਦੇਸੀ' ਦਾ ਹੈ।

ਇਸ ਲਿਖਤ ਨੂੰ ਚਾਹੇ ਪਰਵਾਸੀਆਂ ਦੇ ਪ੍ਰਚਾਰ ਦਾ ਤ੍ਰਿਸਕਾਰ ਕਹਿ ਲਓ ਜਾਂ ਪੀੜ-ਪਰਾਗਾ; ਇਹ ਪਾਠਕਾਂ ਦੀ 'ਖੁਸ਼ੀ' ਹੈ!

'ਗੋ ਬਹੁਤ ਕੁਛ ਰੰਜ
ਯਾਰਾਨੇ-ਵਤਨ ਸੇ ਥਾ ਹਮੇਂ
ਆਂਖ ਮੇਂ ਆਂਸੂ ਮਗਰ
ਵਕਤੇ ਸਫਰ ਆ ਹੀ ਗਯਾ।'

## ਕਾਵਿ-ਜਗਤ

### ਵੇਖ ਭਗਤ ਸਿੰਹਾਂ

ਭਗਤ ਸਿੰਹਾਂ, ਬੇ-ਜ਼ਾਰ ਤੇਰੇ
ਸੁਫਨੇ ਰੁਲਦੇ ਨੇ ਫਿਰਦੇ।
ਹੁਣ ਤਾਂ ਖੁਆਬਾਂ ਵਿਚ ਵੀ
ਆਉਣੋਂ ਸੰਗਦੇ ਨੇ ਚਿਰ ਦੇ।
ਜਿਸ ਮੁਲਕ ਦੇ ਲੋਕਾਂ ਦੀ ਖਾਤਰ
ਤੂੰ ਸ਼ਹੀਦੀ ਸੀ ਪਾਈ
ਅੱਜ ਉਹ ਮਾਯੂਸ, ਨਿਤਾਣੇ,
ਬੇਵੱਸ ਹੌਕੇ ਪਏ ਨੇ ਭਰਦੇ।

ਭੁੱਖ-ਨੰਗ, ਗਰੀਬੀ, ਨਸ਼ੇ,
ਬੇਕਾਰੀ, ਕੁਨਬਾਖੋਰੀ, ਵੱਢੀ ਦੇ
ਚਕਰਵਿਊ ਵਿਚ ਫਸ ਦਿਨੋ ਦਿਨ
ਜਾ ਰਹੇ ਨੇ ਘਿਰਦੇ।
ਖੁਲ੍ਹੀਆਂ ਹਵਾਵਾਂ, ਉਚੀਆਂ ਪਰਵਾਜ਼ਾਂ
ਲਈ ਜਗ੍ਹਾ ਹੀ ਨਹੀਂ
ਗਿਰਝਾਂ, ਲਗੜ, ਉਲੂ
ਮੱਲ ਬੈਠੇ ਨੇ ਅਸਮਾਨ ਚਿਰ ਦੇ।

ਅੱਜ ਤੇਰੇ ਦੇਸ਼ ਦੀ ਧਰਤੀ 'ਤੇ
ਮਨੁਖੀ ਲਹੂ ਦੀ ਕਦਰ ਨਹੀਂ
ਹੱਕ ਮੰਗਣ ਵਾਲਿਆਂ ਦੇ
ਸਿਰਾਂ 'ਤੇ ਬੜੇ ਪੇੜ ਨੇ ਗਿਰਦੇ।
ਦੇਸ਼ਧ੍ਰੋਹੀ-ਗੱਦਾਰ ਵਾਜ਼ਬ ਖਿਤਾਬ ਹੈ
ਸੱਚ ਦੇ ਰਾਖੇ ਲਈ,
ਜੇਲ੍ਹਾਂ 'ਚ ਗੁਜਾਰਦੇ ਨੇ ਉਮਰ ਸਾਰੀ
ਜਿਹੜੇ ਨੇ ਭਿੜਦੇ।

ਨਫਰਤ ਦੇ ਪੈਰੋਕਾਰ ਨੇ ਵੱਡੇ ਧਰਮੀ
ਬੇ-ਗੁਨਾਹਾਂ ਦੇ ਕਾਤਲ
ਜ਼ਬਰ ਦੇ ਖਿਲਾਫ ਆਵਾਜ਼ ਉਠਾਉਣੀ
ਭੁੱਲ ਗਏ ਨੇ ਚਿਰ ਦੇ।
ਜਰੂਰ ਤੇਰੀ ਰੂਹ ਕੁਰਲਾਈ ਹੋਵੇਗੀ
ਸੁਫਨੇ ਤੜਫੇ ਹੋਣਗੇ
ਕਿਵੇਂ ਰਹਿਬਰ ਹੀ ਦੇਸ਼ ਦੀ
ਬੇੜੀ ਨੂੰ ਡੋਬਣ ਲਈ ਫਿਰਦੇ।

-ਚੰਨ

---

### ਹਾਰਿਆ ਨੇਤਾ

ਮੇਰੀ ਬਣੀ ਨਾਂ ਐਤਕੀਂ ਸਰਕਾਰ ਭਾਵੇਂ
ਪੁਛ-ਗਿਛ ਨਾ ਫੇਰ ਵੀ ਘਟਣ ਲੱਗੀ।
ਡੇਗ ਦਿਆਂਗੇ ਇਸ ਸਰਕਾਰ ਨੂੰ ਵੀ
ਕੁਰਸੀ ਖੋਹਲਾਂਗੇ ਕਿਤੇ ਨੀ ਭੱਜਣ ਲੱਗੀ।

ਕਹਿ ਕੇ ਖਤਰਾ ਪੰਥ ਨੂੰ ਸੰਘ ਪਾੜੂੰ
ਵੇਖੀ ਭੜਕਦੇ ਕਿਵੇਂ ਤੂੰ ਜੱਟ ਭੋਲੇ।
ਹਲ ਛੱਡ ਕੇ ਆਉਣਗੇ ਸੁਣਨ ਰੈਲੀ
ਪੱਗਾਂ ਬੰਨ ਕੇ ਨੀਲੀਆਂ ਜੱਟ ਭੋਲੇ।

ਮਾਲਕ ਖਰੀਦ ਕੇ ਕਿਸੇ ਅਖਵਾਰ ਵਾਲਾ
'ਬਰੇਨ ਵਾਸ਼' ਕਰੂੰ ਸੂਬੇ ਦੇ ਪਾੜ੍ਹਿਆਂ ਦਾ।
ਖੁਦ ਨੂੰ ਦੱਸ ਕੇ ਦਰਦੀ ਔਰਤਾਂ ਦਾ
ਮੁੱਲ ਵੱਟੂੰਗਾ ਜੰਮੇ ਹੋਏ ਲਾੜਿਆਂ ਦਾ।

'ਪੀ-ਆਰ' ਵਾਲੀ ਕਰੂੰਗਾ ਫਰਮ ਹਾਇਰ
ਜਿਹੜੀ ਦੇਊਗੀ ਅਕਸ਼ ਸੁਧਾਰ ਮੇਰਾ।
ਧੋਤੀ ਜਾਊਗੀ ਹਰ ਕਰਤੂਤ ਕਾਲੀ
ਗੋਰਖ ਧੰਦਾ ਦਿਸੂ ਹਰ ਵਪਾਰ ਮੇਰਾ।

ਜੇਕਰ ਫੇਰ ਵੀ ਦਿਸੀ ਨਾ ਗੱਲ ਬਣਦੀ
ਕੱਢੂੰ ਮੋਰਚੇ ਸਾਰੇ ਪੰਜਾਬ ਅੰਦਰ।
'ਏਅਰ-ਕੰਡੀਸ਼ਨ' ਮੇਰੀ ਤਾਂ ਜੇਲ੍ਹ ਹੋਊ
ਬਾਕੀ ਸੜਨਗੇ ਜੇਲੀਂ ਪੰਜਾਬ ਅੰਦਰ।

ਫਿਰ ਆਊਗਾ ਮੌਸਮ ਜੁ 'ਲੈਕਸ਼ਨਾਂ' ਦਾ
ਉਦੋਂ ਵਿਕਣਗੇ ਲੋਕਾਂ ਦੇ ਚੁਣੇ ਹੋਏ।
ਵਾਂਗ ਮੱਛੀਆਂ ਫਸੂਗੀ ਕੌਮ ਮੇਰੀ
ਤੇ ਜਾਲ ਹੋਣਗੇ ਮੇਰੇ ਹੀ ਬੁਣੇ ਹੋਏ।

ਕਾਂਗਰਸੀਏ ਕਿਹੜਾ ਕੋਈ ਓਪਰੇ ਨੇ
ਦੂਰੋਂ ਨੇੜਿਓਂ ਲੱਗਣ ਉਹ ਸਾਕ ਮੇਰੇ।
ਨਾ ਕੁਛ ਮੈਂ ਕੀਤਾ, ਨਾ ਹੀ ਉਨ੍ਹਾਂ ਕਰਨਾ
ਮਸਲੇ ਲਮਕਦੇ ਪੱਕੇ ਨੇ ਗਾਹਕ ਮੇਰੇ।

ਮੇਰੀ ਬਣੇ ਸਰਕਾਰ ਨਾ ਭਾਵੇਂ ਕਦੇ
ਬੱਤੀ ਲਾਲ ਰਹੂ ਸਦਾ ਹੀ ਕਾਰ ਉਤੇ।
ਜਿੰਨਾ ਚਿਰ ਨੇ ਗਰੀਬ ਅਨਪੜ੍ਹ ਲੋਕੀਂ
ਸ਼ੱਕ ਨਾ ਕਰੂ ਕੋਈ ਗੁੱਝੇ ਵਾਰ ਉਤੇ।

ਕਾਂਗਰਸ ਜਿੱਤਦੀ ਜਿੱਤ ਜੇ ਲੱਖ ਵਾਰੀ
ਪਰ ਮੈਂ ਜਿੱਤਣ ਕਦੇ ਨਾ ਪੰਥ ਦੇਣਾ।
ਘੁੰਮਣ-ਘੇਰੀਆਂ ਦੇ ਵਿਚ ਰੋਲ ਦੇਣਾ
ਮੇਰੇ ਮਾਲਕਾਂ ਜਿੱਤਣ ਨਾ ਪੰਥ ਦੇਣਾ।

ਚੰਡੀਗੜ੍ਹ ਵੀ ਅਜੇ ਤਾਂ ਮੰਗਣਾ ਏ
ਹੁਣ ਮੰਗਾਂਗੇ ਖੁੱਸੇ ਹੋਏ ਪਾਣੀਆਂ ਨੂੰ।
ਚੁੱਪ ਰਿਹਾ ਤਾਂ ਹੋਣਗੇ ਜ਼ਾਹਰ ਘਪਲੇ
ਹੁਣ ਛੇੜੂੰ 'ਚੁਰਾਸੀ' ਦੀਆਂ ਕਹਾਣੀਆਂ ਨੂੰ।

-ਜਸਵਿੰਦਰ ਸਿੰਘ ਸ਼ੇਰਗਿੱਲ

---

### ਇਹ ਪੀੜਾਂ ਮੇਰੇ ਹਾਣ ਦੀਆਂ

ਇਹ ਪੀੜਾਂ ਮੇਰੇ ਨਾਲ ਜਨਮੀਆਂ
ਇਹ ਪੀੜਾਂ ਮੇਰੇ ਹਾਣ ਦੀਆਂ,
ਇਹ ਪੀੜਾਂ ਮੇਰੇ ਨਾਲ ਖੇਡੀਆਂ
ਇਹ ਪੀੜਾਂ ਮੈਨੂੰ ਜਾਣ ਦੀਆਂ।

ਇਹ ਪੀੜਾਂ ਮੇਰੇ ਨਾਲ ਹੀ ਆਈਆਂ
ਇਹ ਪੀੜਾਂ ਨੇ ਮਾਂ ਪਿਉ ਜਾਈਆਂ,
ਆਪਣੇ ਸਾਰੇ ਭੁੱਲ ਗਏ ਨੇ
ਪਰ ਇਹ ਮੈਨੂੰ ਪਛਾਣਦੀਆਂ।

ਬਚਪਨ ਵਿਚ ਸਨ ਨਾਲ ਇਹ ਮੇਰੇ
ਬੈਠੀਆਂ ਰਹੀਆਂ ਪਾ ਕੇ ਘੇਰੇ,
ਲੋਕਾਂ ਦੇ ਛੱਡ ਪਲੰਘ ਏਨ੍ਹਾਂ
ਮੇਰੀਆਂ ਮੰਜੀਆਂ ਮੱਲੀਆਂ ਵਾਣ ਦੀਆਂ।

ਹਰ ਵੇਲੇ ਮੇਰਾ ਸਾਥ ਨਿਭਾਵਣ
ਕਦੀ ਨਾ 'ਕੱਲੀ ਛੱਡ ਕੇ ਜਾਵਣ,
ਮੈਂ ਰੋਵਾਂ ਇਹ ਹੱਸਣ ਖੇਡਣ
ਫਿਰਦੀਆਂ ਮੌਜਾਂ ਮਾਣਦੀਆਂ।

ਜੇ ਇਕ ਪੀੜ ਹੋਵੇ ਤੇ ਜਰ ਲਾਂ
ਜੇ ਇਕ ਮੌਤ ਹੋਵੇ ਤੇ ਮਰ ਲਾਂ,
ਰੋਜ਼ ਹਜ਼ਾਰਾਂ ਮੌਤਾਂ ਮਰਦੀ ਆਂ
ਮੈਂ ਆਪਣੇ ਅਰਮਾਨ ਦੀਆਂ।

ਪੀੜਾਂ ਨਾਲ ਪ੍ਰੀਤ ਹੋ ਗਈ
ਮੈਂ ਵੀ ਹੁਣ 'ਸੁਰਜੀਤ' ਹੋ ਗਈ,
ਕਰ ਕੇ ਹੀ ਦਮ ਲੈਂਦੀਆਂ ਪੀੜਾਂ
ਕਰਦੀਆਂ ਨੇ ਜੋ ਠਾਣ ਦੀਆਂ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

---

### ਜੀਅ ਲੈ ਰੰਗਾਂ ਨੂੰ

ਤੇਰਾ ਕੋਈ ਦੋਸ਼ ਨਹੀਂ ਪਤਝੜ,
ਤੇਰੇ ਤਾਂ ਹੰਝੂ ਕਿਰਦੇ ਨੇ।
ਸ਼ਰਮ ਤਾਂ ਪੱਤਿਆਂ ਨੂੰ ਹੋਵੇ
ਜੋ ਰੁੱਤ ਬਦਲਣ 'ਤੇ ਗਿਰਦੇ ਨੇ।

ਮੇਰੇ ਜਜ਼ਬੇ ਪਤੰਗੇ ਨੇ,
ਇਨ੍ਹਾਂ ਨੂੰ ਵੀ ਖਬਰ ਹੈ ਪਰ,
ਸੱਜਣ ਦੀ ਖੈਰ ਨਹੀਂ ਲੱਗਦੀ,
ਇਹ ਜੋ ਉਡਦੇ ਫਿਰਦੇ ਨੇ।

ਮੇਰੇ ਤੋਂ ਦੂਰ ਹੋ ਕੇ ਹੀ ਤੈਨੂੰ
ਗੱਲ ਸਮਝ ਆਉਂਦੀ ਕਿਉਂ?
ਤੇਰੀ ਉਲਫਤ ਦੇ ਚੰਦਰੇ ਫੁੱਲ
ਸਦਾ ਫੁਰਸਤ 'ਚ ਖਿੜ੍ਹਦੇ ਨੇ।

ਤੂੰ ਸਾਰੀ ਪੀ ਲੈ ਖੁਸ਼ਬੂ ਨੂੰ
ਤੇ ਸਾਰੇ ਜੀਅ ਲੈ ਰੰਗਾਂ ਨੂੰ,
ਇਹ ਖੌਰੇ ਕਿੰਨੇ ਪਲ ਦੇ ਨੇ,
ਇਹ ਖੌਰੇ ਕਿੰਨੇ ਚਿਰ ਦੇ ਨੇ!

-ਅਣਜਾਣ ਪਰਿੰਦਾ
ਫੋਨ: 91-88725-09616

----

### ਧਰਮ

ਵੱਜਦੇ ਹਨ ਨਿੱਤ ਦਿਨ,
ਮੰਦਰ ਮਸਜਿਦ ਚਰਚਾਂ ਅੰਦਰ
ਬੰਬਾਂ ਬੰਦੂਕਾਂ ਦੇ ਘਾਤਕ ਛਾਣੇ।
ਮੌਤ ਦੀ ਦਹਿਸ਼ਤ ਤੇ ਨੰਗਾ ਨਾਚ,
ਪਿਸਦੇ ਮਿੱਧੇ ਜਾਂਦੇ ਸ਼ਰਧਾਲੂ
ਧਰਮਾਂ ਦੇ ਦੁਵੱਲੇ ਦੰਗਲ ਵਿਚ।

ਦੇਵੀਆਂ, ਦੇਵਤੇ ਸਣੇ ਧਾਰਮਿਕ ਸਥਾਨ
ਹੜ੍ਹਦੇ ਜਾਂਦੇ ਚਿੱਕੜ ਗਾਰੇ ਵਿਚ ਲਾਚਾਰ।
ਗੋਲਕ ਦੇ ਪੂਜਾ ਧਾਨ ਨਾਲ ਖਰੀਦੇ ਜਾਂਦੇ
ਲਗਜ਼ਰੀ ਜੀਵਨ ਸਾਧਨ ਤੇ ਵੱਡੇ ਕਾਰੋਬਾਰ।
ਡਾਕੇ ਚੋਰੀ ਦੀਆਂ ਵਾਰਦਾਤਾਂ
ਨੱਥ, ਕਲਸ਼, ਛੱਬੇ, ਗਹਿਣੇ ਚੋਰੀ।
'ਉਹ' ਨਹੀਂ ਰੋਕਦਾ ਇਹ ਕੁਰੀਤੀਆਂ!
ਭੰਨਦਾ ਨਹੀਂ ਚੋਰਾਂ-ਡਾਕੂਆਂ ਦੇ ਹੱਥ ਪੈਰ,
ਕਰਦਾ ਨਹੀਂ ਧਾੜਵੀਆਂ ਨੂੰ ਅੰਨ੍ਹੇ।

ਆਪਣੇ ਆਪ ਜੋਗਾ ਵੀ ਨਹੀਂ ਗੌਡ!
ਖਲਕਤ ਦਾ ਪਾਰ ਉਤਾਰਾ ਕਿਵੇਂ ਕਰੂ?
'ਇਹ ਵੀ ਉਸੇ ਦਾ ਵਰਦਾਨ ਹੈ
ਅਲੋਕਾਰ ਕਰਾਮਾਤ ਹੈ,
ਭਗਤਾਂ ਦਾ ਇਮਤਿਹਾਨ ਹੈ।'
ਧਰਮ ਦੇ ਠੇਕੇਦਾਰਾਂ ਦਾ ਵਿਵੇਕ ਹੈ।

-ਚਰਨਜੀਤ ਸਿੰਘ ਪੰਨੂ, ਸੈਨ ਹੋਜ਼ੇ

---

### ਹਕੀਕਤ

ਕਹਿੰਦੇ ਧਰਤੀ ਦੇ ਕਣ ਕਣ ਵਿਚ
ਰੱਬ ਵੱਸਦਾ ਏ, ਦੱਸ ਹੁਣ ਸੱਜਣ?
ਮੈਂ ਕਿਥੇ ਪੈਰ ਧਰਾਂ?
ਤੂੰ ਵੀ ਉਸ ਦਾ ਇਕ ਅਣੂ ਏ ਯਾਰਾ,
ਜਿਥੇ ਮਰਜੀ ਪੈਰ ਟਿਕਾ ਲੈ,
ਆਪਣੇ ਅਸਲੇ ਨਾਲ ਮਿਲਣ ਵਿਚ
ਦੱਸ ਭਲਾ ਹਰਜ ਕੀ ਏ?
ਵਾਹ ਓਏ ਮਿੱਤਰਾ,
ਤੂੰ ਤਾਂ ਗੱਲ ਹਕੀਕੀ ਕਹਿ ਕੇ
ਸਿਰ ਮੇਰੇ ਤੋਂ ਭਾਰ ਹੀ ਲਾਹ'ਤਾ
ਮਨ ਤਾਰਿਆਂ ਵਾਂਗੂ ਟਹਿਕਣ ਲਾ'ਤਾ!

-ਅਵਤਾਰ ਸਿੰਘ ਹੰਸਰਾ
ਫੋਨ: 661-368-6572

---

### ਭਰਮਾਰ

ਏਥੇ ਰਸਤੇ ਉਚੇ ਨੀਵੇਂ ਨੇ
ਮੌਸਮ ਵੀ ਇਕਸਾਰ ਨਹੀਂ।
ਦਿਲ ਕਈਆਂ ਨਾਲ ਲੱਗਾ ਹੈ
ਪਰ ਕਿਸੇ ਤੇ ਇਤਬਾਰ ਨਹੀਂ।

ਜਿਹਨੂੰ ਰੁਤਬਾ ਦੇਈਏ ਰੱਬ ਵਾਲਾ
ਕੋਈ ਏਦਾਂ ਦਾ ਵੀ ਯਾਰ ਨਹੀਂ।

ਉਦਾਸੀ ਹੱਦਾਂ ਬੰਨੇ ਤੋੜ ਰਹੀ
ਕਿਤੇ ਖੁਸ਼ੀਆਂ ਦੀ ਭਰਮਾਰ ਨਹੀਂ।

ਸਾਇੰਸ ਤਰੱਕੀ ਕਿੰਨੀ ਕੀਤੀ ਹੈ
ਫਿਰ ਵੀ ਸਸਤਾ ਬਾਜ਼ਾਰ ਨਹੀਂ।
ਬੇਲਕਸ਼ ਫਿਰਦੇ ਨੇ ਲੋਕ ਏਥੇ
ਰਸਤੇ ਸਾਫ ਕਿਤੇ ਉਜਾੜ ਨਹੀਂ।

ਵਸਦੇ ਘਰਾਂ ਵਿਚ ਦਰਾੜਾਂ ਨੇ
ਆਪਸ ਦੇ ਵਿਚ ਪਿਆਰ ਨਹੀਂ।

ਦੁਰਵਰਤੋਂ ਵੋਟਾਂ ਦੀ ਜਾਰੀ ਹੈ
ਤਾਂ ਹੀ ਚੰਗੀ ਸਰਕਾਰ ਨਹੀਂ।

ਅਨਪੜ੍ਹਤਾ, ਗਰੀਬੀ, ਭੀੜ ਵਧੀ
ਬਸ ਵਧਦੇ ਕਾਰੋਬਾਰ ਨਹੀਂ।
ਅਨਿਆਂ ਹੁੰਦਾ ਵੇਖ ਏਥੇ
ਹੁਣ ਖਾਂਦਾ ਕੋਈ ਖਾਰ ਨਹੀਂ।

ਲੋਕ ਆਪਸ ਵਿਚ ਮਿਲਦੇ ਨੇ
ਮਿਲਦੇ ਬਸ ਵਿਚਾਰ ਨਹੀਂ।

ਸਾਰਾ ਢਾਂਚਾ ਵਿਗੜ ਰਿਹਾ ਭੱਟੀ
ਕਰਦਾ ਕੋਈ ਵਿਚਾਰ ਨਹੀਂ।
ਹੁਣ ਕਰਦਾ ਕੋਈ ਵਿਚਾਰ ਨਹੀਂ...।

-ਸਵਿੰਦਰ ਸਿੰਘ ਭੱਟੀ
ਫੋਨ: 91-98729-89193

# ਸਤਨਾਮ ਸਿੰਘ ਔਲਖ ਨੂੰ ਮਾਨਵ ਸੇਵਾ ਲਈ ਆਈਕੈਨ ਐਵਾਰਡ

**ਸ਼ਿਕਾਗੋ (ਬਿਊਰੋ):** ਸਥਾਨਕ ਗੁਰਦੁਆਰਾ ਪੈਲਾਟਾਈਨ ਦੇ ਕਾਰ ਸੇਵਾ ਪ੍ਰਾਜੈਕਟ ਦੇ ਇੰਚਾਰਜ ਸ. ਸਤਨਾਮ ਸਿੰਘ ਔਲਖ ਨੂੰ ਇਥੇ ਹੋਏ ਆਈਕੈਨ (ਇੰਡੀਆਨ ਕਮਿਊਨਿਟੀ ਐਵਾਰਡਜ਼ ਨਾਈਟ) ਐਵਾਰਡ ਪ੍ਰੋਗਰਾਮ ਦੌਰਾਨ ਮਾਨਵ ਸੇਵਾ ਲਈ ਦੂਜਾ ਲਾਈਫ ਟਾਈਮ ਅਚੀਵਮੈਂਟ ਐਵਾਰਡ ਦਿੱਤਾ ਗਿਆ ਜਦੋਂਕਿ ਪਹਿਲਾ ਐਵਾਰਡ ਹੈਰਲਡ ਡੀਸੂਜ਼ਾ ਨੂੰ ਦਿਤਾ ਗਿਆ। ਆਈਕੈਨ ਐਵਾਰਡ ਨਾਈਟ ਸਟਾਰ ਪਲੱਸ ਅਤੇ ਲਾਈਫ ਓਕੇ ਟੀ.ਵੀ. ਅਤੇ ਚਾਲੀ ਤੋਂ ਵੱਧ ਸਪਾਂਸਰਾਂ ਦੇ ਸਹਿਯੋਗ ਨਾਲ ਅਰੰਭੀ ਗਈ ਹੈ।

ਲੰਘੀ 18 ਮਾਰਚ ਦੀ ਸ਼ਾਮ ਨੂੰ ਇਥੇ ਰੋਲਿੰਗ ਮੈਡੋਜ਼ ਟਾਊਨ ਦੇ ਮੈਡੋਜ਼ ਕਲੱਬ ਵਿਚ ਹੋਏ ਇਸ ਸਮਾਗਮ ਦੌਰਾਨ ਭਾਈਚਾਰੇ ਦੇ ਨਾਇਕਾਂ ਦਾ ਮਾਣ-ਸਨਮਾਨ ਕੀਤਾ ਗਿਆ ਜਿਨ੍ਹਾਂ ਵਿਚ ਭਾਰਤੀ-ਅਮਰੀਕੀ ਸਿਆਸਤ, ਸਮਾਜਕ, ਬਿਜਨਸ ਅਤੇ ਮਨੋਰੰਜਨ ਦੇ ਖੇਤਰਾਂ ਵਿਚ ਮੱਲਾਂ ਮਾਰਨ ਵਾਲੇ ਲੋਕ ਸ਼ਾਮਲ ਸਨ। ਉਨ੍ਹਾਂ ਦਾ ਸਨਮਾਨ ਆਈਕੈਨ ਟਰਾਫੀ ਦੇ ਕੇ ਕੀਤਾ ਗਿਆ। ਜ਼ਿਕਰਯੋਗ ਹੈ ਕਿ ਵੱਖ ਵੱਖ ਖੇਤਰਾਂ ਵਿਚ ਮੱਲਾਂ ਮਾਰਨ ਵਾਲਿਆਂ ਦੀਆਂ ਕੋਈ 700 ਨਾਮਜ਼ਦਗੀਆਂ 'ਚੋਂ ਜੇਤੂਆਂ ਦੀ ਚੋਣ ਕੀਤੀ ਗਈ। ਇਸ ਸਮਾਗਮ ਦੌਰਾਨ ਡੇਢ ਸੌ ਤੋਂ ਵੱਧ ਕਲਾਕਾਰਾਂ ਨੇ ਆਏ ਮਹਿਮਾਨਾਂ ਦਾ ਮਨੋਰੰਜਨ ਕੀਤਾ।

ਇਸ ਸ਼ਾਮ ਦੇ ਮੁੱਖ ਮਹਿਮਾਨ ਸ਼ਿਕਾਗੋ ਵਿਚ ਭਾਰਤੀ ਕੌਂਸਲਖਾਨੇ ਦੇ ਕੌਂਸਲ ਜਨਰਲ ਨੀਤਾ ਭੂਸ਼ਨ ਸਨ। ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਸਮਾਗਮ ਨੇ ਉਨ੍ਹਾਂ ਨੂੰ ਆਸਕਰ ਐਵਾਰਡ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ।




*ਸ. ਸਤਨਾਮ ਸਿੰਘ ਔਲਖ ਆਈਕੈਨ ਐਵਾਰਡ ਹਾਸਲ ਕਰਨ ਉਪਰੰਤ*

ਇਹ ਐਵਾਰਡ ਸ਼ਿਕਾਗੋਲੈਂਡ ਦੇ ਭਾਰਤੀ ਭਾਈਚਾਰੇ ਦੇ ਲੋਕਾਂ ਵਿਚੋਂ ਵੱਖ ਵੱਖ ਖੇਤਰਾਂ-ਡਾਂਸ, ਸੰਗੀਤ, ਭਾਈਚਾਰਕ ਸੇਵਾਵਾਂ, ਸਿਹਤ ਸੇਵਾਵਾਂ ਅਤੇ ਅਦਾਕਾਰੀ ਤੇ ਗਾਇਕੀ ਵਿਚ ਮੱਲਾਂ ਮਾਰਨ ਵਾਲੇ 38 ਵਿਅਕਤੀਆਂ ਨੂੰ ਦਿੱਤੇ ਗਏ।

ਐਵਾਰਡ ਦੇਣ ਦੀ ਰਸਮ ਡਾ. ਭਾਰਤ ਬਰਾਏ ਪੰਨਾ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ ਦੇਣ ਨਾਲ ਹੋਈ ਜੋ ਕਿ ਭਾਰਤੀ ਭਾਈਚਾਰੇ ਦੇ ਉਘੇ ਆਗੂ ਹਨ ਅਤੇ ਪ੍ਰੈਜ਼ੀਡੈਂਟ ਐਵਾਰਡ ਹਾਸਲ ਕਰ ਚੁਕੇ ਹਨ।

ਆਈਕੈਨ ਜਿਊਰੀ ਐਵਾਰਡ-2 ਅਨਿਲ ਪਟੇਲ, ਬਿਹਤਰੀਨ ਉਦਮੀ ਮਹਿਲਾ ਦਾ ਐਵਾਰਡ ਡਾ. ਅਨੂਜਾ ਗੁਪਤਾ, ਫੈਸ਼ਨ ਆਈਕੈਨ ਮਹਿਲਾ ਐਵਾਰਡ ਐਸ਼ਵਰਿਆ ਸ਼ਰਮਾ ਅਤੇ ਆਊਟ ਸਟੈਂਡਿੰਗ ਕਮਿਊਨਿਟੀ ਸਰਵਿਸ ਐਵਾਰਡ ਹੇਮੰਗਿਨੀ ਸ਼ਾਸਤਰੀ ਨੂੰ ਦਿਤਾ ਗਿਆ। ਆਈਕੈਨ ਯੂਥ ਅਚੀਵਰ ਐਵਾਰਡ ਸਲੋਨੀ ਅਤੇ ਸਾਵਨੀ ਨਾਗਰਕਰ ਭੈਣਾਂ, ਯੂਥ ਆਈਕੈਨ ਐਵਾਰਡ ਸੁਹਾਨੀ ਪਟੇਲ, ਸਟੂਡੈਂਟ ਆਫ ਦੀ ਯੀਅਰ ਐਵਾਰਡ ਨਿਪੁਨ ਦੂਬੇ ਅਤੇ ਯੰਗ ਅਚੀਵਰ ਐਵਾਰਡ ਰੋਨੀ ਆਕੁਰਤੀ ਨੂੰ ਦਿੱਤਾ ਗਿਆ। ਬੈਸਟ ਰੈਸਟੋਰੈਂਟ ਐਵਾਰਡ ਕੁਜ਼ੀਨ ਆਫ ਇੰਡੀਆ ਦੇ ਰਾਹੁਲ ਸਹਿਗਲ ਅਤੇ ਬੈਸਟ ਸ਼ੈਫ ਐਵਾਰਡ ਇੰਡੀਆ ਹਾਊਸ ਦੇ ਸ਼ੈਫ ਰਘੂ ਸਿੰਘ ਨੂੰ ਦਿੱਤਾ ਗਿਆ। ਬਿਹਤਰੀਨ ਸਿਹਤ ਦਾ ਐਵਾਰਡ ਵਿਦਿਆ ਨਾਹਰ ਅਤੇ ਫਰੈਂਡ ਆਫ ਇੰਡੀਆ ਐਵਾਰਡ ਹਾਫਮੈਨ ਐਸਟੇਟਸ ਦੇ ਮੇਅਰ ਬਿਲ ਮੈਕਲੌਡ ਨੂੰ ਦਿੱਤਾ ਗਿਆ।

ਬੈਸਟ ਮੇਲ ਸਿੰਗਰ ਮਨਦੀਪ ਸਿੰਘ ਸੈਣੀ ਤੇ ਬੈਸਟ ਫੀਮੇਲ ਸਿੰਗਰ ਨਿਪਾ ਸ਼ਾਹ ਐਲਾਨੇ ਗਏ। ਬੈਸਟ ਵਾਲੰਟੀਅਰ ਐਵਾਰਡ ਰਾਜੀਵ ਭਰੈਲ ਅਤੇ ਬੈਸਟ ਸੀਨੀਅਰ ਸਰਵਿਸ ਐਵਾਰਡ ਹਰੀਭਾਈ ਪਟੇਲ ਨੂੰ ਦਿੱਤਾ ਗਿਆ ਜਦੋਂਕਿ ਬੈਸਟ ਫੀਮੇਲ ਡਾਂਸਰ ਕਾਜੋਲ ਟੋਪੀਵਾਲਾ ਤੇ ਕੋਰੀਓਗ੍ਰਾਫਰ ਸਵੇਤਾ ਭਗਵਾਕਰ ਐਲਾਨੇ ਗਏ। ਇਸ ਤੋਂ ਇਲਾਵਾ ਹੋਰ ਵੱਖ ਵੱਖ ਖੇਤਰਾਂ ਵਿਚ ਮੱਲਾਂ ਮਾਰਨ ਵਾਲੇ ਬਹੁਤ ਸਾਰੇ ਲੋਕਾਂ ਨੂੰ ਵੀ ਆਈਕੈਨ ਐਵਾਰਡ ਨਾਲ ਸਨਮਾਨਿਆ ਗਿਆ। ਮੰਚ ਸੰਚਾਲਨ ਨੀਲ ਖੋਟ, ਰੀਤਾ ਸਿੰਘ, ਜੱਸੀ ਪਰਮਾਰ ਅਤੇ ਮੋਹਨ ਰਾਵਤ ਨੇ ਕੀਤਾ।

ਪ੍ਰੋਗਰਾਮ ਦੇ ਅਖੀਰ ਵਿਚ ਆਈਕੈਨ ਟੀਮ ਦੇ ਮੈਂਬਰਾਂ-ਰਵੀ ਰਾਵਤ, ਜੱਸੀ ਪਰਮਾਰ, ਸੰਜੀਵ ਸਿੰਘ, ਰੀਤਾ ਸਿੰਘ, ਭਾਵੇਸ਼ ਪਟੇਲ, ਨੀਲ ਖੋਟ, ਗਿਰੀਸ਼ ਕਪੂਰ ਅਤੇ ਨਿਲੇਸ਼ ਟੋਪੀਵਾਲਾ ਨੇ ਆਏ ਮਹਿਮਾਨਾਂ, ਵਾਲੰਟੀਅਰਾਂ, ਸਪਾਂਸਰਾਂ ਅਤੇ ਭਾਈਚਾਰਕ ਆਗੂਆਂ ਦਾ ਧੰਨਵਾਦ ਕੀਤਾ।

## ਪੰਜਾਬ 'ਚ ਸਿਰਸਾ ਡੇਰਿਆਂ ਦੀ ਸੁਰੱਖਿਆ ਵਧਾਈ


**ਮੋਗਾ:** ਕਾਂਗਰਸ ਸਰਕਾਰ ਨੇ ਡੇਰਾ ਸਿਰਸਾ ਦੀਆਂ ਪੰਜਾਬ ਵਿਚਲੀਆਂ ਸ਼ਾਖਾਵਾਂ 'ਤੇ ਸੁਰੱਖਿਆ ਲਈ 24 ਘੰਟੇ ਪੁਲਿਸ ਦਾ ਪਹਿਰਾ ਲਾ ਦਿੱਤਾ ਹੈ। ਮੋਗਾ ਵਿਖੇ ਥਾਣਾ ਸਿੱਟੀ ਦੀ ਪੁਲਿਸ ਮੁਤਾਬਕ ਡੇਰਾ ਸਿਰਸਾ ਨਾਲ ਸਬੰਧਤ ਕੋਟਕਪੂਰਾ ਬਾਈਪਾਸ ਉਤੇ ਡੇਰਾ ਸਿਰਸਾ ਦੀ ਸ਼ਾਖਾ ਦੀ ਸੁਰੱਖਿਆ ਲਈ ਪੁਲਿਸ ਦਾ ਪੱਕਾ ਪਹਿਰਾ ਲਾ ਦਿੱਤਾ ਗਿਆ ਹੈ। ਇਸੇ ਤਰ੍ਹਾਂ ਡੇਰਾ ਸਿਰਸਾ ਨਾਲ ਸਬੰਧਤ ਬਾਘਾਪੁਰਾਣਾ ਅਤੇ ਪਿੰਡ ਚੀਦਾ ਸਥਿਤ ਸ਼ਾਖਾਵਾਂ ਦੀ ਸੁਰੱਖਿਆ ਲਈ ਪੁਲਿਸ ਦਾ 24 ਘੰਟੇ ਪੱਕਾ ਪਹਿਰਾ ਹੈ।

## ਇੰਗਲੈਂਡ ਮਾਲਿਆ ਨੂੰ ਭਾਰਤ ਹਵਾਲੇ ਕਰਨ ਲਈ ਤਿਆਰ

**ਲੰਡਨ:** ਸ਼ਰਾਬ ਕਾਰੋਬਾਰੀ ਵਿਜੈ ਮਾਲਿਆ ਦੀਆਂ ਮੁਸ਼ਕਲਾਂ ਵਧਣ ਵਾਲੀਆਂ ਹਨ, ਕਿਉਂਕਿ ਬ੍ਰਿਟਿਸ਼ ਸਰਕਾਰ ਉਸ ਨੂੰ ਭਾਰਤ ਹੱਥ ਸੌਂਪਣ ਲਈ ਰਾਜ਼ੀ ਹੋ ਚੁੱਕੀ ਹੈ। ਸੂਤਰਾਂ ਮੁਤਾਬਕ ਬਰਤਾਨੀਆ ਨੇ ਭਾਰਤ ਦੀ ਉਸ ਮੰਗ ਨੂੰ ਮੰਨ ਕਰ ਲਿਆ ਹੈ, ਜਿਸ 'ਚ ਮਾਲਿਆ ਨੂੰ ਭਾਰਤ ਹੱਥ ਸੌਂਪਣ ਦੀ ਮੰਗ ਕੀਤੀ ਗਈ ਸੀ।

ਮਨਜ਼ੂਰੀ ਤੋਂ ਬਾਅਦ ਬ੍ਰਿਟਿਸ਼ ਸਰਕਾਰ ਨੇ ਇਸ ਮੰਗ ਨੂੰ ਵੈਸਟਮਿਨਸਟਰ ਕੋਰਟ ਸਾਹਮਣੇ ਰੱਖਿਆ ਹੈ। ਦੇਸ਼ ਦੇ ਕਈ ਸਰਕਾਰੀ ਬੈਂਕਾਂ ਕੋਲੋਂ ਤਕਰੀਬਨ 9,000 ਕਰੋੜ ਰੁਪਏ ਦਾ ਕਰਜ਼ਾ ਲੈ ਕੇ ਨਾ ਚੁਕਾਉਣ ਵਾਲੇ ਵਿਜੈ ਮਾਲਿਆ ਦੀ ਹਵਾਲਗੀ ਲਈ ਭਾਰਤ ਸਰਕਾਰ ਨੇ ਬ੍ਰਿਟਿਸ਼ ਸਰਕਾਰ ਨੂੰ ਅਪੀਲ ਕੀਤੀ ਸੀ।

P.T.
ਪਲੈਜ਼ੈਂਟ ਟਰੈਵਲ ਐਂਡ ਟੂਰਜ਼
Pleasant Travel & Tours
6257 N. Clark Street, Chicago, IL 60660
Serving Community For Over 25 Years
Fly to Any Destination with the Best Price
Chicago-Amritsar = $ 795.00
Chicago-Mumbai = $ 695.00
Chicago-Delhi = $695.00
Restriction do apply
Ph:773-508-1927
ਘੱਟ ਤੋਂ ਘੱਟ ਰੇਟ 'ਤੇ ਹਵਾਈ ਟਿਕਟਾਂ
Pleasanttravel@hotmail.com
www.pleasanttravelchicago.com
TURKISH AIRLINES
ETIHAD AIRWAYS
QATAR
Emirates

Singh Brothers Remodeling
¤Flooring
¤Kitchen Cabinets
¤Granite Countertop
¤Basements ¤Siding
¤Windows ¤Roofing
¤Gutter Leaf Guard
ਬਿਹਤਰੀਨ ਸਰਵਿਸ, ਬਹੁਤ ਹੀ ਵਾਜਬ ਰੇਟ
ਟਾਈਮ ਦੇ ਪੂਰੇ ਪਾਬੰਦ






Contact
Jasdev Singh or Raghbir Singh
Ph: 630-379-8202
630-644-7510
E-mail: singhbrothersremodeling@gmail.com

Jasdev Singh

# ਭਾਰਤ ਨੂੰ 12 ਪਿੰਡਾਂ ਬਦਲੇ ਮਿਲੀ ਸੀ ਭਗਤ ਸਿੰਘ ਦੀ ਯਾਦਗਾਰ ਵਾਲੀ ਥਾਂ

**ਚੰਡੀਗੜ੍ਹ:** ਬਹੁਤ ਘੱਟ ਲੋਕ ਜਾਣਦੇ ਹੋਣਗੇ ਕਿ ਹੁਸੈਨੀਵਾਲਾ ਸਥਿਤ ਸ਼ਹੀਦ ਭਗਤ ਸਿੰਘ ਦੀ ਸਮਾਧ ਵਾਲੀ ਜਗ੍ਹਾ 1960 ਤੋਂ ਪਹਿਲਾਂ ਪਾਕਿਸਤਾਨ ਦੇ ਕਬਜ਼ੇ ਵਿਚ ਸੀ। ਲੋਕ ਭਾਵਨਾਵਾਂ ਨੂੰ ਦੇਖਦੇ ਹੋਏ 1950 ਵਿਚ ਤਿੰਨਾਂ ਸ਼ਹੀਦਾਂ ਨੂੰ ਸਮਾਧ ਵਾਲੀ ਜਗ੍ਹਾ ਪਾਕਿ ਤੋਂ ਲੈਣ ਦੀ ਕਵਾਇਦ ਸ਼ੁਰੂ ਹੋਈ। ਕਰੀਬ 10 ਸਾਲ ਬਾਅਦ ਫਾਜ਼ਿਲਕਾ ਦੇ 12 ਪਿੰਡ ਤੇ ਸੁਲੇਮਾਨ ਦੀ ਹੈੱਡ ਵਰਕਸ ਪਾਕਿਸਤਾਨ ਨੂੰ ਦੇਣ ਬਾਅਦ ਸ਼ਹੀਦ ਤ੍ਰਿਮੂਰਤੀ ਨਾਲ ਜੁੜੀ ਸਮਾਧ ਵਾਲੀ ਜਗ੍ਹਾ ਭਾਰਤ ਨੂੰ ਮਿਲ ਗਈ।

ਗੌਰਤਲਬ ਹੈ ਕਿ ਫ਼ਿਰੋਜਪੁਰ ਸ਼ਹਿਰ ਤੋਂ 10 ਕਿਲੋਮੀਟਰ ਦੂਰੀ ਉਤੇ ਬਣੇ ਹੁਸੈਨੀਵਾਲਾ ਬਾਰਡਰ ਉਤੇ ਸ਼ਹੀਦ ਭਗਤ ਸਿੰਘ, ਸੁਖਦੇਵ ਸਿੰਘ ਤੇ ਰਾਜਗੁਰੂ ਦੀ ਸਮਾਧ ਹੈ। ਇਸ ਸਮਾਧ ਉਤੇ 23 ਮਾਰਚ ਨੂੰ ਹਰ ਸਾਲ ਮੇਲਾ ਲੱਗਦਾ ਹੈ। ਸ਼ਹੀਦੀ ਮੇਲੇ ਵਿਚ ਦੂਰ-ਦੂਰ ਤੋਂ ਸੈਲਾਨੀ ਆਉਂਦੇ ਹਨ। ਪਿਛਲੇ ਸਾਲ ਤਾਂ ਇਥੇ ਦੇ ਮੇਲੇ ਵਿਚ ਖੁਦ ਪ੍ਰਧਾਨ ਨਮਤਰੀ ਨਰੇਂਦਰ ਮੋਦੀ ਆਏ ਸਨ। ਸਤਲੁਜ ਦਰਿਆ ਦੇ ਨੇੜੇ ਬਣੇ ਇਸ ਸਮਾਧੀ ਸਥਾਨ ਨੂੰ ਹੁਣ ਸੈਰ ਸਪਾਟੇ ਵਜੋਂ ਵਿਕਸਿਤ ਕੀਤਾ ਜਾ ਰਿਹਾ ਹੈ। ਸਮਾਧੀ ਸਥਲ ਦੇ ਆਸਪਾਸ ਗ੍ਰੀਨਰੀ ਖੇਤਰ ਵਿਕਸਤ ਕੀਤਾ ਜਾ ਰਿਹਾ ਹੈ। ਇਥੇ ਪਾਰਕ ਤੇ ਝੂਲੇ-ਫੁਆਰੇ ਲਗਾਏ ਹਨ। ਸ਼ੁੱਕਰਵਾਰ ਤੇ ਐਤਵਾਰ ਨੂੰ ਖਾਸ ਤੌਰ ਉਤੇ ਸੈਲਾਨੀਆਂ ਦੀ ਭੀੜ ਹੁੰਦੀ ਹੈ।

ਭਾਰਤ-ਪਾਕਿ ਸਰਹੱਦ ਉਤੇ ਬਣੇ ਸਮਾਧੀ ਸਥਾਨ ਉਤੇ ਲੱਗੇ ਬੋਡਰ ਉਤੇ ਜਾਣਕਾਰੀ ਦਰਜ ਹੈ ਕਿ ਫਾਂਸੀ ਤੋਂ ਬਾਅਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀਆਂ ਦੇਹਾਂ ਨਾਲ ਕਿੰਨੀ ਬੇਰਹਿਮੀ ਨਾਲ ਪੇਸ਼ ਆਏ। ਸਮਾਰਕ ਵਾਲੀ ਜਗ੍ਹਾ ਉਤੇ ਲੱਗੇ ਬੋਰਡ ਮੁਤਾਬਕ ਅੰਗਰੇਜ਼ ਪੁਲਿਸ ਅਧਿਕਾਰੀ ਸਾਂਡਰਸ ਦੀ ਹੱਤਿਆ ਦੇ ਦੋਸ਼ ਵਿਚ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ ਸੁਣਵਾਈ ਗਈ। ਇਸ ਦੇ ਵਿਰੋਧ ਵਿਚ ਪੂਰਾ ਲਾਹੌਰ ਬਗਾਵਤ ਲਈ ਉਠ ਖੜ੍ਹਾ ਹੋਇਆ।

ਡਰੀ ਹੋਈ ਬ੍ਰਿਟਿਸ਼ ਹਕੂਮਤ ਨੇ ਮਿਥੀ ਤਰੀਕ ਤੋਂ ਇਕ ਦਿਨ ਪਹਿਲਾਂ 23 ਮਾਰਚ, 1931 ਦੀ ਸ਼ਾਮ 7 ਵਜੇ ਤਿੰਨਾਂ ਨੂੰ ਫਾਂਸੀ ਦੇ ਦਿੱਤੀ। ਉਸ ਦੇ ਬਾਅਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀਆਂ ਦੇਹਾਂ ਦੇ ਟੋਟੇ-ਟੋਟੇ ਕਰ ਕੇ ਅੰਗਰੇਜ਼ ਉਨ੍ਹਾਂ ਨੂੰ ਲਾਹੌਰ ਦੇ ਪਿਛਲੀ ਦੀਵਾਰ ਤੋੜ ਕੇ ਸਤਲੁਜ ਦਰਿਆ ਦੇ ਕਿਨਾਰੇ ਲਿਆਏ ਤੇ ਰਾਤ ਦੇ ਹਨੇਰੇ ਵਿਚ ਬਿਨਾ ਰੀਤੀ ਰਿਵਾਜ ਦੇ ਜਲਾ ਦਿੱਤਾ।



### ਕਦੇ ਹੁਸੈਨੀਵਾਲਾ ਤੋਂ ਲਾਹੌਰ ਜਾਂਦੀ ਸੀ ਸਪੈਸ਼ਲ ਰੇਲ

**ਚੰਡੀਗੜ੍ਹ:** ਫਿਰੋਜਪੁਰ ਤੋਂ ਹੁਸੈਨੀਵਾਲਾ ਬਾਡਰ ਤੱਕ ਸਪੈਸ਼ਲ ਟਰੇਨ 10 ਕਿਲੋਮੀਟਰ ਦਾ ਸਫਰ ਤੈਅ ਕਰਦੀ ਹੈ। ਕਦੇ ਇਹ ਰੇਲ ਲਾਈਨ ਹੁਸੈਨੀਵਾਲਾ ਤੋਂ ਹੋ ਕੇ ਲਾਹੌਰ ਤੱਕ ਜਾਂਦੀ ਸੀ, ਪਰ ਪਾਕਿਸਤਾਨ ਨਾਲ ਹੋਏ ਯੁੱਧ ਦੌਰਾਨ ਰੇਲ ਮਾਰਗ ਬੰਦ ਕਰ ਦਿੱਤਾ ਗਿਆ। ਇਥੇ ਸਤਲੁਜ ਦਰਿਆ ਉਤੇ ਬਣੇ ਪੁਲ ਨੂੰ ਵੀ ਤੋੜ ਦਿੱਤਾ ਗਿਆ। ਹੁਣ ਫਿਰੋਜਪੁਰ ਤੋਂ ਹੁਸੈਨੀਵਾਲਾ ਤੱਕ ਰੇਲ ਲਾਈਨ ਖਤਮ ਹੋ ਜਾਂਦੀ ਹੈ। ਰੇਲਵੇ ਟਰੈਕ ਨੂੰ ਬੰਦ ਕਰ ਕੇ ਇਥੇ ਲਿਖਿਆ ਹੈ- 'ਦੀ ਐਂਡ ਆਫ ਨਾਰਦਨ ਰੇਲਵੇ।' ਪੂਰੇ ਸਾਲ ਵਿਚ ਇਕ ਦਿਨ, ਸਿਰਫ 23 ਮਾਰਚ ਨੂੰ ਫ਼ਿਰੋਜਪੁਰ ਤੋਂ ਇਕ ਸਪੈਸ਼ਲ ਟਰੇਨ ਸਰਹੱਦ ਲਈ ਚੱਲਦੀ ਹੈ।




### ਭਗਤ ਸਿੰਘ ਦੇ ਪਿਸਤੌਲ ਬਾਰੇ ਬੀ.ਐਸ.ਐਫ ਦੀ ਰਣਨੀਤੀ...

**ਇੰਦੌਰ:** ਬੀ.ਐਸ.ਐਫ. ਦਾ ਇੰਦੌਰ ਸਥਿਤ ਸੀ.ਐਸ.ਡਬਲਿਊ.ਟੀ. ਸ਼ਹੀਦ ਭਗਤ ਸਿੰਘ ਦੀ ਇਤਿਹਾਸਕ ਮਹੱਤਵ ਵਾਲੇ ਪਿਸਤੌਲ ਨੂੰ ਆਪਣੇ ਨਵੇਂ ਹਥਿਆਰ ਅਜਾਇਬ ਘਰ 'ਚ ਖਾਸ ਤੌਰ ਉਤੇ ਪ੍ਰਦਰਸ਼ਿਤ ਕਰਨ ਦੀ ਯੋਜਨਾ 'ਤੇ ਅੱਗੇ ਵਧ ਰਿਹਾ ਹੈ। ਇਹ ਉਹੀ ਪਿਸਤੌਲ ਹੈ ਜਿਸ ਨਾਲ ਕਰੀਬ 9 ਦਹਾਕੇ ਪਹਿਲਾਂ ਤਤਕਾਲੀ ਬ੍ਰਿਟਿਸ਼ ਪੁਲਿਸ ਅਫਸਰ ਜੇ.ਪੀ. ਸਾਂਡਰਸ ਦਾ ਕਤਲ ਕੀਤਾ ਗਿਆ ਸੀ। ਸੀ.ਐਸ.ਡਬਲਿਊ.ਟੀ. ਦੇ ਆਈ.ਜੀ. ਪੰਕਜ ਗੂਮਰ ਨੇ ਕਿਹਾ ਕਿ ਸਾਂਡਰਸ ਦੇ ਕਤਲ 'ਚ ਵਰਤੇ ਗਏ ਪਿਸਤੌਲ ਨੂੰ ਫਿਲਹਾਲ ਪੁਰਾਣੇ ਹਥਿਆਰ ਅਜਾਇਬ ਘਰ 'ਚ ਹੋਰ ਹਥਿਆਰਾਂ ਨਾਲ ਪ੍ਰਦਰਸ਼ਿਤ ਕੀਤਾ ਗਿਆ ਹੈ, ਪਰ ਸ਼ਹੀਦ-ਏ-ਆਜ਼ਮ ਦੇ ਇਤਿਹਾਸਕ ਹਥਿਆਰ ਨੂੰ ਵਿਸ਼ੇਸ਼ ਸਨਮਾਨ ਦੇਣ ਲਈ ਉਨ੍ਹਾਂ ਦੀ ਯੋਜਨਾ ਹੈ ਕਿ ਇਸ ਨੂੰ ਨਵੇਂ ਅਜਾਇਬ ਘਰ 'ਚ ਖਾਸ ਤੌਰ ਉਤੇ ਰੱਖਿਆ ਜਾਵੇ। ਨਵੇਂ ਅਜਾਇਬ ਘਰ ਦੇ ਅਗਲੇ ਦੋ-ਤਿੰਨ ਮਹੀਨਿਆਂ 'ਚ ਬਣ ਕੇ ਤਿਆਰ ਹੋਣ ਦੀ ਉਮੀਦ ਹੈ। ਇਸ 'ਚ ਭਗਤ ਸਿੰਘ ਦੀ ਜੀਵਨੀ ਵੀ ਦਰਸਾਈ ਜਾਵੇਗੀ ਤਾਂ ਕਿ ਆਮ ਲੋਕ ਦੇਸ਼ ਦੀ ਆਜ਼ਾਦੀ 'ਚ ਉਨ੍ਹਾਂ ਦੇ ਅਮੁੱਲ ਯੋਗਦਾਨ ਨੂੰ ਚੰਗੀ ਤਰ੍ਹਾਂ ਜਾਣ ਸਕਣ। .32 ਐਮ.ਐਮ. ਦਾ ਇਹ ਸੈਮੀ ਆਟੋਮੈਟਿਕ ਪਿਸਤੌਲ ਅਮਰੀਕੀ ਹਥਿਆਰ ਨਿਰਮਾਤਾ ਕੰਪਨੀ ਕੋਲਟਸ ਨੇ ਬਣਾਇਆ ਸੀ।



ਇਸ ਪਿਸਤੌਲ ਨੂੰ 7 ਅਕਤੂਬਰ 1969 ਨੂੰ ਸੱਤ ਹੋਰ ਹਥਿਆਰਾਂ ਨਾਲ ਪੰਜਾਬ ਦੀ ਫਿਲੌਰ ਸਥਿਤ ਪੁਲਿਸ ਅਕਾਦਮੀ ਤੋਂ ਬੀ.ਐਸ.ਐਫ਼. ਇੰਦੌਰ 'ਚ ਸਥਿਤ ਸੀ.ਐਸ.ਡਬਲਿਊ.ਟੀ. ਭੇਜ ਦਿੱਤਾ ਗਿਆ ਸੀ ਅਤੇ ਦੂਜੇ ਹਥਿਆਰਾਂ ਨਾਲ ਬੀ.ਐਸ.ਐਫ਼. ਦੇ ਅਜਾਇਬ ਘਰ 'ਚ ਰੱਖ ਦਿੱਤਾ ਗਿਆ ਸੀ। ਸਾਂਡਰਸ ਨੂੰ 17 ਦਸੰਬਰ, 1928 ਨੂੰ ਗੋਲੀ ਮਾਰੀ ਗਈ ਸੀ। ਇਸ ਮਾਮਲੇ 'ਚ ਹੀ ਭਗਤ ਸਿੰਘ ਅਤੇ ਦੋ ਹੋਰ ਕ੍ਰਾਂਤੀਕਾਰੀਆਂ ਸ਼ਿਵਰਾਮ ਹਰੀ ਰਾਜਗੁਰੂ ਅਤੇ ਸੁਖਦੇਵ ਥਾਪਰ ਨੂੰ ਦੋਸ਼ੀ ਕਰਾਰ ਦਿੰਦਿਆਂ ਮੌਤ ਦੀ ਸਜ਼ਾ ਸੁਣਾਈ ਗਈ ਸੀ। ਤਿੰਨਾਂ ਕ੍ਰਾਂਤੀਕਾਰੀਆਂ ਨੂੰ ਤਤਕਾਲੀ ਲਾਹੌਰ ਸੈਂਟਰਲ ਜੇਲ੍ਹ ਦੇ ਸ਼ਾਦਮਾਂ ਚੌਕ 'ਚ 23 ਮਾਰਚ 1931 ਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ ਸੀ।

# ਪੰਜਾਬ ਪੁਲਿਸ ਵੱਲੋਂ ਨਸ਼ਾ ਤਸਕਰਾਂ ਦਾ ਗੜ੍ਹ ਤੋੜਨ ਲਈ ਕਮਰਕੱਸੇ

**ਬਠਿੰਡਾ:** ਪੰਜਾਬ ਪੁਲਿਸ ਨੇ ਨਸ਼ਾ ਮੁਕਤ ਪੰਜਾਬ ਮੁਹਿੰਮ ਦੀ ਸ਼ੁਰੂਆਤ ਕਰਦੇ ਹੋਏ ਮਾਲਵੇ ਵਿਚ ਸੈਂਕੜੇ 'ਨਸ਼ਾ ਜ਼ੋਨ' ਸ਼ਨਾਖਤ ਕਰ ਲਏ ਹਨ, ਜਿਥੇ ਨਸ਼ਿਆਂ ਦੀ ਤਸਕਰੀ ਹੁੰਦੀ ਹੈ ਜਾਂ ਨਸ਼ਿਆਂ ਦੀ ਵਰਤੋਂ ਜ਼ਿਆਦਾ ਹੁੰਦੀ ਹੈ। ਹਰਿਆਣਾ ਤੇ ਰਾਜਸਥਾਨ ਦੇ ਕਈ ਟਿਕਾਣਿਆਂ ਦੀ ਸ਼ਨਾਖ਼ਤ ਹੋਈ ਹੈ। ਪੁਲਿਸ ਨੇ ਨਸ਼ਾ ਤਸਕਰਾਂ ਨੂੰ ਅਲਟੀਮੇਟਮ ਦਿੱਤਾ ਹੈ ਕਿ ਜੇ ਉਨ੍ਹਾਂ ਨੇ ਨਸ਼ਾ ਵੇਚਣਾ ਨਾ ਛੱਡਿਆ ਤਾਂ ਸਖਤ ਕਦਮ ਚੁੱਕੇ ਜਾਣਗੇ। ਸੂਤਰ ਦੱਸਦੇ ਹਨ ਕਿ ਪੁਲਿਸ ਕੁਝ ਦਿਨਾਂ ਦੀ ਮੋਹਲਤ ਦੇਵੇਗੀ ਅਤੇ ਉਸ ਮਗਰੋਂ ਇਕਦਮ ਛਾਪੇ ਮਾਰਨੇ ਸ਼ੁਰੂ ਕਰ ਦੇਵੇਗੀ।

ਬਠਿੰਡਾ ਜ਼ੋਨ ਵਿਚ ਸੱਤ ਜ਼ਿਲ੍ਹੇ ਪੈਂਦੇ ਹਨ, ਜਿਥੇ ਜ਼ਿਆਦਾ ਵਿਕਰੀ 'ਰਵਾਇਤੀ' ਨਸ਼ਿਆਂ ਦੀ ਰਹੀ ਹੈ। ਡੱਬਵਾਲੀ ਤੋਂ ਆਧੁਨਿਕ ਨਸ਼ਿਆਂ ਦੀ ਸਪਲਾਈ ਹੁੰਦੀ ਰਹੀ ਹੈ। ਹਰਿਆਣਾ 'ਚੋਂ ਅਫੀਮ ਦੀ ਜ਼ਿਆਦਾ ਸਪਲਾਈ ਹੁੰਦੀ ਰਹੀ ਹੈ, ਜਦੋਂਕਿ ਰਾਜਸਥਾਨ ਭੁੱਕੀ ਦੀ ਤਸਕਰੀ ਲਈ ਬਦਨਾਮ ਹੈ। ਪਤਾ ਲੱਗਾ ਹੈ ਕਿ ਕਈ 'ਨਸ਼ਾ ਜ਼ੋਨ' ਅਜਿਹੇ ਹਨ, ਜਿਨ੍ਹਾਂ ਵਿਚ ਔਰਤਾਂ ਵੱਲੋਂ ਤਸਕਰੀ ਕੀਤੀ ਜਾ ਰਹੀ ਹੈ। ਪੁਲਿਸ ਰਿਕਾਰਡ 'ਚੋਂ ਉਨ੍ਹਾਂ ਦੀ ਸ਼ਨਾਖ਼ਤ ਵੀ ਕੀਤੀ ਗਈ ਹੈ, ਜਿਨ੍ਹਾਂ 'ਤੇ ਨਸ਼ਿਆਂ ਦੀ ਤਸਕਰੀ ਦੇ ਕਈ ਪੁਲਿਸ ਕੇਸ ਦਰਜ ਹਨ। ਮਾਲਵਾ ਖਿੱਤੇ ਵਿਚ ਰਾਜਸਥਾਨ ਵਿਚੋਂ ਜ਼ਿਆਦਾ ਭੁੱਕੀ ਸਪਲਾਈ ਹੁੰਦੀ ਹੈ। ਹਰਿਆਣਾ ਅਤੇ ਰਾਜਸਥਾਨ ਵਿਚ ਅਜਿਹੇ ਟਿਕਾਣੇ ਸ਼ਨਾਖ਼ਤ ਕੀਤੇ ਗਏ ਹਨ, ਜਿਥੋਂ ਪੰਜਾਬ ਲਈ ਨਸ਼ਿਆਂ ਦੀ ਸਪਲਾਈ ਹੁੰਦੀ ਹੈ।

ਸੂਤਰ ਦੱਸਦੇ ਹਨ ਕਿ ਹਰਿਆਣਾ ਅਤੇ ਰਾਜਸਥਾਨ ਦੀ ਪੁਲਿਸ ਦਾ ਸਹਿਯੋਗ ਵੀ ਲਿਆ ਜਾਣਾ ਹੈ। ਪੰਜਾਬ ਪੁਲਿਸ ਤਰਫੋਂ ਤਿੰਨ ਸੂਤਰੀ ਪ੍ਰੋਗਰਾਮ ਤਿਆਰ ਕੀਤਾ ਗਿਆ ਹੈ। ਬਠਿੰਡਾ ਸ਼ਹਿਰ ਵਿਚ ਡਰੱਗ ਇੰਸਪੈਕਟਰ ਵੱਲੋਂ ਕਈ ਮੈਡੀਕਲ ਸਟੋਰਾਂ ਦੀ ਚੈਕਿੰਗ ਕੀਤੀ ਗਈ ਹੈ। ਪਤਾ ਲੱਗਾ ਹੈ ਕਿ ਜੋ 'ਬਦਨਾਮ' ਮੈਡੀਕਲ ਸਟੋਰ ਸਨ, ਉਨ੍ਹਾਂ ਵਿਚੋਂ ਕਈਆਂ ਦੇ ਸ਼ਟਰ ਬੰਦ ਹੋ ਗਏ ਹਨ। ਦੱਸਿਆ ਜਾ ਰਿਹਾ ਹੈ ਕਿ ਪੰਜਾਬ-ਰਾਜਸਥਾਨ ਸੀਮਾ ਉਤੇ ਪੁਲਿਸ ਦੀ ਨਫਰੀ ਵਧਾਈ ਜਾਣੀ ਹੈ ਅਤੇ ਅਚਨਚੇਤ ਨਾਕਾਬੰਦੀ ਕੀਤੀ ਜਾਵੇਗੀ। ਫ਼ਾਜ਼ਿਲਕਾ ਪੁਲਿਸ ਵੱਲੋਂ ਤਾਂ ਸੀ.ਸੀ.ਟੀ.ਵੀ. ਕੈਮਰੇ ਵੀ ਲਾਏ ਜਾਣੇ ਹਨ।

**ਨਸ਼ਿਆਂ ਦੇ ਕੇਸਾਂ ਵਿਚ ਫਸੇ ਬੇਦੋਸ਼ਿਆਂ ਨੂੰ ਅਦਾਲਤ ਦੀ ਓਟ੍ਹ:** ਨਸ਼ਿਆਂ ਦੇ ਕੇਸਾਂ ਵਿਚ ਬੇਦੋਸ਼ਿਆਂ ਨੂੰ ਫਸਾਉਣ ਦੀ ਕਾਰਵਾਈ ਹੁਣ ਨਿਆਇਕ ਨਜ਼ਰਸਾਨੀ ਹੇਠ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨਸ਼ਿਆਂ ਦੇ ਕੇਸਾਂ ਵਿਚ ਫੜੇ ਬੇਦੋਸ਼ਿਆਂ ਦੇ ਵੇਰਵੇ ਦੇਣ ਲਈ ਕਿਹਾ ਹੈ। ਸਰਕਾਰ ਨੂੰ ਇਹ ਵੀ ਦੱਸਣਾ ਪਵੇਗਾ ਕਿ ਫਰਜ਼ੀ ਕੇਸਾਂ ਵਿਚ ਫਸਾਏ ਪੀੜਤਾਂ ਨੂੰ ਮੁਆਵਜ਼ਾ ਦੇਣ ਲਈ ਕੀ ਉਸ ਕੋਲ ਕੋਈ ਖਾਸ ਨੀਤੀ ਹੈ। ਇਸ ਮੰਤਵ ਲਈ ਜਸਟਿਸ ਰਾਜਨ ਗੁਪਤਾ ਨੇ ਦੋ ਹਫਤਿਆਂ ਦੀ ਸਮਾਂ ਸੀਮਾ ਵੀ ਨਿਰਧਾਰਤ ਕੀਤੀ।

### ਨਸ਼ਿਆਂ ਵਿਰੁਧ ਡਟਣਗੇ ਪਰਵਾਸੀ ਭਾਰਤੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਪ੍ਰਚਾਰ ਦਾ ਹੱਲਾ ਬੋਲਣ ਤੋਂ ਬਾਅਦ ਪਰਵਾਸੀ ਭਾਰਤੀ ਹੁਣ ਸੂਬੇ ਵਿਚੋਂ ਨਸ਼ੇ ਦਾ ਖਾਤਮਾ ਕਰਨ ਲਈ ਮੈਦਾਨ ਵਿਚ ਉਤਰਨਗੇ। ਪਰਵਾਸੀ ਭਾਰਤੀ ਵੱਖ-ਵੱਖ ਟੀਮਾਂ ਬਣਾ ਕੇ ਘਰ-ਘਰ ਤੱਕ ਪਹੁੰਚ ਕਰਨਗੇ। ਪੰਜਾਬੀ ਫਿਲਮਾਂ ਦੇ ਅਦਾਕਾਰ ਯੋਗਰਾਜ ਸਿੰਘ ਇਸ ਕਾਰਜ ਵਿਚ ਪਰਵਾਸੀ ਭਾਰਤੀਆਂ ਦੀ ਅਗਵਾਈ ਕਰਨਗੇ। ਐਨ.ਆਰ.ਆਈ. ਪੰਜਾਬ ਫਾਊਂਡੇਸ਼ਨ ਇਸ ਮੁੱਦੇ 'ਤੇ ਸਿੱਖਿਆ ਵਿਭਾਗ ਪੰਜਾਬ ਨਾਲ ਮਿਲ ਕੇ ਕੰਮ ਕਰੇਗੀ। ਇਹ ਜਾਣਕਾਰੀ ਐਨ.ਆਰ.ਆਈ. ਪੰਜਾਬ ਫਾਊਂਡੇਸ਼ਨ ਦੇ ਨੁਮਾਇੰਦੇ ਅਤੇ ਬ੍ਰਿਟਿਸ਼ ਕੋਲੰਬੀਆ ਪੀਪਲਜ਼ ਪਾਰਟੀ ਦੇ ਪ੍ਰਧਾਨ ਵਿਕਰਮ ਜੇ.ਐਸ. ਬਾਜਵਾ ਨੇ ਦਿੱਤੀ।

### ਚੋਣਾਂ 'ਚ ਪੰਜਾਬ ਵਿਚੋਂ ਫੜਿਆ ਸਭ ਤੋਂ ਵੱਧ ਨਸ਼ਾ

**ਬਠਿੰਡਾ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਐਤਕੀਂ ਤਕਰੀਬਨ 33 ਕਰੋੜ ਦੇ ਨਸ਼ੇ ਫੜੇ ਗਏ ਹਨ, ਜਦੋਂਕਿ 58 ਕਰੋੜ ਰੁਪਏ ਦੀ ਨਗਦੀ ਬਰਾਮਦ ਹੋਈ ਹੈ। ਕੇਂਦਰੀ ਕਾਨੂੰਨ ਤੇ ਨਿਆਂ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਪੰਜਾਬ ਵਿਚੋਂ ਸਭ ਤੋਂ ਵੱਧ ਨਸ਼ੇ ਫੜੇ ਗਏ ਹਨ। ਇਸ ਸਾਲ ਪੰਜ ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਹੋਈਆਂ ਹਨ। ਇਨ੍ਹਾਂ ਵਿਚੋਂ ਸਭ ਤੋਂ ਜ਼ਿਆਦਾ 18.26 ਕਰੋੜ ਦੇ ਨਸ਼ੇ ਪੰਜਾਬ ਵਿਚੋਂ ਫੜੇ ਗਏ ਹਨ, ਜਦੋਂਕਿ ਸੂਬੇ ਵਿਚੋਂ 13.36 ਕਰੋੜ ਦੀ ਸ਼ਰਾਬ ਫੜੀ ਗਈ ਹੈ। ਉਤਰ ਪ੍ਰਦੇਸ਼ ਵਿਚੋਂ 9.60 ਕਰੋੜ ਦੇ ਨਸ਼ੇ, ਉਤਰਾਖੰਡ ਵਿਚੋਂ 37.23 ਲੱਖ, ਮਨੀਪੁਰ 'ਚੋਂ 3.22 ਕਰੋੜ ਤੇ ਗੋਆ ਵਿਚੋਂ 33.21 ਲੱਖ ਦੇ ਨਸ਼ੇ ਫੜੇ ਗਏ ਹਨ।

# 46 ਸਾਬਕਾ ਮੰਤਰੀਆਂ ਦੀ ਸੁਰੱਖਿਆ ਛਤਰੀ ਛਾਂਗੀ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਵੀ.ਆਈ.ਪੀ. ਕਲਚਰ ਖਤਮ ਕਰਨ ਦੇ ਹੁਕਮਾਂ ਦੀ ਫੁਰਤੀ ਨਾਲ ਪਾਲਣਾ ਕਰਦਿਆਂ ਪੰਜਾਬ ਪੁਲਿਸ ਨੇ 46 ਸਾਬਕਾ ਮੰਤਰੀਆਂ ਸਿਕੰਦਰ ਸਿੰਘ ਮਲੂਕਾ, ਜਨਮੇਜਾ ਸਿੰਘ ਸੇਖੋਂ, ਗੁਲਜ਼ਾਰ ਸਿੰਘ ਰਣੀਕੇ, ਜਥੇਦਾਰ ਤੋਤਾ ਸਿੰਘ, ਚੁੰਨੀ ਲਾਲ ਭਗਤ ਸਮੇਤ ਹੋਰ ਸਾਬਕਾ ਮੰਤਰੀਆਂ, ਸੰਸਦ ਮੈਂਬਰਾਂ, ਵਿਧਾਇਕਾਂ ਅਤੇ ਸਾਬਕਾ ਸਲਾਹਕਾਰਾਂ ਦੀ ਸੁਰੱਖਿਆ ਛਤਰੀ ਛਾਂਗ ਦਿੱਤੀ ਹੈ। ਗੌਰਤਲਬ ਹੈ ਕਿ ਪੰਜਾਬ ਦੀ ਨਵੀਂ ਕਾਂਗਰਸ ਸਰਕਾਰ ਨੇ ਆਪਣੀ ਪਹਿਲੀ ਹੀ ਕੈਬਨਿਟ ਮੀਟਿੰਗ ਦੌਰਾਨ ਸੂਬੇ ਵਿਚੋਂ ਵੀ.ਆਈ.ਪੀ. ਕਲਚਰ ਖਤਮ ਕਰਨ ਦਾ ਫੈਸਲਾ ਕੀਤਾ ਸੀ।

ਇਸੇ ਤਹਿਤ ਮੁੱਖ ਮੰਤਰੀ, ਮੰਤਰੀਆਂ ਅਤੇ ਅਧਿਕਾਰੀਆਂ ਦੀਆਂ ਗੱਡੀਆਂ ਤੋਂ ਲਾਲ ਬੱਤੀਆਂ ਹਟਾਉਣ ਦਾ ਫੈਸਲਾ ਕੀਤਾ ਗਿਆ, ਜਿਸ ਨੂੰ ਲਾਗੂ ਕਰ ਦਿੱਤਾ ਗਿਆ ਹੈ। ਇਸੇ ਮੀਟਿੰਗ ਵਿਚ ਅਹਿਮ ਵਿਅਕਤੀਆਂ ਦੀ ਸੁਰੱਖਿਆ ਘਟਾਉਣ ਲਈ ਪੁਲਿਸ ਨੂੰ 24 ਮਾਰਚ ਤੱਕ ਰਿਪੋਰਟ ਦੇਣ ਲਈ ਕਿਹਾ ਗਿਆ ਸੀ, ਪਰ ਪੁਲਿਸ ਨੇ ਇਸ ਤੋਂ ਪਹਿਲਾਂ ਹੀ ਕਾਰਵਾਈ ਕਰਦਿਆਂ ਸੁਰੱਖਿਆ ਘਟਾਉਣੀ ਸ਼ੁਰੂ ਕਰ ਦਿੱਤੀ ਹੈ। ਜਿਨ੍ਹਾਂ ਅਹਿਮ ਵਿਅਕਤੀਆਂ ਦੀ ਸੁਰੱਖਿਆ ਘਟਾਈ ਗਈ ਹੈ, ਉਨ੍ਹਾਂ ਵਿਚ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਆਗੂ ਸ਼ਾਮਲ ਹਨ, ਪਰ ਸਭ ਤੋਂ ਵੱਧ ਗਿਣਤੀ ਸਾਬਕਾ ਅਕਾਲੀ-ਭਾਜਪਾ ਸਰਕਾਰ ਦੇ ਮੰਤਰੀਆਂ ਅਤੇ ਸਾਬਕਾ ਸਲਾਹਕਾਰਾਂ ਦੀ ਹੈ।

ਕਾਂਗਰਸ ਦੀ ਰਾਜ ਸਭਾ ਮੈਂਬਰ ਅੰਬਿਕਾ ਸੋਨੀ, ਲੋਕ ਸਭਾ ਮੈਂਬਰ ਚੌਧਰੀ ਸੰਤੋਖ ਸਿੰਘ ਅਤੇ 'ਆਪ' ਦੇ ਲੋਕ ਸਭਾ ਮੈਂਬਰ ਭਗਵੰਤ ਮਾਨ ਸਮੇਤ ਹੋਰ ਅਹਿਮ ਵਿਅਕਤੀਆਂ ਨੂੰ ਦਿੱਤੀ ਵਾਧੂ ਸੁਰੱਖਿਆ ਵਾਪਸ ਲੈ ਲਈ ਗਈ ਹੈ, ਪਰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸੁਰੱਖਿਆ ਛਤਰੀ ਬਰਕਰਾਰ ਰੱਖੀ ਗਈ ਹੈ, ਹਾਲਾਂਕਿ ਉਨ੍ਹਾਂ ਨੂੰ ਦਿੱਤੇ ਵਾਧੂ ਵਾਹਨ ਵਾਪਸ ਲੈ ਲਏ ਹਨ। ਹੁਣ ਦੋ ਬੁਲਟ ਪਰੂਫ ਲੈਂਡ ਕਰੂਜ਼ਰ ਗੱਡੀਆ ਉਨ੍ਹਾਂ ਦੀ ਸੇਵਾ ਵਿਚ ਰਹਿਣਗੀਆਂ।

ਸਾਬਕਾ ਮੰਤਰੀ ਸ੍ਰੀ ਮਲੂਕਾ ਨੂੰ ਮਿਲੇ 31 ਸੁਰੱਖਿਆ ਗਾਰਡਾਂ ਤੇ ਦੋ ਵਾਹਨਾਂ ਵਿਚੋਂ 25 ਗਾਰਡ ਅਤੇ ਇਕ ਵਾਹਨ ਵਾਪਸ ਲੈ ਲਿਆ ਗਿਆ ਹੈ। ਸਾਬਕਾ ਮੰਤਰੀ ਤੋਤਾ ਸਿੰਘ ਦੇ 21 ਸੁਰੱਖਿਆ ਜਵਾਨਾਂ ਵਿਚੋਂ 19 ਵਾਪਸ ਲੈਣ ਨਾਲ ਉਨ੍ਹਾਂ ਕੋਲ ਦੋ ਹੀ ਸੁਰੱਖਿਆ ਜਵਾਨ ਰਹਿ ਗਏ ਹਨ। ਸਾਬਕਾ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੋਲ 14 ਵਿਚੋਂ ਚਾਰ ਜਵਾਨ ਰਹਿ ਗਏ ਹਨ।

### ਬਾਦਲ ਦੇ ਸਲਾਹਕਾਰਾਂ ਕੋਲ ਸਨ 70 ਸੁਰੱਖਿਆ ਜਵਾਨ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਸਾਰੇ ਸਲਾਹਕਾਰਾਂ ਦੀ ਸੁਰੱਖਿਆ ਅਤੇ ਵਾਹਨ ਵਾਪਸ ਲੈ ਲਏ ਗਏ ਹਨ। ਇਨ੍ਹਾਂ ਕੋਲ 70 ਸੁਰੱਖਿਆ ਗਾਰਡ ਅਤੇ ਚਾਰ ਵਾਹਨ ਸਨ। ਇਨ੍ਹਾਂ ਭੁਪਿੰਦਰ ਸਿੰਘ ਢਿਲੋਂ, ਚਰਨਜੀਤ ਸਿੰਘ ਬਰਾੜ, ਐਚ.ਐਸ. ਬੈਂਸ, ਕਮਲ ਓਸਵਾਲ, ਮਹੇਸ਼ਇੰਦਰ ਸਿੰਘ ਗਰੇਵਾਲ, ਪਰਮਜੀਤ ਸਿੰਘ ਸਿਧਵਾਂ, ਪਰਮਿੰਦਰ ਸਿੰਘ ਸੇਖੋਂ, ਜੰਗਵੀਰ ਸਿੰਘ, ਸਵਿੰਦਰਪਾਲ ਸਿੰਘ, ਸੁਖਦੀਪ ਸਿੰਘ ਸਿੱਧੂ ਤੇ ਤੀਕਸ਼ਣ ਸੂਦ ਸ਼ਾਮਲ ਹਨ।

# ਅਮਰੀਕੀ ਵੀਜ਼ਾ ਲੈਣਾ ਹੋਇਆ ਹੋਰ ਵੀ ਔਖਾ

**ਵਾਸ਼ਿੰਗਟਨ:** ਟਰੰਪ ਪ੍ਰਸ਼ਾਸਨ ਨੇ ਵਿਸ਼ਵ ਭਰ ਦੇ ਆਪਣੇ ਸਾਰੇ ਸਫਾਰਤਖ਼ਾਨਿਆਂ ਨੂੰ ਵੀਜ਼ੇ ਜਾਰੀ ਕਰਨ ਲਈ ਸਖਤ ਪੜਤਾਲ ਪ੍ਰਕ੍ਰਿਆ ਅਪਨਾਉਣ ਅਤੇ ਵੱਧ ਨਜ਼ਰਸਾਨੀ ਦੀ ਲੋੜ ਵਾਲੇ ਖਾਸ ਗਰੁੱਪਾਂ ਦੀ ਪਛਾਣ ਕਰਨ ਦੀ ਹਦਾਇਤ ਕੀਤੀ ਹੈ। ਵਿਦੇਸ਼ ਮੰਤਰੀ ਰੈਕਸ ਟਿਲਰਸਨ ਵੱਲੋਂ ਜਾਰੀ ਡਿਪਲੋਮੈਟਿਕ ਜਾਣਕਾਰੀ ਅਨੁਸਾਰ ਅਮਰੀਕੀ ਵੀਜ਼ਿਆਂ ਲਈ ਬਿਨੈ ਕਰਨ ਵਾਲਿਆਂ ਤੋਂ ਉਨ੍ਹਾਂ ਦੇ ਰੁਜ਼ਗਾਰ, ਪਿਛਲੇ ਪੰਦਰਾਂ ਸਾਲਾਂ ਦੀ ਰਿਹਾਇਸ਼ ਅਤੇ ਪਿਛਲੇ ਪੰਜ ਸਾਲਾਂ ਵਿਚ ਵਰਤੇ ਸਾਰੇ ਫੋਨ ਨੰਬਰਾਂ ਦਾ ਵੇਰਵਾ ਦੇਣ ਲਈ ਕਿਹਾ ਜਾਵੇਗਾ। ਇਨ੍ਹਾਂ ਵਿਚ ਟੂਰਿਸਟ ਤੇ ਬਿਜ਼ਨਸ ਵੀਜ਼ੇ ਵੀ ਸ਼ਾਮਲ ਹੋਣਗੇ। ਇਹ ਜਾਣਕਾਰੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ 6 ਮਾਰਚ ਤੋਂ ਛੇ ਮੁਸਲਿਮ ਬਹੁਗਿਣਤੀ ਵਾਲੇ ਮੁਲਕਾਂ ਤੋਂ ਯਾਤਰਾ ਉਤੇ ਪਾਬੰਦੀ ਵਾਲੇ ਸੋਧੇ ਹੋਏ ਵਿਸ਼ੇਸ਼ ਆਦੇਸ਼ ਜਾਰੀ ਕਰਨ ਮਗਰੋਂ ਭੇਜੀ ਗਈ।

15 ਮਾਰਚ ਦੀ ਹਦਾਇਤ 'ਚ ਕਿਹਾ ਗਿਆ ਕਿ ਇਹ ਵਾਧੂ ਪ੍ਰੋਟੋਕੋਲ ਇਸ ਲਈ ਅਪਨਾਏ ਜਾ ਰਹੇ ਹਨ ਤਾਂ ਕਿ ਅਜਿਹੇ ਵਿਦੇਸ਼ੀਆਂ ਦੇ ਅਮਰੀਕਾ ਵਿਚ ਦਾਖਲੇ ਨੂੰ ਰੋਕਿਆ ਜਾ ਸਕੇ, ਜਿਨ੍ਹਾਂ ਦੇ ਅਤਿਵਾਦੀ ਕਾਰਵਾਈਆਂ ਜਾਂ ਹਿੰਸਾ ਵਿਚ ਸ਼ਾਮਲ ਹੋਣ ਜਾਂ ਮਦਦ ਕਰਨ ਦੀ ਸੰਭਾਵਨਾ ਹੈ। ਇਸ ਜਾਣਕਾਰੀ 'ਚ ਸਾਰੇ ਅਮਰੀਕੀ ਸਫਾਰਤਖ਼ਾਨਿਆਂ ਨੂੰ ਵਿਦੇਸ਼ੀ ਨਾਗਰਿਕਾਂ ਨੂੰ ਵੀਜ਼ਾ ਜਾਰੀ ਕਰਨ ਲਈ ਸਖਤ ਪੜਤਾਲ ਪ੍ਰਕ੍ਰਿਆ ਲਈ ਫੌਰੀ ਮਾਪਦੰਡ ਤੈਅ ਕਰਨ ਵਾਸਤੇ ਕਿਹਾ ਗਿਆ ਹੈ। ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਇਸ ਕਾਰਵਾਈ ਦਾ ਭਾਰਤੀਆਂ ਉਤੇ ਕੋਈ ਪ੍ਰਭਾਵ ਪਵੇਗਾ ਜਾਂ ਨਹੀਂ।

**ਕੌਂਸਲਰ ਅਫਸਰਾਂ ਨੂੰ ਦਿੱਤੀ ਖੁੱਲ੍ਹ:** ਹੁਣ ਸਾਰੇ ਬਿਨੈਕਾਰਾਂ ਨੂੰ ਵੀਜ਼ਾ ਅਫਸਰਾਂ ਨੂੰ ਪਿਛਲੇ ਪੰਜ ਸਾਲਾਂ ਵਿਚ ਵਰਤੇ ਸਾਰੇ ਫੋਨ ਨੰਬਰ, ਈਮੇਲ ਅਤੇ ਸੋਸ਼ਲ ਮੀਡੀਆ ਖਾਤਿਆਂ ਬਾਰੇ ਦੱਸਣਾ ਪਵੇਗਾ। ਟਿਲਰਸਨ ਵੱਲੋਂ ਜਾਰੀ ਇਸ ਹਦਾਇਤ ਵਿਚ ਇਕ ਵੀਜ਼ਾ ਅਫਸਰ ਵੱਲੋਂ ਰੋਜ਼ਾਨਾ ਕੀਤੀਆਂ ਜਾਣ ਵਾਲੀਆਂ ਇੰਟਰਵਿਊ ਦੀ ਗਿਣਤੀ ਵੀ ਘਟਾ ਦਿੱਤੀ ਗਈ ਹੈ। ਹਰੇਕ ਅਰਜ਼ੀ ਉਤੇ ਢੁਕਵੀਂ ਨਜ਼ਰ ਰੱਖਣ ਲਈ ਹੁਣ ਰੋਜ਼ਾਨਾ ਇਕ ਕੌਂਸਲਰ ਐਡਜੂਕੇਟਰ ਕੋਲ 120 ਵੀਜ਼ਾ ਇੰਟਰਵਿਊ ਤੋਂ ਵੱਧ ਨਹੀਂ ਰੱਖੀਆਂ ਜਾਣਗੀਆਂ। ਟਿਲਰਸਨ ਨੇ ਲਿਖਿਆ ਕਿ ਸੁਰੱਖਿਆ ਖਤਰਿਆਂ ਨਾਲ ਸਬੰਧਤ ਕਿਸੇ ਵੀ ਕੇਸ ਵਿਚ ਵੀਜ਼ੇ ਤੋਂ ਨਾਂਹ ਕਰਨ ਵਿਚ ਕੌਂਸਲਰ ਅਫ਼ਸਰਾਂ ਨੂੰ ਹਿਚਕਿਚਾਹਟ ਨਹੀਂ ਦਿਖਾਉਣੀ ਚਾਹੀਦੀ।

PAO
Punjabi American Organization

# Punjabi American Organization

ਵਲੋਂ ਮਾਣ ਨਾਲ ਪੇਸ਼ ਹੈ ਮਿਡਵੈਸਟ ਦਾ 13ਵਾਂ ਰੰਗਾਰੰਗ ਪ੍ਰੋਗਰਾਮ

# Teeyan Da Mela-2017

*(Teeyan Da Mela is celebration of flourishing and blissful married life. The newly married girls come to their parental house to celebrate this joyous festival along with their friends and sisters and welcome the rainy monsoon season in Northern part of India specially Punjab State.)*

## Dedicated to Mrs. Jaswant Kaur Dhaliwal

# ਤੀਆਂ ਦਾ ਮੇਲਾ–2017

*Only For Ladies*

## Sunday, July 23, 2017

*Time: 11 AM to 4:30 PM*

**Waterford Banquet Conference Center**

933 S Riverside Dr, Elmhurst, IL 60126 Ph: 630-279-0270

**Fashion Show**

ਬੀਬੀਆਂ ਲਈ ਵਿਸ਼ੇਸ਼ ਮੁਕਾਬਲਾ

‘ਸ਼ੌਕਣ ਮੇਲੇ ਦੀ’

Shauken Mele Di

Special arrangement for Shopping stalls of Mehandi, Jewelry, Gift items, Punjabi Suits etc. for ladies

Items: Giddha, Dholki, Singing & Dancing with Live DJ

**Lunch Time: 12:30-2:30**

Ticket Price $15 - Lunch Included, Kids Under 5 yrs are Free!




**For More Information Contact**

Minni Multani 630-935-5239
Sukhi Singh 847-917-3664
Naiha Walia 847-687-9074
Pinki Walia 847-999-8720
Naina Singh 847-828-9412
Navjot Bajwa 312-446-4432

Manisha Garg 847-904-7458
Aarti Singla 630-479-3661

www.paochicago.org

Jasmeet Suga 630-673-6300
Kamal Hunjan 630-673-5156
Satinder Kaur 630-696-8705
Pammi Sangha 630-965-2930
Rajinder Mago 630-890-1362
Gurpreet Singh 630-677-6144

“Volunteers will get community service hours”

# Sher-E-Punjab Sports & Cultural Society

# Mela Viasakhi Da VI

## April 22, 2017

*Saturday (4PM till dusk)*

**Monroe High School**
220 Yankee Rd., Monroe OH 45050

**Items by Children, Dance, Bhangra-Gidha, Comedy, Choreography and Much More...**

Chief Guest



Jaspreet Singh
Attorney At Law

Special Guest



Baldev Singh
Salhan





**An Evening full of fun Entertainment, cultural & family activities.**

Event Sponsored by

HACKNEY
Since 1891

GEMINI JEWELERS
MANUFACTURERS & WHOLESALERS OF EXQUISITE 22K JEWELRY
4836 Business Center Way
Cincinnati, OH 45246
Showroom: 513-874-9303 Factory: 513-783-8689
www.GeminiJewelers.com

Satya Wholesale
(C-Store needs)
W (937) 344-6953

Khan
SIGNS & AWNINGS

No alcohol allowed at School Premises.

**Free Food (4PM to 5PM)**
**Free Entry, Free Parking**

**Open Invitation To All**

Media Sponsor ਪੰਜਾਬ ਟਾਈਮਜ਼ Radio Chann Pardesi

**Advisory Committee:**
Harinder S. Kang, Gurpreet S. Gill, Vineet Gupta, Mani Ram, Parmjit S. Garcha, Bahadur S. Mundi, Narinderpal Tatla.

SHER-E-PUNJAB SPORTS & CULTURAL SOCIETY INC.

**Society Members:**
Charanjit S. Brar 317-903-7400
Surjeet S. Mavi 513-616-4530
Kumar Pawandeep 937-838-3767
Amarjit Takhar 937-604-0012
Amarik S. Tiwana 513-410-4101
Amarjit Aggarwal 937-672-1201
Parminder S. Takhar 937-469-0202
Bobby S. Sidhu (937) 919-4799
Bahadur S. Kaler 513-446-9687
Jagtar S. Fantu 513-328-7500
Pritampaul Singh 518-469-7864
Gurminder S. Sandhu 513-550-6134

www.sherepunjabcincy.com Email :sherepunjabsociety@gmail.com

# Cincinnati, Dayton, Lima, Columbus (OH)

## Platinum Sponsors



**Charanjit Singh Brar** | **Amrik Singh Tiwana** | **Amarjit Singh Takhar** | **Harinder Singh Kang** | **Bobby Sidhu**

## Diamond Sponsors




*Surjeet Mavi* | *Parminder Takhar* | *Gurminder Sandhu* | *Amarjit Aggarwal* | *Bahadur Kaler* | *Jagtar Fantu* | *Gurpreet Gill* | *Mani Ram*



*Sukhdev S. Garcha* | *Vineet Gupta* | *Palwinder Dhillon* | *Jas (Amber India)* | *Pushpinder Bhatti* | *Harry Nijjar* | *Pappal Ghotra* | *Gurmail S. Fagura*

## Gold Sponsors



*Kumar Pawandeep* | *Narinder Pal Tatla* | *Agyapal S. Batth* | *Happy Matot* | *Davinder Mundi* | *Harjit Bhullar* | *Lakhvir Bassi* | *Nippy Tiwana* | *Bobby New Krishna* | *Inderjit Begowal* | *Sushil Aggarwal* | *Rajesh Rawal* | *Nishan Singh*



*Palwinder Gill* | *Sukhwinder Singh* | *Davinder Kahlon* | *J S Chema* | *Jimmy Brar* | *Sukhminder Pandher* | *Makhan Badesha* | *Gurmail Singh* | *Balbir Batth* | *Onkar Singh* | *Toni Multani* | *Prithpal Ghotra* | *Darshan Darar* | *Sukhdev Samra* | *Varinder Sahi*

## Silver Sponsors



*Bahadur S. Mundi* | *Lakhvir Singh* | *Balbir S. Gill* | *Gurpreet Batth* | *Jatinder Kumar* | *Sohan Lal Gaba* | *Lakhwinder Mavi* | *Avtar Singh Springfield* | *Satwant Deol* | *Mandeep Badesha* | *Avtar Singh Sohal*

**Sponsors:** Pritampaul Singh, Sohan Singh Bilku, Rupinder Batth, Sonu Cheema, Harvinder Kang (Binda), Inderjit Singh (KY), Jasbir Singh Ahluwalia, Dr. Baljinder Singh, Dalbir Gill, Kirpal Singh Gill (Gill Brothers), Sohan Singh, Dr. Ravinder Mann, Avtar Singh Tari, Gurmeet Bhatti, Prabhpreet Tiwana, Gurmail Singh, Amarjit Singh, Gurpreet Cheema, Sat Parkash Chahal, Kuljit Tuli, Mohinder Kang, Lakhi Grewal, Jasbir Mohi, Ravi Singh, Satnam Singh, Buta Singh, Sukhjinder Sandhu, Dr. Ashwani Kapoor, Nardeep Mavi, Jagtar Singh Xenia, Vicky Singh, Gemini Jewelers, Moreb Wholesales, Janta Transportation, Sunshine Transportation, RA Trucking, Speed 1 Transport, DJ Soni, Kang Transport, Dashmesh Trucking, Clarion Hotel, Sue Fancy Cuts, Bedi & Associates, Tigar Style Corp., A&R Freight Line, MBS Gas Inc. **Restaurants:** Amber India, Baba India, Guru India, Kanak India, Swad India, Raja India, New Krishna, Brij Mohan, Krishna Carry Out, Royal Taj, Tandoor India, Indian Bistro, Bombay Star, Curries, Deep India, Bombay Blazer, Taj Mahal, Aangan Sweets, Indian Spice, Shaan India. **Grocers:** Bombay Grocers, Patel Brothers, Niva Grocers.
**Supporting Organizations:** (Chicago) Shere Punjab Sports & Cultural Club, Punjab Sports Club Midwest, Punjab Sports & Cultural Club, Punjabi Heritage Organization (PHO), Punjabi American Organization, Punjabi Cultural Society (PCS). (Indiana) Punjabi American Youth Club, Five River Entertainment, Meeri-Peeri Sports Club Greenwood. (Michigan) Punjab Sports & Cultural Organization, PCS Kalamazoo and Punjab Sports Club Cleveland (Ohio)

## Guests of Honor



*Sarwan Tiwana* | *Amarjit Dhindsa* | *Didar Dhanoa* | *Gurwinder Babbu* | *Balbir Dran* | *Rimpy Khatra* | *Dharminder Khatra* | *Kuldip Lang* | *Tara S. Salhan* | *Gurmit S. Salhan* | *Sarabjit S. Salhan* | *Pyara S. Bhatti* | *Gurmit Batth* | *Mandip Bhura* | *Nidhan Singh* | *Sonu Sarhind* | *Lakha Dhindsa*



# ਅੰਮ੍ਰਿਤਾ ਸ਼ੇਰਗਿਲ ਦੀ ਆਖਰੀ ਨੁਮਾਇਸ਼

***ਅੰਮ੍ਰਿਤਾ ਸ਼ੇਰਗਿਲ (30 ਜਨਵਰੀ 1913-5 ਦਸੰਬਰ 1941) ਦਾ ਕਲਾ ਦੇ ਇਤਿਹਾਸ ਵਿਚ ਆਪਣਾ ਮੁਕਾਮ ਹੈ। ਇਸ ਲੇਖ ਵਿਚ ਐਚ.ਐਲ. ਪਰਾਸ਼ਰ ਨੇ ਉਸ ਦੇ ਆਖਰੀ ਦਿਨਾਂ ਅਤੇ ਉਨ੍ਹਾਂ ਦਿਨੀਂ ਲੱਗਣ ਵਾਲੀ ਨੁਮਾਇਸ਼ ਬਾਰੇ ਚਰਚਾ ਕੀਤੀ ਹੈ। ਉਹ ਆਪਣੀ ਇਸ ਨੁਮਾਇਸ਼ ਤੋਂ ਪਹਿਲਾਂ ਹੀ ਇਸ ਸੰਸਾਰ ਤੋਂ ਰੁਖਸਤ ਹੋ ਗਈ ਸੀ। -ਸੰਪਾਦਕ***

**ਐਚ.ਐਲ. ਪਰਾਸ਼ਰ**

ਬੜੀ ਉਦਾਸ, ਬਹੁਤ ਉਦਾਸ ਘਟਨਾ ਇਸ ਨੁਮਾਇਸ਼ ਨਾਲ ਜੁੜੀ ਹੋਈ ਹੈ। ਦੀਵਾਰ 'ਤੇ ਚਿਣੇ ਇਹ ਚਿੱਤਰ ਜਿਹੜੇ ਆਪਣੇ ਰੂਪ, ਰੰਗ ਤੇ ਡਿਜ਼ਾਈਨ ਨਾਲ ਚੁਫ਼ੇਰੇ ਅਕਹਿ ਸੁੰਦਰਤਾ ਬਖੇਰ ਰਹੇ ਹਨ, ਇਨ੍ਹਾਂ ਚਿੱਤਰਾਂ ਦੀ ਸਿਰਜਣਹਾਰ ਅੱਜ ਸਾਡੇ ਵਿਚਕਾਰ ਨਹੀਂ ਹੈ। ਉਹ ਸ਼ਨਿਚਰਵਾਰ, 6 ਦਸੰਬਰ 1941 ਨੂੰ ਅੱਧੀ ਰਾਤੀਂ ਡੇਢ ਵਜੇ ਪੂਰੀ ਹੋ ਗਈ ਸੀ।

ਅਜੇ ਪਿਛਲੇ ਸਤੰਬਰ ਹੀ ਤਾਂ ਉਹ ਆਪਣੇ ਪਤੀ ਡਾ. ਵਿਕਟਰ ਈਗਨ ਨਾਲ ਲਾਹੌਰ ਆਈ ਸੀ, ਸਾਡੇ ਵਿਚ ਰਹਿਣ ਲਈ। ਮਾਲ ਰੋਡ 'ਤੇ ਐਕਸਚੇਂਜ ਬਿਲਡਿੰਗ ਵਿਚ ਉਸ ਨੇ ਫਲੈਟ ਲਿਆ ਸੀ। ਉਥੇ ਉਸ ਦੇ ਪਤੀ ਨੇ ਆਪਣਾ ਕਲੀਨਿਕ ਬਣਾ ਲਿਆ ਸੀ ਅਤੇ ਉਸ ਨੇ ਆਪਣਾ ਘਰ ਤੇ ਸਟੂਡੀਓ। ਉਸ ਦੇ ਲਾਹੌਰ ਆਉਣ ਦੀ ਖ਼ਬਰ ਸਾਰੇ ਸਾਹਿਤਕ ਤੇ ਕਲਾਮਈ ਹਲਕਿਆਂ ਵਿਚ ਧੁੰਮ ਗਈ ਸੀ। ਇਲਾਕੇ ਦੇ ਦਾਨਿਸ਼ਵਰਾਂ ਤੇ ਕਲਾਕਾਰਾਂ ਨਾਲ ਉਸ ਦਾ ਮੇਲ-ਮਿਲਾਪ ਸ਼ੁਰੂ ਹੋ ਗਿਆ ਸੀ। ਕਲਾ ਤੇ ਸਾਹਿਤ ਜਗਤ ਦੇ ਸਾਰੇ ਮੰਨੇ-ਪ੍ਰਮੰਨੇ ਸੱਜਣ ਜਾਂ ਉਸ ਨੂੰ ਮਿਲ ਚੁੱਕੇ ਸਨ ਜਾਂ ਮਿਲਣ ਬਾਰੇ ਸੋਚ ਰਹੇ ਸਨ। ਨਵੰਬਰ ਦੇ ਸ਼ੁਰੂ ਵਿਚ ਹੀ ਉਸ ਨੇ ਆਪਣੇ ਨਵੇਂ ਚਿੱਤਰਾਂ ਦੀ ਨੁਮਾਇਸ਼ ਲਾਉਣ ਦਾ ਫ਼ੈਸਲਾ ਕਰ ਲਿਆ ਸੀ। ਇਸ ਮਕਸਦ ਲਈ ਉਹ ਚਾਰੇ ਪਾਸੇ ਘੁੰਮੀ-ਫਿਰੀ ਤੇ ਉਹ ਸਾਰੇ ਹਾਲ ਦੇਖੇ ਜਿਥੇ ਉਸ ਦੇ ਮੁਤਾਬਿਕ ਨੁਮਾਇਸ਼ ਲਾਈ ਜਾ ਸਕਦੀ ਸੀ। ਅਜਾਇਬਘਰ ਨੁਮਾਇਸ਼ੀ ਹਾਲ, ਕਲਾ ਤੇ ਦਸਤਕਾਰੀ ਡਿਪੂ ਹਾਲ ਤੇ ਪੰਜਾਬ ਲਿਟਰੇਰੀ ਲੀਗ ਹਾਲ ਵਿਚੋਂ ਕੋਈ ਇਕ ਉਸ ਨੇ ਚੁਣਨਾ ਸੀ। ਅਖੀਰ ਉਸ ਨੇ ਪੰਜਾਬ ਲਿਟਰੇਰੀ ਲੀਗ ਹਾਲ ਚੁਣ ਲਿਆ, ਕਿਉਂਕਿ ਉਹ ਮਰਕਜ਼ੀ ਸੀ ਤੇ ਢੁਕਵਾਂ ਵੀ।

ਇਕ ਵਾਰ ਜਦੋਂ ਉਸ ਨੇ ਫ਼ੈਸਲਾ ਕਰ ਲਿਆ, ਉਸ ਨੇ ਸਾਰੀ ਨੁਮਾਇਸ਼ ਦੀ ਤਰਤੀਬ ਉਲੀਕ ਲਈ। ਹਰ ਰੋਜ਼ ਉਹ ਪੰਜਾਬ ਲਿਟਰੇਰੀ ਲੀਗ ਹਾਲ ਜਾਂਦੀ, ਇਕ ਨਹੀਂ ਕਈ ਕਈ ਵਾਰ, ਇਹ ਦੇਖਣ ਲਈ ਕਿ ਸਵੇਰੇ, ਬਾਅਦ ਦੁਪਹਿਰ, ਆਥਣੇ ਉਥੇ ਕਿਹੋ ਜਿਹਾ ਚਾਨਣ ਹੁੰਦਾ ਹੈ। ਇਕ ਪੇਂਟਿੰਗ ਉਸ ਨੇ ਹਾਲ ਵਿਚ ਬਸ ਇਹ ਦੇਖਣ ਲਈ ਹੀ ਟੰਗ ਰੱਖੀ ਸੀ। ਉਹ ਇਸ ਫੈਸਲੇ 'ਤੇ ਪਹੁੰਚੀ ਕਿ ਹਾਲ ਵਿਚ ਤੇਜ਼ ਰੌਸ਼ਨੀ ਦੀ ਲੋੜ ਹੈ, ਪਰ ਹਰ ਬਲਬ ਉਤੇ ਸ਼ੇਡ ਹੋਣੀ ਚਾਹੀਦੀ ਹੈ। ਬਲਬ ਦਿਸਣੇ ਨਹੀਂ ਚਾਹੀਦੇ। ਉਸ ਨੇ ਇਹ ਵੀ ਫ਼ੈਸਲਾ ਕੀਤਾ ਕਿ ਚਿੱਤਰਾਂ ਦੇ ਕੈਟਾਲੌਗ ਤੋਂ ਇਲਾਵਾ ਬਰੌਸ਼ਰ ਕੱਢਣ ਦੀ ਲੋੜ ਹੋਵੇਗੀ ਜਿਸ ਵਿਚ ਉਸ ਦੇ ਕੁਝ ਰੰਗੀਨ ਤੇ ਕੁਝ ਸਾਦੇ ਦੋਵੇਂ ਤਰ੍ਹਾਂ ਦੇ ਚਿੱਤਰਾਂ ਦੀਆਂ ਤਸਵੀਰਾਂ ਹੋਣ। ਉਸ ਨੇ ਤਾਂ ਨੁਮਾਇਸ਼ ਦੇ ਉਦਘਾਟਨ ਦੀ ਤਰੀਕ ਵੀ ਤੈਅ ਕਰ ਲਈ ਸੀ: 14 ਦਸੰਬਰ, ਤੇ ਸ਼ਿਮਲੇ ਤੋਂ 30 ਚਿੱਤਰ ਵੀ ਮੰਗਵਾ ਭੇਜੇ ਸਨ।

ਉਸ ਦੇ ਚਿੱਤਰ ਨਵੰਬਰ ਦੇ ਤੀਜੇ ਹਫ਼ਤੇ ਪਹੁੰਚ ਗਏ। ਫਿਰ ਤਾਂ ਉਸ ਦਾ ਜੋਸ਼ ਦੁੱਗਣਾ-ਚੌਗੁਣਾ ਹੋ ਗਿਆ। ਛੇਤੀ ਛੇਤੀ ਉਹ ਸਾਰੇ ਇੰਤਜ਼ਾਮ ਕਰਨ ਲੱਗੀ। ਦੋ ਦਸੰਬਰ, ਉਸ ਦਿਨ ਮੰਗਲਵਾਰ ਸੀ, ਨੂੰ ਉਹ ਪੰਜਾਬ ਲਿਟਰੇਰੀ ਲੀਗ ਹਾਲ ਆਈ, ਉਸ ਨੂੰ ਪਤਾ ਲੱਗਿਆ ਕਿ ਲੀਗ ਦੇ ਸਕੱਤਰ ਬਿਮਾਰ ਹੋ ਗਏ ਹਨ। ਉਹ ਉਸ ਦਾ ਹਾਲ-ਚਾਲ ਪੁੱਛਣ ਲਈ ਉਸ ਦੇ ਰਹਿਣ-ਬਸੇਰੇ ਗਈ। ਸਕੱਤਰ ਅਤੇ ਉਸ ਦੀ ਵਹੁਟੀ ਨੂੰ ਖ਼ੁਸ਼ ਕਰਨ ਲਈ ਉਸ ਨੇ ਹੱਸਦੀ ਨੇ ਮੇਜ਼ਬਾਨਾਂ ਵੱਲੋਂ ਪੇਸ਼ ਕੀਤੀ ਗਈ ਮਠਿਆਈ ਵੀ ਥੋੜ੍ਹੀ ਲੈ ਲਈ ਤੇ ਆਪਣੇ ਪਤੀ ਨੂੰ ਵੀ ਸੁਆਦ ਦੇਖਣ ਲਈ ਕਿਹਾ। ਮਠਿਆਈ ਖਾਂਦਿਆਂ ਖ਼ੂਬ ਠਹਾਕੇ ਵਜਦੇ ਰਹੇ।... ਤੇ ਬੁੱਧਵਾਰੀਂ ਉਹ ਬਿਮਾਰ ਹੋ ਗਈ, ਸ਼ਨਿਚਰਵਾਰੀਂ ਗੁਜ਼ਰ ਗਈ।

14 ਦਸੰਬਰ, ਉਹ ਦਿਨ ਜਿਹੜਾ ਉਸ ਨੇ ਆਪਣੀ ਨੁਮਾਇਸ਼ ਦੇ ਉਦਘਾਟਨ ਲਈ ਤੈਅ ਕੀਤਾ ਸੀ, ਨੂੰ ਪੰਜਾਬ ਲਿਟਰੇਰੀ ਲੀਗ ਨੇ ਸੋਗ ਸਭਾ ਕੀਤੀ ਜਿਸ ਵਿਚ ਕਈ ਪਤਵੰਤੇ ਸੱਜਣਾਂ ਤੇ ਕਲਾਕਾਰਾਂ ਨੇ ਉਸ ਨੂੰ ਸ਼ਰਧਾਂਜਲੀਆਂ ਦਿੱਤੀਆਂ।

ਇਹ ਉਸ ਦੀ ਇੱਛਾ ਸੀ ਕਿ ਉਸ ਦੇ ਚਿੱਤਰਾਂ ਦੀ ਨੁਮਾਇਸ਼ ਹੋਵੇ ਤੇ ਉਸ ਦੀ ਇਸ ਇੱਛਾ ਦੀ ਪੂਰਤੀ ਲਈ ਹੀ ਉਸ ਦੇ ਪਤੀ ਡਾ. ਈਗਨ ਨੇ, ਬਾਵਜੂਦ ਇਸ ਦੇ ਕਿ ਉਹ ਬਹੁਤ ਗ਼ਮਜ਼ਦਾ ਸੀ, ਸਾਰੇ ਇੰਤਜ਼ਾਮ ਕੀਤੇ। ਇਹ ਨੁਮਾਇਸ਼ ਡਾ. ਈਗਨ ਕਰ ਕੇ ਹੀ ਸੰਭਵ ਹੋ ਸਕੀ ਹੈ।

ਉਸ ਦੀਆਂ ਤਸਵੀਰਾਂ ਨੂੰ ਦੇਖਦਿਆਂ ਇਹ ਖ਼ਿਆਲ ਆਉਣਾ ਤਾਂ ਮਹਿਜ਼ ਕੁਦਰਤੀ ਹੈ ਕਿ ਕਾਸ਼! ਉਹ ਇਥੇ ਹੁੰਦੀ। ਜੇ ਉਹ ਇਥੇ ਹੁੰਦੀ ਤਾਂ ਕਿੰਨਾ ਫ਼ਰਕ ਪੈਣਾ ਸੀ! ਉਸ ਨੇ ਤਾਂ ਚਾਰੇ ਪਾਸੇ ਖ਼ੁਸ਼ੀਆਂ ਖਿਲਾਰ ਦੇਣੀਆਂ ਸਨ... ਤੇ ਉਹ ਆਪ ਵੀ ਕਿੰਨੀ ਖ਼ੁਸ਼ ਹੁੰਦੀ, ਕਿ ਲੋਕ ਆ ਰਹੇ ਹਨ, ਉਸ ਦੀਆਂ ਤਸਵੀਰਾਂ ਦੇਖ ਰਹੇ ਹਨ, ਤਸਵੀਰਾਂ ਬਾਰੇ ਗੱਲਾਂ ਕਰ ਰਹੇ ਹਨ, ਦੇਖ-ਸੁਣ ਕੇ ਉਹ ਕਿਵੇਂ ਮੁਸਕਰਾਉਂਦੀ ਭਲਾ!

ਮਿੱਤਰਾਂ, ਕਲਾਕਾਰਾਂ, ਕਲਾ ਪਾਰਖੂਆਂ ਨੂੰ ਮਿਲ ਕੇ ਅਤੇ ਉਨ੍ਹਾਂ ਨਾਲ ਗੱਲਾਂ ਕਰ ਕੇ ਉਹ ਕਿੰਨੀ ਖ਼ੁਸ਼ ਹੁੰਦੀ। ਇਹ ਵੀ ਕੁਦਰਤੀ ਹੈ ਕਿ ਉਸ ਬਾਰੇ ਸੋਚ ਕੇ ਉਨ੍ਹਾਂ ਨੂੰ, ਜਿਹੜੇ ਉਸ ਨੂੰ ਜਾਣਦੇ ਸਨ, ਉਹ ਖ਼ਿਆਲ ਆ ਜਾਵੇ ਜੋ ਲੀਅਰ ਨੂੰ ਕੋਰਡੇਲੀਆ ਦੀ ਮੌਤ 'ਤੇ ਆਇਆ ਸੀ:

ਕੋਈ ਕੁੱਤਾ, ਘੋੜਾ, ਚੂਹਾ ਤਾਂ ਜ਼ਿੰਦਾ ਰਹੇ
ਤੇ ਤੇਰਾ ਕੋਈ ਸਾਹ ਵੀ ਬਾਕੀ ਨਾ ਬਚੇ?



*ਅੰਮ੍ਰਿਤਾ ਸ਼ੇਰਗਿਲ ਆਪਣੇ ਪਿਤਾ ਉਮਰਾਓ ਸਿੰਘ ਸ਼ੇਰਗਿਲ ਨਾਲ।*

ਉਹ ਨਹੀਂ ਰਹੀ, ਪਰ ਉਸ ਦੀਆਂ ਤਸਵੀਰਾਂ ਤਾਂ ਹਨ ਨਾ ਇਥੇ। ਅੰਮ੍ਰਿਤਾ ਮਰ ਗਈ ਹੈ, ਸਦਾ ਜਿਉਂਦੀ ਰਹੇ ਅੰਮ੍ਰਿਤਾ! ਇਨ੍ਹਾਂ ਤਸਵੀਰਾਂ ਵਿਚ ਅੰਮ੍ਰਿਤਾ ਦੀ ਰੂਹ ਚਮਕਦੀ ਹੈ, ਚਮਕਦੀ ਰਹੇਗੀ। ਜਿਵੇਂ ਚਿੱਤਰਕਾਰ ਅਬਦੁਰ ਰਹਿਮਾਨ ਚੁਗ਼ਤਾਈ ਕਹਿੰਦੇ ਨੇ: "ਮੈਂ ਮੰਨਿਆ ਹੀ ਨਹੀਂ ਸੀ ਕਿ ਅੰਮ੍ਰਿਤਾ ਮਰ ਗਈ ਹੈ। ਮੈਂ ਅਜੇ ਵੀ ਨਹੀਂ ਮੰਨਦਾ। ਉਹ ਜਿਉਂਦੀ ਹੈ ਤੇ ਹਮੇਸ਼ਾ ਜਿਉਂਦੀ ਰਹੇਗੀ।"

ਅੰਮ੍ਰਿਤਾ ਸ਼ੇਰਗਿਲ (30 ਜਨਵਰੀ 1913-5 ਦਸੰਬਰ 1941) ਦਾ 28 ਸਾਲ ਦੀ ਛੋਟੀ ਉਮਰ ਵਿਚ ਚਲੇ ਜਾਣਾ ਯਾਦ ਦਿਵਾਉਂਦਾ ਹੈ ਅੰਗਰੇਜ਼ ਕਵੀ ਕੀਟਸ ਦੀ, ਜਿਹੜਾ 25 ਸਾਲ ਦੀ ਉਮਰ ਵਿਚ ਮਰ ਗਿਆ ਸੀ, ਤੇ ਉਨ੍ਹਾਂ ਅਮਰ ਸਤਰਾਂ ਦੀ ਜਿਹੜੀਆਂ (ਪਰਸੀ ਬਾਈਸ) ਸ਼ੈਲੀ ਨੇ ਉਸ ਦੀ ਮੌਤ 'ਤੇ ਰੋ ਕੇ ਲਿਖੀਆਂ ਸਨ:

ਧੀਰਜ, ਧੀਰਜ!
ਉਹ ਮਰਿਆ ਨਹੀਂ ਹੈ, ਸੁੱਤਾ ਨਹੀਂ ਹੈ
ਉਹ ਜਾਗ ਪਿਆ ਹੈ
ਜ਼ਿੰਦਗੀ ਦਾ ਸੁਪਨਾ ਦੇਖਦੇ-ਦੇਖਦੇ
ਇਹ ਤਾਂ ਅਸੀਂ ਹਾਂ ਜੋ
ਆਪਣੇ ਖ਼ਿਆਲਾਂ 'ਚ ਉਲਝੇ
ਐਵੇਂ ਸਾਇਆਂ ਨਾਲ ਟੱਕਰਾਂ ਮਾਰ ਰਹੇ ਹਾਂ
ਬੇਸੁਰਤ ਆਪਣੀ ਰੂਹ ਦੇ ਖੰਜਰ ਨਾਲ
ਹਰ ਨਾਚੀਜ਼ ਵਿੰਨ੍ਹ ਰਹੇ ਹਾਂ
ਅਸੀਂ ਹੀ ਹਾਂ
ਜੋ ਮੁਰਦਾਘਰ ਵਿਚ ਪਈਆਂ ਲਾਸ਼ਾਂ ਵਾਂਗ
ਸੜ ਰਹੇ ਹਾਂ
ਡਰ ਤੇ ਦੁੱਖ ਨਿੱਤ ਦਿਹਾੜੇ
ਸਾਨੂੰ ਨਿਗਲ ਰਹੇ ਨੇ
ਤੇ ਯਖ ਠੰਢੀਆਂ ਆਸਾਂ
ਕੀੜਿਆਂ ਵਾਂਗ ਸਾਡੇ ਅੰਦਰ
ਕੁਰਬਲ ਕੁਰਬਲ ਕਰ ਰਹੀਆਂ...।

# ਅੰਮ੍ਰਿਤਾ ਸ਼ੇਰਗਿਲ ਨੂੰ ਯਾਦ ਕਰਦਿਆਂ

ਅੰਮ੍ਰਿਤਾ ਸ਼ੇਰਗਿਲ (30 ਜਨਵਰੀ 1913-5 ਦਸੰਬਰ 1941) ਦੀ ਕਲਾ ਨਾਲੋਂ ਉਸ ਦੀ ਖ਼ੂਬਸੂਰਤੀ ਜ਼ਿਆਦਾ ਚਰਚਾ ਵਿਚ ਰਹਿੰਦੀ ਹੈ। ਭਾਰਤੀ ਕਲਾ ਨੂੰ ਅਮੀਰੀ ਬਖ਼ਸ਼ਣ ਵਾਲੀ ਇਹ ਕਲਾਕਾਰ ਮਹਿਜ਼ 28 ਸਾਲ ਦੀ ਉਮਰ ਵਿਚ ਚਲਾਣਾ ਕਰ ਗਈ ਸੀ।

ਅੰਮ੍ਰਿਤਾ ਨੇ ਆਪਣੀ ਜ਼ਿੰਦਗੀ ਦੇ ਮੁੱਢਲੇ ਵਰ੍ਹੇ ਪੈਰਿਸ ਵਿਚ ਬਿਤਾਏ। ਇਸ ਲਈ ਇਥੇ ਹੀ ਉਸ ਦੀ ਜਨਮ ਸ਼ਤਾਬਦੀ ਸਬੰਧੀ ਸਮਾਗਮ ਕਰਵਾਏ ਗਏ। ਯੂਨੈਸਕੋ ਹੈਡਕੁਆਰਟਰ ਵਿਚ ਇਨ੍ਹਾਂ ਜਸ਼ਨਾਂ ਦੀ ਸ਼ੁਰੂਆਤ ਭਾਰਤ ਅਤੇ ਹੰਗਰੀ ਤੋਂ ਲਿਆਂਦੇ ਫੋਟੋਮੌਂਟੇਜ ਅਤੇ ਫ਼ਿਲਮਾਂ ਪ੍ਰਦਰਸ਼ਿਤ ਕਰ ਕੇ ਕੀਤੀ ਗਈ। ਇਨ੍ਹਾਂ ਵਿਚ ਉਸ ਦੇ ਪਿਤਾ ਉਮਰਾਓ ਸਿੰਘ ਸ਼ੇਰਗਿਲ ਅਤੇ ਮਾਮੇ ਇਰਵਿਨ ਵੱਲੋਂ ਖਿੱਚੀਆਂ ਗਈਆਂ ਤਸਵੀਰਾਂ ਵੀ ਸ਼ਾਮਲ ਸਨ।

ਉਸ ਦੇ ਭਤੀਜੇ ਵਿਵਾਨ ਸੁੰਦਰਮ ਦੀ ਪੁਸਤਕ ਵਿਚ ਪ੍ਰਕਾਸ਼ਿਤ ਨੈਸ਼ਨਲ ਗੈਲਰੀ ਔਫ ਮਾਡਰਨ ਆਰਟ ਤੋਂ ਲਈਆਂ ਗਈਆਂ ਉਸ ਦੀਆਂ ਪੇਂਟਿੰਗਜ਼ ਅਤੇ ਚਿੱਠੀਆਂ ਦਾ ਡਿਜੀਟਲ ਰੂਪ ਵੀ ਪ੍ਰਦਰਸ਼ਿਤ ਕੀਤਾ ਗਿਆ।

ਪੈਰਿਸ ਨੇ ਹੀ 'ਪੱਛਮ' ਦੇ ਕਲਾ ਜਗਤ ਨਾਲ ਜਾਣ-ਪਛਾਣ ਕਰਵਾਈ। ਭਾਰਤ ਅਤੇ ਹੰਗਰੀ ਵਿਚ ਵੀ ਬਚਪਨ ਤੋਂ ਹੀ ਉਹ ਚਿੱਤਰਕਲਾ ਨਾਲ ਜੁੜੀ ਹੋਈ ਸੀ, ਪਰ ਉਸ ਨੇ ਚਿੱਤਰਕਲਾ ਦੀ ਰਸਮੀ ਸਿੱਖਿਆ ਪੈਰਿਸ ਵਿਚ ਹੀ ਪ੍ਰਾਪਤ ਕੀਤੀ।

ਉਥੇ ਸਥਿਤ ਇਕ ਵੱਡੇ ਅਜਾਇਬਘਰ ਵਿਚ ਭਾਰਤੀ ਕਲਾਕ੍ਰਿਤਾਂ ਦੇਖ ਕੇ ਉਸ ਨੇ ਭਾਰਤ ਨੂੰ ਹੀ ਆਪਣੀ ਕਰਮ ਭੂਮੀ ਬਣਾਉਣ ਦਾ ਫ਼ੈਸਲਾ ਕੀਤਾ। ਉਸ ਦੀ ਭਤੀਜੀ ਨਵਿਨਾ ਸੁੰਦਰਮ ਦੱਸਦੀ ਹੈ: 'ਉਹ ਉਦੋਂ 16 ਸਾਲ ਦੀ ਸੀ ਜਦੋਂ ਉਹ ਪੈਰਿਸ ਆਈ ਤੇ ਇਥੋਂ ਦੇ ਕਲਾਕਾਰਾਂ ਨਾਲ ਸਾਂਝ ਪਾਈ। ਇਹ ਉਸ ਲਈ ਵਧੀਆ ਸਮਾਂ ਸੀ ਅਤੇ ਇਥੇ ਹੀ ਉਸ ਵਿਚ ਪੁਖ਼ਤਗੀ ਆਈ।


ਉਹ 1934 ਵਿਚ ਭਾਰਤ ਪਰਤੀ ਅਤੇ ਐੱਮ. ਐਫ. ਹੁਸੈਨ, ਅਕਬਰ ਪਦਮਸੀ ਅਤੇ ਕ੍ਰਿਸ਼ਨ ਖੰਨਾ, ਜਿਨ੍ਹਾਂ ਨੇ ਉਸ ਦਾ ਪ੍ਰਭਾਵ ਕਬੂਲਿਆ ਹੈ, ਜਿਹੇ ਨਵੇਂ ਕਲਾਕਾਰਾਂ ਲਈ ਨਿਵੇਕਲੀਆਂ ਪੈੜਾਂ ਪਾਈਆਂ।


ਅੰਮ੍ਰਿਤਾ ਨੇ 1936 ਵਿਚ ਆਪਣੀ ਇਕ ਲਿਖਤ ਵਿਚ ਜ਼ਿਕਰ ਕੀਤਾ ਸੀ ਕਿ ਉਸ ਨੂੰ ਭਾਰਤ ਪਰਤਣ ਦੀ ਤੀਬਰ ਇੱਛਾ ਨੇ ਅਚਵੀ ਜਿਹੀ ਲਾ ਦਿੱਤੀ ਸੀ। ਉਸ ਮੁਤਾਬਕ, ਇਹ ਸਾਰਾ ਕੁਝ ਅਜੀਬ ਜਿਹਾ ਅਹਿਸਾਸ ਸੀ ਕਿ ਚਿੱਤਰਕਾਰ ਵਜੋਂ ਭਾਰਤ ਹੀ ਉਸ ਲਈ ਸਹੀ ਹੈ, ਪਰ ਸ਼ਾਇਦ ਇਹ ਅਹਿਸਾਸ ਉਨਾ ਅਜੀਬ ਨਹੀਂ ਸੀ ਜਿੰਨਾ ਅੰਮ੍ਰਿਤਾ ਆਖਦੀ ਸੀ। ਉਸ ਨੇ ਲਿਖਿਆ ਕਿ ਉਸ ਦੇ ਫਰਾਂਸੀਸੀ ਪ੍ਰੋਫ਼ੈਸਰ ਨੇ ਸੋਚਿਆ ਕਿ ਉਸ ਦੇ ਰੰਗਾਂ ਦੀ ਅਮੀਰੀ ਲਈ ਪੂਰਬ ਦਾ ਮਾਹੌਲ ਅਤੇ ਰੰਗ ਹੀ ਢੁੱਕਵਾਂ ਸਾਬਤ ਹੋਵੇਗਾ, ਤੇ ਉਹ ਪੱਛਮ ਦੇ ਕਲਾ ਜਗਤ ਵਿਚ ਫਿੱਟ ਨਹੀਂ ਬੈਠੇਗੀ।

ਇਸ ਤਰ੍ਹਾਂ ਯੂਰਪ ਵਿਚ ਅੰਮ੍ਰਿਤਾ ਨੂੰ ਉਸ ਦੇ ਆਪਣੇ 'ਓਪਰੇਪਣ' ਦਾ ਅਹਿਸਾਸ ਕਰਵਾਇਆ ਗਿਆ। ਸ਼ਾਇਦ ਉਸ ਨੇ ਆਪਣੀਆਂ ਜੜ੍ਹਾਂ ਵੱਲ ਪਰਤ ਕੇ ਆਨੰਦ ਮਾਣਿਆ, ਪਰ ਉਹ ਆਪਣੀ ਵਿਲੱਖਣਤਾ ਕਾਰਨ ਹੀ ਇਕੱਲੀ ਪੈ ਗਈ।

ਉਸ ਦੀਆਂ ਕਲਾਕ੍ਰਿਤਾਂ ਵਿਚ 'ਪੂਰਬ ਤੇ ਪੱਛਮ' ਦੇ ਸੁਮੇਲ ਦੀ ਦਾਦ ਦਿੱਤੀ ਜਾਂਦੀ ਹੈ, ਪਰ ਇਹ ਸੁਮੇਲ ਕਰਨਾ ਸੌਖਾ ਨਹੀਂ ਹੈ। ਕਲਾ ਦੀ ਪਰਿਭਾਸ਼ਾ ਬਾਰੇ ਉਸ ਦੀਆਂ ਲਿਖਤਾਂ ਤੋਂ ਗੁਸੈਲਾਪਣ ਅਤੇ ਸਵੈ-ਚੇਤੰਨਤਾ ਇਸ ਕਾਰਨ ਝਲਕਦੀ ਹੈ, ਕਿਉਂਕਿ ਉਹ ਅੰਤਰਮੁਖੀ ਵੀ ਸੀ ਤੇ ਬਾਹਰਮੁਖੀ ਵੀ ਜੋ ਆਧੁਨਿਕ ਭਾਰਤੀ ਕਲਾ ਲਈ ਵੱਖਰੀਆਂ ਪੈੜਾਂ ਪਾਉਣ ਲਈ ਜਦੋਜਹਿਦ ਕਰ ਰਹੀ ਸੀ।

***-ਨਿਸ਼ਾ ਸਿੰਘ***







*ਚਿੱਤਰਕਾਰ ਅੰਮ੍ਰਿਤਾ ਸ਼ੇਰਗਿਲ ਦੇ ਕੁਝ ਸੈਲਫ-ਪੋਰਟਰੇਟ।*

**Anu Attorney**
**Professional Law Group, PLLC.**

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ


**FAMILY LAW** *(Only In WA)*
*Divorce *Annulment
*International Custody

**INCORPORATIONS** *(Only In WA)*
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



*Madan Khatri*

**Want to Buy/Sell Homes, THs, Condos!**
Call Madan Khatri
**Ph: 847-530-1550**
www.PropertyZoo.com
*CALL TO BUY / SELL HOME TODAY!*
Top Producer at the office in 2011-2013-2014
*****A Broker who can work with you from Beginning to End, Call Now!!!*****
**BHHS American Heritage**
1010 Rohwing Road, Elk Grove Village, IL

**Michigan Truck Driving School**
6405 Middlebelt Road, Romulus, MI 48174

ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ




*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298

**TRUCK STOP 40**
SAYRE, OK 73662

**ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ**



ਗੈਸ ਸਟੇਸ਼ਨ ਲਈ ਕੈਸ਼ੀਅਰ ਅਤੇ ਤੰਦੂਰੀਏ ਦੀ ਲੋੜ ਹੈ

ਸੰਪਰਕ ਕਰੋ, ਰਾਜ ਸਿੰਘ
ਫੋਨ: 832-512-7172

**ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?**
**ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ**

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।
*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

**Trucking Companies-Improve Your Cash Flow**
*Low Rates *One-Time Discounts *No Minimums
**Call Paul at 1-800-705-3863**
www.Transportationfunding.com
**Transportation Funding Group, Inc.**
Minneapolis , MN 55426

# ਗੂੜ੍ਹੇ ਰੰਗਾਂ ਵਿਚ ਘੁਲੀ ਮੁਹੱਬਤ




## ਕਲਾ ਪਰਿਕਰਮਾ

ਹੁਨਰ ਕਿਹੜੇ ਰਾਹਵਾਂ ਤੋਂ ਤੁਰ ਕੇ ਆਉਂਦਾ ਹੈ, ਕਿਹੜੇ ਪੈਂਡੇ ਗਾਹ ਕੇ, ਕੋਈ ਨਹੀਂ ਜਾਣਦਾ। ਦੁਨੀਆ ਦੇ ਮਸ਼ਹੂਰ ਡੱਚ ਚਿਤਰਕਾਰ ਰੈਮਬਰਾਂਟ ਦੀ ਮਾਂ ਡਬਲਰੋਟੀਆਂ ਸੇਕਣ ਵਾਲੇ ਬਾਪ ਦੇ ਘਰ ਜੰਮੀ ਸੀ। ਚਿਤਰਕਾਰ ਦਾ ਬਾਪ ਮਿੱਲ ਦਾ ਕਾਮਾ ਸੀ, ਤੇ ਉਨ੍ਹਾਂ ਦੇ ਸੱਤਾਂ ਬੱਚਿਆਂ ਵਿਚੋਂ ਇਹ ਰੈਮਬਰਾਂਟ (15 ਜੁਲਾਈ 1606-4 ਅਕਤੂਬਰ 1669) ਛੇਵਾਂ ਬੱਚਾ ਸੀ। ਘਰ ਦਾ ਇਕ ਪੁੱਤਰ ਮਿੱਲ ਦਾ ਕਾਮਾ ਹੀ ਬਣਿਆ ਸੀ, ਦੂਜਾ ਡਬਲਰੋਟੀਆਂ ਸੇਕਣ ਵਾਲਾ, ਤੇ ਤੀਜਾ ਮੋਚੀ, ਪਰ ਇਸ ਰੈਮਬਰਾਂਟ ਨੂੰ ਕਲਾ ਦਾ ਇਸ਼ਕ ਕਿਵੇਂ ਲੱਗਾ, ਕੋਈ ਵੀ ਨਹੀਂ ਜਾਣਦਾ।

ਰੈਮਬਰਾਂਟ ਸ਼ੋਹਰਤ ਦੇ ਸਿਖਰ ਉਤੇ ਸੀ, ਜਦੋਂ 1632 ਵਿਚ ਉਹਦੀ ਮੁਲਾਕਾਤ ਵੀਹਾਂ ਵਰ੍ਹਿਆਂ ਦੀ ਹੁਸੀਨਾ ਸਾਸਕੀਆ ਨਾਲ ਹੋਈ ਸੀ। ਇਹ ਸਾਸਕੀਆ ਰੈਮਬਰਾਂਟ ਦੇ ਆਰਟ ਡੀਲਰ ਦੀ ਰਿਸ਼ਤੇ ਵਿਚੋਂ ਭੈਣ ਲਗਦੀ ਸੀ। ਅੰਤਾਂ ਦੀ ਸੋਹਣੀ ਤੇ ਅਮੀਰ ਜਿਹਨੇ ਵਿਰਸੇ ਵਿਚ ਬਹੁਤ ਵੱਡੀ ਜਾਇਦਾਦ ਪਾਈ ਹੋਈ ਸੀ। ਰੈਮਬਰਾਂਟ ਦਾ ਇਸ਼ਕ ਸਾਸਕੀਆ ਦਾ ਚਿੱਤਰ ਬਣਾਉਣ ਤੋਂ ਸ਼ੁਰੂ ਹੋਇਆ ਸੀ ਜਿਹਨੇ 1633 ਵਿਚ ਮੰਗਣੀ ਦਾ ਰਿਸ਼ਤਾ ਅਖਤਿਆਰ ਕਰ ਲਿਆ, ਤੇ ਹੋਰ ਵਰ੍ਹੇ ਪਿੱਛੋਂ ਵਿਆਹ ਦਾ। ਰੈਮਬਰਾਂਟ ਨੇ ਆਪਣੀ ਬੀਵੀ ਨੂੰ ਕਈ ਵਾਰ ਤੇ ਵੱਖਰੇ ਵੱਖਰੇ ਜ਼ਾਵੀਏ ਤੋਂ ਕੈਨਵਸ ਉਤੇ ਚਿਤਰਿਆ।

ਰੈਮਬਰਾਂਟ ਦੀ ਘਰੋਗੀ ਜ਼ਿੰਦਗੀ ਵਿਚ ਇਕ ਹਾਦਸਾ ਲਗਾਤਾਰ ਵਾਪਰਦਾ ਗਿਆ- ਉਹਦੇ ਘਰ ਜਿਹੜਾ ਵੀ ਬੱਚਾ ਪੈਦਾ ਹੁੰਦਾ ਸੀ, ਕੁਝ ਹਫ਼ਤਿਆਂ ਦਾ ਹੋ ਕੇ ਮਰ ਜਾਂਦਾ। ਚੌਥਾ ਬੱਚਾ ਪੁੱਤਰ ਹੋਇਆ ਜਿਹਦੇ ਲਈ ਉਹ ਉਦਾਸ ਦਿਲੋਂ ਕਫ਼ਨ ਦੀ ਤਿਆਰੀ ਕਰ ਰਹੇ ਸਨ ਕਿ ਬੱਚਾ ਬਚ ਗਿਆ, ਪਰ ਮਾਂ ਹਮੇਸ਼ਾ ਲਈ ਮੰਜੀ ਉਤੇ ਪੈ ਗਈ। ਇਹ ਬੱਚਾ 22 ਸਤੰਬਰ 1641 ਨੂੰ ਹੋਇਆ, ਤੇ ਅਗਲਾ ਵਰ੍ਹਾ ਚੜ੍ਹਦਿਆਂ 5 ਜੂਨ 1642 ਨੂੰ ਸਾਸਕੀਆ ਨੇ ਵਸੀਹਤ ਲਿਖੀ ਕਿ ਜੇ ਰੈਮਬਰਾਂਟ ਉਹਦੇ ਮਰਨ ਪਿਛੋਂ ਹੋਰ ਵਿਆਹ ਨਾ ਕਰੇ, ਤਾਂ ਮੇਰੀ ਸਾਰੀ ਜਾਇਦਾਦ ਦਾ ਉਹ ਵਾਰਸ ਹੋਵੇਗਾ, ਨਹੀਂ ਤਾਂ ਸਿਰਫ਼ ਬੱਚਾ ਵਾਰਸ ਹੋਵੇਗਾ। ਇਸ ਵਸੀਅਤ ਤੋਂ 9 ਦਿਨ ਬਾਅਦ ਸਾਸਕੀਆ ਮਰ ਗਈ। ਸਾਸਕੀਆ ਦੇ ਜਿਉਂਦੇ ਜੀਅ ਰੈਮਬਰਾਂਟ ਨੇ ਉਸ ਦੇ ਅਨੇਕਾਂ ਚਿਤਰ ਬਣਾਏ ਸਨ, ਪਰ ਜੋ ਉਹਦੀ ਮੌਤ ਤੋਂ ਬਾਅਦ 1643 ਵਿਚ ਚਿਤਰ ਬਣਾਇਆ, ਕਿਹਾ ਜਾਂਦਾ ਹੈ ਕਿ ਉਹ ਚਿਤਰਕਾਰ ਦਾ ਬੇਮਿਸਾਲ ਚਿੱਤਰ ਹੈ। ਸਾਸਕੀਆ ਦੀ ਮੌਤ ਤੋਂ ਬਾਅਦ ਰੈਮਬਰਾਂਟ ਦੇ ਲੈਂਡਸਕੇਪ ਵੀ ਉਹਦੀ ਕਲਾ ਦਾ ਇਤਿਹਾਸਕ ਮੋੜ ਹਨ।

ਇਸ ਤੋਂ ਬਾਅਦ ਰੈਮਬਰਾਂਟ ਦੀ ਜ਼ਿੰਦਗੀ ਵਿਚ ਤੂਫ਼ਾਨੀ ਹਾਦਸਾ ਵਾਪਰਿਆ। ਬੱਚੇ ਦੀ ਦੇਖ-ਭਾਲ ਲਈ ਉਹਨੇ ਜਿਹੜੀ ਔਰਤ ਨੂੰ ਘਰ ਦੀ ਰਖਵਾਲੀ ਦਿੱਤੀ ਸੀ, ਉਸ ਦੀ ਦਿਲਚਸਪੀ ਕਲਾਕਾਰ ਵਿਚ ਨਹੀਂ, ਉਸ ਦੀ ਦੌਲਤ ਵਿਚ ਸੀ; ਤੇ ਜਦੋਂ ਰੈਮਬਰਾਂਟ ਨੇ ਉਹਦੀ ਨੀਅਤ ਜਾਣ ਲਈ, ਉਹਨੂੰ ਬਹੁਤ ਸਾਰਾ ਪੈਸਾ ਦੇ ਕੇ ਘਰੋਂ ਚਲੇ ਜਾਣ ਲਈ ਆਖਿਆ, ਪਰ ਉਹ ਪੈਸੇ ਦੇ ਮੋਹ ਵਿਚ ਕੂਲੇ ਇਨਸਾਨੀ ਰਿਸ਼ਤੇ ਨੂੰ ਕਚਹਿਰੀ ਦੇ ਬੂਹੇ ਤੱਕ ਲੈ ਗਈ ਕਿ ਰੈਮਬਰਾਂਟ ਨੇ ਉਹਦੇ ਨਾਲ ਵਿਆਹ ਦਾ ਇਕਰਾਰ ਕੀਤਾ ਹੋਇਆ ਸੀ। ਕਚਹਿਰੀ ਦੇ ਫ਼ੈਸਲੇ ਅਨੁਸਾਰ ਰੈਮਬਰਾਂਟ ਨੂੰ ਵਰ੍ਹੇ ਦੀ ਦੋ ਸੌ ਸਿੱਕੇ (ਪੈਨਸ਼ਨ ਵਾਂਗ) ਉਸ ਔਰਤ ਦੇ ਨਾਂ ਕਰਨੀ ਪਈ।

ਹੈਂਡਰਿਕ ਸਟੋਫਲਸ (1626-21 ਜੁਲਾਈ 1663) ਰੈਮਬਰਾਂਟ ਦੀ ਜ਼ਿੰਦਗੀ ਵਿਚ ਤੀਸਰੀ ਔਰਤ ਸੀ ਜਿਸ ਨੂੰ ਅਸਲ ਵਿਚ ਪਹਿਲੀ ਔਰਤ ਵੀ ਆਖਿਆ ਜਾ ਸਕਦਾ ਹੈ ਜਿਹਨੇ ਆਪਣੀ ਖੁਦਾਈ ਨਾਲ ਰੈਮਬਰਾਂਟ ਦਾ ਦਿਲ ਜਿੱਤ ਲਿਆ ਸੀ। ਇਹ ਹੈਂਡਰਿਕ ਕਿਸਾਨ ਪਰਿਵਾਰ ਦੀ ਕੁੜੀ ਸੀ ਅਤੇ ਰੈਮਬਰਾਂਟ ਦੇ ਘਰ ਦੀ ਸੰਭਾਲ ਲਈ ਰੱਖੀ ਗਈ ਸੀ, ਪਰ ਇਹ ਉਹ ਕੁੜੀ ਸੀ ਜਿਹਦੇ ਦਿਲ ਦੀ ਸਚਾਈ ਤੇ ਸਾਦਗੀ ਦੀ ਰੈਮਬਰਾਂਟ ਨੂੰ ਚਿਰਾਂ ਦੀ ਤਲਬ ਸੀ।



ਚਿਤਰਕਾਰ ਰੈਮਬਰਾਂਟ ਦਾ ਮਸ਼ਹੂਰ ਚਿਤਰ 'ਸਟੌਰਮ ਔਨ ਦਿ ਸੀਅ'।

ਰੈਮਬਰਾਂਟ ਦੇ ਇਤਿਹਾਸਕਾਰ ਲਿਖਦੇ ਹਨ ਕਿ ਉਹਨੇ ਸਾਸਕੀਆਂ ਨੂੰ ਪਿਆਰ ਜ਼ਰੂਰ ਕੀਤਾ ਸੀ, ਪਰ ਉਸ ਪਿਆਰ ਵਿਚ ਸਾਸਕੀਆ ਦੇ ਉਚੇ ਘਰਾਣੇ ਦੀ ਇਜ਼ਤ ਤੇ ਅਮੀਰੀ ਦੀ ਰਿਆਇਤ ਵੀ ਸ਼ਾਮਲ ਸੀ, ਪਰ ਹੈਂਡਰਿਕ ਕੋਲ ਇਨਸਾਨੀ ਖੂਬੀਆਂ ਤੋਂ ਇਲਾਵਾ ਹੋਰ ਕੁਝ ਨਹੀਂ ਸੀ। ਉਂਜ, ਇਹ ਔਰਤ ਜਦੋਂ ਰੈਮਬਰਾਂਟ ਦੇ ਚਿਤਰਾਂ ਵਿਚ ਕਈ ਤਰ੍ਹਾਂ ਨਾਲ ਚਿਤਰੀ ਗਈ, ਤਾਂ ਉਹਦੇ ਲਈ ਸਮਾਜਕ ਵੇਲਾ ਔਖਾ ਹੋ ਗਿਆ। ਉਹਦੀ ਆਬਰੂ ਉਤੇ ਇਸ਼ਾਰੇ ਹੋਣ ਲੱਗੇ ਕਿ ਉਹ ਅਜਿਹੇ ਮਰਦ ਨਾਲ ਜ਼ਿੰਦਗੀ ਜਿਉ ਰਹੀ ਹੈ ਜੋ ਕਾਨੂੰਨਨ ਉਹਦਾ ਖਾਵੰਦ ਨਹੀਂ। ਇਹ ਸਤ੍ਹਾਰਵੀਂ ਸਦੀ ਦਾ ਵੇਲਾ ਗਿਰਜਿਆਂ ਦੀ ਹਕੂਮਤ ਦਾ ਵੇਲਾ ਸੀ, ਇਸ ਲਈ ਦੋਵੇਂ ਮੁਜਰਮ ਪਾਦਰੀਆਂ ਵੱਲੋਂ ਬੁਲਾਏ ਗਏ। ਇਸ ਵੇਲੇ ਰੈਮਬਰਾਂਟ ਦਾ ਇਕ ਹੋਰ 'ਗੁਨਾਹ' ਸਾਹਮਣੇ ਆਇਆ ਕਿ ਉਹ ਕੌਮੀ ਗਿਰਜੇ ਦਾ ਮੈਂਬਰ ਨਹੀਂ ਸੀ।

ਇਹ ਵੇਲਾ ਹੈਂਡਰਿਕ ਦੀ ਮਾਨਸਿਕ ਜੁਰਅਤ ਦਾ ਵੇਲਾ ਸੀ ਜਿਹਨੇ ਪਾਦਰੀਆਂ ਸਾਹਮਣੇ ਰੈਮਬਰਾਂਟ ਨਾਲ ਕਿਸੇ ਵੀ ਗੈਰ-ਕਾਨੂੰਨੀ ਸਬੰਧ ਤੋਂ ਇਨਕਾਰ ਕਰ ਦਿੱਤਾ ਤਾਂ ਵੀ ਉਹਨੂੰ ਕੁਝ ਜੁਰਮਾਨਾ ਭਰਨਾ ਪਿਆ ਜੋ ਉਹਨੇ ਖੁਸ਼ੀ ਨਾਲ ਭਰ ਵੀ ਦਿੱਤਾ, ਪਰ ਇਸ ਜੁਰਮਾਨੇ ਉਤੇ 'ਪਛਤਾਵੇ' ਦਾ ਰੂਹ ਨਾਲ ਕੋਈ ਸਬੰਧ ਨਹੀਂ ਸੀ। ਉਹ ਰੈਮਬਰਾਂਟ ਨਾਲ ਉਸੇ ਤਰ੍ਹਾਂ ਆਪਣੀ ਵਫ਼ਾ ਪਾਲਦੀ ਰਹੀ ਜਿਵੇਂ ਪਹਿਲਾਂ ਪਾਲਦੀ ਸੀ। ਇਸ ਦੁਖਦਾਈ ਹਾਦਸੇ ਦੇ ਤਿੰਨ ਮਹੀਨਿਆਂ ਪਿਛੋਂ ਉਹਨੇ ਰੈਮਬਰਾਂਟ ਦੀ ਧੀ ਜੰਮੀ ਜਿਹਦਾ ਨਾਂ ਉਨ੍ਹਾਂ ਦੋਹਾਂ ਨੇ ਕਾਰਨੀਲੀਆ ਰੱਖਿਆ।

ਇਹ ਨਾਂ ਕਾਰਨੀਲੀਆ, ਰੈਮਬਰਾਂਟ ਨੇ ਆਪਣੀਆਂ ਪਹਿਲੀਆਂ ਉਨ੍ਹਾਂ ਦੋਹਾਂ ਧੀਆਂ ਦਾ ਵੀ ਰੱਖਿਆ ਸੀ ਜੋ ਉਹਦੀ ਬੀਵੀ ਸਾਸਕੀਆ ਤੋਂ ਜੰਮੀਆਂ ਸਨ, ਤੇ ਸਿਰਫ਼ ਕੁਝ ਕੁਝ ਹਫ਼ਤੇ ਜਿਉਂਦੀਆਂ ਰਹੀਆਂ ਸਨ। ਇਹ ਤੀਜੀ ਕਾਰਨੀਲੀਆ ਜਿਉਂਦੀ ਰਹੀ, ਹੈਂਡਰਿਕ ਜਿਵੇਂ ਇਸ ਬੱਚੀ ਦੀ ਪੂਰੀ ਮਾਂ ਬਣੀ, ਉਸੇ ਤਰ੍ਹਾਂ ਰੈਮਬਰਾਂਟ ਦੇ ਪੁੱਤਰ ਟਾਈਟਸ ਦੀ ਮਾਂ ਵੀ ਬਣੀ ਰਹੀ। ਇਹ ਹੈਂਡਰਿਕ ਦੀ ਆਪਣੀ ਉਚੀ ਸ਼ਖਸੀਅਤ ਸੀ ਕਿ ਰੈਮਬਰਾਂਟ ਦੀ ਇਸ ਪ੍ਰੇਮਿਕਾ-ਪਤਨੀ ਦੇ ਸਾਹਮਣੇ ਸਮੇਂ ਦਾ ਕਾਨੂੰਨ, ਸਚਮੁਚ ਛੋਟਾ ਹੋ ਗਿਆ ਸੀ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 8 ਅਪਰੈਲ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-267



*ਪਿਆਰ ਭਾਵਨਾ ਸਭ ਤੋਂ ਉਚੀ, ਇਹਦੇ ਬਿਨ ਨਾਹੀਂ ਨਰ-ਨਾਰੀ।*
*ਫੱਕਰ ਸਾਧੂ ਦੁਨੀਆਂ ਤਿਆਗੀ, ਪਰ ਇਸ ਦੀ ਬਾਂਦਰ ਨਾਲ ਯਾਰੀ।*

## ਕੈਪਸ਼ਨ ਮੁਕਾਬਲਾ-265



ਕੰਮ ਧੰਦੇ ਤੋਂ ਵਿਹਲੀ ਹੋ ਕੇ
ਬੇਬੇ ਨੇ ਹੈ ਮੰਜਾ ਡਾਹਿਆ।
ਬਿੰਦ ਝੱਟ ਢੂਹੀ ਸਿੱਧੀ ਕਰ'ਲਾਂ
ਹਾਲੇ ਤਾਂ ਖੇਤੋਂ ਕੋਈ ਨਾ ਆਇਆ।
ਵਿਚ ਸੋਚਾਂ ਦੇ ਡੁੱਬੀ ਦੇਖ ਕੇ
ਭੌਰੂ ਨੇ ਆ ਸਾਥ ਨਿਭਾਇਆ।
**-ਜਗਮੀਤ ਸਿੰਘ ਪੰਧੇਰ**

---

ਧੀਆਂ-ਪੁੱਤਰ ਵਿਆਹ ਦਿੱਤੇ ਨੇ,
ਪੈ ਗਏ ਆਪੋ ਆਪਣੇ ਰਾਹ।
ਕੰਮ ਨਿਬੇੜਾਂ ਉਠਦੀ ਬਹਿੰਦੀ,
ਘਰ ਦਾ ਨਾ ਮੈਂ ਕਰਾਂ ਵਿਸਾਹ।
ਪਾਣੀ-ਧਾਣੀ, ਧੁੱਪ-ਛਾਂ ਲਈ,
ਚੌਂਕੇ ਨੇੜੇ ਮੰਜਾ ਲਿਆ ਹੈ ਡਾਹ।
ਜੀਅ ਕਰੇ ਸੁਸਤਾ ਲੈਂਦੀ ਹਾਂ,
ਸ਼ੇਰੂ ਦੀ ਹੈ ਪਹਿਰੇਦਾਰੀ।
ਲੱਖ ਲੱਖ ਸ਼ੁਕਰ ਮਨਾਵਾਂ ਰੱਬ ਦਾ,
ਆਪਣੇ ਘਰ ਦੀ ਹੈ ਸਰਦਾਰੀ।
**-ਦਵਿੰਦਰ ਕੌਰ**

---

ਥੱਕ ਹਾਰ ਕੇ ਮੰਜਾ ਡਾਹਿਆ
ਥੋੜ੍ਹਾ ਤਾਂ ਸੁਸਤਾ'ਲਾਂ।
ਪਹਿਲਾਂ ਤੋੜ ਕੇ ਸਾਗ ਲਿਆਈ
ਫੇਰ ਸੋਚਿਆ ਨਹਾ'ਲਾਂ।
ਫੇਰ ਲਾਹੁਣੀਆਂ ਢੇਰ ਰੋਟੀਆਂ
ਕੁੱਤਾ ਵੀ ਤਾਂ ਭੁੱਖਾ,
ਸ਼ੁਕਰ ਹੈ ਰੱਬ ਜੀ, ਜੋ ਤੂੰ ਦਿਤਾ
ਰੱਜ ਰੱਜ ਸ਼ੁਕਰ ਮਨਾ'ਲਾਂ।
**-ਠਾਕਰ ਸਿੰਘ ਬਸਾਤੀ, ਸ਼ਿਕਾਗੋ**

---

ਓਟਾ, ਆਲਾ, ਸੱਖਣੀ ਮੰਜੀ
ਸਭ ਹਾਲ ਨੇ ਦੱਸਦੇ ਆਪੇ।
ਟੁਰ ਗਿਆ ਸਾਈਂ ਜਾਂ ਰੁੱਸੇ ਨੂੰਹ-ਪੁੱਤ
ਕੋਈ ਸਾਥੀ ਨਾ ਵਿਚ ਬੁਢਾਪੇ।

ਬਾਂਹ ਦਾ ਸਰ੍ਹਾਣਾ, ਢਾਕ 'ਤੇ ਹੱਥ
ਜਾਪੇ ਡੂੰਘੀਆਂ ਸੋਚਾਂ 'ਚ ਡੁੱਬੀ।
ਕਿੱਥੇ ਗਏ ਬਚਪਨ-ਜਵਾਨੀ
ਆਣ ਅਤੀਤ ਵਿਚ ਖੁੱਭੀ।
ਸਾਹਾਂ ਦੀ ਤੰਦ ਬਾਕੀ ਹਾਲੇ
ਪਰ ਭਰੋਸਾ ਨਹੀਂ ਕੱਲ੍ਹ ਦਾ।
ਆਪਣਿਆਂ ਤੋਂ ਕੁੱਤਾ ਚੰਗਾ
ਜਿਹੜਾ ਸਾਥੀ ਹੈ ਪਲ ਪਲ ਦਾ।
**-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ**

---

ਕੋਈ ਤਾਂ ਪੁੱਤ ਮੇਰਾ ਵਿਦੇਸ਼ 'ਚ
ਕੋਈ ਨਸ਼ਿਆਂ ਵਿਚ ਡੁੱਬਿਆ।
ਸਿਰ ਦਾ ਸਾਈਂ ਕਰਜੇ ਖਾ ਲਿਆ
ਸੋਨੇ ਦੀ ਚਿੜੀ ਪੰਜਾਬ ਨੂੰ
ਸਿਆਸਤੀ ਕਾਂਵਾਂ ਨੇ ਫੂੰਡਿਆ।
ਹੁਣ ਤਾਂ ਬੱਸ ਕੁੱਖ 'ਚੋਂ ਬਚਾਈ
ਧੀ ਦੀ ਉਡੀਕ ਰਹਿੰਦੀ
ਸੋਚਾਂ ਸੋਚ ਸੋਚ ਮੰਜਾ ਮੈਂ ਮੱਲਿਆ।
**-ਜਗਜੀਤ ਕੌਰ ਤੂਰ, ਚੰਡੀਗੜ੍ਹ**

---

ਕੰਮਕਾਰ ਘਰ ਦਾ ਕਰਕੇ ਸਾਰਾ
ਹੁਣ ਸਰੀਰ ਟੁਟਿਆ ਪਿਆ ਸਾਰਾ।
ਜਵਾਨੀ ਵੇਲੇ ਕੰਮ ਕੀਤਾ ਸੀ ਬਥੇਰਾ
ਹੁਣ ਆਣ ਬਿਮਾਰੀਆਂ ਪਾਇਆ ਘੇਰਾ।
ਧੀਆਂ-ਪੁੱਤ ਪਰਦੇਸੀ ਹੋ ਗਏ
ਸੁੰਨਾ ਲੱਗੇ ਘਰ ਪਿਆ ਸਾਰਾ।
ਡੱਬੂ ਵੀ ਘੱਟ ਨਾ ਜਾਪੇ
ਉਸ ਮੰਜੇ ਥੱਲੇ ਲਾਇਆ ਡੇਰਾ।
ਰੱਬ ਅੱਗੇ ਇਹੋ ਅਰਦਾਸ ਮੇਰੀ
ਸਭ ਲਈ ਵਧੀਆ ਚੜ੍ਹੇ ਸਵੇਰਾ।
**-ਗੋਰਾ ਪ੍ਰਜਾਪਤ, ਨਿਊ ਯਾਰਕ**

---

ਕੰਮ ਨਿਬੇੜ ਕੇ ਭੂਆ ਤਾਂ ਸੌਂ ਗਈ,
ਘੋੜੇ ਵੇਚ ਕੇ ਸਿਖਰ ਦੁਪਹਿਰੇ।
ਦੁੱਧ ਜੋ ਸੀ ਭੜੋਲੀ ਵਿਚ ਕੜ੍ਹਦਾ
ਮਾਰ ਦਹੱਥੜਾ ਡੱਬੂ ਨੇ ਡੋਲ੍ਹ'ਤਾ ਸਾਰ।
ਵੜ ਗਿਆ ਆਣ ਮੰਜੀ ਦੇ ਥੱਲੇ
ਜਿਥੇ ਭੂਆ ਦੁਪਹਿਰ ਦੀ ਝੁਪਕੀ ਲਾਹੀ।
**-ਦਰਸ਼ਨਪਾਲ ਦੋਸਾਂਝ**

---

ਮਦਾਰੀ ਦੀ ਰੱਸੀ 'ਤੇ ਤੁਰਨ ਵਾਂਗੂੰ
ਚੱਲੋ ਜ਼ਿੰਦਗੀ 'ਚ ਬਣਾ ਕੇ ਸਮਤੋਲ।
ਇਕ ਦੂਜੇ ਦੀ ਕਦਰ ਕਰੋ
ਪਰਿਵਾਰਕ ਜੀਵਨ ਬੜਾ ਅਨਮੋਲ।
**-ਅਮਰਜੀਤ ਸਿੰਘ ਤੂਰ, ਚੰਡੀਗੜ੍ਹ**

# ਹਮਲੇ ਅਤੇ ਹਮਲਾਵਰ

ਮੈਂ ਸਮਝਦਾ ਹਾਂ ਕਿ ਭਾਰਤ ਸਰਕਾਰ ਦੀ ਮੱਤ ਮਾਰੀ ਗਈ ਸੀ ਜਦੋਂ ਫੌਜ ਨੇ ਮੈਨੂੰ ਸਿੱਖ ਸਮਝ ਕੇ ਗ੍ਰਿਫਤਾਰ ਕੀਤਾ। ਅੱਧੀ ਰਾਤ, ਚਾਰੇ ਪਾਸੇ ਸਰਚ ਲਾਈਟਾਂ, ਘੰਟੀ ਖੜਕੀ, ਤਾਕੀ ਵਿਚੋਂ ਬਾਹਰ ਦੇਖਿਆ ਤਾਂ ਸਾਹਮਣੇ ਗਵਾਂਢੀਆਂ ਦੀਆਂ ਛੱਤਾਂ ਉਪਰ ਬੰਦੂਕਾਂ ਦੀਆਂ ਨਾਲੀਆਂ ਮੇਰੇ ਘਰ ਵਲ ਤਾਣੀ ਸਿਪਾਹੀ ਦੇਖੇ। ਦਰਵਾਜ਼ਾ ਖੋਲ੍ਹਿਆ, ਦੋ ਜੁਆਨਾਂ ਨੇ ਮੇਰੀਆਂ ਬਾਹਾਂ ਕਸ ਦੇ ਪਿਛੇ ਬੰਨ੍ਹ ਦਿੱਤੀਆਂ। ਕਰਨਲ ਨੇ ਪੁੱਛਿਆ, ਪ੍ਰੋਫੈਸਰ ਪੰਨੂ? ਮੈਂ ਕਿਹਾ, ਹਾਂ। ਘਰ ਦੀ ਤਲਾਸ਼ੀ ਸ਼ੁਰੂ ਹੋ ਗਈ। ਸੰਦੂਕ ਵਿਚੋਂ ਕੱਪੜਾ ਲੱਤਾ ਬਾਹਰ ਸੁੱਟ ਦਿਤਾ। ਵਿਚ ਰੰਮ ਦੀ ਬੋਤਲ ਪਈ ਸੀ। ਠਾਣੇਦਾਰ ਨੇ ਬੋਤਲ ਕਰਨਲ ਨੂੰ ਦਿਖਾ ਕੇ ਕਿਹਾ, ਜਨਾਬ ਲੈ ਚੱਲੀਏ ਇਹ? ਕਰਨਲ ਨੇ ਪੁੱਛਿਆ, ਇਹਦਾ ਕੀ ਕਰਨੈ? ਠਾਣੇਦਾਰ ਨੇ ਕਿਹਾ, ਇਹਦੇ ਸਾਹਮਣੇ ਰੱਖ ਕੇ



ਹਰਪਾਲ ਸਿੰਘ ਪੰਨੂ
ਫੋਨ: 91-94642-51454

ਫੋਟੋ ਅਖਬਾਰਾਂ ਵਿਚ ਛਪਵਾ ਦਿਆਂਗੇ। ਕਰਨਲ ਨੇ ਮੈਨੂੰ ਪੁੱਛਿਆ, ਵਿਸਕੀ ਪੀ ਲੈਂਦੇ ਹੋ? ਮੈਂ ਕਿਹਾ, ਨਹੀਂ। ਮੇਰਾ ਵਡਾ ਭਰਾ ਏਅਰ ਫੋਰਸ ਵਿਚ ਵਾਰੰਟ ਅਫਸਰ ਹੈ। ਦੋ ਬੋਤਲਾਂ ਲਿਆਇਆ ਸੀ। ਇਕ ਪੀ ਗਿਆ, ਇਕ ਅਗਲੀ ਵਾਰੀ ਆਏਗਾ, ਪੀ ਲਏਗਾ।

ਠਾਣੇਦਾਰ ਨੇ ਹੱਥ ਵਿਚ ਫੜੀ ਬੋਤਲ ਦਾ ਲੇਬਲ ਪੜ੍ਹਿਆ, ਜਨਾਬ ਵਾਕਈ ਮਿਲਟਰੀ ਦੀ ਹੈ। ਸਿਵਲੀਅਨ ਬੰਦਾ ਮਿਲਟਰੀ ਦੀ ਰੰਮ ਆਪਣੇ ਕੋਲ ਨਹੀਂ ਰੱਖ ਸਕਦਾ। ਕੇਸ ਬਣਦਾ ਹੈ। ਕਰਨਲ ਨੇ ਉਸ ਨੂੰ ਡਾਂਟਦਿਆਂ ਕਿਹਾ, ਆਪਣਾ ਕੰਮ ਸ਼ਰਾਬ ਫੜਨਾ ਨਹੀਂ, ਹਥਿਆਰ ਫੜਨਾ ਤੇ ਖਾਲਿਸਤਾਨੀ ਫੜਨਾ ਹੈ। ਸਮਝਿਆ? ਬੋਤਲ ਉਥੇ ਰੱਖ ਤੇ ਤਲਾਸ਼ੀ ਵਿਚ ਸ਼ਾਮਲ ਹੋ ਜਾਹ।

ਮੇਰਾ ਪੀਐਚ.ਡੀ. ਦਾ ਕੰਮ ਲਗਭਗ ਮੁਕੰਮਲ ਹੋ ਗਿਆ ਸੀ। ਉਨ੍ਹਾਂ ਨੇ ਕਾਗਜ਼ਾਂ ਦਾ ਥੱਬਾ ਚੁੱਕ ਲਿਆ, ਪਤਾ ਨਹੀਂ ਕੀ ਹੈ, ਸ਼ਾਇਦ ਖਾਲਿਸਤਾਨੀ ਲਿਟਰੇਚਰ ਹੋਵੇ, ਬਾਅਦ ਵਿਚ ਪੜਤਾਲ ਕਰ ਲਾਂਗੇ, ਚੁੱਕੋ। ਅੱਜ ਤਕ ਵਾਪਸ ਨਹੀਂ ਮਿਲੇ। ਜੇਲ੍ਹ ਵਿਚ ਦੁਬਾਰਾ ਲਿਖਣਾ ਸ਼ੁਰੂ ਕੀਤਾ। ਸੰਤ ਜਰਨੈਲ ਸਿੰਘ ਦੀ ਤਾਸ਼ ਦੇ ਪੱਤੇ ਜਿੱਡੀ ਕੁ ਤਸਵੀਰ ਕਾਨਸ 'ਤੇ ਪਈ ਸੀ। ਠਾਣੇਦਾਰ ਨੇ ਕਰਨਲ ਨੂੰ ਦਿਖਾਈ। ਕਰਨਲ ਨੇ ਕਿਹਾ, ਜੇ ਇਸ ਨਾਲ ਕੇਸ ਮਜਬੂਤ ਹੁੰਦੈ ਤਾਂ ਚੱਕ ਲੈ, ਵੈਸੇ, ਗਜ ਗਜ ਵੱਡੇ ਕੈਲੰਡਰ ਬਾਜ਼ਾਰ ਵਿਚ ਵਿਕ ਰਹੇ ਨੇ ਜਰਨੈਲ ਸਿੰਘ ਦੇ। ਦੋ ਰੁਪਈਆਂ ਦਾ ਵੱਡਾ ਕੈਲੰਡਰ ਖਰੀਦ ਇਸ ਕੋਲੋਂ ਬਰਾਮਦ ਦਿਖਾ ਕੇ ਵੱਡਾ ਕੇਸ ਬਣਾ।

ਪਿਛਲੇ ਪਾਸੇ ਹੱਥ ਬੰਨ੍ਹੇ ਹੋਣ ਕਾਰਨ ਮੈਂ ਆਪ ਚੜ੍ਹ ਨਹੀਂ ਸਾਂ ਸਕਦਾ, ਤਿੰਨ ਚਾਰ ਫੌਜੀਆਂ ਨੇ ਚੁਕ ਕੇ ਮੈਨੂੰ ਵੈਨ ਵਿਚ ਵਗਾਹ ਕੇ ਮਾਰਿਆ। ਅੱਖਾਂ ਉਪਰ ਕਸ ਕੇ ਇਕ ਤੌਲੀਆ ਬੰਨ੍ਹ ਦਿਤਾ ਜਿਸ ਨੇ ਹੇਠਾਂ ਨੱਕ ਵੀ ਢਕ ਲਿਆ। ਮੈਂ ਕਿਹਾ, ਇਹ ਤੌਲੀਆ ਨੱਕ ਤੋਂ ਜ਼ਰਾ ਉਪਰ ਕਰ ਦਿਉ, ਬਹੁਤ ਬਦਬੂਦਾਰ ਹੈ। ਮੇਰੇ ਜਿਸਮ ਉਪਰ ਲੱਤਾਂ ਅਤੇ ਮੁੱਕਿਆਂ ਦੀ ਬਾਰਸ਼ ਹੋਈ। ਇਹ ਸਤਿਕਾਰ ਕਿੰਨੇ ਦਿਨ ਹੁੰਦਾ ਰਿਹਾ, ਵੋ ਕਹਾਣੀ ਫਿਰ ਸਹੀ। ਆਖਰ ਤਸ਼ੱਦਦ ਮੁਕੰਮਲ ਹੋਣ ਪਿਛੋਂ ਜੇਲ੍ਹ ਵਿਚ ਛੱਡ ਗਏ। ਭਲੇਮਾਨਸ ਹੋਣਗੇ ਜਿਹੜੇ ਜਿਉਂਦਾ ਛੱਡ ਗਏ।

ਜੇਲ੍ਹ ਵਿਚ ਬੰਦ ਦਿਨ ਕਟੀ ਕਰਦਿਆਂ ਪਤਾ ਲੱਗਾ ਕਿ ਪੰਜਾਬ ਪੁਲਿਸ ਚੀਫ ਜੂਲੀਅਨ ਐਫ. ਰਿਬੇਰੋ ਉਪਰ ਹਮਲਾ ਹੋ ਗਿਆ ਹੈ। ਹਮਲਾਵਰ ਜਲੰਧਰ ਦੇ ਪੀ.ਏ.ਪੀ. ਕੰਪਲੈਕਸ ਦੇ ਅੰਦਰ ਤੱਕ ਚਲੇ ਗਏ ਤੇ ਹਮਲਾ ਕਰਕੇ ਵਾਪਸ ਪਰਤ ਗਏ। ਸਖਤ ਸੁਰੱਖਿਆ ਵਿਚ ਘਿਰਿਆ ਹੋਇਆ ਪੁਲਿਸ ਕੰਪਲੈਕਸ, ਹਮਲਾਵਰ ਜੀਪ ਵਿਚ ਆਏ, ਗੋਲੀਆਂ ਦੀ ਵਾਛੜ ਕੀਤੀ ਤੇ ਚਲੇ ਗਏ। ਉਦੋਂ ਤਾਂ ਨਹੀਂ ਪਰ ਕੁਝ ਅਰਸੇ ਬਾਅਦ ਗ੍ਰਿਫਤਾਰ ਕਰ ਲਏ ਗਏ। ਅਦਾਲਤੀ ਕਾਰਵਾਈ ਜੇਲ੍ਹ ਵਿਚ ਚੱਲਿਆ ਕਰਦੀ ਸੀ। ਪੇਸ਼ੀ 'ਤੇ ਜਾਂਦਿਆਂ ਇਕ ਨੇ ਕਿਹਾ, ਅੱਜ ਰਿਬੇਰੋ ਨੇ ਸ਼ਨਾਖਤ ਕਰਨ ਆਉਣਾ ਹੈ ਪਰ ਆਏਗਾ ਨਹੀਂ। ਪੁੱਛਿਆ, ਤੁਹਾਡੇ ਤੋਂ ਡਰਦੈ? ਉਸ ਨੇ ਕਿਹਾ, ਨਹੀਂ ਇਹ ਗੱਲ ਨੀ। ਡਰਨ ਡੁਰਨ ਦੀ ਕੋਈ ਗੱਲ ਨੀ। ਅਸੀਂ ਉਹਨੂੰ ਤੇ ਉਹਦੀ ਜਨਾਨੀ ਨੂੰ ਜ਼ਮੀਨ ਉਪਰ ਲੋਟਣੀਆਂ ਖੁਆ ਦਿਤੀਆਂ ਸਨ ਨਾ, ਬਸ ਸ਼ਰਮਿੰਦਗੀ ਦਾ ਮਾਰਿਆ ਮੂੰਹ ਨਹੀਂ ਦਿਖਾਏਗਾ। ਰਿਬੇਰੋ ਕਦੀ ਨਹੀਂ ਆਇਆ।

ਪਤਾ ਲੱਗਾ ਕਿ ਰਿਬੇਰੋ ਗ੍ਰਿਫਤਾਰ ਹੋਏ ਇਨ੍ਹਾਂ ਬੰਦੀਆਂ ਨੂੰ ਠਾਣੇ ਦੀ ਹਵਾਲਾਤ ਵਿਚ ਮਿਲ ਕੇ ਗਿਆ ਸੀ, ਪੁੱਛਿਆ ਸੀ, ਪੁਲਿਸ ਨੇ ਜ਼ਿਆਦਤੀ ਤਾਂ ਨਹੀਂ ਕੀਤੀ? ਪੁਲਿਸ ਨੂੰ ਕਹਿ ਕੇ ਗਿਆ ਸੀ, ਸਖਤੀ ਨਹੀਂ ਵਰਤਣੀ। ਪਤਾ ਲੱਗਾ, ਇਸ ਵਾਰਦਾਤ ਦਾ ਮੁਖੀ ਨਾ ਖਾੜਕੂ ਸੀ, ਨਾ ਖਾਲਿਸਤਾਨੀ। ਭੈਣ ਦਾ ਸੁਨੇਹਾ ਮਿਲਿਆ, ਇਸ ਵਾਰ ਰੱਖੜੀ ਬੰਨ੍ਹਣ ਪੇਕੇ ਨਹੀਂ ਆ ਸਕਦੀ। ਇਥੇ ਆ ਕੇ ਬੰਨ੍ਹਾ ਜਾਹ ਵੀਰ। ਮੁੰਡੇ ਨੇ ਮਿਠਾਈ ਦਾ ਡੱਬਾ, ਸੂਟ ਤੇ ਪੈਸੇ ਜੇਬ ਵਿਚ ਪਾਏ, ਮੋਟਰ ਸਾਈਕਲ 'ਤੇ ਸਵਾਰ ਹੋ ਰੱਖੜੀ ਬੰਨ੍ਹਾਉਣ ਸੜਕੇ ਚੜ੍ਹ ਗਿਆ। ਥੋੜੀ ਦੂਰ ਪੁਲਿਸ ਦਾ ਨਾਕਾ ਸੀ, ਰੁਕਣ ਦਾ ਇਸ਼ਾਰਾ ਕੀਤਾ, ਰੁਕ ਗਿਆ। ਮੋਟਰ ਸਾਈਕਲ ਇਕ ਪਾਸੇ ਖੜ੍ਹਾ ਕਰਨ ਦਾ ਇਸ਼ਾਰਾ ਹੋਇਆ, ਸੜਕ ਕਿਨਾਰੇ ਸਟੈਂਡ 'ਤੇ ਲਾ ਦਿਤਾ।

ਠਾਣੇਦਾਰ ਨੇ ਕਿਹਾ, ਇਥੇ ਨਹੀਂ, ਉਥੇ ਹੇਠਾਂ ਖਤਾਨਾਂ ਵਿਚ। ਹੇਠਾਂ ਲੈ ਗਿਆ। ਅੱਧਾ ਘੰਟਾ ਖਲੋਤਾ ਰਿਹਾ। ਫਿਰ ਠਾਣੇਦਾਰ ਕੋਲ ਗਿਆ ਤੇ ਕਿਹਾ, ਜੀ ਕਾਗਜ਼ ਪੱਤਰ ਦੇਖ ਲਉ, ਕੋਈ ਗੱਲ ਪੁਛਣੀ ਹੈ, ਪੁੱਛ ਲਉ। ਠਾਣੇਦਾਰ ਨੇ ਕਿਹਾ, ਕੁਝ ਨਹੀਂ ਪੁੱਛਣਾ ਗਿੱਛਣਾ, ਰਿਬੇਰੋ ਸਾਹਿਬ ਦੀ ਫਲੀਟ (ਕਾਫਲਾ) ਲੰਘਣੀ ਹੈ। ਜਦੋਂ ਤੱਕ ਲੰਘ ਨੀ ਜਾਂਦੇ, ਮੋਟਰ ਸਾਈਕਲ ਸੜਕ ਉਤੇ ਨਹੀਂ ਚੜ੍ਹੇਗਾ। ਰਿਬੇਰੋ ਦਾ ਕਾਫਲਾ ਲੰਘ ਗਿਆ ਤਾਂ ਜੁਆਨ ਨੂੰ ਚਲੇ ਜਾਣ ਦਾ ਇਸ਼ਾਰਾ ਕੀਤਾ।

ਉਹ ਰੱਖੜੀ ਤਾਂ ਬੰਨ੍ਹਵਾ ਆਇਆ ਪਰ ਸੋਚਦਾ ਰਿਹਾ, ਰਿਬੇਰੋ ਤਾਇਆ ਲਗਦੈ ਪੰਜਾਬ ਦੀਆਂ ਸੜਕਾਂ ਦਾ? ਸੈਕਿੰਡ ਹੈਂਡ ਜਿਪਸੀ ਖਰੀਦੀ। ਪੇਂਟਰ ਨੂੰ ਕਿਹਾ, ਇਸ ਨੂੰ ਪੁਲਿਸ ਟਰੈਫਿਕ ਜੀਪ ਬਣਾ ਦੇਹ, ਪਾਇਲਟ ਗੱਡੀ, ਕਸਰ ਨਾ ਰਹੇ ਕੋਈ। ਜਿਪਸੀ ਤਿਆਰ ਹੋ ਗਈ। ਚਾਰ ਵਰਦੀਆਂ ਸਵਾਈਆਂ। ਇਕ ਡੀ.ਐਸ.ਪੀ. ਦੀ, ਇਕ



ਠਾਣੇਦਾਰ ਦੀ, ਦੋ ਸਿਪਾਹੀਆਂ ਦੀਆਂ। ਖਾੜਕੂ ਲੱਭੇ, ਹਥਿਆਰ ਲਏ ਤੇ ਚਲਾਉਣੇ ਸਿਖੇ।

ਤੇਜ਼ ਰਫਤਾਰ ਜਿਪਸੀ ਪੀ.ਏ.ਪੀ. ਕੰਪਲੈਕਸ ਦੇ ਗੇਟ ਅੰਦਰ ਸਵੇਰ ਸਾਰ ਦਾਖਲ ਹੋਈ। ਤੁਹਾਨੂੰ ਰੋਕਿਆ ਨਹੀਂ ਕਿਸੇ ਨੇ? ਜੀ ਰੋਕਣਾ ਤਾਂ ਕੀ, ਉਨ੍ਹਾਂ ਸਲੂਟ ਮਾਰੇ। ਅਸੀਂ ਉਨ੍ਹਾਂ ਦੇ ਹਥਿਆਰ ਚੈਕ ਕੀਤੇ ਤੇ ਅੰਦਰ ਜਾ ਵੜੇ ਜਿਥੇ ਲਾਅਨ ਵਿਚ ਰਿਬੇਰੋ ਤੇ ਉਸ ਦੀ ਪਤਨੀ ਸੈਰ ਕਰ ਰਹੇ ਸਨ। ਗੋਲੀਆਂ ਦੀ ਵਾਛੜ ਕਰ ਦਿਤੀ। ਉਹ ਜ਼ਮੀਨ 'ਤੇ ਡਿਗ ਕੇ ਲੋਟਣੀਆਂ ਖਾਣ ਲੱਗੇ। ਅਸੀਂ ਸੋਚਿਆ ਮਰ ਗਏ ਹਨ। ਚਾਰੇ ਪਾਸੇ ਨਜ਼ਰ ਮਾਰੀ। ਕੰਧਾਂ ਉਪਰ ਬੰਦੂਕਾਂ ਬੀੜੀ ਜੁਆਨ ਪੋਜ਼ੀਸ਼ਨਾਂ ਲਈ ਬੈਠੇ ਸਨ। ਹੁਣ ਗੋਲੀਆਂ ਆਈਆਂ ਕਿ ਆਈਆਂ, ਸੋਚਦੇ ਸੋਚਦੇ ਜਿਪਸੀ ਵਿਚ ਬੈਕ ਕੇ ਬਾਹਰ ਨਿਕਲ ਗਏ। ਕਿਸੇ ਪਾਸਿਓਂ ਗੋਲੀ ਨਹੀਂ ਆਈ। ਆਉਣ ਜਾਣ ਵਿਚ ਏਨਾ ਕੁ ਫਰਕ ਰਿਹਾ ਕਿ ਵਾਪਸ ਜਾਂਦਿਆਂ ਨੂੰ ਕਿਸੇ ਨੇ ਸਲੂਟ ਨਹੀਂ ਮਾਰਿਆ।

'ਬੁੱਲਟ ਫਾਰ ਬੁੱਲਟ' ਕਿਤਾਬ ਵਿਚ ਰਿਬੇਰੋ ਨੇ ਉਕਤ ਹਮਲੇ ਦਾ ਜ਼ਿਕਰ ਤਾਂ ਕੀਤਾ ਹੈ ਪਰ ਉਪਰੋਕਤ ਲਿਖਤ ਪਿਛੋਕੜ ਨਹੀਂ ਲਿਖਿਆ। ਮੈਂ ਜੋ ਸੁਣਿਆ, ਸੋ ਲਿਖ ਦਿਤਾ, ਕਿੰਨਾ ਸਹੀ ਹੈ, ਕੋਈ ਦਸ ਦਏਗਾ ਕਦੀ। ਉਹ ਮੁੰਡੇ ਹੁਣ ਜਿਉਂਦੇ ਹਨ ਕਿ ਨਹੀਂ, ਪਤਾ ਨਹੀਂ। ਮੈਂ ਇਕ ਪੁਲਿਸ ਅਫਸਰ ਨੂੰ ਪੁੱਛਿਆ, ਰਿਹਾਇਸ਼ ਉਪਰ ਤਾਇਨਾਤ ਸੁਰੱਖਿਆ ਅਮਲੇ ਨੇ ਹਮਲਾਵਰਾਂ ਉਪਰ ਗੋਲੀਆਂ ਕਿਉਂ ਨਹੀਂ ਦਾਗੀਆਂ? ਉਸ ਨੇ ਦੱਸਿਆ, ਹੁਕਮ ਦੇਣ ਵਾਲਾ ਕੋਈ ਨਹੀਂ ਸੀ। ਉਨ੍ਹਾਂ ਨੂੰ ਸਮਝ ਨਹੀਂ ਲੱਗੀ ਇਹ ਕੀ ਹੋਇਆ ਹੈ। ਸ਼ਾਇਦ ਪੁਲਿਸ ਦੀ ਕੋਈ ਖਾਸ ਐਕਸਰਸਾਈਜ਼? ਬਗੈਰ ਕਿਸੇ ਦੇ ਹੁਕਮ ਦੇ, ਉਹ ਆਪਣੇ ਡੀ.ਐਸ.ਪੀ. ਉਪਰ ਗੋਲੀ ਕਿਵੇਂ ਚਲਾਉਂਦੇ?

ਆਖਰ ਰਿਬੇਰੋ ਨੂੰ ਰੋਮਾਨੀਆ ਦਾ ਰਾਜਦੂਤ ਨਿਯੁਕਤ ਕਰਕੇ ਭੇਜ ਦਿਤਾ। ਉਸ ਨੂੰ ਖਬਰਾਂ ਮਿਲਦੀਆਂ ਰਹੀਆਂ ਕਿ ਚੌਕਸ ਰਹੋ, ਤੁਹਾਡੇ ਉਪਰ ਹਮਲਾ ਹੋ ਸਕਦਾ ਹੈ। ਆਉਣ ਜਾਣ ਵੇਲੇ ਦਿਸ਼ਾਵਾਂ ਬਦਲਦੇ ਰਹੋ। ਸਾਦੇ ਲਿਬਾਸ ਵਿਚ ਹਥਿਆਰਬੰਦ ਪੁਲਿਸ ਨੇੜੇ ਨੇੜੇ ਰਹਿੰਦੀ। ਆਖਰ ਇਕ ਦਿਨ ਹਮਲਾ ਹੋ ਗਿਆ। ਗੋਲੀ ਪੱਟ ਵਿਚੋਂ ਦੀ ਪਾਰ ਹੋ ਗਈ ਪਰ ਬਚ ਗਿਆ। ਉਸ ਕੋਲ ਗ੍ਰਹਿ ਸਕੱਤਰ ਆਇਆ ਤੇ ਪੁੱਛਿਆ, ਹਮਲਾਵਰ ਫੜ੍ਹ ਲਏ ਗਏ ਹਨ। ਇੰਗਲੈਂਡ ਤੋਂ ਆਏ ਹਨ। ਕਿੰਨੇ ਪੈਸੇ ਲੈ ਕੇ ਰਾਜ਼ੀਨਾਮਾ ਕਰਨਾ ਹੈ?

ਰਿਬੇਰੋ ਤੈਸ਼ ਵਿਚ ਆ ਗਿਆ, ਮੈਂ ਵਿਕਾਊ ਮਾਲ ਹਾਂ ਕੋਈ? ਸਕੱਤਰ ਨੇ ਕਿਹਾ, ਅਜਿਹੀ ਕੋਈ ਗੱਲ ਨਹੀਂ ਸ੍ਰੀਮਾਨ ਜੀ। ਸਾਡੇ ਦੇਸ ਦੇ ਕਾਨੂੰਨ ਅਨੁਸਾਰ ਦੋਸ਼ੀ ਤੋਂ ਮੁਆਵਜ਼ਾ ਲੈ ਕੇ ਪੀੜਤ ਰਾਜ਼ੀਨਾਮਾ ਕਰ ਸਕਦਾ ਹੈ। ਤੁਸੀਂ ਨਹੀਂ ਰਾਜ਼ੀਨਾਮਾ ਕਰਨਾ ਨਾ ਸਹੀ। ਮੈਂ ਲਿਖ ਦਿੰਦਾ ਹਾਂ ਕਿ ਮੁਆਵਜ਼ਾ ਲੈਣ ਤੋਂ ਇਨਕਾਰੀ ਹੋ।

ਰਿਬੇਰੋ ਨੇ ਲਿਖਿਆ, ਮੈਂ ਇਨ੍ਹਾਂ ਹਮਲਾਵਰਾਂ ਨੂੰ ਮਿਲਣਾ ਚਾਹੁੰਦਾ ਸਾਂ। ਮੈਨੂੰ ਇਨ੍ਹਾਂ ਉਪਰ ਕੋਈ ਕ੍ਰੋਧ ਨਹੀਂ ਸੀ। ਆਖਰ ਅਸੀਂ ਇਕ ਖੇਡ ਖੇਡ ਰਹੇ ਸਾਂ। ਲਕੀਰ ਦੇ ਇਕ ਪਾਸੇ ਮੈਂ ਸਾਂ, ਦੂਜੇ ਪਾਸੇ ਉਹ। ਉਨ੍ਹਾਂ ਨੂੰ ਮਿਲ ਕੇ ਮੈਂ ਇਹੀ ਗੱਲ ਆਖਣੀ ਸੀ। ਮਿਲਣ ਵਾਸਤੇ ਸੁਨੇਹਾ ਭੇਜਿਆ, ਉਨ੍ਹਾਂ ਦਾ ਜਵਾਬ ਆਇਆ, ਮਿਲਣ ਦੀ ਇੱਛਾ ਨਹੀਂ।

ਦਸ ਸਾਲ ਪਹਿਲਾਂ ਮੇਰੇ ਕੋਲ ਇਕ ਜੁਆਨ ਆਇਆ। ਉਸ ਨੇ ਦੱਸਿਆ ਕਿ ਕਤਲ ਕੇਸ ਵਿਚ ਉਸ ਨੂੰ ਉਮਰ ਕੈਦ ਹੋਈ ਹੈ ਤੇ ਮਹੀਨੇ ਲਈ ਪੈਰੋਲ 'ਤੇ ਆਇਆ ਹੈ। ਪੀਐਚ. ਡੀ. ਕਰਨ ਦਾ ਇਛੁਕ ਹੈ ਪਰ ਕੋਈ ਪ੍ਰੋਫੈਸਰ ਖੋਜ ਦੀ ਨਿਗਰਾਨੀ ਕਰਨ ਲਈ ਤਿਆਰ ਨਹੀਂ, ਕਾਤਲ ਨਾਲ ਤਾਂ ਗੱਲ ਕਰਨ ਲਈ ਤਿਆਰ ਨਹੀਂ ਕੋਈ। ਤੁਹਾਡੇ ਨਾਮ ਦੀ ਦੱਸ ਪਈ ਤਾਂ ਆਸ ਬੱਝੀ। ਮੈਂ ਪੁੱਛਿਆ, ਕਿਸ ਨੂੰ, ਕਿਉਂ ਕਤਲ ਕੀਤਾ ਸੀ? ਉਸ ਨੇ ਦੱਸਿਆ, ਬੀ.ਏ. ਭਾਗ ਪਹਿਲਾ ਵਿਚ ਪੜ੍ਹਦਾ ਸਾਂ। ਮੇਰੀ ਜਮਾਤ ਵਿਚ ਐਸ.ਪੀ. ਦਾ ਮੁੰਡਾ ਜੀਪ ਵਿਚ ਆਉਂਦਾ, ਰਿਵਾਲਵਰ ਜੇਬ ਵਿਚ ਹੁੰਦਾ, ਜਿਸ ਦੀ ਜਦੋਂ ਮਰਜ਼ੀ ਬੇਇਜ਼ਤੀ ਕਰ ਦਿੰਦਾ। ਮੈਂ ਜੇਬ ਵਿਚ ਛੁਰਾ ਰੱਖਣ ਲੱਗ ਪਿਆ। ਉਸ ਨੇ ਜਿਸ ਦਿਨ ਮੇਰੀ ਬੇਇਜ਼ਤੀ ਕੀਤੀ, ਮੈਂ ਛੁਰਾ ਮਾਰ ਦਿੱਤਾ। ਉਹ ਥਾਂਏਂ ਮਰ ਗਿਆ। ਪੁਲਿਸ ਆਈ, ਮੈਨੂੰ ਫੜ੍ਹ ਕੇ ਲੈ ਗਈ।

ਮੈਂ ਪੁੱਛਿਆ, ਪੁਲਿਸ ਨੇ ਤਸ਼ੱਦਦ ਕੀਤਾ? ਦੱਸਿਆ, ਨਹੀਂ ਜੀ। ਜੋ ਉਨ੍ਹਾਂ ਪੁੱਛਿਆ ਮੈਂ ਦੱਸ ਦਿੱਤਾ, ਛੁਰਾ ਫੜ੍ਹਾ ਦਿੱਤਾ। ਪੁੱਛਿਆ, ਉਸ ਮੁੰਡੇ ਦਾ ਪਿਉ ਤੈਨੂੰ ਮਿਲਣ ਆਇਆ ਸੀ? ਹਾਂ ਜੀ। ਮੈਂ ਠਾਣੇ ਹਵਾਲਾਤ ਵਿਚ ਬੰਦ ਸਾਂ। ਐਸ.ਪੀ. ਆਇਆ, ਮੈਨੂੰ ਕਿਹਾ, ਮੇਰੇ ਕੋਲ ਸ਼ਿਕਾਇਤ ਕਰ ਦਿੰਦਾ ਤੂੰ। ਮੈਂ ਉਸ ਦੇ ਥੱਪੜ ਜੜ ਦਿੰਦਾ, ਰਿਵਾਲਵਰ ਖੋਹ ਲੈਂਦਾ। ਤੂੰ ਵੀ ਤਾਂ ਮੇਰਾ ਈ ਬੱਚਾ ਐਂ। ਮੇਰਾ ਬੱਚਾ ਮਰ ਗਿਆ, ਤੂੰ ਬਰਬਾਦ ਹੋ ਗਿਆ। ਇਹ ਕਹਿੰਦਿਆਂ ਰੋ ਪਿਆ ਤੇ ਚਲਾ ਗਿਆ।

ਇਸ ਮੁੰਡੇ ਦੀ ਅਰਜ਼ੀ ਉਪਰ ਮੈਂ ਨਿਗਰਾਨ ਵਜੋਂ ਦਸਤਖਤ ਕਰ ਦਿਤੇ। ਹਰੇਕ ਖੋਜੀ ਨੇ ਛਿਮਾਹੀ ਸੈਮੀਨਾਰ ਵਿਚ ਪੇਪਰ ਪੇਸ਼ ਕਰਨਾ ਹੁੰਦਾ ਹੈ। ਇਸ ਨੂੰ ਛੁੱਟੀ ਨਾ ਮਿਲਦੀ। ਮੈਂ ਜੇਲ੍ਹ ਵਿਚ ਜਾ ਕੇ ਉਸ ਦਾ ਪੇਪਰ ਸੁਣ ਲੈਂਦਾ। ਕੈਦ ਭੁਗਤਦਿਆਂ ਉਸ ਨੇ ਆਈ.ਸੀ.ਪੀ.ਆਰ. ਵਿਚ ਵਜ਼ੀਫੇ ਵਾਸਤੇ ਅਰਜ਼ੀ ਪਾਈ। ਪੂਨੇ ਇੰਟਰਵਿਊ ਹੋਣੀ ਸੀ। ਅਦਾਲਤ ਤੋਂ ਆਗਿਆ ਲੈ ਕੇ ਪੁਲਿਸ ਸੁਰੱਖਿਆ ਵਿਚ ਉਹ ਪੂਨੇ ਗਿਆ। ਹਥਕੜੀ ਲੱਗੀ ਲਗਾਈ ਵਿਚ ਇੰਟਰਵਿਊ ਦਿਤੀ। ਸੰਸਥਾ ਨੇ ਖੁਸ਼ ਹੋ ਕੇ 12 ਹਜ਼ਾਰ ਰੁਪਿਆ ਮਹੀਨਾ ਵਜ਼ੀਫਾ ਲਾ ਦਿਤਾ। ਕੈਦ ਪੂਰੀ ਭੁਗਤ ਕੇ, ਪੀਐਚ. ਡੀ. ਕਰਕੇ ਹੁਣ ਉਹ ਅਤੇ ਉਸ ਦੀ ਪਤਨੀ ਕਾਲਜ ਵਿਚ ਲੈਕਚਰਾਰ ਲੱਗੇ ਹੋਏ ਹਨ। ਜੁਆਨ ਦਾ ਨਾਮ ਹੈ ਡਾ. ਮਨਦੀਪ ਗੌੜ। ਉਸ ਦੀ ਕਿਤਾਬ 'ਪਟਿਆਲਾ ਜੇਲ੍ਹ ਵਿਚ ਅੱਠ ਵਰ੍ਹੇ' ਲੋਕਗੀਤ ਪ੍ਰਕਾਸ਼ਨ ਨੇ ਛਾਪ ਦਿਤੀ ਹੈ।

## ਆਜ਼ਾਦੀ ਦੇ ਪਰਵਾਨੇ

# ਬੱਬਰ ਰਾਮ ਸਿੰਘ ਬੱਲ

ਪਿੰਡ ਬੱਲ, ਜ਼ਿਲ੍ਹਾ ਜਲੰਧਰ ਦੀ ਹਦਬਸਤ ਨੰਬਰ 150 ਅਤੇ ਜ਼ਮੀਨ 329 ਹੈਕਟੇਅਰ ਹੈ। ਇਹ ਪਿੰਡ ਜਲੰਧਰ-ਪਠਾਨਕੋਟ ਸੜਕ 'ਤੇ 8 ਕੁ ਮੀਲ 'ਤੇ ਹੈ। ਬੱਲ ਗੋਤ ਦੇ ਜੱਟਾਂ ਦਾ ਮੁੱਢ ਪਰਮਾਰ ਰਾਜਪੂਤਾਂ ਵਿਚੋਂ ਹੈ ਅਤੇ ਇਸ ਗੋਤ ਦੇ ਕਈ ਵੱਡੇ ਵੱਡੇ ਪਿੰਡ ਸਠਿਆਲਾ, ਬੁਤਾਲਾ ਵਗੈਰਾ ਅੰਮ੍ਰਿਤਸਰ ਜ਼ਿਲ੍ਹੇ ਵਿਚ ਪੈਂਦੇ ਹਨ।

ਪਿੰਡ ਬੱਲ ਵਿਚ ਬੱਬਰ ਰਾਮ ਸਿੰਘ ਦਾ ਜਨਮ 16 ਅਕਤੂਬਰ 1905 ਨੂੰ ਪਿਤਾ ਸ. ਦਲੇਲ ਸਿੰਘ ਅਤੇ ਮਾਤਾ ਜੀਵੀ ਦੀ ਕੁੱਖੋਂ ਹੋਇਆ ਸੀ। ਉਹ ਢਾਈ ਕੁ ਸਾਲ ਦਾ ਸੀ ਕਿ ਉਸ ਦੇ ਮਾਤਾ-ਪਿਤਾ ਅਕਾਲ ਚਲਾਣਾ ਕਰ ਗਏ। ਉਸ ਦੀ ਭੂਆ ਉਸ ਨੂੰ ਆਪਣੇ ਪਾਸ ਲੈ ਗਈ ਅਤੇ ਥੋੜ੍ਹਾ ਵੱਡਾ ਹੋਣ 'ਤੇ ਸੰਤ ਹਰੀ ਸਿੰਘ ਕਹਾਰਪੁਰ ਵਾਲਿਆਂ ਦੇ ਡੇਰੇ ਛੱਡ ਆਈ ਜਿਥੇ ਉਹ 25 ਸਾਲ ਰਿਹਾ। ਅੰਗਰੇਜ਼ ਸਰਕਾਰ ਨੇ ਸਿੱਖਾਂ ਉਤੇ ਬੜੇ ਜ਼ੁਲਮ ਕੀਤੇ। ਸਾਕਾ ਨਨਕਾਣਾ ਸਾਹਿਬ, ਗੁਰੂ ਕੇ ਬਾਗ ਦੇ ਮੋਰਚੇ ਦੇ ਜ਼ੁਲਮ ਬੜੀ ਚਰਚਾ ਵਿਚ ਸਨ।

ਰਾਮ ਸਿੰਘ ਦਾ ਜੀਅ ਕੀਤਾ ਕਿ ਡੇਰਾ ਛੱਡ ਕੇ ਬੱਬਰ ਜਥੇ ਵਿਚ ਸ਼ਾਮਲ ਹੋ ਜਾਵੇ। ਇਕ ਸਾਥੀ ਨਾਲ ਸਲਾਹ ਕੀਤੀ ਤਾਂ ਉਸ ਨੇ ਕਿਹਾ ਕਿ ਸੰਤ ਹਰੀ ਸਿੰਘ ਤੋਂ ਬਾਅਦ ਡੇਰੇ ਦਾ ਮਾਲਕ ਤੂੰ ਹੋਵੇਂਗਾ। ਡੇਰੇ ਦੀ 40 ਕਿੱਲੇ ਜ਼ਮੀਨ ਕਹਾਰਪੁਰ ਤੇ 40 ਕਿੱਲੇ ਜ਼ਿਆਣ ਵਾਲੀ ਦਾ ਮਾਲਕ ਹੋਵੇਂਗਾ। ਵੱਡੇ ਵੱਡੇ ਸੰਤ ਮਹਾਂਪੁਰਖਾਂ ਵਿਚ ਤੇਰਾ ਸ਼ੁਮਾਰ ਹੋਵੇਗਾ। ਪਰ ਰਾਮ ਸਿੰਘ ਜ਼ਮੀਨ ਦੀ ਮਾਲਕੀ ਦੇ ਲਾਲਚ ਤੋਂ ਬੇਪਰਵਾਹ ਸੀ ਅਤੇ ਡੇਰਾ ਛੱਡ ਕੇ ਸਾਲ ਭਰ ਐਧਰ-ਉਧਰ ਫਿਰਦਾ ਰਿਹਾ। ਫਿਰ ਉਸ ਦਾ ਮੇਲ ਜਥੇਦਾਰ ਕਰਤਾਰ ਸਿੰਘ ਮੱਲਾ ਵਾਹਦਪੁਰ ਨਾਲ ਹੋਇਆ ਤਾਂ ਉਹ ਰਾਮ ਸਿੰਘ ਨੂੰ ਅਨੰਦਪੁਰ ਸਾਹਿਬ ਛੱਡ ਆਏ। ਉਥੇ ਗਤਕਾ ਸਿਖਿਆ ਅਤੇ ਛੇਤੀ ਹੀ ਇਸ ਕਲਾ ਵਿਚ ਨਿਪੁੰਨ ਹੋ ਗਿਆ। ਲੋਕੀਂ ਉਹਨੂੰ ਗਤਕਾ ਮਾਸਟਰ ਆਖਦੇ ਕਿਉਂਕਿ ਬਹੁਤ ਸਾਰੇ ਲੋਕਾਂ ਨੂੰ, ਜਿਨ੍ਹਾਂ ਵਿਚ ਬਹੁਤੇ ਬੱਬਰ ਸਨ, ਉਸ ਗਤਕਾ ਸਿਖਾਇਆ।

ਉਨ੍ਹੀਂ ਦਿਨੀਂ ਬੱਬਰ ਹਰਬੰਸ ਸਿੰਘ ਸਰਹਾਲਾ ਜੋ ਗੁਰਦੁਆਰੇ ਦੇ ਸੈਕਟਰੀ ਸਨ, ਰਾਮ ਸਿੰਘ ਨੂੰ ਜੱਸੋਵਾਲ ਦੀ ਮੀਟਿੰਗ ਵਿਚ ਲੈ ਗਏ। ਇਸ ਮੀਟਿੰਗ ਵਿਚ ਅੰਗਰੇਜ਼ ਸਰਕਾਰ ਦੇ ਝੋਲੀਚੁੱਕਾਂ ਦੇ ਸੁਧਾਰ ਲਈ ਅਸਲਾ ਖਰੀਦਣ ਦਾ ਫੈਸਲਾ ਹੋਇਆ। ਕਾਬੁਲ ਵਲੋਂ ਅਸਲਾ ਖਰੀਦਣ ਅਤੇ ਬੱਬਰਾਂ ਨੂੰ ਪਹੁੰਚਾਉਣ ਲਈ ਉਹ ਆਪਣੇ ਸਾਥੀ ਪ੍ਰੇਮ ਸਿੰਘ ਸਮੋਲੀ ਅਤੇ ਛੱਜਾ ਸਿੰਘ ਨਾਲ ਇਹ ਕੰਮ ਕਰਦਾ ਰਿਹਾ। ਬੱਬਰ ਹਰਬੰਸ ਸਿੰਘ ਸਰਹਾਲਾ ਨੇ ਅਕਾਲੀ ਲੀਡਰਾਂ ਦੀ ਮਦਦ ਨਾਲ ਉਸ ਨੂੰ ਗੁਰਦੁਆਰਾ ਤਰਨਤਾਰਨ ਵਿਚ ਕਮਰਾ ਦੁਆ ਦਿੱਤਾ। ਫਿਰ ਉਹ ਇਲਾਕੇ ਦੇ ਜਵਾਨਾਂ ਨੂੰ ਗਤਕਾ ਸਿਖਾਉਣ ਲੱਗਾ। ਕਮਰੇ ਵਿਚ ਹੀ ਜੁੱਗ ਪਲਟਾਊ ਅਖਬਾਰ ਦਾ ਪਰਚਾ ਡੁਪਲੀਕੇਟਰ 'ਤੇ ਛਾਪ ਕੇ ਹੱਥੋ-ਹੱਥੀ ਵੰਡਿਆ ਜਾਂਦਾ।

ਮਾਰਚ 1942 ਵਿਚ ਰਾਮ ਸਿੰਘ ਨੂੰ ਪਤਾ ਲੱਗਾ ਕਿ ਬਾਬਾ ਹਰਬੰਸ ਸਿੰਘ ਸਰਹਾਲਾ ਗ੍ਰਿਫਤਾਰ ਕਰ ਲਏ ਗਏ ਹਨ ਤਾਂ ਉਹਨੇ ਆਪਣੇ ਕਮਰੇ ਵਿਚ ਰੱਖੇ ਸਾਰੇ ਕਾਗਜ਼-ਪੱਤਰ ਸਾੜ ਦਿੱਤੇ। ਡੁਪਲੀਕੇਟਰ ਮਸ਼ੀਨ ਨੂੰ ਇਕ ਕੱਪੜੇ ਵਿਚ ਬੰਨ੍ਹ ਕੇ ਕਮਰੇ ਨੂੰ ਤਾਲਾ ਲਾ ਕੇ ਅੰਮ੍ਰਿਤਸਰ ਨੂੰ ਰੇਲਗੱਡੀ ਚੜ੍ਹ ਗਿਆ, ਪਰ ਉਸ ਦਾ ਇਕ ਸਾਥੀ ਨਾਜ਼ਰ ਸਿੰਘ ਫੇਰੂਮਾਨ ਪੁਲਿਸ ਦੇ ਕਾਬੂ ਆ ਗਿਆ। ਨਾਜ਼ਰ ਸਿੰਘ ਨੇ ਪੁਲਿਸ ਨੂੰ ਦੱਸ ਦਿੱਤਾ ਕਿ ਰਾਮ ਸਿੰਘ ਅੰਮ੍ਰਿਤਸਰ ਦੀ ਗੱਡੀ ਹੁਣੇ ਚੜ੍ਹਿਆ ਹੈ ਤਾਂ ਪੁਲਿਸ ਨੇ ਅੰਮ੍ਰਿਤਸਰ ਪੁਲਿਸ ਨੂੰ ਇਤਲਾਹ ਦੇ ਕੇ ਅੰਮ੍ਰਿਤਸਰ ਰੇਲਵੇ ਸਟੇਸ਼ਨ 'ਤੇ ਉਸ ਨੂੰ ਗ੍ਰਿਫਤਾਰ ਕਰਵਾ ਦਿੱਤਾ।

ਪੁਲਿਸ ਰਾਮ ਸਿੰਘ ਤੋਂ ਅਸਲਾ ਲਿਆਉਣ ਅਤੇ ਅੱਗੇ ਸਪਲਾਈ ਕਰਨ ਬਾਰੇ ਬਥੇਰੀ ਘੋਖ ਕੱਢਦੀ ਰਹੀ ਪਰ ਉਹ ਆਖ ਦਿਆ ਕਰੇ, ਮੈਂ ਕੁਝ ਨਹੀਂ ਜਾਣਦਾ। ਡੁਪਲੀਕੇਟਰ ਮਸ਼ੀਨ ਬਾਰੇ ਉਸ ਆਖਿਆ ਕਿ ਕੋਈ ਬੰਦਾ ਉਸ ਕੋਲ ਵਾਜਾ ਕਹਿ ਕੇ ਰੱਖ ਗਿਆ ਸੀ। ਮੈਨੂੰ ਅਨਪੜ੍ਹ ਬੰਦੇ ਨੂੰ ਕੀ ਪਤਾ ਡੁਪਲੀਕੇਟਰ ਕੀ ਹੁੰਦਾ ਹੈ। ਪੁਲਿਸ ਨੇ ਰਾਮ ਸਿੰਘ 'ਤੇ ਤਸ਼ੱਦਦ ਕੀਤੇ ਅਤੇ ਕਈ ਲਾਲਚ ਵੀ ਦਿੱਤੇ ਪਰ ਸਭ ਬੇਕਾਰ ਗਏ।

ਕਿਸੇ ਨੇ ਕਿਹਾ ਕਿ ਇਹ ਸੰਤ ਹਰੀ ਸਿੰਘ ਕਹਾਰਪੁਰ ਵਾਲਿਆਂ ਦਾ ਚੇਲਾ ਹੈ, ਉਨ੍ਹਾਂ ਦੇ ਕਹੇ ਸਭ ਸੱਚ ਦੱਸ ਦੇਊ। ਪੁਲਿਸ ਸੰਤਾਂ ਨੂੰ ਲੈ ਆਈ। ਸੰਤਾਂ ਵੀ ਕਿਹਾ, ਸੱਚ ਦੱਸ ਦੇਹ। ਰਾਮ ਸਿੰਘ ਨੇ ਕਿਹਾ, "ਸੰਤ ਜੀ, ਜੇ ਮੈਨੂੰ ਕੁਝ ਪਤਾ ਹੁੰਦਾ ਤਾਂ ਮੈਂ ਐਨੇ ਤਸੀਹੇ ਕਾਹਨੂੰ ਝੱਲਣੇ ਸਨ? ਹੁਣ ਤਾਂ ਮੈਂ ਮਰਨ ਕਿਨਾਰੇ ਪੁੱਜ ਚੁਕਾ ਹਾਂ, ਪਤਾ ਨਹੀਂ ਬਚਾਂ ਕਿ ਨਾ।" ਉਸ ਨੇ ਸੰਤਾਂ ਨੂੰ ਇਹ ਵੀ ਆਖ ਦਿਤਾ ਕਿ ਤੁਹਾਡਾ ਚੇਲਾ ਰਾਮ ਸਿੰਘ ਮਰ ਗਿਆ ਸਮਝ ਲਵੋ, ਮੈਂ ਹੋਰ ਰਾਮ ਸਿੰਘ ਹਾਂ। ਬੱਬਰ ਮਿਲਖਾ ਸਿੰਘ ਨਿੱਜਰ ਨੇ ਰਾਮ ਸਿੰਘ ਤੋਂ ਪੁੱਛਿਆ ਕਿ ਤੂੰ ਸੰਤਾਂ ਕੋਲ ਵੀ ਝੂਠ ਬੋਲ ਗਿਆ। ਰਾਮ ਸਿੰਘ ਨੇ ਹੱਸ ਕੇ ਕਿਹਾ, "ਇਹ ਸੰਤ ਲੋਕ ਤਾਂ ਅੰਗਰੇਜ਼ਾਂ ਦੇ ਭਗਤ ਪਰਿਵਾਰ ਹੁੰਦੇ ਹਨ, ਤੇ ਬਾਅਦ ਵਿਚ ਸਾਡੀ ਨਿਜਾਤ ਲਈ ਅਰਦਾਸ ਕਰਦੇ ਹਨ।"

ਪੁਲਿਸ ਨੇ ਉਸ ਦੀ ਲੱਤ ਮਰੋੜ ਕੇ ਉਸ ਦਾ ਗੋਡਾ ਤੋੜ ਦਿਤਾ ਪਰ ਉਹ ਚੰਗੀ ਸਿਹਤ ਵਿਚ ਲੰਮੀ ਉਮਰ ਭੋਗ ਕੇ ਸੁਰਗਵਾਸ ਹੋਇਆ। ਉਸ ਉਤੇ ਇਕ ਝੂਠਾ ਕਤਲ ਕੇਸ ਪਾ ਕੇ ਉਸ ਨੂੰ ਛੇ ਸਾਲ ਦੀ ਕੈਦ ਕਰਕੇ ਮੁਲਤਾਨ ਜੇਲ੍ਹ ਭੇਜ ਦਿਤਾ ਗਿਆ। ਰਿਹਾਈ ਤੋਂ ਬਾਅਦ 9 ਸਾਲ ਪਿੰਡ ਵਿਚ ਜੂਹਬੰਦ ਰੱਖਿਆ। ਅਕਾਲੀ ਸਰਕਾਰ ਬਣਨ 'ਤੇ ਉਸ ਨੂੰ 1500 ਰੁਪਏ ਪੈਨਸ਼ਨ ਮਿਲਦੀ ਰਹੀ।

*-ਵਾਸਦੇਵ ਸਿੰਘ ਪਰਹਾਰ*
*ਫੋਨ: 206-434-1155*

## ਕਾਵਿ-ਵਿਅੰਗ

### ਜਿੱਤ-ਹਾਰ

ਜਿੱਤ-ਹਾਰ ਜ਼ਿੰਦਗੀ ਦੇ ਦੋ ਪਹਿਲੂ
ਦੋਵੇਂ ਹਜ਼ਮ ਕਰਨੇ ਬੜੇ ਔਖੇ।
ਜਿੱਤੇ ਪੀ ਪੀ ਸ਼ਾਮਲ ਪਾਣ ਭੰਗੜੇ
ਹਾਰੇ ਪੀ ਪੀ ਲੇਟਣ ਹੋਣ ਔਖੇ।

ਪਹਿਲਾਂ ਬਾਦਲਾਂ ਦਸ ਸਾਲ ਕੁੱਟਿਆ
ਹੁਣ ਕੈਪਟਨ ਤੋਂ ਸੇਵਾ ਕਰਾਵਾਂਗੇ।
ਪੰਜਾਬ ਬਣ ਗਿਆ ਕੈਲੀਫੋਰਨੀਆ
ਨਿਊਜ਼ੀਲੈਂਡ ਹੁਣ ਏਹਨੂੰ ਬਣਾਵਾਂਗੇ।

ਬਾਦਲ-ਮਜੀਠੀਏ ਸਾਰੇ ਨੇ ਦੁੱਧ ਧੋਤੇ
ਅਸੀਂ ਇਨ੍ਹਾਂ ਨੂੰ ਹੱਥ ਕਿਵੇਂ ਪਾਵਾਂਗੇ?
ਦੁਨੀਆਂ ਵਿਚ ਹੱਥ ਨੂੰ ਹੱਥ ਹੁੰਦਾ
ਇਸ ਅਹਿਸਾਨ ਦਾ ਕਰਜ਼ਾ ਲਾਹਵਾਂਗੇ।

ਪਰਦੇਸੀ ਹੁਣ ਪੰਜਾਬ ਦੇ ਕੀ ਲੱਗਦੇ
ਪ੍ਰਾਪਰਟੀ ਦੱਬਾਂਗੇ ਏਥੋਂ ਭਜਾਵਾਂਗੇ।
ਦੱਸ ਸਾਲ ਪਿਛੋਂ ਮਸਾਂ ਰਾਜ ਮਿਲਿਆ
ਥੋੜ੍ਹਾ ਵੰਡ ਦਿਆਂਗੇ ਬਹੁਤਾ ਖਾਵਾਂਗੇ।

*-ਚਰਨਜੀਤ ਸਿੰਘ ਸਾਹੀ*
*ਫੋਨ: 317-430-6545*

## ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

# ਲੱਜਣੁ ਕੱਜਣੁ ਹੋਇ ਕਜਾਇਆ

ਨਿਮਰਤਾ ਨੂੰ ਗੁਰਮੁਖਿ ਦਾ ਬਹੁਤ ਵੱਡਾ ਗੁਣ ਮੰਨਿਆ ਗਿਆ ਹੈ ਅਤੇ ਗੁਰਮਤਿ ਦਰਸ਼ਨ ਵਿਚ ਨਿਮਰਤਾ ਦੇ ਗੁਣ ਨੂੰ ਅਹਿਮ ਸਥਾਨ ਪ੍ਰਾਪਤ ਹੈ। ਭਾਈ ਗੁਰਦਾਸ ਦੀ ਇਹ ਚਉਥੀ ਵਾਰ, ਆਮ ਜ਼ਿੰਦਗੀ ਵਿਚੋਂ ਲਏ ਵੱਖ ਵੱਖ ਦ੍ਰਿਸ਼ਟਾਂਤਾਂ ਰਾਹੀਂ ਸਿੱਖ ਧਰਮ ਵਿਚ ਪ੍ਰਾਪਤ ਇਸ ਹਲੀਮੀ ਜਾਂ ਨਿਮਰਤਾ ਦੇ ਗੁਣ 'ਤੇ ਚਾਨਣਾ ਪਾਉਂਦੀ ਹੈ। ਦ੍ਰਿਸ਼ਟਾਂਤ ਉਨ੍ਹਾਂ ਨਿੱਕੀਆਂ ਚੀਜ਼ਾਂ ਦੇ ਲਏ ਗਏ ਹਨ ਜੋ ਆਕਾਰ ਵਿਚ ਬਹੁਤ ਛੋਟੀਆਂ ਹੋ ਕੇ ਵੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ ਅਤੇ ਉਚਾ ਮੁਕਾਮ ਹਾਸਲ ਕਰਦੀਆਂ ਹਨ। ਇਥੇ ਦ੍ਰਿਸ਼ਟਾਂਤ ਉਨ੍ਹਾਂ ਨੇ ਵੜੇਵੇਂ ਭਾਵ ਕਪਾਹ ਦੇ ਬੀਜ ਦਾ ਲਿਆ ਹੈ।

ਭਾਈ ਗੁਰਦਾਸ ਦੱਸਦੇ ਹਨ ਕਿ ਵੜੇਵਾਂ ਕਿਸ ਤਰ੍ਹਾਂ ਇੰਨਾ ਛੋਟਾ ਹੋ ਕੇ ਵੀ ਜ਼ਿੰਦਗੀ ਵਿਚ ਆਪਣੇ ਆਪ ਨੂੰ ਮੁਕਾ ਕੇ ਵੱਡੇ ਮੁਕਾਮ 'ਤੇ ਪਹੁੰਚਦਾ ਹੈ। ਵੜੇਵਾਂ ਜਦੋਂ ਜ਼ਮੀਨ ਵਿਚ ਬੀਜਿਆ ਜਾਂਦਾ ਹੈ ਤਾਂ ਆਪਣੇ ਪੂਰੇ ਸਰੀਰ ਨੂੰ ਮਿੱਟੀ ਵਿਚ ਮਿਲਾ ਦਿੰਦਾ ਹੈ। ਮਿੱਟੀ ਵਿਚ ਮਿਲ ਜਾਣ ਤੋਂ ਬਾਅਦ ਉਹ ਪੁੰਗਰ ਕੇ ਕਪਾਹ ਦੇ ਪੌਦੇ ਦੇ ਰੂਪ ਵਿਚ ਉਗਦਾ ਹੈ ਜਿਸ ਨੂੰ ਫਿਰ ਫਲ ਪੈਂਦਾ ਹੈ ਭਾਵ ਪਹਿਲਾਂ ਬੂਟੇ 'ਤੇ ਫੁੱਲ ਆਉਂਦੇ ਹਨ (ਕਪਾਹ ਦੇ ਬੂਟੇ 'ਤੇ ਗੁਲਾਬੀ ਅਤੇ ਮੋਤੀਆ ਰੰਗੇ ਫੁੱਲ ਜਦੋਂ ਨਿਕਲਦੇ ਹਨ ਤਾਂ ਬਹੁਤ ਪਿਆਰੇ ਲੱਗਦੇ ਹਨ), ਫਿਰ ਫਲ ਪੈਂਦਾ ਹੈ ਅਤੇ ਬੂਟਿਆਂ ਨੂੰ ਟੀਂਡੇ ਲੱਗਦੇ ਹਨ; ਇਹ ਟੀਂਡੇ ਪੱਕ ਕੇ ਜਦੋਂ ਖਿੜਦੇ ਹਨ ਤਾਂ ਚਾਰ-ਚੁਫੇਰੇ ਕਪਾਹ ਦੀਆਂ ਚਿੱਟੀਆਂ ਫੁੱਟੀਆਂ ਹੱਸ ਹੱਸ ਖਿੜਦੀਆਂ ਹਨ ਅਰਥਾਤ ਕਪਾਹ ਦੇ ਰੂਪ ਵਿਚ ਖਿੜੇ ਹੋਏ ਟੀਂਡੇ ਮਨ ਨੂੰ ਵੀ ਖੇੜਾ ਬਖਸ਼ਦੇ ਹਨ।

ਭਾਈ ਗੁਰਦਾਸ ਦੱਸਦੇ ਹਨ, ਫਿਰ ਉਨ੍ਹਾਂ ਕਪਾਹ ਦੀਆਂ ਫੁੱਟੀਆਂ ਨੂੰ ਵੇਲਿਆ ਜਾਂਦਾ ਹੈ ਜਿਸ ਨਾਲ ਵੜੇਵੇਂ ਅਲੱਗ ਹੋ ਜਾਂਦੇ ਹਨ ਅਤੇ ਰੂੰ ਅਲੱਗ ਹੋ ਜਾਂਦੀ ਹੈ, ਤੁੰਬ ਤੁੰਬ ਕੇ ਉਸ ਨੂੰ ਅਲੱਗ ਕੀਤਾ ਜਾਂਦਾ ਹੈ। ਇਸ ਰੂੰ ਨੂੰ ਫਿਰ ਪਿੰਜੇ ਕੋਲ ਪਿੰਜਾਇਆ ਜਾਂਦਾ ਹੈ; ਤੂੰਬਾ ਤੂੰਬਾ ਕਰਕੇ ਉਹ ਰੂੰ ਨੂੰ ਪਿੰਜਦਾ ਤੇ ਬਰੀਕ ਕਰ ਦਿੰਦਾ ਹੈ, ਕਈ ਕਈ ਵਾਰ ਪਿੰਜਿਆ ਜਾਂਦਾ ਹੈ ਤਾਂ ਕਿ ਰੂੰ ਨਰਮ ਅਤੇ ਬਰੀਕ ਹੋ ਜਾਵੇ। ਪਿੰਜੀ ਹੋਈ ਰੂੰ ਦੇ ਗੋੜ੍ਹੇ ਭਾਵ ਪੂਣੀਆਂ ਬਣਾਈਆਂ ਜਾਂਦੀਆਂ ਹਨ; ਇਨ੍ਹਾਂ ਪੂਣੀਆਂ ਤੋਂ ਚਰਖੇ ਉਤੇ ਸੂਤ ਕੱਤਿਆ ਜਾਂਦਾ ਹੈ। ਉਸ ਸੂਤ ਨੂੰ ਬੁਣ ਕੇ ਉਸ ਦਾ ਕੱਪੜਾ ਤਿਆਰ ਕੀਤਾ ਜਾਂਦਾ ਹੈ ਜਿਸ ਨੂੰ ਖੁੰਭ ਚੜ੍ਹਾ ਕੇ ਖੂਬ ਧੋਤਾ ਜਾਂਦਾ ਹੈ ਕਿਉਂਕਿ ਕੋਰੇ ਕਪੜੇ 'ਤੇ ਰੰਗ ਨਹੀਂ ਚੜ੍ਹਦਾ ਅਤੇ ਫਿਰ ਉਸ ਕੱਪੜੇ ਨੂੰ ਏਨੀ ਮਾਰ ਦੇਣ ਤੋਂ ਬਾਅਦ ਰੰਗਿਆ ਜਾਂਦਾ ਹੈ।

ਇਸ ਰੰਗੇ ਹੋਏ ਕੱਪੜੇ ਨੂੰ ਕਿਸੇ ਪੁਸ਼ਾਕ ਦਾ ਰੂਪ ਦੇਣ ਲਈ ਉਸ ਨੂੰ ਕੱਟਿਆ ਜਾਂਦਾ ਹੈ ਅਤੇ ਉਸ ਨੂੰ ਕਿਸੇ ਪੁਸ਼ਾਕ ਦੀ ਸ਼ਕਲ ਦੇਣ ਲਈ ਸੂਈ ਤੇ ਧਾਗੇ ਨਾਲ ਸੀਤਾ ਜਾਂਦਾ ਹੈ। ਇਸ ਤਰ੍ਹਾਂ ਏਡੇ ਵੱਡੇ ਅਮਲ ਵਿਚੋਂ ਲੰਘ ਕੇ ਕੋਈ ਪੁਸ਼ਾਕ ਤਿਆਰ ਹੁੰਦੀ ਹੈ ਜੋ ਕਿਸੇ ਦਾ ਨੰਗੇਜ਼ ਢਕਣ, ਕਿਸੇ ਦੀ ਸ਼ਰਮ ਅਤੇ ਲਾਜ ਨੂੰ ਰੱਖਣ ਦੇ ਕੰਮ ਆਉਂਦੀ ਹੈ। ਇਸੇ ਤਰ੍ਹਾਂ ਗੁਰਮੁਖਿ ਨੂੰ ਪਰਉਪਕਾਰ ਵਾਸਤੇ, ਕਿਸੇ ਦੇ ਕੰਮ ਆਉਣ ਲਈ ਆਪਣੇ ਆਪ ਨੂੰ, ਆਪਣੀ ਹਉਮੈ ਨੂੰ ਅੰਦਰੋਂ ਖਤਮ ਕਰਨ ਪੈਂਦਾ ਹੈ। ਇਸੇ ਨੂੰ ਪੰਚਮ ਪਾਤਿਸ਼ਾਹ ਨੇ 'ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ' ਕਿਹਾ ਹੈ ਅਰਥਾਤ ਸਾਰਿਆਂ ਦੀ ਚਰਨ ਧੂੜ ਹੋ ਕੇ ਅਕਾਲ ਪੁਰਖ ਵਿਚ ਸਮਾਉਣ ਦੀ ਗੱਲ ਕੀਤੀ ਹੈ। ਇਹ ਹਲੀਮੀ ਹੈ:

ਹੋਇ ਵੜੇਵਾਂ ਜਗ ਵਿਚਿ ਬੀਜੇ
ਤਨੁ ਖੇਹ ਨਾਲਿ ਰਲਾਇਆ।
ਬੂਟੀ ਹੋਇ ਕਪਾਹ ਦੀ ਟੀਂਡੇ
ਹਸਿ ਹਸਿ ਆਪੁ ਖਿੜਾਇਆ।
ਦੁਹੁ ਮਿਲਿ ਵੇਲਣੁ ਵੇਲਿਆ
ਲੂੰ ਲੂੰ ਕਰਿ ਕਰਿ ਤੁੰਬੁ ਤੁੰਬਾਇਆ।
ਪਿੰਞਣਿ ਪਿੰਞ ਉਡਾਇਆ ਕਰਿ ਕਰਿ
ਗੋੜੀ ਸੂਤ ਕਤਾਇਆ।
ਤਣਿ ਵੁਣਿ ਖੁੰਬਿ ਚੜਾਇ ਕੈ
ਦੇ ਦੇ ਦੁਖੁ ਧੁਆਇ ਰੰਗਾਇਆ।
ਕੈਚੀ ਕਟਣਿ ਕਟਿਆ
ਸੂਈ ਧਾਗੇ ਜੋੜਿ ਸੀਵਾਇਆ।
ਲੱਜਣੁ ਕੱਜਣੁ ਹੋਇ ਕਜਾਇਆ॥੧੦॥

ਅਗਲੀ ਪਉੜੀ ਵਿਚ ਅਨਾਰ ਦੇ ਦਾਣੇ ਦਾ ਦ੍ਰਿਸ਼ਟਾਂਤ ਲਿਆ ਹੈ। ਵੜੇਵੇਂ ਦੀ ਤਰ੍ਹਾਂ ਹੀ ਅਨਾਰ ਦਾ ਦਾਣਾ ਵੀ ਅਕਾਰ ਵਿਚ ਛੋਟਾ ਜਿਹਾ ਹੁੰਦਾ ਹੈ। ਉਸ ਨੂੰ ਜ਼ਮੀਨ ਵਿਚ ਬੀਜਿਆ ਜਾਂਦਾ ਹੈ ਤਾਂ ਉਹ ਆਪਣੀ ਹੋਂਦ ਨੂੰ ਬਿਲਕੁਲ ਮਿੱਟੀ ਦੀ ਹੋਂਦ ਨਾਲ ਮਿਲਾ ਦਿੰਦਾ ਹੈ। ਫਿਰ ਇਹ ਮਿੱਟੀ ਹੋਇਆ ਅਨਾਰ ਦਾ ਦਾਣਾ ਪੌਦੇ ਦੀ ਸ਼ਕਲ ਵਿਚ ਉਗਦਾ ਹੈ ਜਿਸ ਨੂੰ ਹਰੇ ਕਚੂਰ ਪੱਤੇ ਆਉਂਦੇ ਹਨ ਅਤੇ ਉਹ ਹਰਿਆਲੀ ਖਿਲਾਰਦਾ ਹੈ (ਇਹ ਹਰਿਆਲੀ ਅੱਖਾਂ ਨੂੰ ਠੰਡਕ ਬਖਸ਼ਿਸ਼ ਕਰਦੀ ਹੈ)। ਇਸ ਹਰੇ ਕਚੂਰ ਪੱਤਰਾਂ ਵਾਲੇ ਬੂਟੇ 'ਤੇ ਫਿਰ ਲਾਲ ਗੁਲਾਲ ਫੁੱਲ ਖਿੜਦੇ ਹਨ ਜੋ ਫਿਰ ਸਮੇਂ ਨਾਲ ਫਲ ਦਾ ਰੂਪ ਧਾਰ ਲੈਂਦੇ ਹਨ ਅਰਥਾਤ ਅਨਾਰ ਦੇ ਬੂਟੇ 'ਤੇ ਫਿਰ ਇਨ੍ਹਾਂ ਲਾਲ ਫੁੱਲਾਂ ਤੋਂ ਅਨਾਰ ਦਾ ਫਲ ਪੈਂਦਾ ਹੈ। ਇੱਕ ਇੱਕ ਬੂਟੇ ਨੂੰ ਫਿਰ ਅਨਾਰ ਦੇ ਹਜ਼ਾਰਾਂ ਫਲ ਪੈਂਦੇ ਹਨ ਜੋ ਇੱਕ ਦੂਸਰੇ ਤੋਂ ਵੱਧ ਸੁਆਦੀ ਹੁੰਦੇ ਹਨ, ਰਸਦਾਇਕ ਹੁੰਦੇ ਹਨ। ਇਸ ਤਰ੍ਹਾਂ ਇੱਕ ਦਾਣੇ ਤੋਂ ਜੋ ਫਲ ਬਣਦਾ ਹੈ ਉਸ ਇੱਕ ਇੱਕ ਫਲ ਵਿਚ ਲੱਖਾਂ ਦਾਣੇ ਹੋਰ ਬਣਦੇ ਹਨ ਅਤੇ ਇਸ ਤਰ੍ਹਾਂ ਇੱਕ ਇੱਕ ਫਲ ਅੰਦਰ ਲੱਖਾਂ ਫਲ ਵਸਦੇ ਹਨ।

ਭਾਈ ਗੁਰਦਾਸ ਕਹਿੰਦੇ ਹਨ, ਜਿਸ ਤਰ੍ਹਾਂ ਉਸ ਬੂਟੇ 'ਤੇ ਫਲਾਂ ਦੀ ਕੋਈ ਥੁੜ ਨਹੀਂ ਰਹਿੰਦੀ, ਇਸੇ ਤਰ੍ਹਾਂ ਗੁਰਮੁਖਿ ਨੂੰ ਅਰਥਾਤ ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਵਾਲੇ ਮਨੁੱਖ ਨੂੰ ਅੰਮ੍ਰਿਤ ਫਲ ਦਾ ਸੁਆਦ ਚੱਖਣ ਵਿਚ ਕੋਈ ਤੋਟ ਨਹੀਂ ਆਉਂਦੀ, ਉਸ ਨੂੰ ਗੁਰੂ ਦੀ ਮਿਹਰ ਨਾਲ ਅੰਮ੍ਰਿਤ-ਫਲ ਸਦਾ ਮਿਲਦਾ ਰਹਿੰਦਾ ਹੈ, ਉਹ ਇਸ ਅੰਮ੍ਰਿਤ ਫਲ ਨੂੰ ਸਦਾ ਅਨੁਭਵ ਕਰਦਾ ਰਹਿੰਦਾ ਹੈ। ਜਿਵੇਂ ਜਿਵੇਂ ਅਨਾਰ ਦੇ ਬੂਟੇ ਤੋਂ ਫਲ ਤੋੜਿਆ ਜਾਂਦਾ ਹੈ, ਬੂਟਾ ਹੱਸ ਹੱਸ ਕੇ ਹੋਰ ਫਲ ਦਿੰਦਾ ਹੈ ਭਾਵ ਫਲ ਤੋੜਨ ਨਾਲ ਹੋਰ ਫਲ ਲੱਗਦੇ ਹਨ, ਕੋਈ ਘਾਟ ਨਹੀਂ ਰਹਿੰਦੀ। ਇਸ ਤਰ੍ਹਾਂ ਮਿਹਰਵਾਨ ਗੁਰੂ ਹਲੀਮੀ ਦਾ ਮਾਰਗ ਮਨੁੱਖ ਨੂੰ ਦੱਸਦਾ ਹੈ, ਅੰਮ੍ਰਿਤ ਫਲ ਵੰਡਦਾ ਹੈ:

ਦਾਣਾ ਹੋਇ ਅਨਾਰ ਦਾ
ਹੋਇ ਧੂੜਿ ਧੂੜੀ ਵਿਚਿ ਧੱਸੈ।
ਹੋਇ ਬਿਰਖੁ ਹਰੀਆਵਲਾ
ਲਾਲ ਗੁਲਾਲਾ ਫਲ ਵਿਗੱਸੈ।
ਇਕਤੁ ਬਿਰਖ ਸਹਸ ਫਲ
ਫਲ ਫਲ ਇਕ ਦੂ ਇਕ ਸਰੱਸੈ।
ਇਕ ਦੂ ਦਾਣੇ ਲਖ ਹੋਇ
ਫਲ ਫਲ ਦੇ ਮਨ ਅੰਦਰਿ ਵੱਸੈ।
ਤਿਸੁ ਫਲ ਤੋਟਿ ਨ ਆਵਈ
ਗੁਰਮੁਖਿ ਸੁਖ ਫਲੁ ਅੰਮ੍ਰਿਤੁ ਰੱਸੈ।
ਜਿਉ ਜਿਉ ਲੱਯਨਿ ਤੋੜਿ ਫਲਿ
ਤਿਉ ਤਿਉ ਫਿਰਿ ਫਿਰਿ ਫਲੀਐ ਹੱਸੈ।
ਨਿਵ ਚਲਣੁ ਗੁਰ ਮਾਰਗੁ ਦੱਸੈ॥੧੧॥

12ਵੀਂ ਪਉੜੀ ਵਿਚ ਸ਼ੁਧ ਮੋਹਰ ਦੀ ਗੱਲ ਕੀਤੀ ਗਈ ਹੈ ਕਿ ਉਹ ਕਿਸ ਤਰ੍ਹਾਂ ਸੋਨੇ ਤੋਂ ਮੋਹਰ ਦਾ ਰੂਪ ਧਾਰਦੀ ਹੈ। ਸੋਨੇ ਦੇ ਕਣ ਰੇਤ ਦੇ ਕਣਾਂ ਵਿਚ ਮਿਲੇ ਹੋਏ ਹੁੰਦੇ ਹਨ ਅਰਥਾਤ ਸੋਨਾ ਅਤੇ ਰੇਤ ਬਰੀਕ ਬਰੀਕ ਕਣਾਂ ਦੇ ਰੂਪ ਵਿਚ ਰਲਗੱਡ ਹੋਇਆ ਹੁੰਦਾ ਹੈ। ਸੋਨੇ ਨੂੰ ਰੇਤ ਤੋਂ ਅਲੱਗ ਕਰਨ ਲਈ ਉਸ ਨੂੰ ਰਸਾਇਣ ਦੇ ਘੋਲ ਅਰਥਾਤ ਕੈਮੀਕਲ ਦੇ ਘੋਲ ਵਿਚ ਪਾਇਆ ਜਾਂਦਾ ਹੈ। ਇਸ ਨੂੰ ਧੋ ਧੋ ਕੇ ਫਿਰ ਸੋਨੇ ਦੇ ਕਣ ਅਲੱਗ ਕਰ ਲਏ ਜਾਂਦੇ ਹਨ ਜੋ ਮਾਪਣ 'ਤੇ ਰੱਤੀ, ਮਾਸਾ ਜਾਂ ਤੋਲਾ ਹੁੰਦੇ ਹਨ ਜਾਂ ਇਸ ਤੋਂ ਜ਼ਿਆਦਾ ਵੀ ਹੁੰਦੇ ਹਨ। ਇਸ ਨੂੰ ਫਿਰ ਕੁਠਾਲੀ ਵਿਚ ਪਾਇਆ ਜਾਂਦਾ ਹੈ ਅਤੇ ਗਾਲ ਕੇ ਸੁਨਿਆਰ ਇਸ ਦੀ ਡਲੀ ਬਣਾ ਦਿੰਦਾ ਹੈ ਅਤੇ ਖੁਸ਼ ਹੁੰਦਾ ਹੈ। ਸੁਨਿਆਰਾ ਇਸ ਡਲੀ ਦੇ ਰੂਪ ਵਿਚ ਇਕੱਠੇ ਕੀਤੇ ਸੋਨੇ ਤੋਂ ਫਿਰ ਪੱਤਰੇ ਘੜਦਾ ਹੈ ਅਤੇ ਉਨ੍ਹਾਂ ਪੱਤਰਿਆਂ ਨੂੰ ਰਸਾਇਣ ਨਾਲ ਧੋ ਕੇ ਸਾਫ ਕਰਦਾ ਹੈ। ਇਸ ਤਰ੍ਹਾਂ ਇਸ ਨੂੰ ਸ਼ੁਧ ਸੋਨੇ ਦਾ ਰੂਪ ਮਿਲ ਜਾਂਦਾ ਹੈ ਅਤੇ ਇਸ ਦੀ ਸ਼ੁਧਤਾ ਨੂੰ ਕਸੌਟੀ 'ਤੇ ਪਰਖਿਆ ਜਾ ਸਕਦਾ ਹੈ।

ਇਸ ਸ਼ੁੱਧ ਸੋਨੇ ਨੂੰ ਟਕਸਾਲ ਵਿਚ ਪਾ ਕੇ ਭੱਠੀ 'ਤੇ ਤਪਾਇਆ ਜਾਂਦਾ ਹੈ ਅਤੇ ਇਹ ਭੱਠੀ 'ਤੇ ਪਿਆ ਖੁਸ਼ੀ ਖੁਸ਼ੀ ਹਥੌੜੇ ਦੀ ਮਾਰ ਝੱਲਦਾ ਰਹਿੰਦਾ ਹੈ। ਇਸ ਤਰ੍ਹਾਂ ਇਹ ਸ਼ੁਧ ਮੋਹਰ ਦਾ ਰੂਪ ਧਾਰਨ ਕਰਕੇ ਫਿਰ ਖਜ਼ਾਨੇ ਵਿਚ ਪੈਂਦਾ ਹੈ। ਭਾਵ ਰੇਤ ਵਿਚ ਪਏ ਸੋਨੇ ਦੇ ਕਣ ਏਨਾ ਕੁੱਝ ਬਰਦਾਸ਼ਤ ਕਰਕੇ ਫਿਰ ਇਸ ਦੇ ਯੋਗ ਹੁੰਦੇ ਹਨ ਕਿ ਮੋਹਰ ਦਾ ਰੂਪ ਧਾਰ ਕੇ ਖਜ਼ਾਨੇ ਵਿਚ ਪੈਂਦੇ ਹਨ ਅਤੇ ਇਸ ਖਜ਼ਾਨੇ ਵਿਚ ਪੈਣ ਲਈ ਉਸ ਨੂੰ ਹਲੀਮੀ ਨਾਲ ਆਪਣੇ ਉਤੇ ਕਿਸ ਤਰ੍ਹਾਂ ਦੀਆਂ ਸੱਟਾਂ ਸਹਿਣੀਆਂ ਪੈਂਦੀਆਂ ਹਨ, ਰਸਾਇਣ ਵਿਚੋਂ ਗੁਜ਼ਰਨਾ ਪੈਂਦਾ ਹੈ, ਪਹਿਲਾਂ ਡਲੀ ਦਾ ਰੂਪ ਧਾਰਨ ਕਰਨ ਲਈ ਅੱਗ ਦਾ ਸੇਕ ਸਹਿਣਾ ਪੈਂਦਾ ਹੈ, ਫਿਰ ਕਸੌਟੀ 'ਤੇ ਪਰਖਣ ਯੋਗ ਹੋਣਾ ਪੈਂਦਾ ਹੈ, ਮੋਹਰ ਬਣਨ ਲਈ ਭੱਠੀ ਵਿਚ ਪੈ ਕੇ ਹਥੌੜੇ ਦੀਆਂ ਸੱਟਾਂ ਖੁਸ਼ੀ ਖੁਸ਼ੀ ਬਰਦਾਸ਼ਤ ਕਰਨੀਆਂ ਪੈਂਦੀਆਂ ਹਨ। ਏਡੇ ਸਖਤ ਅਮਲ ਵਿਚੋਂ ਗੁਜ਼ਰ ਕੇ ਉਸ ਨੂੰ ਆਪਣਾ ਅਸਲੀ ਰੂਪ ਮਿਲਦਾ ਹੈ:

ਰੇਣਿ ਰਸਾਇਣ ਸਿਝੀਐ
ਰੇਤੁ ਹੇਤੁ ਕਰਿ ਕੰਚਨੁ ਵਸੈ।
ਧੋਇ ਧੋਇ ਕਣੁ ਕਢੀਐ
ਰਤੀ ਮਾਸਾ ਤੋਲਾ ਹਸੈ।
ਪਾਇ ਕੁਠਾਲੀ ਗਾਲੀਐ
ਰੈਣੀ ਕਰਿ ਸੁਨਿਆਰਿ ਵਿਗਸੈ।
ਘੜਿ ਘੜਿ ਪਤ੍ਰ ਪਖਾਲੀਅਨਿ
ਲੂਣੀ ਲਾਇ ਜਲਾਇ ਰਹਸੈ।
ਬਾਰਹ ਵੰਨੀ ਹੋਇ ਕੈ ਲਗੈ
ਲਵੈ ਕਸਉਟੀ ਕਸੈ।
ਟਕਸਾਲੈ ਸਿਕਾ ਪਵੈ ਘਣ
ਅਹਰਣਿ ਵਿਚਿ ਅਚਲੁ ਸਰਸੈ।
ਸਾਲੁ ਸੁਨਈਆ ਪੋਤੈ ਪਸੈ॥੧੨॥

ਇਸ ਤੋਂ ਅਗਲਾ ਦ੍ਰਿਸ਼ਟਾਂਤ ਖਸਖਸ ਦੇ ਦਾਣੇ ਦਾ ਲਿਆ ਹੈ। ਖਸਖਸ ਦਾ ਦਾਣਾ ਬਹੁਤ ਹੀ ਬਰੀਕ ਹੁੰਦਾ ਹੈ। ਉਹ ਜਦੋਂ ਬੀਜਿਆ ਜਾਂਦਾ ਹੈ ਤਾਂ ਮਿੱਟੀ ਵਿਚ ਰਲ ਕੇ ਮਿੱਟੀ ਹੋ ਜਾਂਦਾ ਹੈ। ਖਸਖਸ ਦਾ ਇਹ ਨਿੱਕਾ ਜਿਹਾ ਦਾਣਾ ਪੋਸਤ ਦੇ ਬੂਟੇ ਦੀ ਸ਼ਕਲ ਵਿਚ ਜਦੋਂ ਉਗਦਾ ਹੈ ਤਾਂ ਇਸ ਨੂੰ ਬਹੁਤ ਸੋਹਣੇ ਵੰਨ-ਸੁਵੰਨੇ ਰੰਗਾਂ ਦੇ ਫੁੱਲ ਖਿੜਦੇ ਹਨ। ਜਿਦੋਂ ਜਿਦੀ ਇਨ੍ਹਾਂ ਫੁੱਲਾਂ ਦੀਆਂ ਡੋਡੀਆਂ ਨਿਕਲਦੀਆਂ ਹਨ, ਇੱਕ ਦੂਜੇ ਨਾਲ ਖਹਿੰਦੇ ਫੁੱਲ ਬੜੇ ਸੁੰਦਰ ਲਗਦੇ ਹਨ। ਪਹਿਲਾਂ ਇਹ ਡੰਡੀ ਉਤੇ ਖਿੜਦੇ ਹਨ, ਖੇਡਦੇ ਹਨ ਭਾਵ ਲੰਬੇ ਕੰਡੇ ਦਾ ਦੁੱਖ ਸਹਿੰਦੇ ਹਨ ਤੇ ਫਿਰ ਪਿੱਛੋਂ ਗੋਲ ਹੁੰਦੇ ਹੋਏ ਛਤਰੀ ਦਾ ਰੂਪ ਧਾਰ ਲੈਂਦੇ ਹਨ। ਜਦੋਂ ਇਨ੍ਹਾਂ ਨੂੰ ਟੁਕੜੇ ਟੁਕੜੇ ਕਰਕੇ ਨਿਚੋੜਿਆ ਜਾਂਦਾ ਹੈ ਤਾਂ ਇਨ੍ਹਾਂ ਵਿਚੋਂ ਖੂਨ ਵਰਗਾ ਸੂਹਾ ਰਸ ਨਿਕਲਦਾ ਹੈ। ਫਿਰ ਇਹ ਮਜਲਿਸਾਂ ਵਿਚ ਪ੍ਰੇਮ ਦਾ ਪਿਆਲਾ ਬਣ ਜਾਂਦਾ ਹੈ ਜੋ ਭੋਗ ਦਾ ਹਿੱਸਾ ਬਣਦਾ ਹੈ, ਯੋਗੀ ਇਸ ਦਾ ਸੇਵਨ ਕਰਕੇ ਅਨੰਦ ਮਾਣਦੇ ਹਨ। ਪੋਸਤ ਦੇ ਅਮਲੀ ਮਜਲਿਸਾਂ ਵਿਚ ਆਉਂਦੇ ਹਨ ਅਤੇ ਇਸ ਦਾ ਸੇਵਨ ਕਰਦੇ ਹਨ:

ਖਸਖਸ ਦਾਣਾ ਹੋਇ ਕੈ
ਖਾਕ ਅੰਦਰਿ ਹੋਇ ਖਾਕ ਸਮਾਵੈ।
ਦੋਸਤੁ ਪੋਸਤੁ ਬੂਟੁ ਹੋਇ
ਰੰਗ ਬਿਰੰਗੀ ਫੁੱਲ ਖਿੜਾਵੈ।
ਹੋਡਾ ਹੋਡੀ ਡੋਡੀਆ
ਇਕ ਦੂੰ ਇਕ ਚੜ੍ਹਾਉ ਚੜ੍ਹਾਵੈ।
ਸੂਲੀ ਉਪਰਿ ਖੇਲਣਾ
ਪਿਛੋਂ ਦੇ ਸਿਰਿ ਛਤ੍ਰੁ ਧਰਾਵੈ।
ਚੁਖੁ ਚੁਖੁ ਹੋਇ ਮਲਾਇ ਕੈ
ਲੋਹੂ ਪਾਣੀ ਰੰਗਿ ਰੰਗਾਵੈ।
ਪਿਰਮ ਪਿਆਲਾ ਮਜਲਸੀ
ਜੋਗ ਭੋਗ ਸੰਜੋਗ ਬਣਾਵੈ।
ਅਮਲੀ ਹੋਇ ਸੁ ਮਜਲਸ ਆਵੈ॥੧੩॥

ਕਮਾਦ ਦਾ ਦ੍ਰਿਸ਼ਟਾਂਤ ਲੈਂਦਿਆਂ ਭਾਈ ਗੁਰਦਾਸ ਦੱਸਦੇ ਹਨ ਕਿ ਕਿਸ ਤਰ੍ਹਾਂ ਇਹ ਆਪਣੇ ਆਪ ਨੂੰ ਮਿੱਟੀ ਵਿਚ ਮਿੱਟੀ ਕਰਕੇ ਉਗਦਾ ਹੈ; ਦੇਖ ਕੇ ਅਣਡਿੱਠ ਕਰਦਾ ਹੈ, ਮਾੜੇ ਚੰਗੇ ਬੋਲ ਵੱਲ ਧਿਆਨ ਨਹੀਂ ਦਿੰਦਾ, ਆਪਣੇ ਆਪ 'ਤੇ ਕਸ਼ਟ ਸਹਿ ਕੇ ਵੀ ਲੋਕਾਂ ਵਿਚ ਮਿਠਾਸ ਵਰਤਾਉਂਦਾ ਹੈ। ਭਾਈ ਗੁਰਦਾਸ ਕਹਿੰਦੇ ਹਨ ਕਿ ਰਸ ਦਾ ਭਰਿਆ ਗੰਨਾ ਮਿੱਠਾ ਹੁੰਦਾ ਹੈ ਭਾਵੇਂ ਇਹ ਬੋਲੇ ਜਾਂ ਨਾ ਬੋਲੇ, ਦੋਵਾਂ ਹਾਲਤਾਂ ਵਿਚ ਮਿੱਠਾ ਹੈ। ਇਹ ਸੁਣ ਕੇ ਅਣਸੁਣਿਆ ਕਰ ਦਿੰਦਾ ਹੈ ਅਤੇ ਦੇਖ ਕੇ ਅਣਡਿੱਠ ਕਰ ਦਿੰਦਾ ਹੈ ਅਰਥਾਤ ਗੰਨੇ ਦੇ ਖੇਤ ਵਿਚ ਕੁਝ ਵੀ ਬੋਲਿਆ-ਸੁਣਦਾ ਨਹੀਂ ਅਤੇ ਨਾ ਹੀ ਕੁਝ ਦਿਖਾਈ ਦਿੰਦਾ ਹੈ। ਇਸ ਦੀਆਂ ਗੱਠਾਂ ਨੂੰ (ਅਸਲ ਵਿਚ ਗੰਨੇ ਦੀਆਂ ਪੋਰੀਆਂ ਕਰਕੇ ਇਕੱਠੀਆਂ ਪਹਿਲਾਂ ਜ਼ਮੀਨ ਵਿਚ ਦੱਬ ਦਿੱਤੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਗੱਠਾਂ ਨਿਕਲ ਆਉਂਦੀਆਂ ਹਨ ਜਿਨ੍ਹਾਂ ਨੂੰ ਗੰਨੇ ਦੀਆਂ ਅੱਖਾਂ ਵੀ ਆਖਦੇ ਹਨ ਅਤੇ ਫਿਰ ਉਨ੍ਹਾਂ ਨੂੰ ਇੱਕ ਇੱਕ ਕਰਕੇ ਜ਼ਮੀਨ ਵਿਚ ਬੀਜ ਦਿੱਤਾ ਜਾਂਦਾ ਹੈ) ਜ਼ਮੀਨ ਵਿਚ ਬੀਜ ਦਿੱਤਾ ਜਾਂਦਾ ਹੈ ਅਤੇ ਇਨ੍ਹਾਂ ਗੱਠਾਂ ਵਿਚੋਂ ਫਿਰ ਕਮਾਦ ਉਗ ਆਉਂਦਾ ਹੈ। ਇੱਕ ਇੱਕ ਗੱਠ ਤੋਂ ਕਈ ਕਈ ਗੰਨੇ ਜੜ੍ਹ ਹੇਠਾਂ ਕਰਕੇ ਅਤੇ ਸਿਰ ਉਪਰ ਕਰਕੇ ਨਿਕਲਦੇ ਹਨ ਤੇ ਬੜੇ ਪਿਆਰੇ ਲਗਦੇ ਹਨ।

ਫਿਰ ਕਮਾਦ ਦੋ ਵੇਲਣਿਆਂ ਵਿਚ ਦੇ ਕੇ ਪੀੜਿਆ ਜਾਂਦਾ ਹੈ, ਇਸ ਵਿਚੋਂ ਮਿੱਠਾ ਰਸ ਨਿਕਲਦਾ ਹੈ, ਇਸ ਰਸ ਦੇ ਮਿੱਠੇ ਗੁਣ ਕਾਰਨ ਹੀ ਇਨ੍ਹਾਂ ਨੂੰ ਪੀੜਿਆ ਜਾਂਦਾ ਹੈ। ਇਹ ਮਿੱਠਾ ਰਸ ਅਤੇ ਗੁੜ ਫਿਰ ਸੰਸਾਰ ਵਿਚ ਅਤੇ ਸੰਗਤਿ ਵਿਚ ਵਰਤਦਾ ਹੈ, ਇਸ ਨੂੰ ਸ਼ੁਭ ਮੌਕਿਆਂ 'ਤੇ ਸ਼ਗਨ ਵਜੋਂ ਵਰਤਾਇਆ ਜਾਂਦਾ ਹੈ। ਔਗੁਣਾਂ ਵਾਲੇ ਪਾਪੀ ਲੋਕ ਇਸ ਨੂੰ ਸ਼ਰਾਬ ਵਗੈਰਾ ਬਣਾਉਣ ਲਈ ਵੀ ਵਰਤਦੇ ਹਨ ਅਤੇ ਨਸ਼ਟ ਹੁੰਦੇ ਹਨ। ਇਸੇ ਤਰ੍ਹਾਂ ਜੋ ਲੋਕ ਮੰਨਣ ਕਰਦੇ ਹਨ, ਕਸ਼ਟ ਵਿਚ ਵੀ ਗੰਨੇ ਦੀ ਤਰ੍ਹਾਂ ਹੀ ਆਪਣੀ ਮਿਠਾਸ ਨਹੀਂ ਛੱਡਦੇ ਉਹ ਦ੍ਰਿੜ ਰਹਿੰਦੇ ਹਨ:

ਰਸ ਭਰਿਆ ਰਸੁ ਰਖਦਾ
ਬੋਲਣ ਅਣਬੋਲਣ ਅਭਿਰਿਠਾ।
ਸੁਣਿਆ ਅਣਸੁਣਿਆ ਕਰੈ
ਕਰੇ ਵੀਚਾਰਿ ਡਿਠਾ ਅਣਡਿਠਾ।
ਅਖੀ ਧੁੜਿ ਅਟਾਈਆ
ਅਖੀ ਵਿਚਿ ਅੰਗੂਰੁ ਬਹਿਠਾ।
ਇਕ ਦੂ ਬਾਹਲੇ ਬੂਟ ਹੋਇ
ਸਿਰ ਤਲਵਾਇਆ ਇਠਹੁ ਇਠਾ।
ਦੁਹੁ ਖੁੰਢਾ ਵਿਚਿ ਪੀੜੀਐ
ਟੋਟੇ ਲਾਹੇ ਇਤੁ ਗੁਣਿ ਮਿਠਾ।
ਵੀਹ ਇਕੀਹ ਵਰਤਦਾ
ਅਵਗੁਣਿਆਰੇ ਪਾਪ ਪਣਿਠਾ।
ਮੰਨੈ ਗੰਨੈ ਵਾਂਗ ਸੁਧਿਠਾ॥੧੪॥

ਅੱਗੇ ਸਵਾਂਤ ਬੂੰਦ ਅਤੇ ਸਿੱਪ ਦਾ ਦ੍ਰਿਸ਼ਟਾਂਤ ਦਿੱਤਾ ਹੈ ਕਿ ਕੁਦਰਤਿ ਦੇ ਕ੍ਰਿਸ਼ਮੇ ਨਾਲ ਪਾਣੀ ਦੀ ਇੱਕ ਬੂੰਦ ਸਿੱਪ ਦੇ ਮੂੰਹ ਵਿਚ ਪੈ ਕੇ ਕਿਸ ਤਰ੍ਹਾਂ ਕੀਮਤੀ ਮੋਤੀ ਬਣ ਜਾਂਦੀ ਹੈ। ਘਣਘੋਰ ਘਟਾਵਾਂ ਜਦੋਂ ਵਰਸਦੀਆਂ ਹਨ ਤਾਂ ਕੋਈ ਇੱਕ ਪਿਆਰੀ ਜਿਹੀ ਨਿੱਕੀ ਬੂੰਦ ਅਕਾਸ਼ ਤੋਂ ਨੀਵੀਂ ਹੋ ਕੇ ਸਿੱਪ ਦੇ ਖੁੱਲ੍ਹੇ ਮੂੰਹ ਵਿਚ ਪੈ ਜਾਂਦੀ ਹੈ। ਜਿਉਂ ਹੀ ਇਹ ਬੂੰਦ ਸਿੱਪ ਦੇ ਮੂੰਹ ਵਿਚ ਪੈਂਦੀ ਹੈ ਤਾਂ ਸਿੱਪ ਆਪਣਾ ਮੂੰਹ ਬੰਦ ਕਰ ਲੈਂਦੀ ਹੈ ਅਤੇ ਨੀਚੇ ਧੁਰ ਸਮੁੰਦਰ ਦੀ ਤਹਿ ਵਿਚ ਡੂੰਘੀ ਪਾਤਾਲ ਵਿਚ ਜਾ ਕੇ ਆਪਣੇ ਆਪ ਨੂੰ ਛੁਪਾ ਲੈਂਦੀ ਹੈ। ਇਹ ਬੂੰਦ ਮੋਤੀ ਦਾ ਰੂਪ ਧਾਰ ਲੈਂਦੀ ਹੈ ਅਤੇ ਫਿਰ ਗੋਤਾਖੋਰ ਇਸ ਨੂੰ ਸਮੁੰਦਰ ਦੀ ਡੂੰਘੀ ਤਹਿ ਵਿਚੋਂ ਫੜ ਲੈਂਦਾ ਹੈ, ਇਹ ਵੀ ਪਰਉਪਕਾਰ ਲਈ, ਦੂਸਰਿਆਂ ਦੇ ਕੰਮ ਆਉਣ ਲਈ ਆਪਣੇ ਆਪ ਨੂੰ ਫੜ ਲੈਣ ਦਿੰਦੀ ਹੈ। ਪਰਸੁਆਰਥ ਦੀ ਭਾਵਨਾ ਦੇ ਵੱਸ ਹੋ ਕੇ, ਦੂਸਰਿਆਂ ਹੱਥੋਂ ਇਹ ਆਪਣੇ ਆਪ ਨੂੰ ਪੱਥਰ ਉਤੇ ਮਾਰ ਕੇ ਟੁੱਟਣ ਦਿੰਦੀ ਹੈ। ਜਾਣੇ-ਅਣਜਾਣੇ ਵਿਚ ਇਹ ਦੂਸਰਿਆਂ ਦੇ ਕੰਮ ਆਉਂਦੀ ਹੈ, ਅਮੋਲਕ ਮੋਤੀ ਦੇ ਰੂਪ ਵਿਚ ਦਾਨ ਹੁੰਦੀ ਹੈ ਅਤੇ ਇਸ ਨੂੰ ਇਸ ਦਾ ਕਦੀ ਪਛਤਾਵਾ ਨਹੀਂ ਹੁੰਦਾ। ਕੋਈ ਵਿਰਲਾ ਹੁੰਦਾ ਹੈ ਜੋ ਆਪਣੇ ਜਨਮ ਨੂੰ ਦੂਸਰਿਆਂ ਦੇ ਕੰਮ ਆ ਕੇ ਇਸ ਤਰ੍ਹਾਂ ਸਫਲ ਬਣਾਉਂਦਾ ਹੈ:

ਘਣਹਰ ਬੂੰਦ ਸੁਹਾਵਣੀ
ਨੀਵੀ ਹੋਇ ਅਗਾਸਹੁ ਆਵੈ।
ਆਪੁ ਗਵਾਇ ਸਮੁੰਦ ਵੇਖਿ
ਸਿਪੈ ਦੇ ਮੁਹਿ ਵਿਚਿ ਸਮਾਵੈ।
ਲੈਂਦੋ ਹੀ ਮੁਹਿ ਬੂੰਦ ਸਿਪੁ
ਚੁੱਭੀ ਮਾਰਿ ਪਤਾਲਿ ਲੁਕਾਵੈ।
ਫੜਿ ਕਢੈ ਮਰੁਜੀਵੜਾ
ਪਰ ਕਾਰਜ ਨੋ ਆਪੁ ਫੜਾਵੈ।
ਪਰਵਸਿ ਪਰਉਪਕਾਰ ਨੋ
ਪਰ ਹਥਿ ਪਥਰ ਦੰਦ ਭਨਾਵੈ।
ਭੁਲਿ ਅਭੁਲਿ ਅਮੁਲੁ ਦੇ
ਮੋਤੀ ਦਾਨ ਨ ਪਛੋਤਾਵੈ।
ਸਫਲ ਜਨਮੁ ਕੋਈ ਵਰੁਸਾਵੈ॥੧੫॥

#

## ਗੁਰਬਾਣੀ ਗਿਆਨ

# ਹਰਿ ਹਰਿ ਬੂੰਦ ਭਏ ਹਰਿ ਸੁਆਮੀ

**ਧਨਾਸਰੀ ਮਹਲਾ ੪**

ਹਰਿ ਹਰਿ ਬੂੰਦ ਭਏ ਹਰਿ ਸੁਆਮੀ
ਹਮ ਚਾਤ੍ਰਿਕ ਬਿਲਲ ਬਿਲਲਾਤੀ॥
ਹਰਿ ਹਰਿ ਕ੍ਰਿਪਾ ਕਰਹੁ ਪ੍ਰਭ ਅਪਨੀ
ਮੁਖਿ ਦੇਵਹੁ ਹਰਿ ਨਿਮਖਾਤੀ॥੧॥
ਹਰਿ ਬਿਨੁ ਰਹਿ ਨ ਸਕਉ ਇਕ ਰਾਤੀ॥
ਜਿਉ ਬਿਨੁ ਅਮਲੈ ਅਮਲੀ ਮਰਿ ਜਾਈ ਹੈ
ਤਿਉ ਹਰਿ ਬਿਨੁ ਹਮ ਮਰਿ ਜਾਤੀ॥ਰਹਾਉ॥
ਤੁਮ ਹਰਿ ਸਰਵਰ ਅਤਿ ਅਗਾਹ
ਹਮ ਲਹਿ ਨ ਸਕਹਿ ਅੰਤੁ ਮਾਤੀ॥
ਤੂ ਪਰੈ ਪਰੈ ਅਪਰੰਪਰੁ ਸੁਆਮੀ
ਮਿਤਿ ਜਾਨਹੁ ਆਪਨ ਗਾਤੀ॥੨॥
ਹਰਿ ਕੇ ਸੰਤ ਜਨਾ ਹਰਿ ਜਪਿਓ
ਗੁਰ ਰੰਗਿ ਚਲੂਲੈ ਰਾਤੀ॥
ਹਰਿ ਹਰਿ ਭਗਤਿ ਬਨੀ ਅਤਿ ਸੋਭਾ
ਹਰਿ ਜਪਿਓ ਊਤਮ ਪਾਤੀ॥੩॥
ਆਪੇ ਠਾਕੁਰੁ ਆਪੇ ਸੇਵਕੁ
ਆਪਿ ਬਨਾਵੈ ਭਾਤੀ॥
ਨਾਨਕੁ ਜਨੁ ਤੁਮਰੀ ਸਰਣਾਈ
ਹਰਿ ਰਾਖਹੁ ਲਾਜ ਭਗਾਤੀ॥੪॥

ਸ੍ਰੀ ਗੁਰੂ ਰਾਮ ਦਾਸ ਉਸ ਅਪਰੰਪਾਰ ਪ੍ਰਭੂ ਦੇ ਪ੍ਰੇਮ ਵਿਚ ਬਿਹਬਲ ਹੋਏ ਆਖਦੇ ਹਨ- ਹੇ ਮੇਰੇ ਮਿਹਰਬਾਨ ਪ੍ਰਭੂ ਜੀ! ਹੇ ਮੇਰੇ ਸੁਆਮੀ ਮਾਲਕ ਜੀ! ਮੈਂ ਚਾਤ੍ਰਿਕ, ਭਾਵ ਪਪੀਹੇ ਵਾਂਗ ਤੇਰੇ ਨਾਮ ਦੀ ਬੂੰਦ ਵਾਸਤੇ ਤੜਫ ਰਿਹਾ ਹਾਂ; ਹੇ ਮੇਰੇ ਸੁਆਮੀ ਪ੍ਰਭ ਜੀਉ! ਮੇਰੇ 'ਤੇ ਆਪਣੀ ਕ੍ਰਿਪਾ ਕਰੋ, ਤੇਰਾ ਨਾਮ ਮੇਰੇ ਲਈ ਸਵਾਂਤੀ ਬੂੰਦ ਬਣ ਜਾਵੇ, ਆਪਣੇ ਨਾਮ ਦੀ ਬੂੰਦ ਇਕ ਪਲ ਲਈ ਮੇਰੇ ਮੂੰਹ ਵਿਚ ਪਾ ਦੇ।

ਜਗਤ ਦੇ ਤਾਰਨਹਾਰ ਸਤਿਗੁਰੂ ਇਸ ਸ਼ਬਦ ਦੀ 'ਰਹਾਉ' ਦੀ ਪੰਕਤੀ ਵਿਚ ਪ੍ਰਭੂ ਪ੍ਰੇਮ ਵਿਚ ਖੀਵੇ ਹੋਏ ਬਚਨ ਕਰਦੇ ਹਨ, ਹੇ ਭਾਈ! ਉਸ ਮਿਹਰਬਾਨ ਪ੍ਰਭੂ ਦੇ ਨਾਮ ਤੋਂ ਬਿਨਾ ਇਕ ਰਤੀ ਜਿੰਨਾ ਸਮਾਂ ਵੀ ਨਹੀਂ ਰਹਿ ਸਕਦਾ; ਜਿਵੇਂ ਨਸ਼ਾ ਕਰਨ ਵਾਲਾ ਅਮਲੀ ਨਸ਼ੇ ਬਿਨਾ ਨਹੀਂ ਰਹਿ ਸਕਦਾ ਤੇ ਤੜਫਣ ਲੱਗ ਜਾਂਦਾ ਹੈ, ਉਵੇਂ ਹੀ ਨਾਮ ਤੋਂ ਬਿਨਾ ਮੈਂ ਮਰਨ ਲਗਦਾ ਹਾਂ।

ਤੁਮ ਹਰਿ ਸਰਵਰ ਅਤਿ ਅਗਾਹ
ਹਮ ਲਹਿ ਨ ਸਕਹਿ ਅੰਤੁ ਮਾਤੀ॥
ਤੂ ਪਰੈ ਪਰੈ ਅਪਰੰਪਰੁ ਸੁਆਮੀ
ਮਿਤਿ ਜਾਨਹੁ ਆਪਨ ਗਾਤੀ॥੨॥

ਹੇ ਮੇਰੇ ਸੁਆਮੀ ਪ੍ਰਭੂ ਜੀਉ! ਤੂੰ ਤਾਂ ਗੁਣਾਂ ਦਾ ਬਹੁਤ ਹੀ ਡੂੰਘਾ ਸਮੁੰਦਰ ਹੈ, ਅਸੀਂ ਜਗਤ ਦੇ ਜੀਵ ਤਾਂ ਤੇਰੀ ਇਸ ਡੂੰਘਾਈ ਦਾ ਮਾਤ੍ਰਾ ਭਰ, ਜ਼ਰਾ ਜਿੰਨਾ ਵੀ ਅੰਤ ਨਹੀਂ ਪਾ ਸਕਦੇ; ਮੇਰੇ ਮਿਹਰਬਾਨ ਪ੍ਰਭੂ ਜੀਉ! ਤੇਰੀ ਮਹਿਮਾ ਤਾਂ ਅਪਰੰਪਾਰ ਹੈ, ਪਰੇ ਤੋਂ ਪਰੇ ਹੈ, ਤੂੰ ਬੇਅੰਤ ਹੈਂ, ਤੂੰ ਕਿਹੋ ਜਿਹਾ ਹੈਂ, ਕਿੰਨਾ ਵੱਡਾ ਹੈਂ, ਇਹ ਭੇਤ ਤੂੰ ਆਪ ਹੀ ਜਾਣਦਾ ਹੈਂ।

ਗੁਰਦੇਵ ਜੀ ਆਖਦੇ ਹਨ, ਹੇ ਭਾਈ! ਪਰਮਾਤਮਾ ਦੇ ਜਿਨ੍ਹਾਂ ਪਿਆਰੇ ਸੰਤ ਜਨਾਂ ਨੇ ਉਸ ਹਰੀ ਪਰਮਾਤਮਾ ਦਾ ਨਾਮ ਜਪਿਆ; ਗੁਰ ਰੰਗਿ ਚਲੂਲੈ ਰਾਤੀ, ਉਹ ਵਡਭਾਗੇ ਗੁਰੂ ਦੇ ਬਖਸ਼ੇ ਹੋਏ ਗੂੜ੍ਹੇ ਪ੍ਰੇਮ ਰੰਗ ਵਿਚ, ਚਲੂਲੈ ਰਾਤੀ, ਭਾਵ ਰੰਗੇ ਗਏ; ਹੇ ਭਾਈ! ਪ੍ਰਭੂ ਪ੍ਰੇਮ ਵਿਚ ਰੰਗੇ ਹੋਏ ਉਨ੍ਹਾਂ ਜੀਵਾਂ ਦੇ ਅੰਦਰ ਪ੍ਰਭੂ ਭਗਤੀ ਦਾ ਰੰਗ ਚੜ੍ਹ ਗਿਆ, ਉਨ੍ਹਾਂ ਨੂੰ ਲੋਕ ਪਰਲੋਕ ਵਿਚ ਸੋਭਾ ਮਿਲੀ, ਉਚੀ ਇੱਜ਼ਤ ਪ੍ਰਾਪਤ ਹੋ ਗਈ।

ਆਪੇ ਠਾਕੁਰੁ ਆਪੇ ਸੇਵਕੁ
ਆਪਿ ਬਨਾਵੈ ਭਾਤੀ॥
ਨਾਨਕੁ ਜਨੁ ਤੁਮਰੀ ਸਰਣਾਈ
ਹਰਿ ਰਾਖਹੁ ਲਾਜ ਭਗਾਤੀ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਆਖਦੇ ਹਨ, ਆਪੇ ਠਾਕੁਰੁ ਆਪੇ ਸੇਵਕੁ, ਹੇ ਭਾਈ! ਉਹ ਮਾਲਕ ਤਾਂ ਆਪ ਹੀ ਸੁਆਮੀ ਹੈ ਤੇ ਆਪ ਹੀ ਸੇਵਕ ਹੈ; ਆਪਿ ਬਨਾਵੈ ਭਾਤੀ, ਭਾਤੀ ਭਾਵ ਵਿਉਂਤ, ਉਹ ਭਗਤੀ ਕਰਨ ਦੀ ਸਾਰੀ ਵਿਉਂਤ ਵੀ ਆਪੇ ਹੀ ਬਣਾਉਂਦਾ ਹੈ ਅਤੇ ਆਪੇ ਹੀ ਢੋਅ ਢੁਕਾਉਂਦਾ ਹੈ; ਮੇਰੇ ਸੁਆਮੀ ਮੇਰੇ ਪ੍ਰਭੂ ਜੀ! ਤੇਰਾ ਇਹ ਦਾਸ ਨਾਨਕ ਤੇਰੀ ਸ਼ਰਣ ਆਇਆ ਹੈ, ਤੂੰ ਆਪਣੇ ਭਗਤਾਂ ਦੀ ਆਪ ਹੀ ਪੈਜ ਰੱਖਦਾ ਹੈਂ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

# ਪੰਜਾਬ, ਪਰਵਾਸ ਅਤੇ ਜੱਦੋਜਹਿਦ


***ਰੋਜ਼ੀ-ਰੋਟੀ ਖਾਤਰ ਮਨੁੱਖ ਦੀ ਇਕ ਤੋਂ ਦੂਜੀ ਥਾਂ ਵੱਲ ਰਵਾਨਗੀ ਕੋਈ ਗੱਲ ਨਹੀਂ। ਸੰਸਾਰ ਦੇ ਵੱਖ-ਵੱਖ ਹਿੱਸਿਆਂ ਅੰਦਰ ਇਹ ਵਰਤਾਰਾ ਵੱਧ ਜਾਂ ਘੱਟ ਰੂਪ ਵਿਚ ਚਲਦਾ ਰਹਿੰਦਾ ਹੈ। ਸੀਨੀਅਰ ਪੱਤਰਕਾਰ ਸੁਰਿੰਦਰ ਸਿੰਘ ਤੇਜ ਨੇ ਇਸ ਵਰਤਾਰੇ ਬਾਰੇ ਸੰਖੇਪ ਟਿੱਪਣੀ ਕੀਤੀ ਹੈ ਜੋ ਅਸੀਂ ਆਪਣੇ ਲਈ ਪੇਸ਼ ਕਰ ਰਹੇ ਹਾਂ। ਇਸ ਵਿਚ ਪੰਜਾਬੀਆਂ ਦੇ ਪਰਵਾਸ ਲਈ ਅਹੁਲਣ ਬਾਰੇ ਜਜ਼ਬੇ ਦੀਆਂ ਗੱਲਾਂ ਵੀ ਹਨ। -ਸੰਪਾਦਕ***

ਜਿਨ੍ਹਾਂ ਨੇ ਅਲੈਕਸ ਹੇਲੀ ਦਾ ਸ਼ਾਹਕਾਰ ਨਾਵਲ 'ਰੂਟਸ' ਪੜ੍ਹਿਆ ਹੋਇਆ ਹੈ, ਉਹ ਜਾਣਦੇ ਹਨ ਕਿ ਮਹਿਜ਼ ਡੇਢ ਸਦੀ ਪਹਿਲਾਂ ਤਕ ਅਫ਼ਰੀਕੀ ਮਹਾਂਦੀਪ ਦੇ ਲੋਕਾਂ ਨਾਲ ਬਾਕੀ ਦੁਨੀਆ ਕੀ ਸਲੂਕ ਕਰਦੀ ਸੀ। 1976 ਵਿਚ ਪਹਿਲੀ ਵਾਰ ਪ੍ਰਕਾਸ਼ਿਤ ਇਸ ਸ਼ਾਹਕਾਰ ਦਾ ਹੁਣ ਤਕ 87 ਜ਼ੁਬਾਨਾਂ ਵਿਚ ਤਰਜਮਾ ਹੋ ਚੁੱਕਾ ਹੈ। ਅਫ਼ਰੀਕਾ ਬਾਰੇ ਅਸੀਂ ਇਸ ਹੱਦ ਤਕ ਅਣਜਾਣ ਹਾਂ ਕਿ ਇਹ ਪੁਸਤਕ ਪੜ੍ਹਨ ਤੋਂ ਦੋ ਦਹਾਕੇ ਬਾਅਦ ਇਹ ਗਿਆਨ ਹੋਇਆ ਕਿ ਅਮਰੀਕਾ ਵਿਚ ਗ਼ੁਲਾਮੀ ਦੇ ਖ਼ਾਤਮੇ

**ਸੁਰਿੰਦਰ ਸਿੰਘ ਤੇਜ**


ਦੇ ਐਲਾਨ ਤੋਂ ਬਾਅਦ ਸਾਰੇ ਆਜ਼ਾਦ ਸਿਆਹਫ਼ਾਮ, ਅਮਰੀਕੀ ਭੂਮੀ 'ਤੇ ਨਹੀਂ ਰਹੇ। ਉਨ੍ਹਾਂ ਵਿਚੋਂ ਕਈ ਹਜ਼ਾਰ ਆਪਣੀਆਂ ਜੜ੍ਹਾਂ ਦੀ ਤਲਾਸ਼ ਵਿਚ ਅਫ਼ਰੀਕਾ ਮਹਾਂਦੀਪ ਪਰਤ ਗਏ ਜਿਥੇ ਅਮਰੀਕੀ ਮਦਦ ਨਾਲ ਨਵਾਂ ਮੁਲਕ ਲਾਇਬੇਰੀਆ (ਆਜ਼ਾਦ ਧਰਤੀ) ਵਸਾਇਆ ਗਿਆ। ਇਹ ਅਫ਼ਰੀਕਾ ਮਹਾਂਦੀਪ ਦਾ ਸਭ ਤੋਂ ਪੁਰਾਣਾ ਗਣਤੰਤਰ ਹੈ, ਪਰ ਆਜ਼ਾਦ ਅਮਰੀਕੀ ਜਾਂ ਕੈਰੇਬਿਆਈ 'ਗ਼ੁਲਾਮ' ਇਥੋਂ ਦੀ ਵਸੋਂ ਦਾ ਸਿਰਫ਼ ਪੰਜ ਫ਼ੀਸਦੀ ਹਿੱਸਾ ਹੀ ਬਣ ਸਕੇ। ਬਾਕੀ ਲੋਕ ਆਸ-ਪਾਸ ਦੇ ਖੇਤਰਾਂ ਤੋਂ ਆ ਗਏ। ਇਹ ਮੁਲਕ ਸੰਯੁਕਤ ਰਾਸ਼ਟਰ ਦਾ ਮੈਂਬਰ ਹੈ, ਪਰ ਇਸ ਵਿਚ ਬਹੁਤ ਕੁਝ ਅਜਿਹਾ ਨਹੀਂ ਜਿਸ ਨੂੰ ਆਦਰਸ਼ ਕਿਹਾ ਜਾ ਸਕੇ। ਦਰਅਸਲ, ਮੁਲਕ ਵਸਾਏ ਜਾਣ ਦੇ ਦਸ ਸਾਲਾਂ ਦੇ ਅੰਦਰ ਹੀ ਉਥੇ ਸਿਆਹਫ਼ਾਮ ਅਫ਼ਰੀਕੀਆਂ ਨੇ ਉਸੇ ਕਬਾਇਲੀ ਬਿਰਤੀ ਦਾ ਮੁਜ਼ਾਹਰਾ ਸ਼ੁਰੂ ਕਰ ਦਿੱਤਾ ਜਿਸ ਦਾ ਜ਼ਿਕਰ 'ਰੂਟਸ' ਦੇ ਮੁੱਢ ਵਿਚ ਹੈ। ਵੱਖ-ਵੱਖ ਗੁੱਟ ਇਕ-ਦੂਜੇ ਦੀ ਧਰਤੀ ਤੇ ਖੁਰਾਕੀ ਵਸੀਲੇ ਹਥਿਆਉਣ ਲਈ ਬਿਲਕੁਲ ਉਨ੍ਹਾਂ ਜ਼ਾਲਮਾਨਾ ਤੌਰ-ਤਰੀਕਿਆਂ ਉਤੇ ਉਤਰ ਆਏ ਜਿਨ੍ਹਾਂ ਦੀ ਵਰਤੋਂ ਅਮਰੀਕੀ ਗੋਰੇ ਆਪਣੇ ਸਿਆਹਫ਼ਾਮ ਗ਼ੁਲਾਮਾਂ ਖ਼ਿਲਾਫ਼ ਕਰਦੇ ਰਹੇ ਸਨ। ਇਹ ਅਮਲ ਹੁਣ ਵੀ ਜਾਰੀ ਹੈ।

ਲਾਇਬੇਰੀਆ ਦਾ ਜ਼ਿਕਰ ਇਸ ਕਾਲਮ ਵਿਚ ਇਸ ਕਰ ਕੇ ਆਇਆ ਹੈ ਕਿ ਉਥੇ ਵੀ ਪੰਜਾਬੀ ਵਸੇ ਹੋਏ ਹਨ। ਉਹ ਉਥੇ ਵੱਸ ਕੇ ਖ਼ੂਬ ਫਲੇ-ਫੁਲੇ ਵੀ, ਪਰ ਖ਼ਤਰਿਆਂ ਦਾ ਪਰਛਾਵਾਂ ਲਗਾਤਾਰ ਬਰਕਰਾਰ ਹੈ। 1960ਵਿਆਂ ਤੋਂ 1980ਵਿਆਂ ਤਕ ਘੱਟ ਸੀ, 1990ਵਿਆਂ ਵਿਚ ਖ਼ਾਨਾਜੰਗੀ ਨੇ ਰਾਜਧਾਨੀ ਮੋਨਰੋਵੀਆ ਸਮੇਤ ਦੇਸ਼ ਦੇ ਬਹੁਤੇ ਹਿੱਸਿਆਂ ਵਿਚ ਪ੍ਰਸ਼ਾਸਨਿਕ ਖਲਾਅ ਪੈਦਾ ਕਰ ਦਿੱਤਾ। ਇਸ ਦਾ ਖ਼ਮਿਆਜ਼ਾ ਭਾਰਤੀਆਂ, ਖ਼ਾਸ ਕਰ ਕੇ ਪੰਜਾਬੀਆਂ ਨੂੰ ਵੀ ਭੁਗਤਣਾ ਪਿਆ। ਇਸ ਸਮੇਂ ਹਕੂਮਤੀ ਪ੍ਰਬੰਧ ਕੁਝ ਸਥਿਰ ਹੈ, ਪਰ ਮੁਸੀਬਤਾਂ ਬਰਕਰਾਰ ਹਨ। ਦਰਅਸਲ, ਅਫ਼ਰੀਕੀ



ਅਲੈਕਸ ਹੇਲੀ

***ਅਮਰੀਕਾ ਵਿਚ ਗ਼ੁਲਾਮੀ ਦੇ ਖ਼ਾਤਮੇ ਦੇ ਐਲਾਨ ਤੋਂ ਬਾਅਦ ਸਾਰੇ ਆਜ਼ਾਦ ਸਿਆਹਫ਼ਾਮ, ਅਮਰੀਕੀ ਭੂਮੀ 'ਤੇ ਨਹੀਂ ਰਹੇ। ਉਨ੍ਹਾਂ ਵਿਚੋਂ ਕਈ ਹਜ਼ਾਰ ਆਪਣੀਆਂ ਜੜ੍ਹਾਂ ਦੀ ਤਲਾਸ਼ ਵਿਚ ਅਫ਼ਰੀਕਾ ਮਹਾਂਦੀਪ ਪਰਤ ਗਏ ਜਿਥੇ ਅਮਰੀਕੀ ਮਦਦ ਨਾਲ ਨਵਾਂ ਮੁਲਕ ਲਾਇਬੇਰੀਆ ਵਸਾਇਆ ਗਿਆ। ਇਹ ਅਫ਼ਰੀਕਾ ਮਹਾਂਦੀਪ ਦਾ ਸਭ ਤੋਂ ਪੁਰਾਣਾ ਗਣਤੰਤਰ ਹੈ, ਪਰ ਆਜ਼ਾਦ ਅਮਰੀਕੀ ਜਾਂ ਕੈਰੇਬਿਆਈ 'ਗ਼ੁਲਾਮ' ਇਥੋਂ ਦੀ ਵਸੋਂ ਦਾ ਸਿਰਫ਼ ਪੰਜ ਫ਼ੀਸਦੀ ਹਿੱਸਾ ਹੀ ਬਣ ਸਕੇ। ਬਾਕੀ ਲੋਕ ਆਸ-ਪਾਸ ਦੇ ਖੇਤਰਾਂ ਤੋਂ ਆ ਗਏ।***




ਮਹਾਂਦੀਪ ਵਿਚ ਪੰਜਾਬੀਆਂ ਲਈ ਹਾਲਾਤ ਕਦੇ ਵੀ ਬਹੁਤ ਸੁਖਾਵੇਂ ਨਹੀਂ ਰਹੇ। ਬ੍ਰਿਟਿਸ਼ ਹਕੂਮਤ ਨੂੰ ਦੁਨੀਆਂ ਦੇ ਵੱਖ-ਵੱਖ ਪਾਸਿਆਂ 'ਤੇ ਸਥਿਤ ਆਪਣੀਆਂ ਬਸਤੀਆਂ ਵਿਚ ਜਦੋਂ ਖੇਤੀ ਤੇ ਹੋਰ ਸਾਧਨਾਂ ਦੇ ਵਿਕਾਸ ਲਈ ਮਜ਼ਦੂਰਾਂ ਦੀ ਲੋੜ ਪਈ ਤਾਂ ਕੈਰੇਬੀਅਨ ਖ਼ਿੱਤੇ ਵਿਚ ਉਹ 1870ਵਿਆਂ ਵਿਚ ਉਤਰ ਪ੍ਰਦੇਸ਼ ਤੇ ਬਿਹਾਰ ਤੋਂ ਗ਼ਰੀਬਾਂ ਨੂੰ ਜਹਾਜ਼ਾਂ 'ਤੇ ਲੱਦ ਕੇ ਲੈ ਗਏ। ਮਲਾਇਆ (ਹੁਣ ਮਲੇਸ਼ੀਆ ਤੇ ਸਿੰਗਾਪੁਰ) ਵਿਚ ਰਬੜ ਦੀ ਕਾਸ਼ਤ ਲਈ ਮਦਰਾਸ ਪ੍ਰੈਜ਼ੀਡੈਂਸੀ ਤੋਂ ਤਾਮਿਲ ਗ਼ਰੀਬਾਂ ਦੀ ਵੱਡੀ ਗਿਣਤੀ ਉਥੇ ਪਹੁੰਚਾ ਦਿੱਤੀ ਗਈ। ਅਫ਼ਰੀਕਾ ਵਿਚ ਅਜਿਹੇ ਕੰਮ ਲਈ ਉਥੋਂ ਦੇ ਸਿਆਹਫ਼ਾਮ ਲੋਕ ਵੱਡੀ ਗਿਣਤੀ ਵਿਚ ਮੌਜੂਦ ਸਨ, ਪਰ 1910ਵਿਆਂ ਵਿਚ ਰੇਲ ਪਟੜੀਆਂ, ਪੁਲਾਂ ਤੇ ਇਮਾਰਤਾਂ ਦੀ ਉਸਾਰੀ ਲਈ ਹੁਨਰਮੰਦ ਕਾਮਿਆਂ ਦੀ ਲੋੜ ਸੀ। ਇਸ ਲਈ ਪੰਜਾਬ ਤੋਂ ਰਾਮਗੜ੍ਹੀਆ ਸਮਾਜ ਨੂੰ ਕੀਨੀਆ, ਯੂਗਾਂਡਾ ਤੇ ਟਾਕਾਨਿਕਾ (ਮੌਜੂਦਾ ਤਨਜ਼ਾਨੀਆ) ਅਤੇ ਮੌਜ਼ੰਬੀਕ ਲਿਜਾਇਆ ਗਿਆ। ਗੁਜਰਾਤੀ ਪਟੇਲ ਉਸ ਖ਼ਿੱਤੇ ਵਿਚ ਭਾਰਤੀਆਂ ਦੀ ਵੱਡੀ ਮੌਜੂਦਗੀ ਵਿਚੋਂ ਕਾਰੋਬਾਰੀ ਮੌਕਿਆਂ ਨੂੰ ਸੁੰਘਦਿਆਂ ਉਥੇ ਪਹੁੰਚ ਗਏ। 1920ਵਿਆਂ ਵਿਚ ਸ਼ੁਰੂ ਹੋਏ ਇਸ ਅਮਲ ਸਦਕਾ ਪੰਜਾਬੀਆਂ ਤੇ ਗੁਜਰਾਤੀਆਂ ਨੇ ਉਥੇ ਆਪਣੇ ਕਾਰੋਬਾਰੀ ਸਾਮਰਾਜ ਵੀ ਸਿਰਜ ਲਏ, ਪਰ ਜਦੋਂ ਇਹ ਸਾਰੇ ਖ਼ਿੱਤੇ ਬ੍ਰਿਟਿਸ਼ ਸਾਮਰਾਜ ਤੋਂ ਆਜ਼ਾਦ ਹੋ ਗਏ ਤਾਂ ਦੱਖਣ ਏਸ਼ਿਆਈਆਂ ਦੀ ਖ਼ੁਸ਼ਹਾਲੀ ਹੀ ਉਨ੍ਹਾਂ ਦੀ ਵੈਰੀ ਬਣ ਗਈ। ਉਹ ਧਰਤੀ ਦੇ ਜਾਏ ਨਹੀਂ, ਧਾੜਵੀਂ ਮੰਨੇ ਜਾਣ ਲੱਗੇ। ਅਜਿਹੇ ਵਿਰੋਧ ਕਾਰਨ ਉਨ੍ਹਾਂ ਨੂੰ ਆਪਣੇ ਰਾਸ਼ਟਰਮੰਡਲ ਪਾਸਪੋਰਟਾਂ ਦੀ ਬਦੌਲਤ ਪਹਿਲਾਂ ਬ੍ਰਿਟੇਨ ਅਤੇ ਫਿਰ ਕੈਨੇਡਾ-ਅਮਰੀਕਾ ਵੱਲ ਜਾਣਾ ਪਿਆ। ਜਿਹੜੇ ਖ਼ੁਸ਼ਹਾਲ ਨਹੀਂ ਸਨ, ਉਹ ਹੋਰਨਾਂ ਨੇੜਲੇ ਅਫ਼ਰੀਕੀ ਮੁਲਕਾਂ ਵਿਚ ਖਿੰਡਣ ਲੱਗੇ। ਕੁਝ ਕੁ ਹਜ਼ਾਰ ਭਾਰਤੀ-ਅਫ਼ਰੀਕੀ ਲਾਇਬੇਰੀਆ ਵੀ ਜਾ ਪੁੱਜੇ ਜਿਥੇ ਨਿੱਕੇ-ਨਿੱਕੇ ਕਾਰੋਬਾਰਾਂ ਦੇ ਜ਼ਰੀਏ ਉਹ ਖ਼ੁਸ਼ਹਾਲ ਹੋਣ ਲੱਗੇ। ਇਹੀ ਖ਼ੁਸ਼ਹਾਲੀ ਫਿਰ ਉਨ੍ਹਾਂ ਦੀ ਦੁਸ਼ਮਣ ਬਣ ਗਈ।

ਇਲੈਕਟ੍ਰਾਨਿਕ ਤੇ ਸੋਸ਼ਲ ਮੀਡੀਆ 'ਤੇ ਪੰਜਾਬੀਆਂ ਬਾਰੇ ਕੁਝ ਹੌਲਨਾਕ ਦ੍ਰਿਸ਼ ਦੇਖ ਕੇ ਮਨ ਵਿਚ ਸਵਾਲ ਉਠਣਾ ਸੁਭਾਵਿਕ ਹੈ ਕਿ ਸਾਡੇ ਬੰਦੇ ਉਥੇ ਕਿਉਂ ਫਸੇ ਪਏ ਹਨ। ਉਹ ਜਾਨ ਜੋਖੋਂ ਵਿਚ ਪਾ ਕੇ ਉਨ੍ਹਾਂ ਖ਼ਿੱਤਿਆਂ ਵਿਚ ਕਿਉਂ ਬੈਠੇ ਹਨ ਜਿਥੇ ਮੌਤ, ਪਰਛਾਵੇਂ ਵਾਂਗ ਨਾਲ-ਨਾਲ ਤੁਰੀ ਫਿਰਦੀ ਹੈ? ਮਹੀਨਾ ਪਹਿਲਾਂ ਇਕ ਭਾਈਚਾਰਕ ਸਮਾਗਮ ਵਿਚ ਮਿਲੇ ਇਕ ਲਾਇਬੇਰੀਆ-ਵਾਸੀ ਪੰਜਾਬੀ ਨੇ ਦੱਸਿਆ ਸੀ ਕਿ ਢਾਈ ਦਹਾਕੇ ਪਹਿਲਾਂ ਉਸ ਦਾ ਪਰਿਵਾਰ ਉਸ ਦੇ ਨਾਲ ਸੀ, 1990ਵਿਆਂ ਵਿਚ ਖ਼ਾਨਾਜੰਗੀ ਤੇਜ਼ ਹੋਣ ਮਗਰੋਂ ਉਸ ਨੇ ਪਰਿਵਾਰ ਵਾਪਸ ਜਲੰਧਰ ਭੇਜਣਾ ਮੁਨਾਸਿਬ ਸਮਝਿਆ। ਫ਼ੌਜੀ ਇਤਿਹਾਸਕਾਰ ਸੁਸ਼ਾਂਤ ਸਿੰਘ ਦੀ ਕਿਤਾਬ 'ਡਿਫੀਟ ਇਜ਼ ਐਨ ਔਰਫ਼ਨ' (ਹਾਰ ਅਨਾਥ ਹੁੰਦੀ ਹੈ) ਲਾਇਬੇਰੀਆ ਤੇ ਇਸ ਦੇ ਗੁਆਂਢੀ ਸੀਏਰਾ ਲਿਓਨ ਵਿਚ ਵਸੇ ਆਮ ਭਾਰਤੀਆਂ ਦੀਆਂ ਨਿੱਤ ਦੀਆਂ ਦੁਸ਼ਵਾਰੀਆਂ ਤੋਂ ਇਲਾਵਾ ਦੋਵਾਂ ਦੇਸ਼ਾਂ ਵਿਚ ਤਾਇਨਾਤ ਰਹੀਆਂ ਭਾਰਤੀ ਅਮਨ ਸੈਨਿਕਾਂ ਦੀਆਂ ਟੁਕੜੀਆਂ ਦੇ ਹਸ਼ਰ ਦਾ ਹੌਲਨਾਕ ਮੰਜ਼ਰ ਸਿਰਜਦੀ ਹੈ। ਦਰਅਸਲ, ਸੀਏਰਾ ਲਿਓਨ ਵਿਚ ਤਾਂ ਇਕ ਭਾਰਤੀ ਫ਼ੌਜੀ ਯੂਨਿਟ, ਬਾਗ਼ੀਆਂ ਦੀ ਘੇਰਾਬੰਦੀ ਵਿਚ ਅਜਿਹੀ ਫਸ ਗਈ ਸੀ ਕਿ ਇਕ ਭਾਰਤੀ ਸੈਨਿਕ ਕਮਾਂਡਰ ਨੇ ਆਪਣੀ ਨੌਕਰੀ ਦਾਅ 'ਤੇ ਲਾ ਕੇ ਕੁਝ ਦਲੇਰਾਨਾ ਫ਼ੈਸਲੇ ਕੀਤੇ ਅਤੇ ਸਮੁੱਚੀ ਯੂਨਿਟ ਨੂੰ ਕੋਹੇ ਜਾਣ ਤੋਂ ਬਚਾ ਲਿਆ। ਅਜਿਹੇ ਹਾਲਾਤ ਦੇ ਮੱਦੇਨਜ਼ਰ ਚਾਰ ਕੁ ਸੌ ਪੰਜਾਬੀਆਂ ਵੱਲੋਂ ਇਨ੍ਹਾਂ ਮੁਲਕਾਂ ਵਿਚ ਕਾਰੋਬਾਰੀ ਮੋਰਚੇ ਲਾਈ ਰੱਖਣੇ ਜੁਝਾਰੂ ਜਜ਼ਬੇ ਨੂੰ ਲੋੜੋਂ ਵੱਧ ਖਿੱਚਣਾ ਜਾਪਦਾ ਹੈ; ਪਰ ਜਿਵੇਂ ਕਿ ਉਸ ਲਾਇਬੇਰੀਅਨ ਪੰਜਾਬੀ ਦਾ ਕਹਿਣਾ ਸੀ, 'ਵਤਨ ਪਰਤਣ ਬਾਰੇ ਸੋਚਦਿਆਂ ਹੀ ਹਾਰੇ ਹੋਏ ਫ਼ੌਜੀਆਂ ਵਾਲੀ ਨਮੋਸ਼ੀ ਮਹਿਸੂਸ ਹੁੰਦੀ ਹੈ। ਇਥੇ ਬੈਠੇ ਹਾਂ ਤਾਂ ਘੱਟੋਘੱਟ ਇਹ ਅਹਿਸਾਸ ਤਾਂ ਬਣਿਆ ਹੋਇਆ ਹੈ ਕਿ ਵਰ੍ਹਿਆਂ ਦੀ ਮਿਹਨਤ ਰਾਹੀਂ ਜੋ ਕੁਝ ਬਣਾਇਆ, ਉਹ ਅਜੇ ਸਾਡੇ ਹੀ ਹੱਥਾਂ ਵਿਚ ਹੈ।'

ਇਹ ਅਹਿਮਕਾਈ ਹੈ ਜਾਂ ਸੱਚਮੁੱਚ ਜੁਝਾਰੂ ਜਜ਼ਬਾ, ਇਸ ਬਾਰੇ ਫ਼ੈਸਲਾ ਕਰਨਾ ਆਸਾਨ ਨਹੀਂ। ਅਫ਼ਰੀਕਾ ਮਹਾਂਦੀਪ ਹੋਵੇ ਜਾਂ ਅਮਰੀਕੀ ਮਹਾਂਦੀਪ, ਪੰਜਾਬੀ 'ਟਰੰਪਨੁਮਾ' ਖ਼ਤਰਿਆਂ ਦੇ ਬਾਵਜੂਦ ਵਿਦੇਸ਼ ਜਾ ਵੱਸਣ ਦੀ ਲਾਲਸਾ ਤਿਆਗਣ ਲਈ ਤਿਆਰ ਨਹੀਂ। ਇਸ ਬਿਰਤੀ ਨੂੰ ਗਤੀਸ਼ੀਲਤਾ ਦੀ ਨਿਸ਼ਾਨੀ ਕਰੀਏ ਜਾਂ ਬੇਲੋੜੀ ਜਾਂਬਾਜ਼ੀ, ਇਸ ਨੇ ਸੰਘਰਸ਼ ਦੇ ਜਜ਼ਬੇ ਨੂੰ ਬੁਲੰਦ ਜ਼ਰੂਰ ਰੱਖਿਆ ਹੋਇਆ ਹੈ। ਕੀ ਇਹੋ ਜਜ਼ਬਾ ਪੰਜਾਬ ਦੀ ਧਰਤੀ ਉਤੇ ਟਿਕੇ ਰਹਿ ਕੇ ਇੱਥੇ ਨਵੀਂ ਰੂਹ ਫੂਕਣ ਲਈ ਨਹੀਂ ਵਰਤਿਆ ਜਾ ਸਕਦਾ?

---

# ਬਾਬਰੀ ਮਸਜਿਦ ਵਾਲਾ ਵਿਵਾਦ

ਕੀ ਅਯੁੱਧਿਆ ਮੁੱਦਾ ਅੱਜ ਵੀ ਉਤਨੀ ਹੀ ਪ੍ਰਸੰਗਿਕਤਾ ਰੱਖਦਾ ਹੈ, ਜਿੰਨੀ 25 ਵਰ੍ਹੇ ਪਹਿਲਾਂ ਰੱਖਦਾ ਸੀ? ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਅੱਜ ਵੀ ਕਈ ਤੱਤ ਅਜਿਹੇ ਹਨ ਜੋ ਅਯੁੱਧਿਆ ਮੁੱਦੇ 'ਤੇ ਧਾਰਮਿਕ ਸੁਰਾਂ ਉਭਾਰਨ ਦੇ ਚਾਹਵਾਨ ਹਨ; ਪਰ ਕੀ ਉਨ੍ਹਾਂ ਦੀ ਆਵਾਜ਼ ਵਿਚ ਉਤਨੀ ਤਾਕਤ, ਉਤਨੀ ਲੋਕ ਅਪੀਲ ਅਤੇ ਉਤਨੀ ਕਬੂਲਣਯੋਗਤਾ ਹੈ, ਜਿੰਨੀ ਢਾਈ ਦਹਾਕੇ

**ਨਿਲੋਫਰ ਸੁਹਰਾਵਰਦੀ**

ਪਹਿਲਾਂ ਸੀ? ਕਿਸੇ ਮੁੱਦੇ ਬਾਰੇ ਰੌਲਾ ਪਾਉਣਾ ਵੱਖਰੀ ਗੱਲ ਹੁੰਦੀ ਹੈ ਅਤੇ ਉਸ ਰੌਲੇ ਨਾਲ ਲੋਕ ਭਾਵਨਾਵਾਂ ਵਿਚ ਕਿੰਨਾ ਕੁ ਉਭਾਰ ਆਉਂਦਾ ਹੈ, ਇਹ ਵੱਖਰੀ ਗੱਲ ਹੁੰਦੀ ਹੈ। ਇਹ ਗੱਲ ਹੁਣ ਕੋਈ ਭੇਤ ਨਹੀਂ ਕਿ ਜਦੋਂ ਇਹ ਮੁੱਦਾ ਸਬੰਧਤ ਲੋਕਾਂ ਲਈ ਸਭ ਤੋਂ ਅਹਿਮ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਮੁੱਦਾ ਹੁੰਦਾ ਸੀ ਤਾਂ ਮੀਡੀਆ ਕਵਰੇਜ ਸਮੇਤ ਵੱਖ-ਵੱਖ ਪੱਧਰਾਂ 'ਤੇ ਇਸ ਨੂੰ ਵੱਡੀ ਅਹਿਮੀਅਤ ਮਿਲਦੀ ਸੀ, ਪਰ ਉਸ ਸਮੇਂ ਨਾਲ ਤੁਲਨਾ ਕੀਤੀ ਜਾਵੇ ਤਾਂ ਅੱਜ ਉਨ੍ਹਾਂ ਹੀ ਵੱਖ-ਵੱਖ ਪੱਧਰਾਂ 'ਤੇ ਇਸ ਦੀ ਅਹਿਮੀਅਤ ਕਿਤੇ ਘੱਟ ਨਜ਼ਰ ਆਉਂਦੀ ਹੈ।

ਇਸ ਵਾਰ 6 ਦਸੰਬਰ ਨੂੰ ਬਾਬਰੀ ਮਸਜਿਦ ਢਹਿਣ ਦੀ ਬਰਸੀ ਮੌਕੇ ਤਾਮਿਲਨਾਡੂ ਦੀ ਮੁੱਖ ਮੰਤਰੀ ਜੈਲਲਿਤਾ ਦਾ ਦੇਹਾਂਤ ਹੋ ਗਿਆ। ਹੈਰਾਨੀ ਵਾਲੀ ਕੋਈ ਗੱਲ ਨਹੀਂ ਕਿ ਖ਼ਬਰਾਂ ਦੀਆਂ ਸੁਰਖੀਆਂ ਵਿਚ ਬਾਬਰੀ ਮਸਜਿਦ ਦੀ ਬਰਸੀ ਨਾਲੋਂ ਜੈਲਲਿਤਾ ਦੀ ਮੌਤ ਕਿਤੇ ਵੱਧ ਭਾਰੂ ਰਹੀ। ਇਸ ਵਾਰ ਤਾਂ ਚਲੋ ਇਹ ਵੱਡੀ ਖ਼ਬਰ ਸੀ, ਪਰ ਲੰਘੇ ਵਰ੍ਹਿਆਂ ਦੌਰਾਨ ਵੀ ਇਸ ਦਿਨ ਕੋਈ ਹੋਰ ਵੱਡੀ ਖ਼ਬਰ ਨਾ ਹੋਣ ਦੇ ਬਾਵਜੂਦ ਬਾਬਰੀ ਮਸਜਿਦ ਢਹਿਣ ਦੀ ਬਰਸੀ ਦੀ ਖ਼ਬਰ ਨੂੰ ਬਹੁਤੀ ਥਾਂ ਨਹੀਂ ਮਿਲਦੀ ਰਹੀ। ਸਿੱਧੀ ਜਿਹੀ ਗੱਲ ਇਹ ਹੈ ਕਿ ਹੁਣ ਇਸ ਮੁੱਦੇ ਨੂੰ ਇੰਨਾ ਅਹਿਮ ਨਹੀਂ ਮੰਨਿਆ ਜਾਂਦਾ ਕਿ ਇਸ ਨੂੰ ਵੱਡੀ ਕਵਰੇਜ ਦਿੱਤੀ ਜਾਵੇ।

ਬਿਨਾਂ ਸ਼ੱਕ ਸਾਰੇ ਭਾਈਚਾਰਿਆਂ ਦੇ ਭਾਰਤੀ ਅੱਜ ਵੀ ਉਤਨੇ ਹੀ ਧਾਰਮਿਕ ਹਨ, ਜਿੰਨੇ ਉਹ ਢਾਈ ਦਹਾਕੇ ਪਹਿਲਾਂ ਸਨ; ਸਗੋਂ ਇਹ ਕਹਿਣਾ ਵੀ ਗ਼ਲਤ ਨਹੀਂ ਹੋਵੇਗਾ ਕਿ ਹਾਲ ਹੀ ਦੇ ਵਰ੍ਹਿਆਂ ਦੌਰਾਨ ਧਾਰਮਿਕ ਵਿਸ਼ਵਾਸਾਂ ਅਤੇ ਰਸਮਾਂ-ਰੀਤਾਂ ਆਦਿ ਦੀ ਅਹਿਮੀਅਤ ਵਧੀ ਹੀ ਹੈ। ਧਾਰਮਿਕ ਅਮਲਾਂ ਤੇ ਰਸਮਾਂ ਆਦਿ 'ਤੇ ਜ਼ੋਰ ਦੇਣ ਵਾਲੇ ਟੈਲੀਵਿਜ਼ਨ ਲੜੀਵਾਰਾਂ ਦੀ ਲੋਕਾਂ ਵਿਚ ਵਧੀ ਹਰਮਨ-ਪਿਆਰਤਾ ਤੋਂ ਇਹੀ ਜ਼ਾਹਰ ਹੁੰਦਾ ਹੈ, ਪਰ ਇਸ ਦੇ ਨਾਲ ਹੀ ਲੋਕਾਂ ਦੀ ਧਾਰਮਿਕ ਅਤੇ ਧਰਮ-ਨਿਰਪੱਖ ਚੇਤਨਾ ਦੀ ਸਮਾਜਿਕ-ਰਾਜਨੀਤਕ ਹਕੀਕਤ ਨੂੰ ਵੀ ਨਜ਼ਰਅੰਦਾਜ਼ ਜਾਂ ਹਊ ਪਰੇ ਨਹੀਂ ਕੀਤਾ ਜਾ ਸਕਦਾ। ਇਹ ਗੱਲ ਇਹੀ ਸੰਕੇਤ ਕਰਦੀ ਹੈ ਕਿ ਲੋਕ ਸਿਆਸੀ ਕਿਸਮ ਦੇ ਧਾਰਮਿਕ ਨਿਰਦੇਸ਼ਾਂ ਦੀ ਅੱਖਾਂ ਮੀਟ ਕੇ ਪਾਲਣਾ ਕਰਨ ਲਈ ਤਿਆਰ ਨਹੀਂ। ਉਂਜ, ਅਜਿਹਾ ਕਹਿਣ ਦਾ ਇਹ ਮਤਲਬ ਵੀ ਨਹੀਂ ਕਿ ਬਾਬਰੀ ਮਸਜਿਦ ਢਹਿਣ ਤੋਂ ਪਹਿਲਾਂ ਜਾਂ ਢਹਿਣ ਦੇ ਦੌਰਾਨ ਸਾਰਾ ਦੇਸ਼ ਇੰਜ ਕਰਨ ਲਈ ਤਿਆਰ ਰਹਿੰਦਾ ਸੀ। ਬਾਬਰੀ ਮਸਜਿਦ ਦੇ ਢਹਿਣ ਜਾਂ ਉਸ ਤੋਂ ਬਾਅਦ ਹੋਏ ਦੰਗਿਆਂ ਵਿਚ ਜਿਨ੍ਹਾਂ ਲੋਕਾਂ ਨੇ ਸ਼ਮੂਲੀਅਤ ਕੀਤੀ ਸੀ, ਉਹ ਕੁੱਲ ਆਬਾਦੀ ਦਾ 10ਵਾਂ ਹਿੱਸਾ ਵੀ ਨਹੀਂ ਸਨ, ਪਰ ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਦੇਸ਼ ਦੇ ਧਰਮ-ਨਿਰਪੱਖ ਇਤਿਹਾਸ ਵਿਚ ਇਹ ਹਨ੍ਹੇਰਾ ਪੜਾਅ ਸੀ। ਇਸ ਨੇ ਦਰਸਾਇਆ ਕਿ ਲੋਕਾਂ ਦੇ ਕੁਝ ਵਰਗਾਂ ਨੂੰ ਧਰਮ ਦੇ ਨਾਂ 'ਤੇ ਕਿਵੇਂ ਭੜਕਾਇਆ ਜਾ ਸਕਦਾ ਹੈ। ਦੰਗਿਆਂ ਦੀ ਪੱਧਰ ਤੱਕ ਪਹੁੰਚੀਆਂ ਫ਼ਿਰਕੂ ਭਾਵਨਾਵਾਂ ਦੇਸ਼ ਦੇ ਬਹੁਤੇ ਹਿੱਸਿਆਂ ਵਿਚ ਫੈਲ ਗਈਆਂ ਸਨ। ਇਸ ਪੜਾਅ ਨੇ ਭਾਰਤੀ ਜਨਤਾ ਪਾਰਟੀ ਨੂੰ ਵੀ ਮੁੱਖ ਕੌਮੀ ਪਾਰਟੀ ਵਜੋਂ ਉਭਰਨ ਵਿਚ ਮਦਦ ਕੀਤੀ। ਉਂਜ ਬਾਅਦ ਵਾਲੇ ਵਰ੍ਹਿਆਂ ਵਿਚ ਇਸੇ ਮੁੱਦੇ 'ਤੇ ਇਸੇ ਤਰ੍ਹਾਂ ਦਾ ਉਨਮਾਦ ਮੁੜ ਨਜ਼ਰ ਨਹੀਂ ਆਇਆ। ਇਸ ਦਾ ਕੀ ਭਾਵ ਹੈ?

ਅਸਲ ਵਿਚ ਜੋ ਉਨਮਾਦ ਤੇ ਜੋਸ਼ ਉਸ ਦੌਰ ਵਿਚ ਨਜ਼ਰ ਆਇਆ ਸੀ, ਉਹ ਅਸਥਾਈ ਪੜਾਅ ਸੀ। ਜੇ ਇਹ ਸਥਾਈ ਪ੍ਰਕਿਰਤੀ ਵਾਲਾ ਹੁੰਦਾ ਤਾਂ ਇਹ ਬਾਅਦ ਵਿਚ ਵੀ ਨਜ਼ਰ ਆਉਂਦਾ। ਦੁਬਾਰਾ ਉਸੇ ਤਰ੍ਹਾਂ ਦਾ ਉਨਮਾਦ ਨਾ ਉਭਰਨ ਦੇ ਕਈ ਕਾਰਨ ਹਨ। ਇਕ ਤਾਂ ਇਹ ਹੈ ਕਿ ਜਿਵੇਂ ਪਹਿਲਾਂ ਦੱਸਿਆ ਗਿਆ ਹੈ, ਲੋਕ ਸਿਆਸਤਦਾਨਾਂ ਦੇ ਧਾਰਮਿਕ ਨਿਰਦੇਸ਼ਾਂ ਨੂੰ ਅੱਖਾਂ ਮੀਟ ਕੇ ਮੰਨਣ ਤੋਂ ਇਨਕਾਰੀ ਹਨ। ਦੂਜਾ ਇਹ ਕਿ ਭਾਵੇਂ ਧਰਮ ਅਜੇ ਵੀ ਉਨ੍ਹਾਂ ਲਈ ਅਹਿਮ ਹੈ, ਪਰ ਉਹ ਇਸ ਦੀ ਫ਼ਿਰਕੂ ਲੀਹਾਂ 'ਤੇ ਦੁਰਵਰਤੋਂ ਦੇ ਚਾਹਵਾਨ ਨਹੀਂ ਹਨ। ਇਹ ਵੀ ਜ਼ਿਕਰਯੋਗ ਹੈ ਕਿ ਭਾਵੇਂ ਮੁਢਲਾ ਨਿਸ਼ਾਨਾ ਮੁਸਲਿਮ ਹੀ ਹੋਣ, ਪਰ ਜਦੋਂ ਵੀ ਮਾਹੌਲ ਵਿਚ ਤਣਾਅ ਪੈਦਾ ਹੁੰਦਾ ਹੈ ਜਾਂ ਗੜਬੜੀ ਹੁੰਦੀ ਹੈ ਤਾਂ ਸਾਰੇ ਭਾਈਚਾਰਿਆਂ ਦੇ ਹੀ ਹਿਤ ਪ੍ਰਭਾਵਿਤ ਹੁੰਦੇ ਹਨ। ਚਾਹੇ ਜਾਂ ਅਣਚਾਹੇ ਤੌਰ 'ਤੇ ਬਹੁਤੇ ਲੋਕਾਂ ਦੇ ਸਮਾਜਿਕ ਅਤੇ ਆਰਥਿਕ ਜੀਵਨ 'ਤੇ ਵੱਡੇ ਉਲਟ ਪ੍ਰਭਾਵ ਪੈਂਦੇ ਹਨ। ਬਾਬਰੀ ਮਸਜਿਦ ਢਹਿਣ ਦੇ ਦੌਰ ਨੇ ਫ਼ਿਰਕੂ ਦੰਗਿਆਂ ਦੇ ਇਸ ਕਾਲੇ ਪੱਖ ਸਬੰਧੀ ਲੋਕਾਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ। ਸੋ, ਕੋਈ ਹੈਰਾਨੀ ਦੀ ਗੱਲ ਨਹੀਂ ਕਿ



ਬਾਅਦ ਵਾਲੇ ਵਰ੍ਹਿਆਂ ਵਿਚ ਕਿਸੇ ਮੁੱਦੇ 'ਤੇ ਦੰਗਿਆਂ ਆਦਿ ਵਰਗੀ ਕੋਈ ਅਜਿਹੀ ਭਾਵਨਾ ਪੈਦਾ ਨਹੀਂ ਹੋਈ, ਜੋ ਦੇਸ਼ ਭਰ ਵਿਚ ਫੈਲ ਸਕਣ ਦੀ ਸਮਰੱਥਾ ਰੱਖਦੀ ਹੋਵੇ। ਬਿਨਾਂ ਸ਼ੱਕ ਬਹੁਤ ਸਾਰੇ ਤੱਤ ਦੇਸ਼ ਦੀ ਫ਼ਿਰਕੂ ਸਦਭਾਵਨਾ ਨੂੰ ਸੱਟ ਮਾਰਨ ਲਈ ਅਜੇ ਵੀ ਯਤਨਸ਼ੀਲ ਹਨ, ਪਰ ਉਨ੍ਹਾਂ ਦਾ ਪ੍ਰਭਾਵ ਬਹੁਤਾ ਕਰ ਕੇ ਕੁਝ ਇਲਾਕਿਆਂ ਤੱਕ ਹੀ ਸੀਮਤ ਹੈ। 2002 ਵਿਚ ਭਾਵੇਂ ਗੁਜਰਾਤ ਵਿਚ ਦੰਗੇ ਹੋਏ, ਪਰ ਇਨ੍ਹਾਂ ਦਾ ਪ੍ਰਭਾਵ ਸੂਬੇ ਤੱਕ ਹੀ ਸੀਮਤ ਰਿਹਾ।

ਸਿਆਸੀ ਤੌਰ 'ਤੇ ਵੇਖੀਏ ਤਾਂ ਸਬੰਧਤ ਸਿਆਸੀ ਧਿਰਾਂ ਲਈ ਇਸ ਮੁੱਦੇ ਨੂੰ ਜਿਉਂਦਾ ਰੱਖਣ ਜਾਂ ਉਭਾਰਨ ਦੇ ਕਾਰਨ ਅਜੇ ਵੀ ਮੌਜੂਦ ਹਨ, ਪਰ ਸਿਆਸੀ ਧਿਰਾਂ ਅਜਿਹਾ ਕਰਨ ਦੀਆਂ ਜਿੰਨੀਆਂ ਮਰਜ਼ੀ ਚਾਹਵਾਨ ਜਾਂ ਤਤਪਰ ਹੋਣ, ਹੁਣ ਆਮ ਭਾਰਤੀ ਆਪਣੇ ਹਿਤਾਂ ਨੂੰ ਧਰਮ ਦੀ ਸਿਆਸਤ ਤੋਂ ਪ੍ਰਭਾਵਿਤ ਨਹੀਂ ਹੋਣ ਦੇਣਾ ਚਾਹੁੰਦੇ। ਇਸ ਨੁਕਤੇ ਦੀ ਪੁਸ਼ਟੀ ਇਸ ਤੱਥ ਤੋਂ ਵੀ ਹੁੰਦੀ ਹੈ ਕਿ ਅਯੁੱਧਿਆ ਮੁੱਦੇ ਸਬੰਧੀ ਉਭਰਨ ਵਾਲੀਆਂ ਆਵਾਜ਼ਾਂ ਨੂੰ ਹੁਣ ਮੀਡੀਆ ਵਿਚ ਵੀ ਬਹੁਤੀ ਕਵਰੇਜ ਨਹੀਂ ਮਿਲਦੀ।

ਜੇ ਲੋਕ ਅਜੇ ਵੀ ਇਸ ਮੁੱਦੇ ਵਿਚ ਵੱਡੀ ਦਿਲਚਸਪੀ ਰੱਖਦੇ ਹੁੰਦੇ ਅਤੇ ਇਹ ਅਜੇ ਵੀ ਵੱਡਾ ਉਨਮਾਦ ਪੈਦਾ ਕਰ ਸਕਣ ਦੀ ਸਮਰੱਥਾ ਰੱਖਦਾ ਹੁੰਦਾ ਤਾਂ ਮੀਡੀਆ ਨੇ ਇਸ ਨੂੰ ਵਡੇਰੀ ਕਵਰੇਜ ਦੇਣ ਤੋਂ ਝਿਜਕ ਨਹੀਂ ਸੀ ਵਰਤਣੀ। ਜੇ ਇਹ ਮੁੱਦਾ ਅਜੇ ਵੀ ਜਿਉਂਦਾ ਹੁੰਦਾ ਤਾਂ ਮੀਡੀਆ ਨੂੰ ਸਗੋਂ ਇਸ ਨੂੰ ਵਧੇਰੇ ਥਾਂ ਦੇਣ ਲਈ ਮਜਬੂਰ ਹੋਣਾ ਪੈਣਾ ਸੀ। ਉਂਜ ਇਹ ਆਖ ਦੇਣਾ ਵੀ ਅਜੇ ਸਮੇਂ ਤੋਂ ਪਹਿਲਾਂ ਦੀ ਗੱਲ ਹੋਵੇਗੀ ਕਿ ਅਯੁੱਧਿਆ ਮੁੱਦਾ ਪੂਰੀ ਤਰ੍ਹਾਂ ਖ਼ਤਮ ਹੋ ਚੁੱਕਾ ਹੈ, ਪਰ ਇਹ ਇੰਨੀ ਸਰਗਰਮ ਸਮਰੱਥਾ ਨਹੀਂ ਰੱਖਦਾ ਕਿ ਆਮ ਲੋਕਾਂ ਵਿਚ ਕੋਈ ਵੱਡਾ ਉਨਮਾਦ ਪੈਦਾ ਕਰ ਸਕੇ। ਅਹਿਮ ਗੱਲ ਇਹ ਵੀ ਹੈ ਕਿ ਲੋਕ ਹੁਣ ਸੜਕਾਂ 'ਤੇ ਉਤਰਨ ਜਾਂ ਭੀੜ ਦੀ ਸ਼ਕਲ ਵਿਚ ਮੁਜ਼ਾਹਰਿਆਂ ਆਦਿ ਦਾ ਹਿੱਸਾ ਬਣਨ ਦੇ ਚਾਹਵਾਨ ਨਹੀਂ ਹਨ, ਪਰ ਜਦੋਂ ਲੋੜ ਪੈਂਦੀ ਹੈ ਤਾਂ ਉਹ ਘਰਾਂ ਤੋਂ ਬਾਹਰ ਨਿਕਲਦੇ ਵੀ ਹਨ। ਨੋਟਬੰਦੀ ਤੋਂ ਬਾਅਦ ਬੈਂਕਾਂ ਮੂਹਰੇ ਲੱਗੀਆਂ ਕਤਾਰਾਂ ਜਾਂ ਜੈਲਲਿਤਾ ਦੀ ਮੌਤ ਤੋਂ ਬਾਅਦ ਤਾਮਿਲਨਾਡੂ ਵਿਚ ਜੁਟੀਆਂ ਭੀੜਾਂ ਇਸੇ ਗੱਲ ਦੀ ਗਵਾਹੀ ਭਰਦੀਆਂ ਹਨ।

## ਰਾਹੀ ਮਾਸੂਮ ਰਜ਼ਾ ਦੀਆਂ ਯਾਦਾਂ



# ਮੇਰੀ ਯਾਦੋਂ ਕੇ ਪਿਆਲੇ ਮੇਂ ਭਰੋ ਫਿਰ ਕੋਈ ਮੈਅ

***ਉਘੇ ਲਿਖਾਰੀ ਰਾਹੀ ਮਾਸੂਮ ਰਜ਼ਾ (ਪਹਿਲੀ ਸਤੰਬਰ 1927-15 ਮਾਰਚ 1992) ਨੇ ਸ਼ਾਇਰੀ ਵੀ ਕੀਤੀ, ਨਾਵਲ ਵੀ ਲਿਖੇ ਅਤੇ ਫਿਰ ਪਟਕਥਾ ਲੇਖਕ ਵਜੋਂ ਵੀ ਨਾਮਣਾ ਖੱਟਿਆ। ਸਰਵੋਤਮ ਪਟਕਥਾ ਲੇਖਕ ਦਾ ਫਿਲਮਫੇਅਰ ਇਨਾਮ ਉਨ੍ਹਾਂ ਨੂੰ ਤਿੰਨ ਵਾਰ (ਫਿਲਮਾਂ- 'ਮੈਂ ਤੁਲਸੀ ਤੇਰੇ ਆਂਗਨ ਕੀ', 'ਮਿਲੀ' ਤੇ 'ਲਮਹੇ') ਮਿਲਿਆ। ਉਹਦੇ 'ਆਧਾ ਗਾਂਵ' ਤੇ 'ਟੋਪੀ ਸ਼ੁਕਲਾ' ਵਰਗੇ ਨਾਵਲਾਂ ਦਾ ਰੰਗ ਅੱਜ ਵੀ ਫਿੱਕਾ ਨਹੀਂ ਪਿਆ ਹੈ। ਪ੍ਰੋ. ਕੁੰਵਰਪਾਲ ਸਿੰਘ ਨੇ ਆਪਣੇ ਇਸ ਲੇਖ ਵਿਚ ਉਨ੍ਹਾਂ ਦੇ ਜੀਵਨ ਅਤੇ ਰਚਨਾਵਾਂ ਬਾਰੇ ਚੋਖਾ ਚਾਨਣਾ ਪਾਇਆ ਹੈ। -ਸੰਪਾਦਕ***

ਰਾਹੀ ਮਾਸੂਮ ਰਜ਼ਾ ਜਦੋਂ ਅਲੀਗੜ੍ਹ ਆਏ, ਉਦੋਂ ਉਨ੍ਹਾਂ ਦਾ ਨਾਂ ਉਘੇ ਸ਼ਾਇਰਾਂ ਵਿਚ ਗਿਣਿਆ ਜਾਂਦਾ ਸੀ। ਉਹ ਬੜੇ ਦੋਸਤੀ ਪਸੰਦ ਇਨਸਾਨ ਸਨ। ਮੈਂ ਆਪਣੇ ਪੂਰੇ ਯੂਨੀਵਰਸਿਟੀ ਜੀਵਨ ਵਿਚ ਉਨ੍ਹਾਂ ਨੂੰ ਇਕੱਲੇ ਨਹੀਂ ਦੇਖਿਆ। ਉਨ੍ਹੀਂ ਦਿਨੀਂ ਰਾਹੀ ਆਪਣੇ ਵੱਡੇ ਭਰਾ ਮੂਨਿਸ ਰਜ਼ਾ ਦੇ ਨਾਲ ਵਾਲੀ ਮੰਜ਼ਿਲ ਵਿਚ ਰਹਿੰਦੇ ਸਨ। ਵਿਭਾਗ ਤੋਂ ਘਰ ਤੱਕ ਦੀ ਕਾਫੀ ਦੂਰੀ ਸੀ, ਪਰ ਕਿਸੇ ਨਾ ਕਿਸੇ ਮੁੱਦੇ 'ਤੇ ਬਹਿਸ ਹੁੰਦੀ ਰਹਿੰਦੀ ਅਤੇ ਰਾਹ ਮੁੱਕਦੀ ਰਹਿੰਦੀ।

ਰਾਹੀ ਦੀ ਸਭ ਤੋਂ ਵੱਡੀ ਖੂਬੀ ਸੀ ਬੇਬਾਕ ਹੋਣਾ। ਇਸ ਨੂੰ ਸਭ ਤੋਂ ਵੱਡੀ ਖੂਬੀ ਮੈਂ ਇਸ ਕਰ


**ਪ੍ਰੋ: ਕੁੰਵਰਪਾਲ ਸਿੰਘ**
**ਪੰਜਾਬੀ ਰੂਪ: ਕੇਹਰ ਸ਼ਰੀਫ**

ਕੇ ਮੰਨਦਾ ਹਾਂ ਕਿ ਇਸ ਜ਼ਮਾਨੇ ਵਿਚ ਬਹੁਤ ਥੋੜ੍ਹੇ ਲੋਕ ਹਨ ਜੋ ਸਾਫ ਅਤੇ ਖੁੱਲ੍ਹ ਕੇ ਕਹਿੰਦੇ ਹਨ। ਇਸ ਵਿਚ ਉਹ ਆਪਣੇ ਦੋਸਤ, ਪਰਿਵਾਰ ਦਾ ਵੀ ਫਿਕਰ ਨਹੀਂ ਕਰਦੇ ਸਨ ਕਿ ਇਹ ਗੱਲ ਕਿਸ ਨੂੰ ਪਸੰਦ ਹੈ, ਕਿਸ ਨੂੰ ਨਹੀਂ। ਲੋਕ ਉਹਨੂੰ ਉਰਦੂ ਦਾ ਬਾਇਰਨ ਕਹਿੰਦੇ ਸਨ। ਉਹਦੇ ਸ਼ੇਅਰ ਹਰ ਕਿਸੇ ਦੇ ਦਿਲ ਨੂੰ ਧੂਹ ਪਾਉਂਦੇ ਸਨ। ਉਹਦੀਆਂ ਗਜ਼ਲਾਂ ਨੇ ਲੰਮੇ ਅਰਸੇ ਤੱਕ ਲੋਕਾਂ ਵਿਚ ਅਧਿਕਾਰ ਹੀ ਜਮਾ ਲਿਆ ਸੀ।

ਅਜਨਬੀ ਸ਼ਹਿਰ ਮੇਂ ਅਜਨਬੀ ਰਾਸਤੇ,
ਮੇਰੀ ਤਨਹਾਈਉਂ ਪਰ ਮੁਸਕਰਾਤੇ ਰਹੇ।
ਮੈਂ ਬਹੁਤ ਦੇਰ ਤੱਕ ਯੂੰ ਹੀ ਚਲਤਾ ਰਹਾ,
ਤੁਮ ਬਹੁਤ ਦੇਰ ਤੱਕ ਯਾਦ ਆਤੇ ਰਹੇ।
ਜ਼ਖ਼ਮ ਜਬ ਭੀ ਕਭੀ ਮੇਰੇ ਦਿਲ ਪਰ ਲਗਾ,
ਜ਼ਿੰਦਗੀ ਕੀ ਤਰਫ ਏਕ ਦਰੀਬਾ ਖੁਲਾ।
ਹਮ ਭੀ ਗੋਯਾ ਕਿਸੀ ਸਾਜ਼ ਕੇ ਤਾਰ ਹੈਂ
ਚੋਟ ਖਾਤੇ ਰਹੇ, ਗੁਨਗੁਨਾਤੇ ਰਹੇ।

ਜਦੋਂ ਉਹ ਇਹ ਗਜ਼ਲ ਤਰੰਨੁਮ ਵਿਚ ਗਾਉਂਦੇ ਸਨ ਤਾਂ ਵਾਰ ਵਾਰ ਇਸੇ ਨੂੰ ਹੀ ਮੁੜ ਗਾਉਣ ਦੀ ਫਰਮਾਇਸ਼ ਹੁੰਦੀ ਸੀ ਅਤੇ ਲੋਕ ਕੀਲੇ ਜਾਂਦੇ ਸਨ। ਰਾਹੀ ਗਭਰੇਟ ਉਮਰ ਤੋਂ ਹੀ ਖੱਬੇ ਪੱਖੀ ਵਿਚਾਰਧਾਰਾ ਦੇ ਸਮਰਥਕ ਸਨ। ਉਹ ਅਗਾਂਹਵਧੂ ਕਵੀ ਦੇ ਤੌਰ 'ਤੇ ਜਾਣੇ ਜਾਂਦੇ ਸਨ। 1957 ਵਿਚ ਰਾਹੀ ਯੂਨੀਵਰਸਿਟੀ ਵਿਚ ਆਏ। ਇਥੇ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਨਾਲ ਸਰਗਰਮੀ ਨਾਲ ਜੁੜ ਗਏ। ਉਨ੍ਹਾਂ ਦਿਨਾਂ ਵਿਚ ਇਹ ਬਹੁਤ ਮਜ਼ਬੂਤ ਜਥੇਬੰਦੀ ਸੀ। ਵਿਚਾਰਾਂ ਵਿਚ ਤਿੱਖਾਪਣ ਅਤੇ ਸੇਧ ਤਾਂ ਉਨ੍ਹਾਂ ਅੰਦਰ ਬਚਪਨ ਤੋਂ ਹੀ ਸੀ। 1955 ਵਿਚ ਲਿਖੀ ਇਕ ਗਜ਼ਲ ਦਾ ਸ਼ਿਅਰ ਯਾਦ ਆ ਰਿਹਾ ਹੈ:

ਕਿਉਂਕਿ ਜ਼ਿੰਦਗੀ ਮੇਰੀ
ਜ਼ਹਿਦ ਕੀ ਅਲਾਮਤ ਹੈ
ਇਨਕਲਾਬੇ ਫਰਦਾ ਕੀ
ਏਕ ਬੜੀ ਅਮਾਨਤ ਹੈ।



ਅਬਦੁਲ ਹਮੀਦ

ਰਾਹੀ ਨਾਲ ਮੇਰੀ ਪਹਿਲੀ ਮੁਲਾਕਾਤ ਸਟੂਡੈਂਟ ਮੀਟਿੰਗ ਵਿਚ ਹੋਈ। ਉਨ੍ਹਾਂ ਦਿਨਾਂ ਵਿਚ ਉਹ ਸਭਿਆਚਾਰਕ ਫਰੰਟ ਦੇ ਇੰਚਾਰਜ ਸਨ। ਗਾਉਣ ਅਤੇ ਡਰਾਮੇ ਦੀ ਟੀਮ ਤਿਆਰ ਕਰ ਰਹੇ ਸਨ। ਉਨ੍ਹਾਂ ਨਾਲ ਹਕੀਮ ਮਹਿਬੂਬ ਆਲਮ, ਖਾਲਿਦ ਸੁਲਤਾਨ, ਬਾਕਰ ਮੁਸਤਫਾ ਵਰਗੇ ਰੰਗਕਰਮੀ ਜੁੜੇ ਹੋਏ ਸਨ। ਮੈਂ ਵੀ ਟੀਮ ਦਾ ਸਹਿਯੋਗੀ ਬਣ ਗਿਆ। ਇਸ ਫਰੰਟ ਦਾ ਮੁਖ ਉਦੇਸ਼ ਨਾਟਕ ਅਤੇ ਕਵਿਤਾ ਰਾਹੀਂ ਸੰਕੀਰਨਤਾ, ਕੁਰੀਤੀਆਂ, ਅੰਧ-ਵਿਸ਼ਵਾਸਾਂ ਅਤੇ ਅਨਿਆਂ ਖਿਲਾਫ ਲੋਕਾਂ ਨੂੰ ਜਾਗ੍ਰਤਿ ਕਰਨਾ ਸੀ ਅਤੇ ਰਾਜਨੀਤਕ ਗੱਲਾਂ ਵੀ ਇਸ ਮਾਧਿਅਮ ਰਾਹੀਂ ਕੀਤੀਆ ਜਾ ਸਕਦੀਆਂ ਸਨ।

ਅੱਜ ਵੀ ਮੈਂ ਮੰਨਦਾ ਹਾਂ ਕਿ ਸਭਿਆਚਾਰਕ ਖੜੋਤ ਤੋੜੇ ਬਿਨਾਂ ਅਗਾਂਹਵਧੂ ਰਾਜਨੀਤੀ ਅਸੰਭਵ ਹੈ। ਹਿੰਦੀ ਖੇਤਰ ਹੁਣ ਜਿਸ ਸਭਿਆਚਾਰ ਅਤੇ ਖੜੋਤ ਦਾ ਸ਼ਿਕਾਰ ਹੈ। ਇਸ ਸਥਿਤੀ ਵਿਚ ਪਿਛਾਖੜੀ/ਵਿਨਾਸ਼ਕਾਰੀ ਰਾਜਨੀਤੀ ਹੀ ਸਰਗਰਮ ਹੋਵੇਗੀ! ਇਸ ਦਾ ਵਿਰੋਧ ਸਭਿਆਚਾਰਕ ਪੱਧਰ 'ਤੇ ਕੀਤਾ ਜਾਣਾ ਚਾਹੀਦਾ ਹੈ। ਸਾਡੀਆਂ ਗੋਸ਼ਟੀਆਂ ਸ਼ਾਮ ਵੇਲੇ ਜਾਵੇਦ ਕਮਾਲ ਦੀ ਕੈਨਟੀਨ 'ਤੇ ਹੁੰਦੀਆ ਸਨ।

ਜਾਵੇਦ ਕਮਾਲ ਖੁਦ ਵੀ ਉਰਦੂ ਦੇ ਸਮਰੱਥ ਕਵੀ ਤੇ ਵਿਅਕਤੀ ਸਨ। ਉਹ ਉਰਦੂ ਵਿਚ ਐਮ.ਏ. ਕਰਨ ਤੋਂ ਬਾਅਦ ਕੈਨਟੀਨ ਚਲਾ ਰਹੇ ਸਨ। ਯੂਨੀਵਰਸਿਟੀ ਦੇ ਸਾਰੇ ਸਾਹਿਤਕਾਰ, ਰੰਗਕਰਮੀ, ਸਿਆਸਤਦਾਨ ਆਦਿ ਸਭ ਜਾਵੇਦ ਕਮਾਲ ਦੀ ਕੈਨਟੀਨ ਤੇ ਇਕੱਠੇ ਹੁੰਦੇ ਸਨ। ਇਥੇ ਸਾਹਿਤ, ਕਲਾ, ਦੇਸ-ਵਿਦੇਸ ਦੀ ਰਾਜਨੀਤੀ, ਯੂਨੀਵਰਸਿਟੀ ਵਿਚ ਚੱਲ ਰਹੇ ਵਰਤਾਰੇ, ਵਿਅਕਤੀ, ਸਮਾਜ ਅਤੇ ਸਕੈਂਡਲ ਆਦਿ ਮੁਖ ਚਰਚਾ ਵਿਚ ਹੁੰਦੇ ਸਨ। ਅਧਿਆਪਕ ਅਤੇ ਵਿਦਿਆਰਥੀ ਦੋਹਾਂ ਦਾ ਹੀ ਇਨ੍ਹਾਂ ਸ਼ਾਮ ਦੀਆਂ ਸਭਾਵਾਂ ਵਿਚ ਬਰਾਬਰ ਦਾ ਦਰਜਾ ਹੁੰਦਾ ਸੀ।

ਰਾਹੀ ਜਿਥੇ ਵੀ ਹੋਣ, ਖਿੱਚ ਦਾ ਮੁਖ ਕੇਂਦਰ ਨਾ ਹੋਣ, ਇਹ ਅਸੰਭਵ ਸੀ। ਸਾਹਿਤਕਾਰਾਂ ਵਿਚ ਖਲੀਲ-ਉਰ-ਰਹਿਮਾਨ ਆਜ਼ਮੀ, ਸ਼ਹਿਰਯਾਰ ਤਾਂ ਅਕਸਰ ਹੁੰਦੇ ਸਨ। ਕਦੇ ਕਦੇ ਜਜ਼ਬੀ ਸਾਹਿਬ, ਵਾਮਿਕ ਜੌਨਪੁਰੀ, ਡਾ. ਮੁਨੀਬਰ ਰਹਿਮਾਨ ਵਰਗੇ ਉਘੇ ਸ਼ਾਇਰ ਵੀ ਸ਼ਾਮਲ ਹੁੰਦੇ ਸਨ। ਇਹ ਸਭ ਸੰਨ 1965 ਤੱਕ ਜਾਰੀ ਰਿਹਾ, ਕਿਉਂਕਿ 1966 ਵਿਚ ਰਾਹੀ ਬੰਬਈ ਚਲੇ ਗਏ ਅਤੇ ਇਹ ਗੋਸ਼ਟੀਆਂ ਵੀ ਇਤਿਹਾਸ ਬਣ ਗਈਆਂ। ਅਸੀਂ ਇਨ੍ਹਾਂ ਨੂੰ ਗੱਪ ਗੋਸ਼ਟੀਆਂ ਦਾ ਨਾਮ ਦਿੱਤਾ ਸੀ।

ਸੰਨ 1962 ਵਿਚ ਇਕ ਦਿਨ ਰਾਹੀ ਨੂੰ ਮੈਂ ਬੜੀ ਗੰਭੀਰਤਾ ਨਾਲ ਕਿਹਾ ਕਿ ਕਦੋਂ ਤੱਕ ਤੁਸੀਂ ਗੁੰਮਨਾਮ ਨਾਵਲ ਲਿਖਦੇ ਰਹੋਗੇ, ਕਿਉਂ ਨਹੀਂ ਕੋਈ ਗੰਭੀਰ ਨਾਵਲ ਲਿਖਦੇ? ਤੁਹਾਡੇ ਕੋਲ ਜੋ ਭਾਸ਼ਾ-ਸ਼ੈਲੀ ਹੈ, ਉਸ ਦਾ ਉਪਯੋਗ ਕਿਉਂ ਨਹੀਂ ਕਿਸੇ ਉਤਮ ਰਚਨਾ ਲਈ ਕਰਦੇ? ਉਨ੍ਹਾਂ ਨੇ ਕਿਹਾ- ਯਾਰ ਕੇ.ਪੀ., ਛਾਪੇਗਾ ਕੌਣ? ਉਰਦੂ ਵਿਚ ਤਾਂ ਕੋਈ ਛਾਪਣ ਤੋਂ ਰਿਹਾ ਕੋਈ? ਮੈਂ ਕਿਹਾ- ਲਿਖੋ ਤਾਂ ਸਈ, ਕਿਧਰੇ ਨਾ ਕਿਧਰੇ ਛਪ ਜਾਏਗਾ। ਇਸ ਤਰ੍ਹਾਂ 'ਆਧਾ ਗਾਂਵ' ਦਾ ਲਿਖਣਾ ਹੌਲੀ ਹੌਲੀ ਸ਼ੁਰੂ ਹੋਇਆ। ਜਿੰਨਾ ਹਿੱਸਾ ਲਿਖਦੇ ਸਨ, ਹਫਤੇ ਵਿਚ ਇਕ ਦਿਨ ਜਾਵੇਦ ਕਮਾਲ ਦੀ ਕੈਨਟੀਨ 'ਤੇ ਮਿੱਤਰ ਮੰਡਲੀ ਵਿਚ ਸੁਣਾ ਦਿੰਦੇ ਸਨ। ਉਸ 'ਤੇ ਬਹਿਸ ਹੁੰਦੀ ਸੀ। ਭਾਸ਼ਾ ਪਾਤਰ ਅਤੇ ਘਟਨਾਵਾਂ ਉਤੇ। ਰਾਹੀ ਬਹੁਤ ਧਿਆਨ ਨਾਲ ਸਵਾਲਾਂ ਨੂੰ ਸੁਣਦੇ ਸਨ ਤੇ ਹਰ ਸਵਾਲ ਦਾ ਜਵਾਬ ਦਿੰਦੇ ਸਨ ਅਤੇ ਜੋ ਗੰਭੀਰ ਸਵਾਲ ਹੁੰਦੇ ਸਨ, ਜਿਨ੍ਹਾਂ ਦੇ ਉਸ ਸਮੇਂ ਉਤਰ ਨਹੀਂ ਸਨ, ਉਨ੍ਹਾਂ ਨੂੰ ਰਾਹੀ ਨੋਟ ਕਰ ਲੈਂਦੇ ਸਨ ਅਤੇ ਬਾਅਦ ਵਿਚ ਵਿਚਾਰ ਕਰ ਕੇ ਜ਼ਰੂਰੀ ਸੁਧਾਈ ਅਤੇ ਸੁਧਾਰ ਵੀ ਕਰਦੇ ਸਨ। ਇਹ ਕੰਮ ਦੋ ਸਾਲ ਤੱਕ ਚੱਲਦਾ ਰਿਹਾ। ਇਸ ਤਰ੍ਹਾਂ 'ਆਧਾ ਗਾਂਵ' ਸੰਨ 1964 ਦੇ ਅੰਤ ਤੱਕ ਪੂਰਾ ਹੋ ਗਿਆ।

***'ਆਧਾ ਗਾਂਵ' ਲਿਖਦਿਆਂ ਕਈ ਦਿਲਚਸਪ ਗੱਲਾਂ ਹੋਈਆਂ। ਫੁੰਨਨ ਮੀਆਂ ਇਸ ਨਾਵਲ ਦੇ ਜਾਨਦਾਰ ਪਾਤਰ ਹਨ। ਹਿੰਦੀ ਨਾਵਲ ਵਿਚ ਅਜਿਹੇ ਪਾਤਰ ਆਜ਼ਾਦੀ ਤੋਂ ਬਾਅਦ ਘੱਟ ਹੀ ਦੇਖਣ ਨੂੰ ਮਿਲਦੇ ਹਨ। ਨਾਵਲ ਵਿਚ ਫੁੰਨਨ ਮੀਆਂ ਦੀ ਮੌਤ ਨੂੰ ਲੈ ਕੇ ਮੇਰੇ ਅਤੇ ਰਾਹੀ ਦੇ ਵਿਚਕਾਰ ਕਾਫੀ ਮੱਤਭੇਦ ਰਹੇ। ਮੇਰੀ ਰਾਇ ਸੀ ਕਿ ਫੁੰਨਨ ਮੀਆਂ ਨੂੰ ਮਰਨਾ ਨਹੀਂ ਚਾਹੀਦਾ ਅਤੇ ਰਾਹੀ ਕਹਿੰਦੇ ਸਨ ਕਿ ਫੁੰਨਨ ਮੀਆਂ ਦੀ ਭੂਮਿਕਾ ਖਤਮ ਹੋ ਗਈ ਹੈ ਤੇ ਕਹਾਣੀ ਅਨੁਸਾਰ ਫੁੰਨਨ ਮੀਆਂ ਨੂੰ ਜਿਉਂਦਾ ਨਹੀਂ ਰੱਖ ਸਕਦੇ। ਬਹਿਸ ਕਰਦਿਆਂ ਝਗੜਾ ਹੋਇਆ, ਤਿੰਨ ਦਿਨ ਇਕ ਵੀ ਸ਼ਬਦ ਨਾ ਲਿਖਿਆ ਗਿਆ ਅਤੇ ਨਾ ਹੀ ਅਸੀਂ ਕੋਈ ਗੱਲਬਾਤ ਕੀਤੀ।***




'ਆਧਾ ਗਾਂਵ' ਲਿਖਦਿਆਂ ਕਈ ਦਿਲਚਸਪ ਗੱਲਾਂ ਹੋਈਆਂ। ਇਸੇ ਦਰਮਿਆਨ ਮੈਂ ਵੀ ਉਸੇ ਮੰਜ਼ਿਲ 'ਤੇ ਰਾਹੀ ਸਾਹਿਬ ਕੋਲ ਰਹਿਣ ਲੱਗਾ। ਫੁੰਨਨ ਮੀਆਂ ਇਸ ਨਾਵਲ ਦੇ ਬਹੁਤ ਜਾਨਦਾਰ ਪਾਤਰ ਹਨ। ਹਿੰਦੀ ਨਾਵਲ ਵਿਚ ਅਜਿਹੇ ਪਾਤਰ ਆਜ਼ਾਦੀ ਤੋਂ ਬਾਅਦ ਘੱਟ ਹੀ ਦੇਖਣ ਨੂੰ ਮਿਲਦੇ ਹਨ। ਨਾਵਲ ਵਿਚ ਫੁੰਨਨ ਮੀਆਂ ਦੀ ਮੌਤ ਨੂੰ ਲੈ ਕੇ ਮੇਰੇ ਅਤੇ ਰਾਹੀ ਦੇ ਵਿਚਕਾਰ ਕਾਫੀ ਮੱਤਭੇਦ ਰਹੇ। ਮੇਰੀ ਰਾਇ ਸੀ ਕਿ ਫੁੰਨਨ ਮੀਆਂ ਨੂੰ ਮਰਨਾ ਨਹੀਂ ਚਾਹੀਦਾ ਅਤੇ ਰਾਹੀ ਕਹਿੰਦੇ ਸਨ ਕਿ ਫੁੰਨਨ ਮੀਆਂ ਦੀ ਭੂਮਿਕਾ ਖਤਮ ਹੋ ਗਈ ਹੈ ਤੇ ਕਹਾਣੀ ਦੀ ਮੰਗ ਅਨੁਸਾਰ ਤੁਸੀਂ ਫੁੰਨਨ ਮੀਆਂ ਨੂੰ ਜਿਉਂਦਾ ਨਹੀਂ ਰੱਖ ਸਕਦੇ। ਬਹਿਸ ਕਰਦੇ ਕਰਦੇ ਸਾਡੇ ਵਿਚਕਾਰ ਝਗੜਾ ਹੋਇਆ, ਤਿੰਨ ਦਿਨ ਤੱਕ ਇਕ ਵੀ ਸ਼ਬਦ ਨਾ ਲਿਖਿਆ ਗਿਆ ਅਤੇ ਨਾ ਹੀ ਅਸੀਂ ਕੋਈ ਗੱਲਬਾਤ ਕੀਤੀ।

ਚੌਥੇ ਦਿਨ ਬੈਠ ਕੇ ਸਮਝੌਤਾ ਵਾਰਤਾ ਹੋਈ। ਰਾਹੀ ਨੇ ਕਿਹਾ ਕਿ ਫੁੰਨਨ ਮੀਆਂ ਨਾਲ ਮੇਰਾ ਵੀ ਬਹੁਤ ਮੋਹ ਹੈ। ਹੁਣ ਤੁਸੀਂ ਹੀ ਦੱਸੋ ਕਿ ਉਹਨੂੰ ਕਿਵੇਂ ਜੀਵਤ ਰੱਖਿਆ ਜਾ ਸਕਦਾ ਹੈ। ਮੈਂ ਨਿਰ-ਉਤਰ ਹੋ ਗਿਆ ਅਤੇ ਕਹਾਣੀ ਅੱਗੇ ਤੁਰੀ। ਫੁੰਨਨ ਹੀ ਸਨ ਜਿਨ੍ਹਾਂ ਨੇ ਆਜ਼ਾਦੀ ਤੋਂ ਬਾਅਦ ਭਾਰਤੀ ਰਾਜਨੀਤੀ ਵਿਚ ਫਿਰਕਾਪ੍ਰਸਤੀ ਵੱਲ ਇਸ਼ਾਰਾ ਕੀਤਾ ਸੀ। ਕਾਂਗਰਸ ਦੇ ਇਕ ਮੰਤਰੀ 1942 ਦੇ ਸ਼ਹੀਦਾਂ ਦੀ ਯਾਦਗਾਰ ਬਣਾਉਣ ਦਾ ਐਲਾਨ ਕਰਦੇ ਹਨ ਅਤੇ ਸਾਰੇ ਸ਼ਹੀਦਾਂ ਦਾ ਨਾਮ ਲੈਂਦੇ ਹਨ, ਪਰ ਜਦੋਂ ਅੱਬਾਸ (ਜੋ ਉਸੇ ਥਾਂ 'ਤੇ ਪੁਲਿਸ ਦੀ ਗੋਲੀ ਦਾ ਸ਼ਿਕਾਰ ਹੋਇਆ ਸੀ) ਦਾ ਕੋਈ ਬੁਲਾਰਾ ਨਾਮ ਨਹੀਂ ਲੈਂਦਾ ਤਾਂ ਫੁੰਨਨ ਮੀਆਂ ਬਹੁਤ ਹੈਰਾਨ ਹੁੰਦੇ ਹਨ ਅਤੇ ਇਕ ਦਮ ਉਚੀ ਆਵਾਜ਼ ਵਿਚ ਕਹਿੰਦੇ ਹਨ- 'ਇੱਥੇ ਤਾਂ ਸਾਡੇ ਅੱਬਾਸ ਵੀ ਮਰੇ ਸਨ'।

ਦੂਸਰਾ ਵਿਵਾਦ ਸਾਡੇ ਵਿਚਕਾਰ 'ਆਧਾ ਗਾਂਵ' ਵਿਚ ਆਉਂਦੀਆਂ ਗਾਲ੍ਹਾਂ ਨੂੰ ਲੈ ਕੇ ਸੀ। ਪਾਠਕ ਜਾਣਦੇ ਹਨ ਕਿ ਵਿਗੜੇ ਹੋਏ ਜਗੀਰਦਾਰ ਕਿਸ ਤਰ੍ਹਾਂ ਗਾਲ੍ਹਾਂ ਕਢਦੇ ਹਨ। ਉਹ ਇਸ ਅੰਦਰ ਮੂਲ ਰੂਪ ਵਿਚ ਮੌਜੂਦ ਹਨ। ਨਾਵਲ ਲਿਖਣ ਸਮੇਂ ਦੌਰਾਨ ਇਸ 'ਤੇ ਵਾਰ ਵਾਰ ਵਿਵਾਦ ਰਿਹਾ ਕਿ ਗਾਲ੍ਹਾਂ ਇਸ ਕਥਾ ਦਾ ਹਿੱਸਾ ਹਨ। ਇਸ ਬਹਿਸ ਦਾ ਇਹ ਨਤੀਜਾ ਹੋਇਆ ਕਿ ਜਿਥੇ ਕਿਤੇ ਵੀ ਗੈਰ-ਜ਼ਰੂਰੀ ਗਾਲ੍ਹਾਂ ਦੀ ਵਰਤੋਂ ਹੈ, ਉਹ ਦੂਜੀ ਵਾਰ ਤਿਆਰ ਕੀਤੇ ਖਰੜੇ ਵਿਚ ਘਟਾ ਦਿੱਤੀ ਗਈ। ਮੈਂ ਅੱਜ ਮਹਿਸੂਸ ਕਰਦਾ ਹਾਂ ਕਿ ਇਹ ਗਾਲ੍ਹਾਂ ਕਹਾਣੀ ਦਾ ਜ਼ਰੂਰੀ ਅੰਗ ਹਨ। ਇਹ ਪਾਤਰਾਂ ਨੂੰ ਵਧੇਰੇ ਪ੍ਰਭਾਵਿਤ ਅਤੇ ਸਾਰਥਕ ਬਣਾਉਂਦੀਆਂ ਹਨ। ਜਿਨ੍ਹਾਂ ਦਾ ਜੀਵਨ ਖੁਦ ਘਟੀਆ ਗਾਲ੍ਹ ਤੋਂ ਵੱਧ ਨਹੀਂ ਹੈ। ਅਜਿਹੇ ਪੌਂਗਾ ਪੰਡਿਤਾਂ ਨੇ ਜੋਧਪੁਰ ਯੂਨੀਵਰਸਿਟੀ ਵਿਚ 'ਆਂਧਾ ਗਾਂਵ' ਦੇ ਖਿਲਾਫ ਘਟੀਆ ਪ੍ਰਚਾਰ ਕਰ ਕੇ ਇਸ ਨਾਵਲ ਨੂੰ ਅਸ਼ਲੀਲ ਸਿੱਧ ਕਰਨ ਦਾ ਅਸਫਲ ਜਤਨ ਕੀਤਾ।

ਅਸਲ ਵਿਚ ਇਹ ਆਪਣੀ ਅਸ਼ਲੀਲ ਰਾਜਨੀਤੀ ਨੂੰ ਲੁਕਾਉਣ ਦਾ ਤਲਿਸਮੀ ਤਰੀਕਾ ਸੀ। 'ਆਧਾ ਗਾਂਵ' ਦਾ ਕੁਝ ਹਿੱਸਾ ਫਾਰਸੀ ਲਿਪੀ ਤੋਂ ਮੈਂ ਅਤੇ ਰਾਹੀ ਨੇ ਦੇਵਨਾਗਰੀ ਵਿਚ ਕਰ ਕੇ ਤਜੁਰਬੇ ਵਜੋਂ ਉਸ ਸਮੇਂ ਦੀ ਪ੍ਰਸਿੱਧ ਪੱਤ੍ਰਿਕਾ 'ਗਿਆਨੋਦੋਯ' ਨੂੰ ਭੇਜ ਦਿੱਤਾ। ਇਹ ਹਿੱਸਾ ਸੰਪਾਦਕ ਨੂੰ ਬਹੁਤ ਪਸੰਦ ਆਇਆ, ਉਨ੍ਹਾਂ ਨੇ 'ਗਿਆਨੋਦੋਯ' ਵਿਚ 1965 ਦੇ ਸ਼ੁਰੂ ਵਿਚ ਪ੍ਰਮੁਖਤਾ ਨਾਲ ਛਾਪਿਆ। ਇਸ ਨਾਲ ਰਾਹੀ ਬਹੁਤ ਉਤਸ਼ਾਹਿਤ ਹੋਏ। ਉਰਦੂ ਦਾ ਇਸ ਤੋਂ ਪੂਰਾ ਲਿਪੀਅੰਤਰ ਕੀਤਾ ਗਿਆ। ਅਪਰੈਲ 1965 ਵਿਚ ਕਮਲੇਸ਼ਵਰ ਲਖਨਊ ਆਏ ਸਨ। ਮੈਂ ਕਮਲੇਸ਼ਵਰ ਨੂੰ ਕਿਹਾ, ਰਾਹੀ ਨੇ ਬਹੁਤ ਚੰਗਾ ਨਾਵਲ ਲਿਖਿਆ ਹੈ। ਇਕ ਦਮ ਵੱਖਰਾ, ਹਿੰਦੀ ਵਿਚ ਇਸ ਵਿਸ਼ੇ-ਵਸਤੂ 'ਤੇ ਹੁਣ ਤੱਕ ਕੋਈ ਨਾਵਲ ਨਹੀਂ ਹੈ। ਭਾਸ਼ਾ ਅਤੇ ਸ਼ਿਲਪ ਦੀ ਦ੍ਰਿਸ਼ਟੀ ਤੋਂ ਵੀ ਅਦਭੁੱਤ ਹੈ। ਹਿੰਦੀ ਦੇ ਪਾਠਕਾਂ ਨੂੰ ਪਸੰਦ ਆਵੇਗਾ।

ਕਮਲੇਸ਼ਵਰ ਨੇ ਕੁਝ ਹਿੱਸੇ ਸੁਣੇ। ਰਾਹੀ ਨਾਲ ਗੱਲਬਾਤ ਕੀਤੀ ਅਤੇ ਉਸੇ ਦਿਨ ਖਰੜਾ ਲੈ ਕੇ ਦਿੱਲੀ ਚਲੇ ਗਏ। 1966 ਵਿਚ 'ਅਕਸ਼ਰ' ਪ੍ਰਕਾਸ਼ਨ ਵਲੋਂ ਨਾਵਲ ਪ੍ਰਕਾਸ਼ਿਤ ਹੋਇਆ। ਹਿੰਦੀ ਦੇ ਪਾਠਕਾਂ ਅਤੇ ਅਧਿਆਪਕਾਂ ਨੇ ਇਸ ਦਾ ਭਰਪੂਰ ਸਵਾਗਤ ਕੀਤਾ। ਮੁੱਖ ਅਖਬਾਰਾਂ, ਰਸਾਲਿਆਂ ਵਿਚ ਇਸ ਦੀ ਵੱਡੇ ਪੱਧਰ 'ਤੇ ਚਰਚਾ ਹੋਈ। ਇਕ ਸਾਲ ਵਿਚ ਹੀ ਰਾਹੀ ਹਿੰਦੀ ਦੇ ਅਹਿਮ ਨਾਵਲਕਾਰ ਬਣ ਗਏ। ਪ੍ਰਕਾਸ਼ਕਾਂ ਦੀ ਸਿਆਸਤ ਕਾਰਨ ਇਹਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਨਹੀਂ ਮਿਲਿਆ, ਪਰ ਨਿਰਵਿਵਾਦ ਰੂਪ ਵਿਚ ਹਿੰਦੀ ਦੇ ਦਸ ਵਧੀਆ ਨਾਵਲਾਂ ਵਿਚ 'ਆਧਾ ਗਾਂਵ' ਇਕ ਹੈ।

1965 ਦੀ ਇਕ ਦਿਲਚਸਪ ਘਟਨਾ ਦਾ ਜ਼ਿਕਰ ਕਰਨਾ ਰਾਹੀ ਨੂੰ ਸਮਝਣ ਵਾਸਤੇ ਜ਼ਰੂਰੀ ਹੈ। ਹਿੰਦੁਸਤਾਨ-ਪਾਕਿਸਤਾਨ ਦੇ ਦਰਮਿਆਨ ਭਿਆਨਕ ਜੰਗ ਛਿੜੀ। ਰਾਹੀ ਜੰਗ ਲਈ ਪਾਕਿਸਤਾਨ ਦੇ ਫੌਜੀ ਤਾਨਾਸ਼ਾਹਾਂ ਨੂੰ ਪੂਰਨ ਰੂਪ ਵਿਚ ਜ਼ਿੰਮੇਵਾਰ ਸਮਝਦੇ ਸਨ ਅਤੇ ਖੁੱਲ੍ਹ ਕੇ ਇਹ ਗੱਲ ਯੂਨਵਿਰਸਿਟੀ ਵਿਚ ਕਹਿੰਦੇ ਸਨ ਕਿ ਪਾਕਿਸਤਾਨ ਦੇ ਲੋਕਾਂ ਵਾਸਤੇ ਫੌਜੀ ਤਾਨਾਸ਼ਾਹਾਂ ਦੀ ਹਾਰ ਜ਼ਰੂਰੀ ਹੈ। ਮੇਰੀ ਰਾਇ ਸੀ ਕਿ ਜੰਗ ਨਾਲ ਕਿਸੇ ਸਮੱਸਿਆ ਦਾ ਹੱਲ ਨਹੀਂ ਹੋ ਸਕਦਾ, ਇਸ ਕਰ ਕੇ ਸਾਨੂੰ ਸਭ ਨੂੰ ਮਿਲ ਕੇ ਸ਼ਾਂਤੀ ਦਾ ਜਤਨ ਕਰਨਾ ਚਾਹੀਦਾ ਹੈ। ਜੰਗ ਦੇ ਦਿਨਾਂ ਵਿਚ ਇਸ ਸਵਾਲ 'ਤੇ ਸਾਡੇ ਵਿਚਕਾਰ ਦੇਰ ਤੱਕ ਵਿਵਾਦ ਹੁੰਦਾ ਰਿਹਾ। ਰਾਹੀ ਦੀ ਦਲੀਲ ਸੀ ਕਿ ਧਰਮ ਦੇ ਆਧਾਰ 'ਤੇ ਨਾ ਦੇਸ਼ ਚੱਲ ਸਕਦਾ ਹੈ, ਨਾ ਰਾਜਨੀਤੀ। ਪਾਕਿਸਤਾਨ ਦੇ ਹਾਕਮ ਦੋਵੇਂ ਕੰਮ ਕਰ ਰਹੇ ਹਨ।

1965 ਵਿਚ ਹੀ ਉਨ੍ਹਾਂ ਨੇ ਪਰਮਵੀਰ ਚੱਕਰ ਅਬਦੁਲ ਹਮੀਦ ਦੀ ਜੀਵਨੀ ਲਿਖੀ- "ਛੋਟੇ ਆਦਮੀ ਦੀ ਵੱਡੀ ਕਹਾਣੀ" ਕਿਸੇ ਸਾਧਾਰਨ ਆਦਮੀ ਦੀ ਕਿਸੇ ਪ੍ਰਸਿਧ ਲੇਖਕ ਵਲੋਂ ਲਿਖੀ ਗਈ ਇਹ ਮਹੱਤਵਪੂਰਨ ਜੀਵਨੀ ਹੈ। ਉਨ੍ਹਾਂ ਦਿਨਾਂ ਵਿਚ ਹੀ ਰਾਹੀ ਨੇ ਕਵਿਤਾ ਲਿਖੀ- "ਸਭ ਤੋਂ ਛੋਟੀ ਘੱਟਗਿਣਤੀ"। ਰਾਹੀ ਨੂੰ ਇਹ ਕਵਿਤਾ ਬਹੁਤ ਪਿਆਰੀ ਸੀ । ਉਹ ਵਾਰ ਵਾਰ ਇਹ ਕਵਿਤਾ ਦੁਹਰਾਉਂਦੇ ਸਨ, ਕਹਿੰਦੇ ਸਨ ਕਿ ਸਭ ਤੋਂ ਛੋਟੀ ਘੱਟ-ਗਿਣਤੀ ਹਿੰਦੁਸਤਾਨੀਆਂ ਦੀ ਹੈ। ਲੋਕ ਹਿੰਦੂ ਹਨ, ਸਿੱਖ ਹਨ, ਈਸਾਈ ਹਨ, ਬੰਗਾਲੀ ਹਨ, ਪੰਜਾਬੀ ਹਨ, ਮਰਾਠੀ ਹਨ; ਪਰ ਹਿੰਦੁਸਤਾਨੀਆਂ ਦੀ ਗਿਣਤੀ ਦਿਨ ਪ੍ਰਤੀ ਦਿਨ ਘਟ ਰਹੀ ਹੈ।

ਨਾਗਫਨੀ ਕੇ ਇਸ ਜੰਗਲ ਮੇਂ
ਜੈਸੇ ਹਰਸਿੰਗਾਰ ਕੀ ਕੋਂਪਲ

ਰਾਹੀ ਦਾ ਵਿਚਾਰ ਸੀ ਕਿ ਖੂਬਸੂਰਤ ਫੁੱਲਾਂ ਦੀ ਥਾਂ ਝਾੜ-ਬੂਟ ਲੈ ਰਹੇ ਹਨ। ਅਜਿਹੇ ਜੰਗਲ ਨੂੰ ਅੱਗੇ ਵਧਣ ਤੋਂ ਰੋਕੇ ਬਿਨਾ ਭਾਰਤ ਦੀ ਏਕਤਾ, ਅਖੰਡਤਾ ਅਤੇ ਸਭਿਆਚਾਰ ਦੀ ਰਾਖੀ ਨਹੀਂ ਹੋ ਸਕਦੀ। ਲੋਕ ਹੈਰਾਨ ਹੁੰਦੇ ਹਨ ਅਤੇ ਮੌਤ ਤੋਂ ਬਾਅਦ ਉਰਦੂ ਦੇ ਅਨੇਕ ਲੋਕਾਂ ਨੇ ਕਿਹਾ ਵੀ ਹੈ ਕਿ ਉਰਦੂ ਵਿਭਾਗ ਵਿਚ ਰਾਹੀ ਨਾਲ ਜੋ ਹੋਇਆ, ਦੂਸਰੇ ਸਥਾਨਾਂ 'ਤੇ ਇਸ ਨਾਲ ਮਿਲਦੀਆਂ ਜੁਲਦੀਆਂ ਘਟਨਾਵਾਂ ਹੋਰ ਪ੍ਰਤਿਭਾਵਾਨ ਅਧਿਆਪਕਾਂ ਅਤੇ ਸਾਹਿਤਕਾਰਾਂ ਨਾਲ ਆਏ ਦਿਨ ਹੁੰਦੀਆਂ ਰਹਿੰਦੀਆਂ ਹਨ। ਅਸਲ ਵਿਚ ਸਾਡੀਆਂ ਯੂਨੀਵਰਸਿਟੀਆਂ ਵਿਚ ਪਿੱਛੇ ਦੇ ਦਰਵਾਜ਼ੇ ਰਾਹੀਂ ਚਤਰਾਈ (ਤਿਕੜਮਬਾਜ਼ੀ) ਅਤੇ ਸਿਫਾਰਸ਼ ਨਾਲ ਜੋ ਲੋਕ ਪਹੁੰਚਦੇ ਹਨ, ਉਹ ਇਕ ਕਿਸਮ ਦੀ ਹੀਣ ਭਾਵਨਾ ਨਾਲ ਸਦਾ ਹੀ ਪੀੜਤ ਰਹਿੰਦੇ ਸਨ। ਉਹ ਆਪਣੇ ਤੋਂ ਅੱਗੇ, ਬਰਾਬਰ ਜਾਂ ਉਨ੍ਹਾਂ ਦੀ ਹਸਤੀ ਨੂੰ ਚੁਣੌਤੀ ਦੇਣ ਵਾਲੇ ਕਿਸੇ ਵਿਅਕਤੀ ਨੂੰ ਵਿਭਾਗ ਵਿਚ ਨਹੀਂ ਆਉਣ ਦਿੰਦੇ।

ਰਾਹੀ ਅਸਥਾਈ ਅਧਿਆਪਕ ਸਨ, ਪਰ ਆਪਣੀ ਪ੍ਰਤਿਭਾ ਅਤੇ ਸ਼ੁਹਰਤ ਵਿਚ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਤੋਂ ਦੋ ਕਦਮ ਅੱਗੇ ਸਨ। ਯੂਨੀਵਰਸਿਟੀ ਦੇ ਉਸ ਵੇਲੇ ਦੇ ਉਪ-ਕੁਲਪਤੀ ਬਦਰੂਦੀਨ ਤਈਅਬ ਉਨ੍ਹਾਂ ਦੀ ਪ੍ਰਤਿਭਾ ਤੋਂ ਬਹੁਤ ਪ੍ਰਭਾਵਿਤ ਸਨ ਅਤੇ ਉਨ੍ਹਾਂ ਦਾ ਬਹੁਤ ਸਨਮਾਨ ਕਰਦੇ ਸਨ। ਬਜ਼ੁਰਗਾਂ ਵਾਸਤੇ ਇਹ ਵੀ ਈਰਖਾ ਦਾ ਕਾਰਨ ਸੀ, ਪਰ ਉਨ੍ਹਾਂ ਦਾ ਹਿੰਦੀ ਵਿਚ ਆਉਣ

***(ਬਾਕੀ ਅਗਲੇ ਸਫੇ 'ਤੇ)***

ਦਾ ਕਿੱਸਾ ਬਿਲਕੁਲ ਵੱਖਰਾ ਹੈ। ਜਦੋਂ ਉਹ ਖੋਜ ਕਰ ਰਹੇ ਸਨ, ਉਦੋਂ ਹੀ ਉਨ੍ਹਾਂ ਨੇ ਅਨੁਭਵ ਕੀਤਾ ਸੀ ਕਿ ਉਰਦੂ ਨੇ ਜੇ ਭਾਸ਼ਾ ਦੇ ਰੂਪ ਵਿਚ ਜੀਵਤ ਰਹਿਣਾ ਹੈ ਤਾਂ ਇਸ ਨੂੰ ਦੇਵਨਾਗਰੀ ਲਿਪੀ ਅਪਨਾਉਣੀ ਪਵੇਗੀ। ਇਹ ਬਹਿਸ ਉਨ੍ਹਾਂ ਨੇ 1960 ਵਿਚ ਹੀ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਉਰਦੂ ਵਾਲਿਆਂ ਦਾ ਡਰ ਵਿਅਰਥ ਹੈ ਕਿ ਲਿਪੀ ਬਦਲਣ ਨਾਲ ਭਾਸ਼ਾ ਖਤਮ ਹੋ ਜਾਂਦੀ ਹੈ। ਜੇ ਅਜਿਹਾ ਹੁੰਦਾ ਤਾਂ ਮਰਾਠੀ ਤੇ ਨੇਪਾਲੀ ਦੇਵਨਾਗਰੀ ਵਿਚ ਲਿਖੀਆਂ ਜਾਂਦੀਆਂ ਹਨ ਅਤੇ ਵੱਖਰੀਆਂ ਭਾਸ਼ਾਵਾਂ ਦੇ ਰੂਪ ਵਿਚ ਉਨ੍ਹਾਂ ਦੀ ਪਛਾਣ ਹੈ ਤੇ ਵਿਕਾਸ ਹੋਇਆ ਹੈ।

ਕਸ਼ਮੀਰੀ, ਸਿੰਧੀ ਅਤੇ ਪਾਕਿਸਤਾਨ ਵਿਚ ਪੰਜਾਬੀ, ਫਾਰਸੀ ਲਿਪੀ ਵਿਚ ਲਿਖੀ ਜਾਂਦੀ ਹੈ ਤਾਂ ਇੰਜ ਭਾਸ਼ਾ ਦੀ ਪਛਾਣ ਤਾਂ ਖਤਮ ਨਹੀਂ ਹੋ ਜਾਂਦੀ। ਦਰਅਸਲ ਦੇਵਨਾਗਰੀ ਵਿਚ ਉਰਦੂ ਸਾਹਿਤ ਆ ਜਾਵੇਗਾ ਅਤੇ ਇਹਨੂੰ ਕਰੋੜਾਂ ਪਾਠਕ ਮਿਲਣਗੇ, ਇਸ ਤਰ੍ਹਾਂ ਉਰਦੂ ਸਾਹਿਤ ਵੱਡੇ ਪਾਠਕ ਵਰਗ ਤੱਕ ਪਹੁੰਚੇਗਾ। ਉਸ ਦਾ ਸੀਮਤ ਸੰਸਾਰ ਸਮਾਪਤ ਹੋ ਜਾਵੇਗਾ ਅਤੇ ਖੜੋਤ ਵੀ ਖਤਮ ਹੋਵੇਗੀ। ਉਰਦੂ ਵਿਚ ਉਨ੍ਹਾਂ ਦੀ ਇਸ ਗੱਲ 'ਤੇ ਤਿੱਖਾ ਵਿਰੋਧ ਹੋਇਆ। ਉਨ੍ਹਾਂ ਉਤੇ ਤਰ੍ਹਾਂ ਤਰ੍ਹਾਂ ਦੇ ਦੋਸ਼ ਲਾਏ ਗਏ ਅਤੇ ਇਹ ਵੀ ਕਿਹਾ ਗਿਆ ਕਿ ਰਾਹੀ ਮੌਕਾਪ੍ਰਸਤੀ ਕਰ ਰਹੇ ਹਨ ਅਤੇ ਸਸਤੀ ਸ਼ੁਹਰਤ ਪਰਾਪਤ ਕਰਨ ਵਾਸਤੇ ਇਸ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਹਨ, ਪਰ ਰਾਹੀ ਵਿਸ਼ਾਲ ਅਸੂਲੀ ਸਿਧਾਂਤ ਦੇ ਆਧਾਰ 'ਤੇ ਇਹ ਗੱਲ ਕਰ ਰਹੇ ਸਨ। ਉਹ ਇਹ ਮਹਿਸੂਸ ਕਰ ਰਹੇ ਸਨ ਕਿ ਇਸ ਨਾਲ ਭਾਸ਼ਾ ਦੀ ਸਿਆਸਤ ਕਰਨ ਵਾਲੇ ਸਵਾਰਥੀ ਹਿਤ ਕਮਜ਼ੋਰ ਹੋਣਗੇ।

24 ਨਵੰਬਰ 1991 ਨੂੰ ਰਾਹੀ ਆਖਰੀ ਵਾਰ ਅਲੀਗੜ੍ਹ ਆਏ। ਇਸ ਵਾਰ ਆਪਣੇ ਨਾਲ ਉਹ ਨਵਾਂ ਸੁਝਾਅ ਲਿਆਏ- "ਸਿਨੇਮੇ ਨੂੰ ਸਾਹਿਤਕ ਪਾਠਕ੍ਰਮ ਦਾ ਅੰਗ ਬਣਾਇਆ ਜਾਣਾ ਚਾਹੀਦਾ"। ਅਸੀਂ ਸਾਰੇ ਫਿਲਮਾਂ 'ਤੇ ਚਰਚਾ ਕਰਦੇ ਹਾਂ। ਉਨ੍ਹਾਂ ਦੇ ਨੀਵੇਂ ਪੱਧਰ 'ਤੇ ਨੱਕ-ਮੂੰਹ ਚਾੜ੍ਹਦੇ ਹਾਂ, ਪਰ ਸਾਡੀਆਂ ਯੂਨੀਵਰਸਿਟੀਆਂ ਇਸ ਪਾਸੇ ਵਿਸ਼ੇਸ਼ ਪੱਧਰ 'ਤੇ ਗੰਭੀਰ ਨਹੀਂ ਹਨ। ਉਨ੍ਹਾਂ ਨੇ ਕਿਹਾ ਕਿ ਫਿਲਮ ਅਜਿਹਾ ਸ਼ਕਤੀਸ਼ਾਲੀ ਮਾਧਿਅਮ ਹੈ ਜੋ ਹਰ ਪੀੜ੍ਹੀ ਨੂੰ ਪ੍ਰਭਾਵਿਤ ਕਰਦਾ ਹੈ। ਇਸ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਨੱਕ-ਮੂੰਹ ਚੜ੍ਹਾਉਣ ਨਾਲ ਜਾਂ ਸਿਨੇਮੇ ਨੂੰ ਅਛੂਤ ਮੰਨਣ ਨਾਲ ਸਮੱਸਿਆ ਦਾ ਹੱਲ ਨਹੀਂ ਹੋ ਸਕਦਾ।

ਅੱਜ ਸਿਨੇਮਾ ਛਪੀਆਂ ਹੋਈਆਂ ਕਿਤਾਬਾਂ ਅਤੇ ਰਸਾਲਿਆਂ ਤੋਂ ਕਈ ਗੁਣਾ ਵੱਧ ਸ਼ਕਤੀਸ਼ਾਲੀ ਹੈ। ਇਸ ਕਰ ਕੇ ਯੂਨੀਵਰਸਿਟੀਆਂ ਨੂੰ ਗੰਭੀਰ ਰੂਪ ਵਿਚ ਇਸ ਪਾਸੇ ਸੋਚਣਾ ਚਾਹੀਦਾ ਹੈ। ਹੁਣ ਉਹ ਸਿਨੇਮੇ ਨੂੰ ਆਪਣੇ ਪਾਠਕ੍ਰਮਾਂ ਵਿਚ ਸ਼ਾਮਲ ਕਰਨ। ਉਨ੍ਹਾਂ ਨੇ ਬਹਿਸ ਨੂੰ ਅੱਗੇ ਵਧਾਉਂਦੇ ਹੋਏ ਕਿਹਾ ਕਿ 'ਪੱਤਰਕਾਰੀ ਅਤੇ ਖੇਡਾਂ ਵੀ ਕਦੇ ਸਾਡੇ ਪਾਠਕ੍ਰਮਾਂ ਦਾ ਹਿੱਸਾ ਨਹੀਂ ਸਨ, ਪਰ ਅੱਜ ਉਹ ਵੀ ਪਾਠਕ੍ਰਮਾਂ ਦੇ ਹਿੱਸੇ ਹਨ'। ਹਮੇਸ਼ਾ ਵਾਂਗ ਸ਼ਾਮ ਨੂੰ ਜਦੋਂ ਉਹ ਘਰ ਆਏ ਤਾਂ ਹਿੰਦੀ-ਉਰਦੂ ਪਾਠਕ੍ਰਮ 'ਤੇ ਮੇਰੇ ਨਾਲ ਬਹੁਤ ਦੇਰ ਤੱਕ ਗੱਲਾਂ ਕਰਦੇ ਰਹੇ। ਉਨ੍ਹਾਂ ਕਿਹਾ- "ਯਾਰ! ਉਰਦੂ ਵਾਲੇ ਨਹੀਂ ਕੁਝ ਕਰਦੇ ਤਾਂ ਤੁਸੀਂ ਹੀ ਕੁਝ ਕਰੋ। ਉਰਦੂ ਦੇ ਕਵੀਆਂ ਨੂੰ ਹਿੰਦੀ ਵਿਚ ਪੜ੍ਹਾਉਣਾ ਸ਼ੁਰੂ ਕਰੋ। ਹਿੰਦੀ ਵਾਲਿਆਂ ਦੀ ਇਹ ਬੜੀ ਬੇਈਮਾਨੀ ਵਾਲੀ ਗੱਲ ਹੈ ਕਿ ਉਹ ਉਰਦੂ ਨੂੰ ਹਿੰਦੀ ਦੀ ਸ਼ੈਲੀ ਤਾਂ ਮੰਨਦੇ ਹਨ ਅਤੇ ਮੈਂ ਵੀ ਮੰਨਦਾ ਹਾਂ ਕਿ ਉਰਦੂ ਹਿੰਦੀ ਦੀ ਸ਼ੈਲੀ ਹੈ। ਇਹ ਗੱਲ ਲੋਕ ਪੰਜਾਹ ਸਾਲ ਤੋਂ ਕਹਿ ਰਹੇ ਹਨ, ਪਰ ਵਿਹਾਰ ਵਿਚ ਕਿਸੇ ਵੀ ਯੂਨੀਵਰਸਿਟੀ ਨੇ ਉਰਦੂ ਦੇ ਸਾਹਿਤਕਾਰਾਂ ਨੂੰ ਆਪਣੇ ਪਾਠਕ੍ਰਮਾਂ ਵਿਚ ਸ਼ਾਮਲ ਨਹੀਂ ਕੀਤਾ। ਤੁਸੀਂ ਰਾਜਿਸਥਾਨੀ, ਬ੍ਰਿਜ, ਅਵਧੀ, ਭੋਜਪੁਰੀ ਤੇ ਮੈਥਿਲੀ ਆਦਿ ਦੇ ਕਵੀਆਂ ਨੂੰ ਆਪਣੇ ਪਾਠਕ੍ਰਮਾਂ ਵਿਚ ਪੜ੍ਹਾ ਰਹੇ ਹੋ ਤਾਂ ਵਲੀ ਦੱਖਣੀ, ਮੀਰ, ਅਨੀਸ, ਗਾਲਿਬ ਤੇ ਨਜ਼ੀਰ ਅਕਬਰਾਬਾਦੀ ਜੋ ਉਨ੍ਹਾਂ ਦੇ ਮੁਕਾਬਲੇ ਵਧੇਰੇ ਸੌਖੇ ਹਨ, ਨੂੰ ਕਿਉਂ ਨਹੀਂ ਪੜ੍ਹਾਉਂਦੇ? ਅਸਲ ਵਿਚ ਅਜਿਹਾ ਪਾਠਕ੍ਰਮ ਤਿਆਰ ਕੀਤਾ ਜਾਣਾ ਚਾਹੀਦਾ ਹੈ ਜਿਸ ਵਿਚ ਉਰਦੂ ਦੇ ਇਨ੍ਹਾਂ ਪ੍ਰਸਿਧ ਲੇਖਕਾਂ ਦੀਆਂ ਪ੍ਰਤੀਨਿਧ ਰਚਨਾਵਾਂ ਬਾਰੇ ਜਾਣਕਾਰੀ ਵਿਦਿਆਰਥੀਆਂ ਨੂੰ ਮਿਲ ਸਕੇ। ਦੀਵਾਰਾਂ ਨੂੰ ਤੋੜਨ ਦਾ ਇਸ ਤੋਂ ਬਿਨਾ ਕੋਈ ਤਰੀਕਾ ਨਹੀਂ ਹੈ। ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਇਸ ਕੰਮ ਵਿਚ ਸਹਿਯੋਗ ਦੇ ਸਕਦੇ ਸੀ, ਪਰ ਤੁਸੀਂ ਇੰਨੇ ਰੁਝੇ ਹੋਏ ਹੋ ਕਿ ਚਾਹੁੰਦੇ ਹੋਏ ਵੀ ਤੁਸੀਂ ਕੁਝ ਨਹੀਂ ਕਰ ਰਹੇ। ਉਹ ਗੰਭੀਰ ਹੋ ਕੇ ਮੈਨੂੰ ਕਹਿਣ ਲੱਗੇ- ਇਹ ਕੰਮ ਤਾਂ ਪਹਿਲ ਦੇ ਆਧਾਰ 'ਤੇ ਕੀਤਾ ਜਾਣਾ ਚਾਹੀਦਾ ਹੈ।




**ਜਦੋਂ ਬੀ.ਆਰ. ਚੋਪੜਾ ਨੇ ਉਨ੍ਹਾਂ ਨੂੰ ਮਹਾਂਭਾਰਤ ਦੀ ਪਟਕਥਾ ਲਿਖਣ ਲਈ ਕਿਹਾ ਤਾਂ ਉਨ੍ਹਾਂ ਜਵਾਬ ਦੇ ਦਿੱਤਾ। ਇਕ ਦਿਨ ਉਹ (ਚੋਪੜਾ) ਆਪਣੇ ਨਾਲ ਇਕ ਖ਼ਤ ਲੈ ਕੇ ਆਏ ਜੋ ਕਿਸੇ ਉਘੇ ਪਾਰਲੀਮੈਂਟ ਮੈਂਬਰ ਦਾ ਸੀ, ਲਿਖਿਆ ਸੀ ਕਿ ਤੁਹਾਨੂੰ ਮੁਸਲਮਾਨ ਹੀ ਮਿਲਿਆ ਹੈ ਮਹਾਂਭਾਰਤ ਦੀ ਪਟਕਥਾ ਲਿਖਣ ਵਾਸਤੇ। ਬਸ! ਫੇਰ ਕੀ ਸੀ... ਇਹ ਗੱਲ ਰਾਹੀ ਦੇ ਮਨ ਨੂੰ ਲੱਗ ਗਈ। ਉਸੇ ਵੇਲੇ ਚੋਪੜਾ ਜੀ ਨੂੰ ਕਿਹਾ ਕਿ ਹੁਣ ਰਾਹੀ ਹੀ ਪਟਕਥਾ ਲਿਖੇਗਾ।**


ਰਾਹੀ ਮਸੂਮ ਰਜ਼ਾ

ਰਾਹੀ ਜ਼ਿਦੀ ਸੁਭਾਅ ਦੇ ਸਨ। ਇਕ ਗੱਲ ਯਾਦ ਆ ਰਹੀ ਹੈ। ਜਦੋਂ ਬੀ.ਆਰ. ਚੋਪੜਾ ਨੇ ਉਨ੍ਹਾਂ ਨੂੰ ਮਹਾਂਭਾਰਤ ਦੀ ਪਟਕਥਾ ਲਿਖਣ ਲਈ ਕਿਹਾ ਤਾਂ ਉਨ੍ਹਾਂ ਜਵਾਬ ਦੇ ਦਿੱਤਾ ਕਿ ਕਿਸੇ ਹੋਰ ਤੋਂ ਲਿਖਵਾ ਲਉ। ਇਕ ਦਿਨ ਉਹ (ਬੀ.ਆਰ. ਚੋਪੜਾ) ਆਪਣੇ ਨਾਲ ਇਕ ਖ਼ਤ ਲੈ ਕੇ ਆਏ ਜੋ ਕਿਸੇ ਉਘੇ ਪਾਰਲੀਮੈਂਟ ਮੈਂਬਰ ਦਾ ਸੀ ਜਿਸ ਵਿਚ ਲਿਖਿਆ ਹੋਇਆ ਸੀ ਕਿ ਤੁਹਾਨੂੰ ਮੁਸਲਮਾਨ ਹੀ ਮਿਲਿਆ ਹੈ ਮਹਾਂਭਾਰਤ ਦੀ ਪਟਕਥਾ ਲਿਖਣ ਵਾਸਤੇ। ਬਸ! ਫੇਰ ਕੀ ਸੀ। ਇਹ ਗੱਲ ਰਾਹੀ ਦੇ ਮਨ ਨੂੰ ਲੱਗ ਗਈ। ਉਸੇ ਵੇਲੇ ਉਨ੍ਹਾਂ ਨੇ ਚੋਪੜਾ ਜੀ ਨੂੰ ਕਿਹਾ ਕਿ ਹੁਣ ਰਾਹੀ ਹੀ ਪਟਕਥਾ ਲਿਖੇਗਾ। ਮਹਾਂਭਾਰਤ ਬਾਰੇ ਸਾਰੇ ਹੀ ਗ੍ਰੰਥ, ਜਿਥੋਂ ਵੀ ਮਿਲੇ, ਮੰਗਵਾਏ। ਉਨ੍ਹਾਂ ਨੂੰ ਪੜ੍ਹਿਆ, ਸਮਝਿਆ। ਰਾਹੀ ਕਹਿੰਦੇ ਸਨ ਕਿ ਮਹਾਂਭਾਰਤ ਮੇਰੇ ਸਭਿਆਚਾਰ ਦਾ ਹਿੱਸਾ ਹੈ ਤਾਂ ਮੈਂ ਕਿਉਂ ਨਹੀਂ ਪੜ੍ਹ ਸਕਦਾ ਇਹਦੇ ਬਾਰੇ।

ਉਨ੍ਹਾਂ ਦਾ ਸਭ ਤੋਂ ਵੱਡਾ ਤੇ ਔਖਾ ਕੰਮ ਸੀ 'ਮਹਾਂਭਾਰਤ' ਦੀ ਪਟਕਥਾ ਲਿਖਣੀ। ਕਈ ਵਾਰ ਮਹਾਂਭਾਰਤ ਦੇ ਪ੍ਰਸੰਗਾਂ ਬਾਰੇ ਸਾਡੀ ਆਪਸ ਵਿਚ ਗੱਲਬਾਤ ਹੋਈ। ਮੇਰੇ ਵਲੋਂ ਦਿੱਤੇ ਸੁਝਾਅ ਉਨ੍ਹਾਂ ਨੇ ਸਵੀਕਾਰ ਕੀਤੇ। ਪੁਰਾਤਨ ਢਾਂਚੇ ਲਈ ਉਹ ਪੰਡਿਤ ਨਰੇਂਦਰ ਸ਼ਰਮਾ ਨੂੰ ਮਿਲਦੇ ਸਨ। ਖਾਸ ਕਰ ਕੇ ਗੀਤਾ ਉਪਦੇਸ਼ ਵਾਲੇ ਐਪੀਸੋਡ ਦੇ ਸਬੰਧ ਵਿਚ। ਉਨ੍ਹਾਂ ਨੂੰ ਇਹ ਡਰ ਸੀ ਕਿ ਅੱਜ ਦੇ ਸ਼ਰਾਰਤੀ ਸਿਆਸਤਦਾਨ ਕਿਧਰੇ ਸ਼ਬਦਾਂ ਨਾਲ ਸਿਆਸਤ ਨਾ ਕਰਨ, ਇਸ ਸਬੰਧੀ ਸੰਵਾਦਾਂ ਬਾਰੇ ਕਈ ਦਿਨਾਂ ਤੱਕ ਸਾਡੇ ਵਿਚਕਾਰ ਲੰਬੀਆਂ ਗੱਲਾਂ-ਬਾਤਾਂ ਹੋਈਆਂ। ਉਨ੍ਹਾਂ ਵਲੋਂ ਫਰਵਰੀ ਵਿਚ ਆਉਣ ਦਾ ਵਾਅਦਾ ਸੀ। ਕਈ ਮਹੱਤਵਪੂਰਨ ਕੰਮ ਨਿਬੇੜਨੇ ਸਨ, ਪਰ ਜਨਵਰੀ ਵਿਚ ਪਤਾ ਲੱਗਾ ਕਿ ਉਨ੍ਹਾਂ ਨੂੰ ਗਲ ਦਾ ਕੈਂਸਰ ਹੈ। ਅਪਰੇਸ਼ਨ ਵੀ ਕਰਵਾ ਲਿਆ, ਘਰ ਤੋਂ ਮੈਨੂੰ ਫੋਨ ਵੀ ਕੀਤਾ ਕਿ ਫਰਵਰੀ ਵਿਚ ਲਖਨਊ ਆ ਰਿਹਾ ਹਾਂ, ਸਾਰੇ ਕਾਗਜ਼-ਪੱਤਰ ਇਕੱਠੇ ਕਰ ਲੈਣੇ। ਅਗਲੀ ਵਾਰ ਫੇਰ ਮੈਂ ਫੋਨ 'ਤੇ ਰਾਹੀ ਤੋਂ ਉਨ੍ਹਾਂ ਦੀ ਸਿਹਤ ਬਾਰੇ ਪੁੱਛਿਆ ਤਾਂ ਕਹਿਣ ਲੱਗੇ- 'ਉਸ ਕੰਮ ਵਿਚ ਕੀ ਪ੍ਰਗਤੀ ਹੋਈ? ਸਾਰੀਆਂ ਕਿਤਾਬਾਂ ਮਿਲੀਆਂ?' ਮੈਂ ਕਿਹਾ- 'ਉਹ ਤਾਂ ਸਭ ਹੋ ਜਾਏਗਾ, ਤੁਸੀਂ ਪਹਿਲਾਂ ਤੰਦਰੁਸਤ ਤਾਂ ਹੋ ਜਾਉ'। ਕਹਿਣ ਲੱਗੇ- 'ਜਦੋਂ ਵੀ ਡਾਕਟਰ ਇਜਾਜ਼ਤ ਦੇਣਗੇ, ਮੈਂ ਤੁਰੰਤ ਹੀ ਅਲੀਗੜ੍ਹ ਆ ਜਾਵਾਂਗਾ'।

ਮੈਂ ਉਨ੍ਹਾਂ ਨੂੰ ਯਕੀਨ ਦਿਵਾਇਆ ਅਤੇ ਸਿਹਤ ਵਲ ਖਾਸ ਧਿਆਨ ਦੇਣ ਲਈ ਕਿਹਾ। ਉਹ ਜਾਣਦੇ ਸਨ ਕਿ ਉਹ ਹਾਰੀ ਹੋਈ ਲੜਾਈ ਲੜ ਰਹੇ ਹਨ ਅਤੇ ਮੌਤ ਨਾਲ ਲੜਦੇ ਹੋਏ ਵੀ 'ਏਕਤਾ ਦੀਆਂ ਤੰਦਾਂ ਕਿਵੇਂ ਮਜ਼ਬੂਤ ਹੋਣਗੀਆਂ' ਬਾਰੇ ਹੀ ਲਗਾਤਾਰ ਸੋਚ ਰਹੇ ਸਨ। ਉਹ ਕੌਮੀ ਏਕਤਾ ਲਈ ਹਕੀਕੀ ਪੱਧਰ 'ਤੇ ਕੰਮ ਕਰਨ ਵਾਸਤੇ ਜ਼ੋਰ ਦਿੰਦੇ ਸਨ। ਪਾਕਿਸਤਾਨ ਬਣਨ ਅਤੇ ਫਿਰ ਉਸ ਦੇ ਫਲਸਫੇ ਦੇ ਉਹ ਬਹੁਤ ਖਿਲਾਫ ਸਨ। ਅੰਤ ਵਿਚ ਉਨ੍ਹਾਂ ਦਾ ਹੀ ਇਕ ਸ਼ੇਅਰ ਯਾਦ ਆ ਰਿਹਾ ਹੈ:

ਅਪਨੇ ਸਾਏ ਕੀ ਤਰਫ ਦੇਖ ਕਰ
ਡਰ ਜਾਤਾ ਹੈ
ਇਤਨਾ ਤਨਹਾ ਨਾ ਥਾ ਇਨਸਾਨ,
ਨਾ ਜਾਨੇ ਕਿਆ ਹੋ।

# ਇਸ ਤਰ੍ਹਾਂ ਵੀ ਹੁੰਦੇ ਸੀ ਵਿਆਹ...!

**ਸਮੇਂ ਦੇ ਰੰਗ**



ਸੁਰਜੀਤ ਜੱਸਲ
ਫੋਨ: 91-98146-07737

ਅੱਜ ਕਲ ਵਿਆਹ-ਸ਼ਾਦੀਆਂ ਮੈਰਿਜ ਪੈਲੇਸਾਂ 'ਚ ਕਰਨ ਦਾ ਰਿਵਾਜ ਬਣ ਗਿਆ ਹੈ, ਜਿੱਥੇ ਦਿਨਾਂ ਦਾ ਕੰਮ ਘੰਟਿਆਂ ਵਿਚ ਨਿਬੇੜ ਦਿੱਤਾ ਜਾਂਦਾ ਹੈ। ਅਜੋਕੇ ਦੌਰ ਵਿਚ ਵਿਆਹ ਨਾਲ ਜੁੜੀਆਂ ਅਨੇਕਾਂ ਰੀਤਾਂ-ਰਸਮਾਂ ਘੱਟ ਸਮੇਂ ਦੀ ਭੇਟ ਚੜ੍ਹਦਿਆਂ ਅਲੋਪ ਹੋ ਗਈਆਂ ਹਨ। ਬਰਾਤ ਬਹੁਤ ਥੋੜ੍ਹਾ ਸਮਾਂ ਠਹਿਰਦੀ ਹੈ। ਭਾਂਤ-ਸੁਭਾਂਤੇ ਮਹਿੰਗੇ ਪਕਵਾਨ ਪਰੋਸੇ ਜਾਂਦੇ ਹਨ। ਕੰਨ ਪਾੜਵੇਂ ਧੂਮ ਧੜੱਕੇ ਵਾਲੇ ਗੀਤ-ਸੰਗੀਤ ਦੇ ਨਾਲ ਨਾਲ ਦਾਰੂ ਤੇ ਅਸ਼ਲੀਲਤਾ ਭਰਿਆ ਨਾਚ-ਗਾਣਾ ਪਰੋਸਿਆ ਜਾਂਦਾ ਹੈ। ਅਜਿਹੇ ਮੌਕੇ ਅਕਸਰ ਹੀ ਪੁਰਾਣੇ ਵਿਆਹਾਂ ਦੀ ਯਾਦ ਆ ਜਾਂਦੀ ਹੈ।

ਬਜੁਰਗਾਂ ਕੋਲੋਂ ਨਿੱਕੇ ਹੁੰਦੇ ਅਕਸਰ ਹੀ ਸੁਣਦੇ ਰਹੇ ਹਾਂ ਕਿ ਪਹਿਲੇ ਵਿਆਹਾਂ ਦੇ ਤਾਂ ਰੰਗ ਹੀ ਹੋਰ ਹੁੰਦੇ-ਊਠਾਂ, ਘੋੜਿਆਂ 'ਤੇ ਵਿਆਹੁਣ ਜਾਂਦੇ, ਜੰਨਾਂ ਦੋ-ਦੋ ਦਿਨ ਠਹਿਰਦੀਆਂ। ਉਨ੍ਹਾਂ ਵਿਆਹਾਂ ਦਾ ਮਾਹੌਲ ਅਤੇ ਨਜ਼ਾਰਾ ਹੀ ਵੱਖਰਾ ਹੁੰਦਾ। ਉਦੋਂ ਪਿੰਡਾਂ ਵਿਚ ਭਾਈਚਾਰਕ ਸਾਂਝ ਵਧੇਰੇ ਹੁੰਦੀ ਸੀ। ਵਿਆਹ ਵਾਲੇ ਘਰ ਵਿਚ ਕੋਈ ਮਹੀਨਾ ਪਹਿਲਾਂ ਹੀ ਵਿਆਹ ਦੀਆਂ ਤਿਆਰੀਆਂ ਵਾਲੀ ਚਹਿਲ-ਪਹਿਲ ਸ਼ੁਰੂ ਹੋ ਜਾਂਦੀ ਸੀ।

ਬਹੁਤੀ ਪੁਰਾਣੀ ਗੱਲ ਨਾ ਕਰੀਏ ਤਾਂ ਕੁਝ ਦਹਾਕੇ ਪਹਿਲਾਂ ਸਾਰੇ ਪਰਿਵਾਰ ਦੇ ਨਵੇਂ ਕੱਪੜੇ ਸਿਊਣ ਲਈ ਘਰੇ ਦਰਜੀ ਬਿਠਾਇਆ ਜਾਂਦਾ, ਜੋ ਸਾਰੇ ਪਰਿਵਾਰ ਤੇ ਸ਼ਰੀਕੇ ਵਾਲਿਆਂ ਦੇ ਨਵੇਂ ਕੱਪੜੇ ਸਿਊਂਦਾ। ਪਿੰਡ ਦਾ ਤਰਖਾਣ ਭਾਈਚਾਰਾ ਵਿਆਹ ਵਾਲੇ ਘਰ ਹਲਵਾਈ ਲਈ ਲੱਕੜਾ ਪਾੜਨ ਦਾ ਕੰਮ ਕਰਦਾ, ਨਾਈ ਵਿਆਹ ਦਾ ਸੱਦਾ ਪੱਤਰ ਦੇਣ ਦਾ ਕੰਮ ਕਰਦਾ ਤੇ ਹਲਵਾਈ ਦਸ ਦਿਨ ਪਹਿਲਾਂ ਹੀ ਭੱਠੀਆਂ ਤੇ ਕੜਾਹੇ-ਖੁਰਚਣੇ ਲੈ ਕੇ ਵਿਆਹ ਵਾਲੇ ਘਰੇ ਰੌਣਕਾਂ ਲਾ ਬਹਿੰਦਾ। ਜਿਉਂ-ਜਿਉਂ ਵਿਆਹ ਦੇ ਦਿਨ ਨੇੜੇ ਆਉਂਦੇ, ਮੇਲ-ਗੇਲ ਦੇ ਪੈਣ-ਬੈਠਣ ਨੂੰ ਪਿੰਡ 'ਚੋਂ ਘਰੋ-ਘਰੀ ਮੰਜੇ-ਬਿਸਤਰੇ ਇਕੱਠੇ ਕੀਤੇ ਜਾਂਦੇ।


ਵਿਆਹ ਤੋਂ ਕੁਝ ਦਿਨ ਪਹਿਲਾਂ ਵਿਆਹ ਹੱਥ ਲਾਇਆ ਜਾਂਦਾ, ਚੱਕੀ ਫੇਰ ਕੇ ਗਲਾ ਪਾਇਆ ਜਾਂਦਾ ਤੇ ਵਿਆਹੁਲੇ ਮੁੰਡੇ-ਕੁੜੀ ਦੇ ਖੰਬਣੀ ਬਣਨ ਦੀ ਰਸਮ ਕੀਤੀ ਜਾਂਦੀ। ਸਗਨਾਂ ਦੇ ਗੀਤ, ਘੋੜੀਆਂ, ਸੁਹਾਗ ਗਾਏ ਜਾਂਦੇ। ਉਨ੍ਹਾਂ ਸਮਿਆਂ ਵਿਚ ਬਰਾਤ ਘੋੜੀਆਂ, ਰਥ ਗੱਡੀਆਂ 'ਤੇ ਜਾਂਦੀ। ਵਿਆਹੁਲੇ ਮੁੰਡੇ ਤੇ ਅਹਿਮ ਰਿਸ਼ਤੇਦਾਰਾਂ ਲਈ ਵਿੰਗੇ ਮੂੰਹ ਵਾਲੀਆਂ ਸ਼ੈਵਰਲੈਟ ਗੱਡੀਆਂ ਜਾਂ ਰਥ ਹੁੰਦੇ, ਜਿਸ ਨੂੰ ਬਲਦਾਂ ਦੀ ਜੋੜੀ ਖਿੱਚਦੀ। ਸੁੰਨੇ ਰਾਹਾਂ 'ਤੇ ਬਰਾਤ ਦੀ ਹਿਫਾਜ਼ਤ ਲਈ ਰਫਲਾਂ ਵਾਲੇ ਵੀ ਨਾਲ ਹੁੰਦੇ। ਔਰਤਾਂ ਦੇ ਬਰਾਤ ਜਾਣ ਦਾ ਰਿਵਾਜ਼ ਉਦੋਂ ਨਹੀਂ ਸੀ ਹੁੰਦਾ, ਉਹ ਘਰੇ ਹੀ ਗਿੱਧਾ-ਬੋਲੀਆਂ ਪਾ ਕੇ ਵਿਆਹ ਦੀ ਖੁਸ਼ੀ ਦੇ ਸ਼ਗਨ ਮਨਾਉਂਦੀਆਂ। ਰਾਸਤੇ ਕੱਚੇ ਹੁੰਦੇ ਸਨ।

ਜਦ ਬਰਾਤ ਲੜਕੀ ਦੇ ਪਿੰਡ ਪਹੁੰਚ ਜਾਂਦੀ ਤਾਂ ਉਥੇ ਪਿੰਡ ਦੀ ਹਥਾਈ, ਡੇਰਾ ਜਾਂ ਧਰਮਸ਼ਾਲਾ 'ਚ ਉਸ ਨੇ ਰਹਿਣਾ ਹੁੰਦਾ ਸੀ। ਵੱਖ-ਵੱਖ ਘਰਾਂ ਤੋਂ ਮੰਜੇ-ਬਿਸਤਰੇ ਮੰਗ ਕੇ ਉਥੇ ਰੱਖੇ ਹੁੰਦੇ। ਇੱਕ ਨਾਈ ਧਰਮਸ਼ਾਲਾ ਵਿਚ ਹੁੰਦਾ ਜੋ ਬਰਾਤੀਆਂ ਦੇ ਸਿਰ ਦੇ ਵਾਲ, ਮੁੱਛਾਂ ਕੱਟਣ ਅਤੇ ਸੇਵ ਕਰਨ ਦੀ ਸੇਵਾ ਕਰਦਾ। ਉਸ ਨੂੰ ਇਸ ਕੰਮ ਦੇ ਪੈਸੇ ਲੜਕੀ ਵਾਲੇ ਹੀ ਦਿੰਦੇ। ਪਿੰਡ ਦਾ ਇੱਕ ਬੰਦਾ ਖੂਹ ਤੋਂ ਘੜਿਆਂ 'ਚ ਪਾਣੀ ਲਿਆ ਕੇ ਵੱਡੇ ਕੜਾਹੇ 'ਚ ਪਾਉਂਦਾ। ਜੇ ਉਥੇ ਨਲਕਾ ਲੱਗਾ ਹੁੰਦਾ ਤਾਂ ਉਹ ਗੇੜਦਾ। ਸਰਦੀਆਂ ਵਿਚ ਬਰਾਤੀਆਂ ਦੇ ਨਹਾਉਣ ਲਈ ਕੜਾਹੇ ਥੱਲੇ ਅੱਗ ਬਾਲ ਕੇ ਪਾਣੀ ਗਰਮ ਕੀਤਾ ਜਾਂਦਾ।

ਨਹਾ-ਧੋ ਕੇ ਬਰਾਤੀ ਤਿਆਰ ਹੋ ਜਾਂਦੇ। ਡੇਰੇ 'ਚ ਹੀ ਟੋਕਣੀ 'ਚ ਚਾਹ ਲਿਆ ਕੇ ਪਿੱਤਲ ਦੇ ਵੱਡੇ ਗਲਾਸਾਂ 'ਚ ਚਾਹ ਵਰਤਾਈ ਜਾਂਦੀ। ਇੱਕ ਥਾਲ ਵਿਚ ਬਦਾਨਾ-ਭੁਜੀਆ ਦਿੱਤਾ ਜਾਂਦਾ। ਚਾਹ-ਪਾਣੀ ਤੋਂ ਵਿਹਲੇ ਹੋ ਕੁਝ ਬਰਾਤੀ ਟੋਲੀਆਂ ਬਣਾ ਕੇ ਪਿੰਡ ਦਾ ਗੇੜਾ ਲਾਉਣ ਨਿਕਲ ਜਾਂਦੇ, ਕੁਝ ਉਥੇ ਹੀ ਤਾਸ਼ ਖੇਡਣ ਲੱਗ ਜਾਂਦੇ। ਮਨੋਰੰਜਨ ਦੇ ਸਾਧਨ ਦੀ ਗੱਲ ਕਰੀਏ ਤਾਂ ਉਨ੍ਹਾਂ ਸਮਿਆਂ ਵਿਚ ਤਵਿਆਂ ਵਾਲੀ ਮਸ਼ੀਨ 'ਤੇ ਵੱਜਦੇ ਪੁਰਾਣੇ ਰਿਕਾਰਡ ਹੀ ਹੁੰਦੇ ਸਨ। ਬਰਾਤ ਵਿਚ ਸਪੀਕਰ ਵਾਲਾ ਉਚੇਚੇ ਤੌਰ 'ਤੇ ਨਾਲ ਜਾਂਦਾ। 'ਸਤਿਗੁਰੂ ਨਾਨਕ ਤੇਰੀ ਲੀਲਾ ਨਿਆਰੀ ਆ...' ਧਾਰਮਿਕ ਗੀਤ ਨਾਲ ਗੀਤ-ਸੰਗੀਤ ਦਾ ਮਾਹੌਲ ਸ਼ੁਰੂ ਹੁੰਦਾ ਤੇ ਬਾਅਦ ਵਿਚ ਬਰਾਤੀਆਂ ਦੀ ਪਸੰਦ 'ਤੇ ਮਸ਼ੀਨ ਵਾਲਾ ਭਾਈ ਗੀਤ ਵਜਾਉਂਦਾ ਰਹਿੰਦਾ। ਬਰਾਤ ਨੂੰ ਹਸਾਉਣ ਲਈ ਪਿੰਡਾਂ ਦੇ ਭੰਡ (ਮਰਾਸੀ) ਵੀ ਆਪਣੀ ਕਲਾ ਪੇਸ਼ ਕਰਦੇ।

ਦੁਪਹਿਰ ਵੇਲੇ ਜਦੋਂ ਬਰਾਤ ਰੋਟੀ ਖਾਣ ਕੁੜੀ ਵਾਲਿਆਂ ਦੇ ਘਰ ਜਾਂਦੀ ਤਾਂ ਬੀਨ ਵਾਜੇ ਦੀਆਂ ਧੁਨਾਂ 'ਤੇ ਨੱਚਦੇ ਨਚਾਰਾਂ 'ਤੋਂ ਰੁਪਈਏ ਵਾਰਦੇ ਬਰਾਤੀ ਪੂਰਾ ਜਸ਼ਨ ਮਨਾਉਂਦੇ। ਰੋਟੀ ਖਾਣ ਬੈਠੀ ਬਰਾਤ ਨੂੰ ਮੇਲਣਾਂ ਦੋਹੇ ਲਾਉਂਦੀਆਂ, ਸਿੱਠਣੀਆਂ ਸੁਣਾਉਂਦੀਆਂ ਤੇ ਹਾਸਾ ਮਜਾਕ ਕਰਦਿਆਂ ਜੰਞ ਬੰਨ੍ਹ ਦਿੰਦੀਆਂ। ਜੰਞ ਛੁਡਾਉਣ ਲਈ ਇੱਕ ਮਾਹਰ ਬੰਦਾ ਪਹਿਲਾਂ ਹੀ ਪੂਰੀ ਤਿਆਰੀ ਨਾਲ ਜੰਞ ਵਿਚ ਸ਼ਾਮਿਲ ਹੁੰਦਾ। ਇਸ ਤੋਂ ਬਾਅਦ ਬਰਾਤ ਰੋਟੀ ਖਾਂਦੀ। ਇਸ ਮੌਕੇ ਲੱਡੂ, ਦੋ ਸਬਜ਼ੀਆਂ, ਬੂੰਦੀ, ਪੂਰੀਆਂ ਜਾਂ ਰੋਟੀ, ਸ਼ੱਕਰ ਤੇ ਦੇਸੀ ਘਿਓ ਆਦਿ ਵਰਤਾਇਆ ਜਾਂਦਾ। ਦਾਰੂ ਪਿਆਲਾ ਪੀਣ ਦੇ ਸ਼ੌਕੀਨ ਵੀ ਆਪਣੀ ਮਹਿਫਿਲ ਵੱਖਰੀ ਲਾ ਬੈਠਦੇ। ਰੋਟੀ ਤੋਂ ਬਾਅਦ ਬਰਾਤ ਨੂੰ ਸੰਤਰੇ, ਅੰਗੂਰ, ਕੇਲੇ ਆਦਿ ਵਰਤਾਏ ਜਾਂਦੇ।

ਰੋਟੀ ਖਾ ਕੇ ਬਰਾਤ ਮੁੜ ਧਰਮਸ਼ਾਲਾ 'ਚ ਚਲੀ ਜਾਂਦੀ। ਕੋਈ ਅਰਾਮ ਕਰਦਾ, ਕੋਈ ਤਾਸ਼ ਖੇਡਦਾ। ਕੁਝ ਸ਼ੌਕੀਨ ਬੰਦੇ ਪਿੰਡ 'ਚ ਹੀ ਕਿਸੇ ਜਾਣ-ਪਛਾਣ ਵਾਲੇ ਦੇ ਚੁਬਾਰੇ 'ਚ ਆਪਣੀ ਮਹਿਫਿਲ ਜਮਾ ਲੈਂਦੇ। ਘਰ ਦੇ ਮਾਲਕ ਉਨ੍ਹਾਂ ਦੀ ਦਿਲੋਂ ਸੇਵਾ ਕਰਦੇ।


*ਵਿਆਹ ਲਈ ਮੰਜੇ ਇਕੱਠੇ ਕਰਦੇ ਹੋਏ ਸ਼ਰੀਕੇ-ਭਾਈਚਾਰੇ ਦੇ ਲੋਕ*

ਢਲਦੇ ਪਹਿਰ ਚਾਹ ਦੀ ਟੋਕਨੀ ਤੇ ਗਰਮਾ ਗਰਮ ਪਕੌੜੇ, ਕੁੜੀ ਵਾਲਿਆਂ ਵਲੋਂ ਧਰਮਸ਼ਾਲਾ ਵਿਚ ਭੇਜੇ ਜਾਂਦੇ। ਚਾਹ ਨਾਲ ਪਕੌੜੇ ਖਾ ਕੇ ਬਰਾਤ ਫਿਰ ਮੰਜਿਆਂ 'ਤੇ ਲੇਟ ਜਾਂਦੇ। ਜਿਸ ਬਰਾਤੀ ਦੀ ਉਸ ਪਿੰਡ ਕੋਈ ਸਕੀਰੀ ਹੁੰਦੀ, ਜਾਂ ਪਿੰਡ 'ਚੋਂ ਕੋਈ ਕੁੜੀ ਵਿਆਹੀ ਹੁੰਦੀ, ਉਸ ਘਰ ਸਬੰਧਤ ਬਰਾਤੀ 'ਪੱਤਲ' ਦੇਣ ਜ਼ਰੂਰ ਜਾਂਦਾ। ਇਸ ਪੱਤਲ 'ਚ ਕੁੜੀ ਵਾਲਿਆ ਘਰੋਂ ਇੱਕ ਲਿਫਾਫੇ 'ਚ ਲੱਡੂ, ਜਲੇਬੀ ਤੇ ਸੱਕਰਪਾਰੇ ਪਾ ਕੇ ਦਿੱਤੇ ਜਾਂਦੇ ਤੇ ਦੇਣ ਵਾਲਾ ਬਰਾਤੀ ਆਪਣੇ ਕੋਲੋਂ ਸ਼ਗਨ ਵੀ ਦਿੰਦਾ।

ਰਾਤ ਦੀ ਰੋਟੀ ਵੇਲੇ ਬਿਜਲੀ ਦਾ ਖਾਸ ਪ੍ਰਬੰਧ ਨਾ ਹੋਣ ਕਰਕੇ ਗੈਸ ਵਾਲੀਆਂ ਲਾਈਟਾਂ ਨਾਲ ਚਾਨਣ ਕੀਤਾ ਜਾਂਦਾ। ਬਰਾਤ ਦੇ ਸੌਣ ਦਾ ਇੰਤਜ਼ਾਮ ਵੀ ਧਰਮਸ਼ਾਲਾ ਜਾਂ ਡੇਰੇ ਵਿਚ ਹੀ ਕੀਤਾ ਜਾਂਦਾ।

ਅਨੰਦ ਕਾਰਜ ਜਾਂ ਫੇਰਿਆਂ ਦੀ ਰਸਮ ਸਵੇਰੇ ਤਿੰਨ ਵਜੇ, ਤਾਰਿਆਂ ਦੀ ਛਾਂਵੇਂ ਕੀਤੀ ਜਾਂਦੀ ਸੀ। ਲਾੜਾ, ਲਾੜੇ ਦਾ ਪਿਤਾ ਤੇ ਅਹਿਮ ਰਿਸ਼ਤੇਦਾਰ ਲਾੜੀ ਦੇ ਘਰ ਜਾਂਦੇ। ਜਿੱਥੇ ਅਨੰਦ ਕਾਰਜਾਂ ਜਾਂ ਫੇਰਿਆਂ ਦੀ ਰਸਮ ਨੂੰ ਮਰਿਆਦਾ ਨਾਲ ਸੰਪੂਰਨ ਕੀਤਾ ਜਾਂਦਾ। ਕੁੜੀ ਦੀਆਂ ਸਖੀਆਂ ਸਿੱਖਿਆ ਪੜ੍ਹਦੀਆਂ। ਲਾੜੀ ਇਸ ਰਸਮ ਸਮੇਂ ਨੰਗੇ ਮੂੰਹ ਨਹੀਂ ਸੀ ਬੈਠਦੀ। ਦੋ ਸਖੀਆਂ ਅਨੰਦ ਕਾਰਜਾਂ ਦੀ ਰਸਮ ਮੌਕੇ ਉਠਣ-ਬੈਠਣ ਅਤੇ ਤੁਰਨ ਵਿਚ ਉਸ ਦੀ ਮਦਦ ਕਰਦੀਆਂ।

ਅੱਧੀ ਬਾਰਤ ਦੇ ਸੁੱਤੇ ਪਿਆਂ ਹੀ ਵਿਆਹ ਹੋ ਜਾਂਦਾ। ਦਿਨ ਚੜ੍ਹਦਾ, ਬਰਾਤੀ ਨਹਾਉਂਦੇ, ਚਾਹ ਨਾਲ ਬਦਾਨਾ-ਭੁਜੀਆ ਖਾ ਕੇ ਫਿਰ ਢੋਲੇ ਦੀਆਂ ਲਾਉਂਦੇ। ਦੁਪਹਿਰ ਦੀ ਰੋਟੀ ਤੋਂ ਬਾਅਦ ਢਲਦੇ ਪਰਛਾਂਵੇਂ ਬਰਾਤ ਨੂੰ ਚਾਹ ਪਿਆਈ ਜਾਂਦੀ ਤੇ ਡੋਲੀ ਲੈ ਕੇ ਬਰਾਤ ਵਿਦਾ ਹੋ ਜਾਂਦੀ। ਦਾਜ ਵਿਚ ਮਾਪਿਆਂ ਵਲੋਂ ਲੜਕੀ ਨੂੰ ਇੱਕ ਲੱਕੜ ਦਾ ਵੱਡਾ ਸੰਦੂਕ, ਜਿਸ ਵਿਚ ਦਰੀਆਂ, ਖੇਸ, ਪਿੱਤਲ ਦੇ ਭਾਂਡੇ ਤੇ ਹੋਰ ਸਮਾਨ ਹੁੰਦਾ। ਲੱਕੜ ਦਾ ਕੁਰਸੀ ਮੇਜ, ਲਾੜੇ ਨੂੰ ਸਾਈਕਲ, ਸੈਲਾਂ ਵਾਲਾ ਰੇਡੀਓ, ਪਲੰਘ ਨਵਾਰੀ ਆਦਿ ਦਿੱਤਾ ਜਾਂਦਾ।

ਉਨ੍ਹਾਂ ਸਮਿਆਂ ਵਿਚ ਬਰਾਤਾਂ ਦੋ-ਦੋ ਦਿਨ ਠਹਿਰਦੀਆਂ ਸਨ। ਪਿੰਡਾਂ ਵਿਚ ਆਪਸੀ ਭਾਈਚਾਰਕ ਸਾਂਝ ਬਹੁਤ ਹੁੰਦੀ ਸੀ। ਸਾਰਾ ਪਿੰਡ ਬਰਾਤ ਦੀ ਦਿਲੋਂ ਆਓ-ਭਗਤ ਕਰਦਾ ਸੀ। ਵਿਆਹੁਲੀ ਕੁੜੀ ਦੇ ਚਾਚੇ, ਤਾਏ ਜਾਂ ਸ਼ਰੀਕੇ ਵਾਲੇ ਵਾਰੋ-ਵਾਰੀ ਆਪਣੇ ਵਲੋਂ ਬਰਾਤ ਦੀ ਸੇਵਾ (ਰੋਟੀ) ਕਰਦੇ ਸੀ। ਅਜਿਹੇ ਸਮਾਗਮਾਂ ਦੌਰਾਨ ਹੀ ਦੋਵੇਂ ਪਰਿਵਾਰਾਂ ਦੇ ਰਿਸ਼ਤੇਦਾਰ ਆਪਣੇ ਜਵਾਨ ਹੋ ਰਹੇ ਧੀਆਂ-ਪੁੱਤਾਂ ਲਈ ਰਿਸ਼ਤੇ ਲੱਭ ਲੈਂਦੇ। ਪਹਿਲਾਂ ਲੋਕਾਂ ਕੋਲ ਸਮਾਂ ਸੀ, ਆਪਸੀ ਸਾਂਝ ਸੀ, ਪੈਸੇ ਨਾਲੋਂ ਰਿਸ਼ਤਿਆਂ ਦੀ ਵਧੇਰੇ ਅਹਿਮੀਅਤ ਸੀ। ਸਾਦਾ ਜੀਵਨ ਸੀ, ਖਰਚੇ ਘੱਟ ਤੇ ਆਪਸੀ ਪਿਆਰ ਵੱਧ ਸੀ।

## ਕਹਾਣੀ

# ਮਲਾਹ ਦਾ ਫੇਰਾ

ਅੰਮ੍ਰਿਤਾ ਪ੍ਰੀਤਮ

ਸਮੁੰਦਰ ਦੇ ਕੰਢੇ ਲੋਕਾਂ ਦੀ ਇਕ ਭੀੜ ਪਈ ਹੋਈ ਸੀ। ਹਰ ਉਮਰ ਦੇ ਲੋਕ, ਹਰ ਕੌਮ ਦੇ ਲੋਕ, ਹਰ ਵੇਸ ਦੇ ਲੋਕ।

ਕਈ ਲੋਕ ਬੜੀ ਤਾਂਘ ਨਾਲ ਸਮੁੰਦਰ ਦੀ ਛਾਤੀ ਨੂੰ ਉਥੋਂ ਤੱਕ ਵੇਖਦੇ ਪਏ ਸਨ ਜਿੱਥੋਂ ਤੱਕ ਉਨ੍ਹਾਂ ਦੀ ਨੀਝ ਜਾ ਸਕਦੀ ਸੀ। ਕਈਆਂ ਦੀਆਂ ਅੱਖਾਂ ਭੀੜ ਵਿਚ ਇਸ ਤਰ੍ਹਾਂ ਰੁੱਝੀਆਂ ਹੋਈਆਂ ਸਨ, ਜਿਵੇਂ ਉਨ੍ਹਾਂ ਨੂੰ ਸਮੁੰਦਰ ਨਾਲ ਕੋਈ ਵਾਸਤਾ ਨਹੀਂ ਸੀ। ਕਈ ਲੋਕ ਮੱਕਈ ਦੀਆਂ ਭੁੱਜੀਆਂ ਹੋਈਆਂ ਛੱਲੀਆਂ ਖਾਂਦੇ ਪਏ ਸਨ, ਕਈ ਮੂੰਗਫਲੀ ਛਿਲਦੇ ਪਏ ਸਨ ਤੇ ਕਈ ਨਾਰੀਅਲ ਪੀਂਦੇ ਪਏ ਸਨ। ਕੁਝ ਬੱਚੇ ਆਪਣੇ ਨਿੱਕੇ ਨਿੱਕੇ ਹੱਥਾਂ ਨਾਲ ਰੇਤ ਦੇ ਘਰ ਬਣਾਂਦੇ ਪਏ ਸਨ।

ਸਮੁੰਦਰ ਦੀ ਛਾਤੀ ਉਤੇ ਕੁਝ ਝਿਲਮਿਲ ਕਰਨ ਲੱਗ ਪਿਆ। ਕਈਆਂ ਲੋਕਾਂ ਦੇ ਦਿਲ ਧੜਕੇ। ਅਸਮਾਨ ਦੀ ਇਕ ਨੁੱਕਰ ਨੇ ਆਪਣੇ ਹੱਥਾਂ ਵਿਚ ਸੂਰਜ ਦਾ ਪਿਆਲਾ ਫੜਿਆ ਹੋਇਆ ਸੀ ਤੇ ਉਸ ਪਿਆਲੇ ਵਿਚੋਂ ਬਹੁਤ ਸਾਰੀ ਲਾਲੀ ਸਮੁੰਦਰ ਦੇ ਪਾਣੀ ਵਿਚ ਡੁੱਲ੍ਹਦੀ ਪਈ ਸੀ।

ਪਾਣੀਆਂ ਨੂੰ ਚੀਰ ਕੇ ਆਉਂਦੀ ਬੇੜੀ ਦਾ ਹੁਣ ਵਜੂਦ ਲੱਭਣ ਲੱਗ ਪਿਆ ਸੀ। ਕਈ ਲੋਕਾਂ ਨੇ ਇਹ ਗੱਲ ਨਾ ਗੌਲੀ, ਪਰ ਕਈਆਂ ਦੇ ਹੱਥੋਂ ਮੱਕੀ ਦੀਆਂ ਛੱਲੀਆਂ ਛੁਟਕ ਗਈਆਂ, ਮੂੰਗਫਲੀ ਡਿੱਗ ਪਈ ਤੇ ਨਾਰੀਅਲ ਦਾ ਪਾਣੀ ਡੁੱਲ੍ਹ ਪਿਆ।

ਛੱਲਾਂ ਇਕ ਸਾਜ਼ ਵਾਂਗ ਵੱਜਦੀਆਂ ਪਈਆਂ ਸਨ, ਚੱਪੂਆਂ ਦੀ ਆਵਾਜ਼ ਉਹਨੂੰ ਤਾਲ ਦੇਣ ਲੱਗ ਪਈ ਤੇ ਫਿਰ ਮਲਾਹ ਦਾ ਗੀਤ ਕੰਢੇ ਵੱਲ ਆਉਣ ਲੱਗ ਪਿਆ।

ਮਲਾਹ ਦਾ ਇਹ ਗੀਤ ਕੋਈ ਜਾਦੂ ਚਾੜ੍ਹਨ ਦੀ ਥਾਂ ਖਬਰੇ ਕੋਈ ਜਾਦੂ ਲਾਂਹਦਾ ਪਿਆ ਸੀ, ਕੰਢੇ ਉਤੇ ਖਲੋਤੇ ਹੋਏ ਕਈ ਜੋੜਿਆਂ ਦੇ ਹੱਥ ਹੱਥਾਂ ਵਿਚੋਂ ਛੁਟਕ ਗਏ। ਜਿਉਂ ਜਿਉਂ ਮਲਾਹ ਦੀ ਆਵਾਜ਼ ਉਚੀ ਹੁੰਦੀ ਗਈ ਤੇ ਬੇੜੀ ਕੰਢੇ ਵੱਲ ਆਉਂਦੀ ਗਈ, ਕਈਆਂ ਦੀਆਂ ਅੱਖਾਂ ਵਿਚ ਧੁੱਪ ਲਿਸ਼ਕੀ, ਕਈਆਂ ਦੀਆਂ ਅੱਖਾਂ ਵਿਚ ਬੱਦਲ ਆ ਗਏ ਤੇ ਕਈਆਂ ਦੀਆਂ 'ਚੋਂ ਕਣੀਆਂ ਲਹਿ ਪਈਆਂ। ਬਹੁਤ ਸਾਰੇ ਲੋਕ ਇਹੋ ਜਿਹੇ ਵੀ ਸਨ, ਜਿਨ੍ਹਾਂ ਨੇ ਇਸ ਪਾਸੇ ਅੱਖਾਂ ਹੀ ਨਹੀਂ ਸਨ ਕੀਤੀਆਂ।

ਬੇੜੀ ਨੂੰ ਕੰਢੇ ਲਾ ਕੇ ਮਲਾਹ ਨੇ ਲੋਕਾਂ ਵੱਲ ਤੱਕਿਆ ਤੇ ਬੁਲਾਵਾ ਦਿੱਤਾ, "ਹੈ ਕੋਈ ਸਵਾਰੀ?"

ਮਲਾਹ ਦੇ ਮੂੰਹ ਦੀ ਝਾਲ ਨਹੀਂ ਸੀ ਝੱਲੀ ਜਾਂਦੀ, ਲੋਕਾਂ ਨੇ ਅੱਖਾਂ ਨੀਵੀਆਂ ਪਾ ਲਈਆਂ। ਤੇ ਮਲਾਹ ਕੰਢੇ ਦੀ ਰੇਤ ਉਤੇ ਨਿਵੇਕਲਾ ਬਹਿ ਕੇ ਹੁੱਕਾ ਪੀਣ ਲੱਗ ਪਿਆ।

ਸੂਰਜ ਦਾ ਪਿਆਲਾ ਮੂਧਾ ਹੋ ਗਿਆ ਤੇ ਸਮੁੰਦਰ ਨੇ ਮਿੰਟਾਂ ਵਿਚ ਉਹਦੀ ਲਾਲੀ ਡੀਕ ਲਾ ਕੇ ਪੀ ਲਈ। ਹੁਣ ਸਮੁੰਦਰ ਰਾਤ ਦੇ ਹਨੇਰੇ ਨੂੰ ਘੁੱਟ ਘੁੱਟ ਕਰ ਕੇ ਪੀਂਦਾ ਪਿਆ ਸੀ। ਲੋਕ ਘਰਾਂ ਨੂੰ ਤੁਰ ਗਏ ਸਨ।

ਮਲਾਹ ਨੇ ਹੁੱਕਾ ਇਕ ਪਾਸੇ ਧਰ ਦਿੱਤਾ ਤੇ ਉਠ ਕੇ ਸਮੁੰਦਰ ਦੇ ਖਾਲੀ ਕੰਢੇ ਨੂੰ ਵੇਖਿਆ, ਪਾਣੀ ਦੀ ਕੋਈ ਛੱਲ ਹੰਭਲਾ ਮਾਰ ਕੇ ਆਉਂਦੀ ਸੀ ਤੇ ਰੇਤ ਉਤੇ ਡਿੱਗੇ ਹੋਏ ਛੱਲੀਆਂ ਦੇ ਤੁੱਕੇ, ਮੂੰਗਫਲੀ ਦੇ ਛਿੱਲੜ ਤੇ ਨਾਰੀਅਲ ਦੇ ਖਿੱਪਰ ਹੂੰਝ ਕੇ ਕੰਢੇ ਦੀ ਰੇਤ ਨੂੰ ਸਵਾਹਰਿਆਂ ਕਰਦੀ ਪਈ ਸੀ। ਲੋਕਾਂ ਦੇ ਪੈਰਾਂ ਦੇ ਨਿਸ਼ਾਨ ਵੀ ਹੂੰਝੇ ਗਏ ਸਨ, ਤੇ ਬਾਲਾਂ ਦੇ ਬਣਾਏ ਹੋਏ ਘਰ ਵੀ।

ਮਲਾਹ ਨੇ ਦੂਰ ਨਾਰੀਅਲ ਦੇ ਝੁੰਡਾਂ ਵਿਚ ਬਣੀ ਝੁੱਗੀ ਵੱਲ ਵੇਖਿਆ। ਝੁੱਗੀ ਵਿਚ ਦੀਵਾ ਅਜੇ ਜਗਦਾ ਪਿਆ ਸੀ। ਮਲਾਹ ਗੇਣਤਰੀਆਂ ਗਿਣਦੇ ਪੈਰਾਂ ਨਾਲ ਉਸ ਝੁੱਗੀ ਵੱਲ ਤੁਰ ਪਿਆ।

"ਜਾਗਨੀ ਏਂ ਅਜੇ?" ਮਲਾਹ ਨੇ ਝੁੱਗੀ ਦਾ ਅੱਧ ਭੀੜਿਆ ਬੂਹਾ ਠਕੋਰਿਆ।

"ਲੰਘ ਆ ਅੰਦਰ! ਤੈਨੂੰ ਹੀ ਪਈ ਉਡੀਕਦੀ ਸਾਂ" ਝੁੱਗੀ ਦੇ ਅੰਦਰੋਂ ਇਕ ਤੀਵੀਂ ਦੀ ਆਵਾਜ਼ ਆਈ, "ਬਹਿ ਜਾ ਏਥੇ" ਤੀਵੀਂ ਨੇ ਫੇਰ ਆਖਿਆ ਤੇ ਝੁੱਗੀ ਦੀ ਨੁੱਕਰੇ ਵਿਛਾਈ ਬੋਰੀ ਨੂੰ ਇਕ ਵਾਰੀ ਫੇਰ ਝਾੜ ਕੇ ਵਿਛਾ ਦਿੱਤਾ।

"ਕੋਈ ਸਵਾਰੀ ਨਹੀਂ ਮਿਲੀ", ਮਲਾਹ ਨੇ ਇਕ ਡੂੰਘਾ ਸਾਹ ਭਰਿਆ।

"ਮੈਂ ਆਖਣੀ ਆਂ ਤੂੰ ਇਹ ਰੋਜ਼ ਦਾ ਬਖੇੜਾ ਛੱਡ ਕਿਉਂ ਨਹੀਂ ਦੇਂਦਾ? ਕਦੇ ਤੈਨੂੰ ਕੋਈ ਸਵਾਰੀ ਲੱਭੀ ਵੀ ਏ? ਛੱਡ ਪਰ੍ਹੇ ਸਵਾਰੀਆਂ ਦੀ ਗੱਲ, ਇਹ ਦੱਸ ਨਾਰੀਅਲ ਪੀਏਂਗਾ?"

"ਨਾਰੀਅਲ ਪੀਣ ਹੀ ਤਾਂ ਆਇਆ ਵਾਂ।"

"ਦੱਸ ਕਿਹੜਾ ਲਿਆਵਾਂ? ਪਾਣੀ ਵਾਲਾ, ਮਲਾਈ ਵਾਲਾ ਕਿ ਗਰੀ ਵਾਲਾ?"

"ਅੱਜ ਮੇਰਾ ਜੀਅ ਬੜਾ ਉਦਾਸ ਏ, ਤੂੰ ਮੈਨੂੰ ਤਿੰਨੇ ਹੀ ਪਿਆ ਦੇ। ਪਹਿਲੋਂ ਪਾਣੀ ਵਾਲਾ, ਫੇਰ ਮਲਾਈ ਵਾਲਾ, ਤੇ ਫੇਰ ਮੋਟੀ ਗਰੀ ਵਾਲਾ।"

ਤੀਵੀਂ ਨੇ ਟੋਕਰੀ ਵਿਚੋਂ ਤਿੰਨੋਂ ਨਾਰੀਅਲ ਆਂਦੇ ਤੇ ਵਾਰੋ ਵਾਰ ਤੋੜਦੀ, ਮਲਾਹ ਦੇ ਹੱਥਾਂ ਵਿਚ ਫੜਾਂਦੀ ਆਖਣ ਲੱਗੀ, "ਕੁਝ ਮਿੱਠੇ ਵੀ ਨਿਕਲੇ ਨੇ ਕਿ ਨਹੀਂ?"

"ਬੜੇ ਮਿੱਠੇ ਨੇ", ਮਲਾਹ ਨੇ ਆਖਿਆ ਤੇ ਕੱਚੀ ਗਰੀ ਦਾ ਟੋਟਾ ਭੰਨ ਕੇ ਉਸ ਤੀਵੀਂ ਦੇ ਹੱਥ ਫੜਾਂਦਾ ਆਖਣ ਲੱਗਾ, "ਲੈ ਤੂੰ ਆਪ ਖਾ ਕੇ ਵੇਖ।"

"ਇਹ ਵੀ ਸ਼ੁਕਰ ਏ ਜੁ ਤੂੰ ਘੜੀ ਬਿੰਦ ਏਥੇ ਆ ਜਾਨਾਂ ਏਂ, ਨਹੀਂ ਤਾਂ ਮੈਂ ਇਹ ਨਾਰੀਅਲ ਦੇ ਸਾਰੇ ਰੁੱਖ ਕੱਟ ਛੱਡਣੇ ਸਨ।"

ਮਲਾਹ ਮੁਸਕਰਾਇਆ ਤੇ ਆਖਣ ਲੱਗਾ, "ਤਾਂਹੀਓਂ ਆਖਨੀ ਏਂ ਮੈਂ ਇਹ ਰੋਜ਼ ਦਾ ਬਖੇੜਾ ਛੱਡ ਦਿਆਂ? ਜੇ ਮੈਂ ਸਵਾਰੀਆਂ ਦੀ ਆਸ ਛੱਡ ਦਿਆਂ, ਤੇ ਬੇੜੀ ਲੈ ਕੇ ਕਦੀ ਇਸ ਕੰਢੇ ਨਾ ਆਵਾਂ ਤਾਂ ਫੇਰ ਤੂੰ ਇਸ ਧਰਤੀ ਉਤੇ ਇਹ ਨਾਰੀਅਲ ਦੇ ਰੁੱਖ ਕਾਹਨੂੰ ਬੀਜੇਂਗੀ?"

"ਇਹ ਤੇ ਤੂੰ ਸੱਚ ਆਖਨਾ ਏਂ", ਤੀਵੀਂ ਨੇ ਹਉਕਾ ਭਰਿਆ।

"ਮੈਨੂੰ ਕੋਈ ਸਵਾਰੀ ਨਹੀਂ ਲੱਭਦੀ... ਕਦੇ ਕਦੇ ਮੈਂ ਜਦੋਂ ਬਹੁਤਾ ਹੀ ਉਦਾਸ ਹੋ ਜਾਨਾ ਵਾਂ, ਮੇਰਾ ਜੀਅ ਕਰਦਾ ਏ ਤੈਨੂੰ ਆਪਣੀ ਬੇੜੀ ਵਿਚ ਬਿਠਾ ਕੇ ਲੈ ਜਾਵਾਂ...।"

"ਇਹ ਗੱਲ ਤੇ ਤੂੰ ਅੱਗੇ ਵੀ ਕਈ ਵਾਰ ਆਖੀ ਏ, ਪਰ ਇਹ ਕੋਈ ਤੇਰੇ ਵੱਸ ਦੀ ਗੱਲ ਥੋੜ੍ਹੀ ਏ...।" ਤੀਵੀਂ ਨੇ ਆਪਣੇ ਦੁੱਪਟੇ ਦੀ ਕੰਨੀ ਨਾਲ ਆਪਣੀਆਂ ਅੱਖਾਂ ਪੂੰਝੀਆਂ।

"ਇਹੋ ਹੀ ਤੇ ਦੁੱਖ ਏ ਕਿ ਇਹ ਮੇਰੇ ਵੱਸ ਦੀ ਗੱਲ ਨਹੀਂ", ਮਲਾਹ ਨੇ ਲੰਬਾ ਸਾਹ ਭਰਿਆ।

"ਇਹ ਕਿਹੋ ਜਿਹਾ ਨੇਮ ਬਣਾਇਆ ਏ ਕੁਦਰਤ ਨੇ...।"

"ਤੀਵੀਂ ਦੇ ਮਨ ਵਿਚ ਇਕ ਮਰਦ ਵਾਸਤੇ ਸਦੀਵੀ ਤਾਂਘ ਤੇ ਮਰਦ ਦੇ ਮਨ ਵਿਚ ਇਕ ਤੀਵੀਂ ਲਈ ਸਦੀਵੀ ਖਿੱਚ। ਕੁਦਰਤ ਦੇ ਇਸ ਨੇਮ ਨੂੰ ਕਿਹੜਾ ਭੰਨੇ?"

"ਪਰ ਤੀਵੀਂ ਨੂੰ ਕਦੇ ਵੀ ਉਹ ਮਰਦ ਨਾ ਮਿਲਿਆ, ਜਿਹਦੇ ਨਾਲ ਉਹਦੀ ਭਟਕਣਾ ਮੁੱਕ ਜਾਂਦੀ, ਤੇ ਮਰਦ ਨੂੰ ਕਦੇ ਵੀ ਉਹ ਤੀਵੀਂ ਨਾ ਮਿਲੀ ਜਿਹਦੇ ਨਾਲ ਉਹਦੀ ਤ੍ਰਿਸ਼ਨਾ ਖਲੋ ਜਾਂਦੀ।"

"ਮਨ ਦਾ ਇਹ ਏਡਾ ਵੱਡਾ ਸਮੁੰਦਰ ਕਿਸੇ ਕੋਲੋਂ ਪਾਰ ਨਹੀਂ ਹੁੰਦਾ, ਮੈਂ ਤਾਂਹੀਏਂ ਤਾਂ ਇਹ ਬੇੜੀ ਬਣਾਈ...ਪਰ ਸਮੁੰਦਰ ਦੇ ਪਰਲੇ ਪਾਸੇ ਜ਼ਿੰਦਗੀ ਦੀ ਸਾਰੀ ਵਾਦੀ ਸੱਖਣੀ ਪਈ ਹੋਈ ਏ, ਮੈਨੂੰ ਕੋਈ ਸਵਾਰੀ ਹੀ ਨਹੀਂ ਲੱਭਦੀ, ਉਸ ਪਾਸੇ ਲਿਜਾਣ ਲਈ।"

"ਤੇ ਏਧਰ ਦੁਨੀਆਂ ਕੁਰਬਲ ਕੁਰਬਲ ਪਈ ਕਰਦੀ ਏ, ਰਹਿਣ ਨੂੰ ਘਰ ਨਹੀਂ, ਖਾਣ ਨੂੰ ਰੋਟੀ ਨਹੀਂ। ਨਿਥਾਵਿਆਂ ਵਾਂਗ ਲੋਕ ਜੰਮਦੇ ਨੇ, ਤੇ ਮੁਹਤਾਜਾਂ ਵਾਂਗ ਜੀਊਂਦੇ ਨੇ।"

"ਫੇਰ ਵੀ ਸਾਰੇ ਏਧਰ ਹੀ ਰਹਿੰਦੇ ਨੇ, ਮੈਂ ਤਾਂ ਰੋਜ਼ ਬੇੜੀ ਲੈ ਕੇ ਔਨਾ ਵਾਂ।"

"ਤੇਰਾ ਭਾੜਾ ਕੌਣ ਚੁਕਾਵੇ? ਤੂੰ ਭਾੜਾ ਮੰਗਨਾਂ ਏਂ ਸਾਬਤਾ ਦਿਲ ਦਾ... ਉਹ ਵੀ ਕੋਈ ਚੁਕਾ ਦੇਵੇ, ਕਈਆਂ ਕੋਲ ਸਾਬਤ ਦਿਲ ਨੇ, ਪਰ ਨਾਲ ਤੇਰੀ ਸ਼ਰਤ ਵੀ ਅਨੋਖੀ ਏ ਕਿ ਤੇਰੀ ਬੇੜੀ ਵਿਚ ਨਾ ਕੋਈ ਤੀਵੀਂ ਇਕੱਲੀ ਜਾ ਸਕਦੀ ਏ, ਨਾ ਕੋਈ ਮਰਦ ਇਕੱਲਾ। ਤੀਵੀਂ ਕੋਲ ਵੀ ਸਾਬਤ ਦਿਲ ਹੋਵੇ ਤੇ ਮਰਦ ਕੋਲ ਵੀ ਸਾਬਤ ਦਿਲ ਹੋਵੇ, ਤੇ ਫਿਰ ਉਹ ਦੋਵੇਂ ਸਿੱਕੇ ਇਕ ਦੂਸਰੇ ਦੇ ਸਿਰ ਉਤੋਂ ਵਾਰ ਕੇ ਤੈਨੂੰ ਦੇ ਦੇਣ ਤਾਂ ਉਹ ਤੇਰੀ ਬੇੜੀ ਵਿਚ ਬਹਿ ਸਕਦੇ ਨੇ...।"

"ਮੈਂ ਤਾਂ ਤੈਨੂੰ ਦੱਸਿਆ ਏ ਕਿ ਮੇਰਾ ਕਸੂਰ ਕੋਈ ਨਹੀਂ ਇਹਦੇ ਵਿਚ। ਇਹ ਨੇਮ ਏ ਕੁਦਰਤ ਦਾ... ਨਹੀਂ ਤਾਂ ਮੈਂ ਤੈਨੂੰ ਇਕੱਲੀ ਨੂੰ ਇਸ ਬੇੜੀ ਵਿਚ ਬਿਠਾ ਕੇ ਲੈ ਜਾਂਦਾ। ਜ਼ਿੰਦਗੀ ਦੀ ਵਾਦੀ ਵਿਚ ਤੂੰ ਬੜਾ ਸੋਹਣਾ ਘਰ ਬਣਾਉਣਾ ਸੀ।"

"ਤੂੰ ਮੇਰਿਆਂ ਦੁੱਖਾਂ ਨੂੰ ਹੁਣ ਕਾਹਨੂੰ ਫੋਲਦਾ ਏਂ? ਹੁਣ ਮੇਰੀ ਉਮਰ ਢਲ ਚੱਲੀ ਏ। ਹੁਣ ਤਾਂ ਮੇਰੀਆਂ ਯਾਦਾਂ ਦੇ ਜ਼ਖਮ ਵੀ ਭਰ ਗਏ ਨੇ।"

"ਜ਼ਖਮ ਹੀ ਤੇ ਭਰਦੇ ਨਹੀਂ ਝੱਲੀਏ। ਤੂੰ ਕੀ ਸੋਚਨੀ ਏਂ ਇਹ ਜ਼ਖਮ ਸਿਰਫ ਜਵਾਨੀ ਦੇ ਪਿੰਡੇ ਉਤੇ ਲੱਗਦੇ ਨੇ? ਇਹ ਦਰਦ ਜਿਸਮਾਂ ਦਾ ਨਹੀਂ ਪਗਲੀ, ਇਹ ਰੂਹਾਂ ਦਾ ਦਰਦ ਏ ਤੇ ਰੂਹਾਂ ਦੀ ਉਮਰ ਕਦੇ ਨਹੀਂ ਢਲਦੀ।"

ਤੀਵੀਂ ਨੇ ਸਿਰ ਨੀਵਾਂ ਪਾ ਲਿਆ ਜਿਵੇਂ ਉਹਦੀ ਰੂਹ 'ਤੇ ਪਏ ਸਾਰੇ ਜ਼ਖਮ ਸਿੰਮ ਪਏ ਹੋਣ।

"ਤੈਨੂੰ ਉਹ ਦਿਨ ਭੁੱਲ ਗਿਆ ਏ ਜਦੋਂ ਇਕ ਮਰਦ ਤੇਰਾ ਹੱਥ ਫੜ ਕੇ ਮੇਰੀ ਬੇੜੀ ਵਿਚ ਬਹਿਣ ਲਈ ਆਇਆ ਸੀ... ਤੇ ਫੇਰ...ਫੇਰ ਉਹ ਕੰਢੇ ਉਤੇ ਖਲੋਤੀਆਂ ਹੋਈਆਂ ਕੁੜੀਆਂ ਦੇ ਮੂੰਹ ਵੇਖ ਕੇ ਭਰਮ ਗਿਆ। ਉਹਦਾ ਦਿਲ ਸਾਬਤ ਨਾ ਰਿਹਾ, ਉਹ ਮੇਰਾ ਭਾੜਾ ਨਾ ਚੁਕਾ ਸਕਿਆ...ਤੇ ਉਹ ਤੇਰਾ ਹੱਥ ਛੱਡ ਕੇ ਕੰਢੇ ਦੀ ਭੀੜ ਵਿਚ ਗੁਆਚ ਗਿਆ।"

"ਬਸ ਕਰ ਬਸ ਕਰ, ਮੇਰੇ ਜ਼ਖਮਾਂ ਨੂੰ ਨਾ ਉਚੇੜ", ਤੀਵੀਂ ਰੋਣ ਲੱਗ ਪਈ।

"ਅੱਛਾ, ਚੁੱਪ ਕਰ ਜਾ! ਮੈਂ ਕੋਈ ਨਹੀਂ ਉਹਦੀ ਗੱਲ ਕਰਦਾ...ਸੁਣਾ ਤੇਰੇ ਸ਼ਹਿਰ ਦਾ ਕੀ ਹਾਲ ਏ? ਦੁਨੀਆਂ ਆਖਦੇ ਨੇ ਨਾ ਤੇਰੇ ਸ਼ਹਿਰ ਨੂੰ?"

"ਮੇਰੇ ਸ਼ਹਿਰ ਦਾ ਹਾਲ ਤੇਰੇ ਕੋਲੋਂ ਕੋਈ ਗੁੱਝਾ ਏ?" ਤੀਵੀਂ ਨੇ ਸਿਸਕੀਆਂ ਭਰ ਕੇ ਕਿਹਾ।

"ਮੈਂ ਸ਼ਹਿਰ ਵਿਚ ਤਾਂ ਕਦੇ ਗਿਆ ਨਹੀਂ, ਇੱਥੋਂ ਕੰਢੇ ਕੋਲੋਂ ਹੀ ਮੁੜ ਜਾਨਾ ਵਾਂ, ਤੀਵੀਆਂ ਅਤੇ ਮਰਦ ਕਿਵੇਂ ਰਹਿੰਦੇ ਨੇ ਆਪੋ ਵਿਚ?"

"ਤੀਵੀਆਂ ਨੂੰ ਝੱਖੜ ਝਾਂਜੇ ਤੋਂ ਬਚਣ ਲਈ ਘਰਾਂ ਦੀ ਓਟ ਚਾਹੀਦੀ ਏ, ਤੇ ਮਰਦਾਂ ਨੂੰ ਦਿਨ ਰਾਤ ਦੀ ਗੁਲਾਮੀ ਕਰਨ ਵਾਲਾ ਤੀਵੀਂ ਤੋਂ ਚੰਗਾ ਕੋਈ ਗੁਲਾਮ ਨਹੀਂ ਮਿਲ ਸਕਦਾ, ਇਸ ਲਈ ਰੋਟੀ ਕੱਪੜਾ ਦੇ ਕੇ ਮਰਦ ਇਹ ਸੌਦਾ ਕਰ ਲੈਂਦੇ ਨੇ। ਵਿਆਹ ਆਖਦੇ ਨੇ ਸਾਡੇ ਸ਼ਹਿਰ ਵਿਚ ਇਹਨੂੰ।" ਤੀਵੀਂ ਨੇ ਕਿਹਾ।



"ਏਸ ਵਿਆਹ ਨਾਲ ਉਨ੍ਹਾਂ ਦੀ ਉਮਰ ਰੱਜੀ ਰਹਿੰਦੀ ਏ?"

"ਰੱਜੀ ਕਾਹਨੂੰ ਰਹਿੰਦੀ ਏ, ਹਾਬੜੀ ਰਹਿੰਦੀ ਏ। ਕਦੇ 'ਨੇਰੇ ਸਵੇਰੇ ਕੋਈ ਮਰਦ ਘੜੀ ਭਰ ਲਈ ਕਿਸੇ ਦੀ ਤੀਵੀਂ ਚੁਰਾ ਲੈਂਦਾ ਏ, ਤੇ ਕੋਈ ਤੀਵੀਂ ਘੜੀ ਭਰ ਲਈ ਕਿਸੇ ਦਾ ਮਰਦ ਖੋਹ ਲੈਂਦੀ ਏ।"

"ਕਹਿੰਦੇ ਨੇ ਹੁਣ ਤੁਹਾਡੇ ਸ਼ਹਿਰ ਵਿਚ ਬੜੀਆਂ ਸੋਹਣੀਆਂ ਇਮਾਰਤਾਂ ਬਣ ਗਈਆਂ ਨੇ, ਉਥੇ ਲੋਕ ਰਲ ਕੇ ਬਹਿੰਦੇ, ਬੜੇ ਹੱਸਦੇ, ਗਾਉਂਦੇ ਤੇ ਨੱਚਦੇ ਨੇ।"

"ਤੈਨੂੰ ਤਾਂ ਪਤਾ ਏ ਕਿ ਪਹਿਲਾਂ ਇਸ ਸਮੁੰਦਰ ਦਾ ਪਾਣੀ ਬੜਾ ਮਿੱਠਾ ਹੁੰਦਾ ਸੀ, ਪੇਰ ਲੋਕਾਂ ਨੇ ਆਪਣੇ ਜੂਠੇ ਕੌਲ ਕਰਾਰ ਇਸ ਵਿਚ ਪਾਣੇ ਸ਼ੁਰੂ ਕਰ ਦਿੱਤੇ, ਤੇ ਸਮੁੰਦਰ ਦਾ ਪਾਣੀ ਖਾਰਾ ਹੋ ਗਿਆ। ਹੁਣ ਲੋਕ ਚੌਲਾਂ ਨੂੰ ਤੇ ਫਲਾਂ ਨੂੰ ਕਾੜ੍ਹ ਕੇ ਕੋਈ ਪਾਣੀ ਜਿਹਾ ਬਣਾ ਲੈਂਦੇ ਨੇ, ਉਸ ਪਾਣੀ ਵਿਚ ਪਤਾ ਨਹੀਂ ਕੀ ਹੁੰਦਾ ਏ, ਲੋਕ ਪੀਂਦੇ ਨੇ ਤੇ ਘੜੀ ਭਰ ਲਈ ਉਚੀ ਉਚੀ ਹੱਸਣ ਲੱਗ ਪੈਂਦੇ ਨੇ, ਗੌਣ ਵੀ ਲੱਗ ਪੈਂਦੇ ਨੇ, ਨੱਚਣ ਵੀ ਲੱਗ ਪੈਂਦੇ ਨੇ। ਫਿਰ ਉਸ ਪਾਣੀ ਦਾ ਜ਼ੋਰ ਲਹਿ ਜਾਂਦਾ ਏ ਤੇ ਉਹ ਪੀਲੇ ਭੂਕ ਹੋ ਕੇ ਬਹਿ ਜਾਂਦੇ ਨੇ।"

"ਲੋਕਾਂ ਦਾ ਤੇ ਹਾਕਮਾਂ ਦਾ ਕਿਹੋ ਜਿਹਾ ਰਿਸ਼ਤਾ ਏ ਆਪੋ ਵਿਚ?"

"ਹਕੂਮਤ ਦੀ ਕੁਰਸੀ ਪਤਾ ਨਹੀਂ ਕਿਹੜੀ ਲੱਕੜ ਦੀ ਬਣੀ ਹੋਈ ਹੁੰਦੀ ਏ, ਅਕਸਰ ਜਿਹੜਾ ਕੋਈ ਉਸ ਕੁਰਸੀ ਉਤੇ ਬਹਿੰਦਾ ਏ, ਉਹਦਾ ਸਿਰ ਭੌਂ ਜਾਂਦਾ ਏ!"

"ਲੋਕ ਮਿਹਨਤੀ ਕਿੰਨੇ ਕੁ ਨੇ?"

"ਕਈ ਤਾਂ ਹੱਡਾਂ ਨਾਲ ਤੋੜਵੀਂ ਮਿਹਨਤ ਕਰਦੇ ਨੇ, ਤੇ ਕਈ ਆਪਣੇ ਅੰਗਾਂ ਨੂੰ ਹਿਲਾਂਦੇ ਵੀ ਨਹੀਂ। ਪਰ ਜਿਹੜੇ ਲੋਕ ਆਪਣੇ ਅੰਗ ਨਹੀਂ ਹਿਲਾਂਦੇ, ਉਨ੍ਹਾਂ ਨੂੰ ਇਕ ਬੜੀ ਜਾਚ ਆਉਂਦੀ ਏ, ਉਹ ਦੂਜਿਆਂ ਦੀ ਮਿਹਨਤ ਦਾ ਸਾਰਾ ਮੁੱਲ ਆਪ ਲੈ ਲੈਂਦੇ ਨੇ...।"

"ਇਨਸਾਫ ਕੋਈ ਨਹੀਂ ਤੁਹਾਡੇ ਸ਼ਹਿਰ?"

"ਕਹਿੰਦੇ ਨੇ ਲੋਕਾਂ ਨੇ ਉਹਦੇ ਉਤੇ ਬਗਾਵਤ ਦਾ ਫਤਵਾ ਲਾ ਕੇ ਉਹਨੂੰ ਆਪਣੇ ਸ਼ਹਿਰੋਂ ਕੱਢ ਛੱਡਿਆ ਏ।"

"ਫੇਰ ਇਨਸਾਫ ਹੁਣ ਰਹਿੰਦਾ ਕਿੱਥੇ ਵੇ?"

"ਕਿਤੇ ਲੁਕਿਆ ਛਿਪਿਆ ਕਿਸੇ ਦੇ ਮਨ ਵਿਚ ਰਹਿੰਦਾ ਏ, ਹੁਣ ਉਹ ਕਚਹਿਰੀਆਂ ਵਿਚ ਨਹੀਂ ਰਹਿੰਦਾ।"

"ਸੁਣਿਆਂ ਏ ਲੋਕਾਂ ਨੇ ਬੜੀਆਂ ਨਵੀਆਂ ਕਾਢਾਂ ਕੱਢ ਲਈਆਂ ਨੇ?"

"ਜਿਵੇਂ ਅੰਜਾਣੇ ਦੇ ਹੱਥ ਵਿਚ ਛੁਰੀ ਆ ਜਾਏ ਤਾਂ ਉਹ ਕੁਝ ਘੜਨ ਦੀ ਥਾਂ ਵੱਢੀ ਟੁੱਕੀ ਜਾਂਦਾ ਏ। ਇੰਜ ਹੀ ਪਹਿਲੋਂ ਲੋਕ ਨਵੀਆਂ ਕਾਢਾਂ ਕੱਢਦੇ ਨੇ ਤੇ ਫੇਰ ਉਹਦੇ ਨਾਲ ਦੁਨੀਆਂ ਨੂੰ ਢਾਹਣ ਲੱਗ ਪੈਂਦੇ ਨੇ।"

"ਹੋਰ ਕੀ ਪੁੱਛਾਂ ਮੈਂ? ਜੋ ਕੁਝ ਪੁੱਛਿਆ ਏ, ਉਹੀ ਬੜਾ ਏ।"

"ਕੁਝ ਨਾ ਪੁੱਛੋ! ਤੇ ਨਾਲੇ ਤੂੰ ਤਾਂ ਪੁੱਛੇਂ ਜੇ ਤੈਨੂੰ ਪਤਾ ਨਾ ਹੋਵੇ। ਤੂੰ ਸੱਭੋ ਕੁਝ ਜਾਣਦਾ ਏਂ, ਬੜਾ ਖਚਰਾ ਏ"

"ਹਾਂ ਸੱਚ, ਤੁਹਾਡੇ ਸ਼ਹਿਰ ਵਿਚ ਲਿਖਾਰੀ ਵੀ ਤਾਂ ਹੋਣਗੇ?"

"ਹਾਂ ਹੈਣ ਤਾਂ ਸਹੀ, ਪਰ ਉਹ ਉਚਾ ਨਹੀਂ ਉਭਾਸਰ ਸਕਦੇ, ਨਹੀਂ ਤਾਂ ਲੋਕ ਉਨ੍ਹਾਂ ਨੂੰ ਵੀ ਸ਼ਹਿਰੋਂ ਕੱਢ ਦੇਣ। ਚਿੰਨ੍ਹਾਂ ਸੰਕੇਤਾਂ ਨਾਲ ਉਹ ਜ਼ਿੰਦਗੀ ਦੀ ਵਾਦੀ ਦੀਆਂ ਗੱਲਾਂ ਕਰਦੇ ਨੇ, ਤੇ ਇਸ ਮਨ ਦੇ ਸਮੁੰਦਰ ਦੀਆਂ ਗੱਲਾਂ ਤੇ ਤੇਰੀਆਂ ਗੱਲਾਂ। ਤੂੰ ਮਲਾਹ ਜੁ ਹੋਇਉਂ ਬੇੜੀ ਦਾ।"

"ਮੇਰਾ ਨਾਂ ਉਨ੍ਹਾਂ ਨੂੰ ਪਤਾ ਏ?"

"ਤੇਰਾ ਨਾਂ ਕੋਈ ਲੁਕਿਆ ਛਿਪਿਆ ਏ? ਸਾਰੇ ਜਾਣਦੇ ਨੇ ਤੇਰੇ ਨਾਂ ਨੂੰ, ਸੁਪਨਾ!"

ਮਲਾਹ ਨੇ ਇਕ ਹਉਕਾ ਭਰਿਆ ਤੇ ਆਖਣ ਲੱਗਾ, "ਫੇਰ ਕਦੇ ਉਹ ਮੇਰੀ ਬੇੜੀ ਵਿਚ ਚੜ੍ਹ ਕੇ ਇਸ ਸਮੁੰਦਰ ਨੂੰ ਪਾਰ ਕਿਉਂ ਨਹੀਂ ਕਰਦੇ?"

"ਤੇਰੀ ਸ਼ਰਤ ਨਹੀਂ ਪੁੱਜਦੀ ਕਿਸੇ ਕੋਲੋਂ" ਤੀਵੀਂ ਨੇ ਠੰਡਾ ਸਾਹ ਲਿਆ ਤੇ ਆਖਿਆ, "ਤਨ ਦੇ ਬੋਝੇ ਵਿਚ ਕਈਆਂ ਕੋਲ ਮਨ ਦਾ ਭਾੜਾ ਹੈਗਾ ਏ ਦੇਣ ਲਈ, ਪਰ ਉਨ੍ਹਾਂ ਨੂੰ ਉਨ੍ਹਾਂ ਦਾ ਸਾਥੀ ਨਹੀਂ ਮਿਲਦਾ। ਤੇਰੇ ਗੀਤ ਨੂੰ ਉਨ੍ਹਾਂ ਨੇ ਕਈ ਵਾਰ ਗਾਇਆ ਏ, ਪਰ ਉਨ੍ਹਾਂ ਦੇ ਸਾਥੀ ਇਸ ਗੀਤ ਦਾ ਹੁੰਗਾਰਾ ਨਹੀਂ ਭਰਦੇ।"

ਮਲਾਹ ਨੇ ਸਿਰ ਨੀਵਾਂ ਪਾ ਲਿਆ।

"ਇਕ ਗੱਲ ਪੁੱਛਾਂ?" ਤੀਵੀਂ ਨੇ ਹੌਲੀ ਜਿਹੀ ਆਖਿਆ।

"ਪੁੱਛ।"

"ਉਹਦਾ ਕੀ ਹਾਲ ਏ? ਤੂੰ ਕਦੇ ਵੇਖਿਆ ਹੋਵੇਗਾ ਉਹਨੂੰ?"

"ਕਿਹਨੂੰ?"

"ਕਾਹਨੂੰ ਮਸ਼ਕਰੀ ਕਰਨਾ ਏਂ? ਉਹੀਓ, ਜਿਹੜਾ ਇਕ ਦਿਨ ਮੇਰਾ ਹੱਥ ਫੜ ਕੇ ਮੈਨੂੰ ਤੇਰੀ ਬੇੜੀ ਵਿਚ ਬਿਠਾਣ ਲਈ ਲਿਆਇਆ ਸੀ...।"

"ਹੁਣ ਕਾਹਨੂੰ ਉਹਦਾ ਹਾਲ ਪੁੱਛਦੀ ਏਂ?"

"ਐਵੇਂ ਹੀ।"

"ਤੂੰ ਜਿਵੇਂ ਨਾਰੀਅਲ ਵੇਚਦੀ ਏਂ, ਉਹ ਚਾਹ ਵੇਚਦਾ ਏ।"

"ਕੋਈ ਤੀਵੀਂ ਉਹਦੇ ਕੋਲ ਹੋਵੇਗੀ?"

"ਹਾਂ ਬਥੇਰੀਆਂ ਆਈਆਂ ਤੇ ਬਥੇਰੀਆਂ ਗਈਆਂ।"

"ਉਹ ਕਿਸੇ ਦਾ ਹੱਥ ਫੜ ਕੇ ਤੇਰੀ ਬੇੜੀ ਵਿਚ ਕਿਉਂ ਨਹੀਂ ਚੜ੍ਹਿਆ?"

"ਹੁਣ ਉਹਦੇ ਬੋਝੇ ਵਿਚ ਭਾੜਾ ਕਿੱਥੇ ਵੇ ਮੈਨੂੰ ਦੇਣ ਲਈ।"

ਤੀਵੀਂ ਨੇ ਫੇਰ ਅੱਖਾਂ ਭਰ ਲਈਆਂ।

"ਮੈਂ ਜਾਵਾਂ ਹੁਣ?" ਮਲਾਹ ਨੇ ਪੁੱਛਿਆ।

"ਜਿਵੇਂ ਤੇਰੀ ਮਰਜ਼ੀ।"

"ਮੇਰੀ ਜ਼ਨਾਨੀ ਮੈਨੂੰ ਉਡੀਕਦੀ ਹੋਵੇਗੀ। ਮੇਰੀ ਕਲਪਨਾ...।" ਤੇ ਮਲਾਹ ਉਠ ਬੈਠਾ।

ਤੀਵੀਂ ਨੇ ਆਪਣੀ ਝੁੱਗੀ ਦਾ ਬੂਹਾ ਭੀੜ ਲਿਆ। ਦੀਵਾ ਬੁਝਾ ਦਿੱਤਾ। ਬਾਹਰ ਸਮੁੰਦਰ ਦੀਆਂ ਛੱਲਾਂ ਇਕ ਸਾਜ਼ ਵਾਂਗ ਵੱਜਦੀਆਂ ਸਨ, ਚੱਪੂਆਂ ਦੀ ਆਵਾਜ਼ ਉਹਨੂੰ ਤਾਲ ਦੇਂਦੀ ਪਈ ਸੀ, ਮਲਾਹ ਦਾ ਗੀਤ ਕੰਢੇ ਕੋਲੋਂ ਦੂਰ ਜਾ ਰਿਹਾ ਸੀ।

## ਮਿੰਨੀ ਕਹਾਣੀ

### ਬਹਾਦਰ

ਪੱਗ ਬੰਨਾਂ ਜਾਂ ਟੋਪੀ ਪਾਵਾਂ? ਕੁੜੀ ਤਾਂ ਕਹਿ ਗਈ, "ਡੈਡੀ ਟੋਪੀ ਪਾ ਕੇ ਪਾਰਕ ਜਾਇਓ, ਗੋਰਿਆਂ ਦੇ ਜੁਆਕ ਬਾਹਲੇ ਕਰੇਜ਼ੀ ਹੁੰਦੇ! ਨਾ ਜਾਣੀਏਂ...।"

"ਨਹੀਂ, ਨਹੀਂ। ਸਾਰੀ ਉਮਰ ਪੱਗ ਬੰਨੀ, ਹੁਣ ਟੋਪੀ ਕਿਉਂ? ਦੇਖੀ ਜਾਊ, ਮੈਂ ਤਾਂ ਪੱਗ ਬੰਨ ਕੇ ਹੀ ਜਾਊਂ।" ਜੋਗਿੰਦਰ ਸਿੰਘ ਦਿਲ ਨਾਲ ਕਸ਼ਮਕਸ਼ ਕਰਦਾ, ਅਖੀਰ ਸ਼ਾਮੀਂ ਸਿਰ 'ਤੇ ਪੱਗ ਰੱਖ, ਦੋਹਤੇ ਨੂੰ ਉਂਗਲੀ ਲਾ ਪਾਰਕ ਚਲਾ ਗਿਆ। ਉਸ ਇਲਾਕੇ ਵਿਚ ਪੰਜਾਬੀ ਪਰਿਵਾਰ ਉਹੀ ਇਕੱਲਾ ਸੀ।

ਦੋਹਤਾ ਝੂਟਿਆਂ 'ਤੇ ਖੇਡਣ ਲੱਗ ਗਿਆ, ਆਪ ਉਹ ਸਾਹਮਣੇ ਬੈਂਚ 'ਤੇ ਬੈਠ ਗਿਆ। ਅਚਾਨਕ ਉਹਦਾ ਧਿਆਨ ਸਾਹਮਣੇ ਆਉਂਦੇ ਬਜ਼ੁਰਗ ਗੋਰੇ ਵੱਲ ਪਿਆ, ਜੋ ਖੂੰਡੀ ਨਾਲ ਹੌਲੀ-ਹੌਲੀ ਤੁਰਦਾ ਉਸ ਵੱਲ ਹੀ ਆ ਰਿਹਾ ਸੀ।

"ਗੁੱਡ ਈਵਨਿੰਗ! ਮਿਸਟਰ ਸਿੰਘ, ਕਿੱਡਾ ਚੰਗਾ ਮੌਸਮ ਏ!" ਕਹਿੰਦਾ ਉਹ ਵੀ ਬੈਂਚ 'ਤੇ ਥੋੜਾ ਹੱਟ ਕੇ ਬੈਠ ਗਿਆ।

"ਮੈਨੂੰ ਥੋੜਾ ਸਾਹ ਚੜ੍ਹ ਜਾਂਦਾ ਤੁਰਦਿਆਂ, ਉਮਰ ਵੀ ਅੱਸੀ ਸਾਲ ਹੋ ਗਈ ਏ।" ਕਹਿ ਉਹ ਥੋੜੀ ਦੇਰ ਚੁੱਪ ਕਰ ਗਿਆ। ਉਸ ਨੂੰ ਅਜੇ ਵੀ ਗੱਲ ਕਰਦਿਆਂ ਸਾਹ ਚੜ੍ਹਿਆ ਲੱਗਦਾ ਸੀ, ਗੱਲ ਰੁਕ-ਰੁਕ ਕਰਦਾ। ਜੋਗਿੰਦਰ ਸਿੰਘ ਨੇ ਉਹਦੀਆਂ ਸਾਰੀਆਂ ਗੱਲਾਂ ਦਾ ਜਵਾਬ ਝਕਦਿਆਂ ਝਕਦਿਆਂ 'ਹਾਂ' ਵਿਚ ਦਿੱਤਾ।

ਉਹ ਫੇਰ ਸ਼ੁਰੂ ਹੋ ਗਿਆ, "ਤੇਰੀ ਪੱਗ ਦਾ ਨੀਲਾ ਰੰਗ ਬਹੁਤ ਸੋਹਣਾ ਲੱਗਦਾ ਮਿਸਟਰ ਸਿੰਘ! ਮੇਰੇ ਪਿਉ ਨੇ ਦੂਜੀ ਵਿਸ਼ਵ ਜੰਗ ਲੜੀ ਸੀ, ਉਹ ਯੂਰਪ 'ਚ ਲੜਿਆ ਸੀ। ਸਿੱਖਾਂ ਦੀ ਬਹਾਦਰੀ ਬਾਰੇ ਸਾਨੂੰ ਦੱਸਦਾ ਹੁੰਦਾ ਸੀ। ਵੈਸੇ ਮੈਂ ਵੀ ਹਿਸਟਰੀ ਦਾ ਪ੍ਰੋਫੈਸਰ ਰਿਹਾਂ, ਮੈਂ ਇੰਡੀਆ ਬਾਰੇ ਵੀ ਜਾਣਦਾਂ ਤੇ ਸਿੱਖ ਹਿਸਟਰੀ ਵੀ, ਸਿੱਖ ਧਰਮ ਦਾ ਚੰਗੀ ਤਰ੍ਹਾਂ ਅਧਿਅਨ ਕੀਤਾ ਹੈ। ਤੁਸੀਂ ਲੋਕ ਬਹੁਤ ਬਹਾਦਰ ਹੋ। ਤੁਸੀਂ ਇੰਡੀਆ ਦੀ ਆਜ਼ਾਦੀ ਵਾਸਤੇ ਬਹੁਤ ਕੁਰਬਾਨੀਆਂ ਦਿੱਤੀਆਂ।"

ਇਹ ਸਾਰਾ ਸੁਣ ਜੋਗਿੰਦਰ ਸਿੰਘ ਦਾ ਹੱਥ ਆਪ-ਮੁਹਾਰੇ ਮੁੱਛਾਂ ਨੂੰ ਤਾਅ ਦੇਣ ਲੱਗਾ, ਤੇ ਉਹ ਸੁਖਾਵਾਂ ਅਨੁਭਵ ਕਰਨ ਲੱਗਾ।

"ਤੈਨੂੰ ਪਹਿਲਾਂ ਨਹੀਂ ਵੇਖਿਆ, ਨਵਾਂ ਆਇਆ ਲੱਗਦਾ ਏਂ?"

"ਹਾਂ ਜੀ! ਮਹੀਨਾ ਹੋਇਆ ਅਜੇ।"

"ਅੱਛਾ! ਇੰਡੀਆ ਦੀ ਪਾਕਿਸਤਾਨ ਨਾਲ ਕਾਫੀ ਲਾਗ ਡਾਟ ਚੱਲ ਰਹੀ ਹੈ ਅੱਜ ਕੱਲ, ਮੈਂ ਖਬਰਾਂ ਸਾਰੀ ਦੁਨੀਆਂ ਦੀਆਂ ਅਜੇ ਵੀ ਪੜ੍ਹਦਾ ਰਹਿਨਾਂ, ਤੂੰ ਦੱਸ ਸਕਦਾ ਏਂ, ਜੇ ਦੋਹਾਂ ਦੀ ਜੰਗ ਲੱਗੇ, ਕੌਣ ਜਿੱਤੂ ਤੇ ਕਿਉਂ?"

"ਲਓ ਜੀ, ਇਹ ਕਿਹੜੀ ਗੱਲ ਏ, ਇੰਡੀਆ ਕੋਲ ਪਾਕਿਸਤਾਨ ਨਾਲੋਂ ਕਿਤੇ ਜ਼ਿਆਦਾ ਹਥਿਆਰ, ਟਰੇਂਡ ਹਵਾਈ, ਜਲ ਤੇ ਥਲ ਸੈਨਾ, ਪਾਕਿਸਤਾਨ ਇੰਡੀਆ ਦਾ ਕੀ ਮੁਕਾਬਲਾ ਕਰ ਸਕਦਾ?"

"ਨਹੀਂ, ਨਹੀਂ ਮਿਸਟਰ ਸਿੰਘ! ਤੂੰ ਮੇਨ ਰੀਜ਼ਨ ਭੁੱਲ ਰਿਹਾ ਏਂ।"

"ਉਹ ਕੀ?"

"ਉਹ ਹੈ, ਇੰਡੀਆ ਦੀ ਆਰਮੀ 'ਚ ਸਿੱਖ ਬਹਾਦਰਾਂ ਦੀ ਹੋਂਦ! ਸਿੱਖ ਬਹਾਦਰ ਕੌਮ ਹੈ, ਜਿਸ ਦਾ ਕੋਈ ਸਾਨੀ ਨਹੀਂ। ਮਿਸਟਰ ਸਿੰਘ, ਆਪਣਾ ਇਤਿਹਾਸ ਪੜ੍ਹੋ। ਓ.ਕੇ. ਮੈਂ ਚੱਲਦਾਂ, ਦਵਾਈ ਦਾ ਟਾਈਮ ਹੋ ਗਿਆ। ਚੰਗਾ ਲੱਗਾ ਤੇਰੇ ਨਾਲ ਗੱਲਾਂ ਕਰਕੇ, ਆਇਆ ਕਰ।" ਇਹ ਕਹਿੰਦਿਆਂ ਬਜ਼ੁਰਗ ਗੋਰਾ ਚਲਾ ਗਿਆ।

"ਹੱਦ ਹੋ ਗਈ ਯਾਰ! ਸਾਨੂੰ ਆਪਣੇ ਆਪ ਦਾ ਪਤਾ ਈ ਨਹੀਂ?" ਦਿਲ 'ਚ ਆਖ ਜੋਗਿੰਦਰ ਸਿੰਘ ਖੁਦ ਨੂੰ ਤਕੜਾ ਤਕੜਾ ਮਹਿਸੂਸ ਕਰਨ ਲੱਗਾ, ਤੇ ਦੋਹਤੇ ਨੂੰ ਉਂਗਲੀ ਲਾ ਘਰ ਮੁੜ ਆਇਆ।

-ਚਰਨਜੀਤ ਸਿੰਘ ਸਾਹੀ
ਫੋਨ: 317-430-6545

# ਜੁਗਨੀ



**ਪੰਜਾਬੀਆਂ ਅੰਦਰ 'ਜੁਗਨੀ' ਦਾ ਆਪਣਾ ਮੁਕਾਮ ਹੈ। ਬਹੁਤ ਸਾਰੇ ਗਾਇਕਾਂ ਨੇ ਜੁਗਨੀ ਗਾਈ ਹੈ, ਪਰ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਜੁਗਨੀ ਦਾ ਇਤਿਹਾਸ ਕੀ ਹੈ। ਅਸੀਂ ਆਪਣੇ ਪਾਠਕਾਂ ਲਈ ਕਰਮਜੀਤ ਸਿੰਘ ਔਜਲਾ ਦਾ ਇਹ ਲੇਖ ਪੇਸ਼ ਕਰ ਰਹੇ ਹਾਂ ਜਿਸ ਵਿਚ ਜੁਗਨੀ ਦੇ ਇਤਿਹਾਸ ਬਾਰੇ ਪੁਣ-ਛਾਣ ਕੀਤੀ ਗਈ ਹੈ। -ਸੰਪਾਦਕ**

ਜੁਗਨੀ ਦੀ ਲੋਕਪ੍ਰਿਯਤਾ ਪੰਜਾਬੀ ਮਾਨਸਿਕਤਾ ਵਿਚ ਸਭ ਤੋਂ ਉਚੀਆਂ ਸਿਖਰਾਂ ਛੂੰਹਦੀ ਰਹੀ ਹੈ। ਇਹ ਲੋਕਯਾਨ ਦਾ ਇਸ ਕਦਰ ਅਭੇਦ ਹਿੱਸਾ ਬਣ ਗਈ ਜਿਵੇਂ ਇਹ ਆਦਿ-ਜੁਗਾਦ ਹੀ ਪੰਜਾਬੀ ਲੋਕਯਾਨ ਦਾ ਹਿੱਸਾ ਰਹੀ ਹੋਵੇ, ਪਰ ਸਚਾਈ ਕੁਝ ਹੋਰ ਹੀ ਹੈ। ਇਸ ਸਚਾਈ ਨੂੰ ਕਦੇ ਵੀ ਕਿਸੇ ਨੇ ਉਜਾਗਰ ਕਰਨ ਦਾ ਯਤਨ ਨਹੀਂ ਕੀਤਾ ਅਤੇ ਜੁਗਨੀ ਗਾਇਨ ਤੇ ਜੁਗਨੀ ਛੰਦ ਰਚਨਾ ਨੂੰ ਅਤਿਅੰਤ ਸੁਖਨ ਤੇ ਸੁਤੇ-ਸਿਧ ਮੰਨ ਕੇ ਇਸ ਵੱਲ ਅਕਾਦਮਿਕ ਵਿਦਵਾਨਾਂ ਨੇ ਕਦੇ ਧਿਆਨ ਨਹੀਂ ਦਿੱਤਾ।

ਜੁਗਨੀ ਕਾਵਿ ਗਾਇਨ ਦਾ ਜਨਮ 1906 ਵਿਚ ਹੋਇਆ ਸੀ। ਇਸ ਤੋਂ ਪਹਿਲਾਂ ਇਤਿਹਾਸ ਜਾਂ ਲੋਕ ਸਿਮਰਿਤੀ ਵਿਚ ਜੁਗਨੀ ਦਾ ਕਿਤੇ ਵੀ ਜ਼ਿਕਰ ਨਹੀਂ ਲੱਭਦਾ। ਜੁਗਨੀ-ਕਾਵਿ ਤੇ ਜੁਗਨੀ-

**ਕਰਮਜੀਤ ਸਿੰਘ ਔਜਲਾ**

ਗਾਇਨ ਦੀ ਰਚਨਾ ਅਚਾਨਕ ਹੀ ਦੋ ਲੋਕ ਗਾਇਕਾਂ ਵੱਲੋਂ ਹੋ ਗਈ ਜਾਂ ਉਨ੍ਹਾਂ ਨੇ ਕਰ ਦਿੱਤੀ। ਇਨ੍ਹਾਂ ਲੋਕ ਗਾਇਕਾਂ ਦੇ ਨਾਂ ਬਿਸ਼ਨਾ ਅਤੇ ਮੱਦ੍ਹਾ ਸਨ। ਇਹ ਮਾਝੇ ਦੇ ਰਹਿਣ ਵਾਲੇ ਸਨ ਅਤੇ ਜੋ ਬਜ਼ੁਰਗਾਂ ਤੋਂ ਇਨ੍ਹਾਂ ਲੋਕ ਗਾਇਕਾਂ ਬਾਰੇ ਸੁਣਿਆ ਹੈ, ਉਹ ਇਉਂ ਹੈ: ਖਡੂਰ ਸਾਹਿਬ ਦੇ ਰਹਿਣ ਵਾਲੇ ਮਰਹੂਮ ਪੰਡਿਤ ਦਿਵਾਨ ਸਿੰਘ ਅਨੁਸਾਰ, ਮੱਦ੍ਹਾ ਮੁਸਲਮਾਨ ਮਰਾਸੀ ਸੀ। ਉਸ ਦਾ ਪਿੰਡ ਹਸਨਪੁਰ (ਜ਼ਿਲ੍ਹਾ ਅੰਮ੍ਰਿਤਸਰ) ਸੀ। ਉਸ ਦਾ ਪੂਰਾ ਨਾਂ ਮੁਹੰਮਦ ਸੀ, ਪਰ ਮਸ਼ਹੂਰ ਉਹ ਮੱਦ੍ਹੇ ਦੇ ਨਾਂ ਨਾਲ ਹੀ ਸੀ। ਉਸ ਦੇ ਹੋਰ ਪਰਿਵਾਰ ਦੇ ਵੇਰਵੇ ਬਾਰੇ ਕਿਸੇ ਨੂੰ ਕੁਝ ਵੀ ਨਹੀਂ ਪਤਾ।

ਬਿਸ਼ਨਾ ਵੀ ਮਾਝੇ ਦਾ ਹੀ ਵਾਸੀ ਸੀ ਅਤੇ ਜੱਟ ਪਰਿਵਾਰ ਵਿਚੋਂ ਸੀ। ਇਸ ਦੇ ਪਿੰਡ ਬਾਰੇ ਦਿਵਾਨ ਸਿੰਘ ਨੂੰ ਤਾਂ ਕੁਝ ਪਤਾ ਨਹੀਂ ਸੀ, ਪਰ ਜਦੋਂ 1969 ਵਿਚ ਸੌ ਸਾਲ ਦੇ ਆਸ-ਪਾਸ ਚਲਾਣਾ ਕਰਨ ਵਾਲੇ ਇਕ ਸੁਤੰਤਰਤਾ ਸੰਗਰਾਮੀ ਬਾਬਾ ਮੱਖਣ ਸਿੰਘ (ਪਿੰਡ ਠੱਟੀ ਜੈਮਲ ਸਿੰਘ) ਮੁਤਾਬਕ, ਉਨ੍ਹਾਂ ਨੇ ਦੋਵਾਂ ਗਵੱਈਆਂ ਦੇ ਅਖਾੜੇ ਪੱਟੀ ਅਤੇ ਕਸੂਰ ਵਿਚ ਕਈ ਵਾਰ ਦੇਖੇ-ਸੁਣੇ ਸਨ। ਦੋਵਾਂ ਗਵੱਈਆਂ ਦਾ ਹਰਮਨ ਪਿਆਰਾ ਗਾਇਨ ਮਿਰਜ਼ਾ ਅਤੇ ਟੱਪੇ ਸਨ, ਪਰ ਜੁਗਨੀ ਦੀ ਕਾਢ ਇਨ੍ਹਾਂ ਨੇ 1906 ਵਿਚ ਕੀਤੀ। ਇਸ ਦਾ ਕਾਰਨ ਬਾਬਾ ਮੱਖਣ ਸਿੰਘ ਜਿਨ੍ਹਾਂ ਨੇ ਅੰਗਰੇਜ਼ ਰਾਜ ਵੇਲੇ ਕਈ ਵਾਰ ਜੇਲ੍ਹ ਯਾਤਰਾ ਕੀਤੀ, ਦੱਸਦੇ ਹਨ: 1906 ਵਿਚ ਜਦੋਂ ਉਹ (ਬਿਸ਼ਨਾ ਤੇ ਮੱਦ੍ਹਾ) ਭਰ ਜਵਾਨੀ ਵਿਚ ਸਨ ਤਾਂ ਅੰਗਰੇਜ਼ਾਂ ਨੇ ਹਿੰਦੁਸਤਾਨ ਵਿਚ ਜੁਗਨੀ ਲਿਆਂਦੀ। ਜਦੋਂ ਪੁੱਛਿਆ ਗਿਆ ਕਿ ਜੁਗਨੀ ਅੰਗਰੇਜ਼ਾਂ ਨੇ ਕਿਵੇਂ ਲਿਆਂਦੀ, ਤੇ ਜੁਗਨੀ ਕੀ ਕੋਈ ਚੀਜ਼ ਸੀ? ਤਾਂ ਬਾਬਾ ਮੱਖਣ ਸਿੰਘ ਦਾ ਜਵਾਬ ਸੀ ਕਿ ਅੰਗਰੇਜ਼ਾਂ ਦੀ ਮਲਿਕਾ ਨੂੰ ਰਾਜ ਕਰਦਿਆਂ ਪੰਜਾਹ ਸਾਲ ਤੋਂ ਵੀ ਵੱਧ ਹੋ ਗਏ ਸਨ। ਅੰਗਰੇਜ਼ਾਂ ਦਾ ਰਾਜ ਸਾਰੀ ਦੁਨੀਆ ਵਿਚ ਸੀ ਅਤੇ ਅੰਗਰੇਜ਼ਾਂ ਨੇ ਕਿਹਾ ਕਿ ਉਨ੍ਹਾਂ ਨੂੰ ਸਾਰੀ ਦੁਨੀਆ ਵਿਚ ਜੋਤ ਜਗਾ ਕੇ ਫੇਰਨੀ ਚਾਹੀਦੀ ਹੈ। ਉਹ ਜੋਤ ਹੀ ਜੁਗਨੀ ਦੀ ਜੋਤ ਸੀ ਜਿਹੜੀ ਅੰਗਰੇਜ਼ਾਂ ਨੇ ਸ਼ਹਿਰ ਸ਼ਹਿਰ ਹਰ ਮੁਲਕ ਵਿਚ ਫੇਰੀ।

ਬਾਬਾ ਮੱਖਣ ਸਿੰਘ ਅਨੁਸਾਰ, ਉਹ ਜੁਗਨੀ ਜੋਤ ਸੋਨੇ ਦੇ ਕਲਸ਼ ਵਿਚ ਜਗਦੀ ਸੀ ਅਤੇ ਜਿਹੜੇ ਵੀ ਜ਼ਿਲ੍ਹੇ ਦੇ ਸਦਰ ਮੁਕਾਮ ਵਿਚ ਜਾਂਦੀ, ਉਥੇ ਬੜਾ ਵੱਡਾ ਜਲਸਾ ਸਰਕਾਰ ਵੱਲੋਂ ਕੀਤਾ ਜਾਂਦਾ, ਨਤੀਜੇ ਵਜੋਂ ਚੰਗਾ ਮੇਲਾ ਭਰ ਜਾਂਦਾ। ਇਸ ਵਿਚ ਬੈਂਡ-ਵਾਜੇ, ਪੁਲਿਸ-ਫੌਜ, ਜ਼ੈਲਦਾਰ-ਰਈਸ ਅਤੇ ਆਮ ਲੋਕ ਸ਼ਾਮਲ ਹੁੰਦੇ। ਇਨ੍ਹਾਂ ਹੀ ਜਲਸਿਆਂ ਜਾਂ ਮੇਲਿਆਂ ਵਿਚ ਮੱਦ੍ਹਾ ਅਤੇ ਬਿਸ਼ਨਾ ਵੀ ਆਪਣਾ ਅਖਾੜਾ ਲਾਉਂਦੇ।

ਜਦੋਂ ਬਾਬਾ ਮੱਖਣ ਸਿੰਘ ਇਹ ਦੱਸ ਰਹੇ ਸਨ ਤਾਂ ਕੋਲ ਬੈਠੇ ਘੱਟ ਉਮਰ ਦੇ ਥੋੜ੍ਹਾ ਕੁ ਪੜ੍ਹੇ-ਲਿਖੇ ਬੰਦੇ ਨੇ ਬਾਬੇ ਨੂੰ ਟੋਕਿਆ ਸੀ ਕਿ ਅੰਗਰੇਜ਼ਾਂ ਨੇ ਜੁਗਨੀ ਦੀ ਜੋਤ ਨਹੀਂ, 'ਜੁਬਲੀ ਫਲੇਮ' ਲਿਆਂਦੀ ਸੀ। ਉਹ ਤਾਂ ਅਨਪੜ੍ਹ ਬਿਸ਼ਨੇ ਅਤੇ ਮੱਦ੍ਹੇ ਨੇ 'ਜੁਬਲੀ' ਨੂੰ 'ਜੁਗਨੀ' ਬਣਾ ਦਿੱਤਾ।

ਉਸ ਸੱਜਣ ਦੀ ਇਸ ਟੋਕ ਤੋਂ ਅਚਾਨਕ ਹੀ ਜੁਗਨੀ ਦਾ ਰਹੱਸ ਖੁੱਲ੍ਹ ਗਿਆ ਕਿ ਇਹ ਸ਼ਬਦ ਜੁਗਨੀ ਅੰਗਰੇਜ਼ੀ ਲਫ਼ਜ਼ 'ਜੁਬਲੀ' ਤੋਂ ਜੰਮਿਆ ਹੈ। ਇਹ ਤਾਂ ਸਪਸ਼ਟ ਹੈ ਹੀ ਕਿ 1906 ਵਿਚ ਜੁਬਲੀ ਫਲੇਮ ਸਾਰੇ ਹੀ ਅੰਗਰੇਜ਼ੀ ਸਾਮਰਾਜ ਵਿਚ ਮਹਾਰਾਣੀ ਵਿਕਟੋਰੀਆ ਦੀ ਗੋਲਡਨ ਜੁਬਲੀ ਸਮੇਂ ਘੁੰਮਾਈ ਗਈ ਸੀ। ਜੁਬਲੀ ਫਲੇਮ ਹਰ ਸ਼ਹਿਰ ਵਿਚ ਸਰਕਾਰ ਵੱਲੋਂ ਲਿਆਂਦੀ ਜਾਂਦੀ ਸੀ ਅਤੇ ਜ਼ਿਲ੍ਹਾ ਸਦਰ-ਮੁਕਾਮ ਵਿਖੇ ਜਸ਼ਨ ਤੇ ਜਲਸੇ ਜ਼ਿਲ੍ਹੇ ਦੇ ਡੀ.ਸੀ. ਦੀ ਸਦਾਰਤ ਵਿਚ ਹੁੰਦੇ ਸਨ। ਇਨ੍ਹਾਂ ਹੀ ਜਲਸਿਆਂ ਵਿਚ ਬਿਸ਼ਨਾ ਜੱਟ ਅਤੇ ਮੱਦ੍ਹਾ ਮਰਾਸੀ ਆਪਣੀ ਢੱਡ ਅਤੇ ਕਿੰਗ ਨਾਲ ਆਪਣੇ ਹੀ ਜੋੜੇ ਹੋਏ ਜੁਗਨੀ ਛੰਦ ਗਾਇਨ ਕਰ ਕੇ ਅਖਾੜੇ ਵਿਚ ਗਾਉਂਦੇ ਸਨ। ਆਪਣੀ ਸਰਲਤਾ ਅਤੇ ਸੁਖੰਨਤਾ ਕਰ ਕੇ ਇਹ ਛੰਦ ਬਹੁਤ ਹਰਮਨ ਪਿਆਰੇ ਹੋ ਗਏ ਅਤੇ ਬਹੁਤ ਸਾਰੇ ਲੋਕਾਂ ਵਿਚ ਇਨ੍ਹਾਂ ਨੂੰ ਰਚਨ ਅਤੇ ਗਾਇਨ ਦੀ ਯੋਗਤਾ ਬਹੁਤ ਛੇਤੀ ਵਿਕਸਤ ਹੋ ਗਈ।

ਜੁਗਨੀ ਛੰਦ ਜਿਥੇ ਵੀ ਆਉਂਦਾ ਹੈ, ਉਥੇ ਕਿਸੇ ਨਾ ਕਿਸੇ ਸ਼ਹਿਰ ਜਾਂ ਥਾਂ ਦਾ ਨਾਂ ਜ਼ਰੂਰ ਆਉਂਦਾ ਹੈ। ਅੰਗਰੇਜ਼ਾਂ ਦੀ ਜੁਬਲੀ ਫਲੇਮ ਵੀ ਸ਼ਹਿਰੋਂ ਸ਼ਹਿਰ ਹੀ ਜਾਂਦੀ ਸੀ। ਉਸ ਜੁਬਲੀ ਫਲੇਮ ਦੇ ਨਾਲ-ਨਾਲ ਹੀ ਮੱਦ੍ਹਾ ਤੇ ਬਿਸ਼ਨਾ ਵੀ ਜਾਂਦੇ ਅਤੇ ਜਲੂਸ ਵਿਚ ਆਪਣਾ ਛੋਟਾ ਜਿਹਾ ਅਖਾੜਾ ਲਾ ਕੇ ਕਲਾ ਦਾ ਪ੍ਰਦਰਸ਼ਨ ਕਰਦੇ। ਉਨ੍ਹਾਂ ਦਾ ਇਕ ਜੁਗਨੀ ਛੰਦ ਮੌਲਿਕ ਰੂਪ ਵਿਚ ਇਸ ਤਰ੍ਹਾਂ ਹੈ:

ਜੁਗਨੀ ਜਾ ਵੜੀ ਮਜੀਠੇ
ਕੋਈ ਰੰਨ ਨਾ ਚੱਕੀ ਪੀਠੇ
ਪੁੱਤ ਗੱਭਰੂ ਮੁਲਕ ਵਿਚ ਮਾਰੇ
ਰੋਵਣ ਅੱਖੀਆਂ ਪਰ ਬੁੱਲ੍ਹ ਸੀ ਸੀਤੇ
ਪੀਰ ਮੇਰਿਆ ਜੁਗਨੀ ਆਈ ਆ
ਇਨ੍ਹਾਂ ਕਿਹੜੀ ਜੋਤ ਜਗਾਈ ਆ।

ਇਸ ਤੋਂ ਬਾਅਦ ਜੁਗਨੀ, ਗਾਇਨ ਦੀ ਪ੍ਰਚਲਿਤ ਵਿਧਾ ਬਣ ਕੇ ਕਈ ਕੁਝ ਆਪਣੇ ਕਲਾਵੇ ਵਿਚ ਲੈਣ ਲੱਗ ਪਈ, ਪਰ ਆਰੰਭ ਸਦਾ ਹੀ ਜੁਗਨੀ ਦੇ ਕਿਸੇ ਸ਼ਹਿਰ ਵਿਚ ਜਾਣ 'ਤੇ ਹੀ ਹੁੰਦਾ ਹੈ, ਜਿਵੇਂ:

ਜੁਗਨੀ ਜਾ ਵੜੀ ਲੁਧਿਆਣੇ
ਉਹਨੂੰ ਪੈ ਗਏ ਅੰਨ੍ਹੇ ਕਾਣੇ
ਮਾਰਨ ਮੁੱਕੀਆਂ ਮੰਗਣ ਦਾਣੇ
ਪੀਰ ਮੇਰਿਆ ਜੁਗਨੀ ਕਹਿੰਦੀ ਆ
ਜਿਹੜੀ ਨਾਮ ਅਲੀ ਦਾ ਲੈਂਦੀ ਆ।

ਮੱਦ੍ਹਾ ਅਤੇ ਬਿਸ਼ਨਾ ਪਹਿਲਾਂ ਹੀ ਪੱਟੀ, ਕਸੂਰ, ਅਜਨਾਲਾ ਅਤੇ ਮਾਝੇ ਦੇ ਹੋਰ ਇਲਾਕਿਆਂ ਤੇ ਮੇਲਿਆਂ ਵਿਚ ਹਿੱਸਾ ਲੈਂਦੇ ਸਨ। ਉਨ੍ਹਾਂ ਦੇ ਅਖਾੜੇ ਮਸ਼ਹੂਰ ਸਨ। ਮੱਦ੍ਹਾ ਢੱਡ ਅਤੇ ਬਿਸ਼ਨਾ ਕਿੰਗ ਵਜਾਉਂਦਾ ਸੀ। ਗਾਇਨ ਦੋਵੇਂ ਇਕੱਠੇ ਕਰਦੇ ਸਨ। ਉਹ ਮੇਲੇ 'ਤੇ ਹੀ ਛੰਦ ਰਚ ਲੈਂਦੇ ਸਨ। ਉਨ੍ਹਾਂ ਨੂੰ ਕਿਸੇ ਨੇ ਇਥੇ ਰੁਪਿਆ ਇਨਾਮ ਵਿਚ ਦਿੱਤਾ। ਉਨ੍ਹਾਂ ਉਸ ਮੌਕੇ ਹੀ ਜੁਗਨੀ ਛੰਦ ਰਚ ਕੇ ਉਸ ਬੰਦੇ ਦਾ ਨਾਂ ਅਤੇ ਪਿੰਡ ਛੰਦ ਵਿਚ ਜੋੜ ਦਿੱਤਾ ਸੀ। ਜੁਗਨੀ (ਜੁਬਲੀ ਫਲੇਮ) ਵੀ ਸ਼ਹਿਰ-ਸ਼ਹਿਰ ਜਾਂਦੀ ਰਹੀ ਅਤੇ ਨਾਲੇ ਨਾਲ ਮੱਦ੍ਹਾ ਅਤੇ ਬਿਸ਼ਨਾ ਵੀ। ਉਨ੍ਹਾਂ ਦੇ ਅਖਾੜੇ ਅਤੇ ਜੁਗਨੀ ਲੋਕਪ੍ਰਿਯਤਾ ਦੀਆਂ ਸਿਖਰਾਂ ਛੂੰਹਦੀ ਰਹੀ।

ਉਸ ਜ਼ਮਾਨੇ ਆਜ਼ਾਦੀ ਪ੍ਰਾਪਤੀ ਲਹਿਰ ਤਾਂ ਬਹੁਤਾ ਜ਼ੋਰ ਨਹੀਂ ਸੀ ਫੜ ਸਕੀ, ਪਰ ਲੋਕ ਮਨਾਂ ਵਿਚ ਰੋਸ ਜ਼ਰੂਰ ਧੁਖ ਰਿਹਾ ਸੀ। ਕਈ ਥਾਂਵਾਂ 'ਤੇ ਬਿਮਾਰੀ ਅਤੇ ਕਾਲ ਵੀ ਪਏ ਸਨ। ਜਨਤਾ ਅਨਪੜ੍ਹ ਅਤੇ ਹਾਕਮ-ਅਫਸਰ ਜਬਰ ਕਰਨ ਵਾਲੇ ਸਨ। ਸੋ, ਲੋਕਾਂ ਦਾ ਦੁੱਖ ਦਰਦ ਜੁਗਨੀ ਦੇ ਛੰਦਾਂ ਵਿਚ ਵੀ ਆਉਣਾ ਹੀ ਸੀ। ਸਰਕਾਰ ਦੀ ਨੁਕਤਾਚੀਨੀ ਅਤੇ ਤਸ਼ੱਦਦ ਦੇ ਖਿਲਾਫ਼ ਵੀ ਜੁਗਨੀ ਦੇ ਛੰਦ ਬਣੇ ਅਤੇ ਗਾਏ ਗਏ। ਇਹ ਲੋਕਾਂ ਦੀ ਜ਼ੁਬਾਨ ਉਤੇ ਚੜ੍ਹ ਗਏ, ਪਰ ਅੰਗਰੇਜ਼ ਸਰਕਾਰ ਤਾਂ ਇਸ ਨੂੰ ਬਰਦਾਸ਼ਤ ਨਹੀਂ ਸੀ ਕਰ ਸਕਦੀ। ਪੁਲਿਸ ਵੱਲੋਂ ਮੱਦ੍ਹੇ ਅਤੇ ਬਿਸ਼ਨੇ ਦੇ ਅਖਾੜੇ ਬੰਦ ਕਰਵਾਏ ਗਏ, ਪਰ ਉਹ ਜੁਬਲੀ ਜਸ਼ਨਾਂ ਤੋਂ ਕੁਝ ਦੂਰ ਜਾ ਕੇ ਅਖਾੜਾ ਲਾ ਲੈਂਦੇ ਅਤੇ ਲੋਕ ਵੱਡੀ ਗਿਣਤੀ ਵਿਚ ਉਥੇ ਆ ਜੁੜਦੇ। ਪੁਲਿਸ ਦੇ ਦਖਲ ਅਤੇ ਲਾਠੀਆਂ ਦਾ ਸਦਾ ਹੀ ਡਰ ਰਹਿੰਦਾ। ਕਈ ਵਾਰ ਉਨ੍ਹਾਂ ਦੇ ਅਖਾੜਿਆਂ ਉਤੇ ਲਾਠੀਚਾਰਜ ਹੋਇਆ ਸੀ। ਪੁਲਿਸ ਅਤੇ ਸਰਕਾਰ ਖਿਲਾਫ ਇਨ੍ਹਾਂ ਅਖਾੜਿਆਂ ਵਿਚ ਲੋਕ ਖੁੱਲ੍ਹ ਕੇ ਗੱਲਬਾਤ ਕਰਦੇ ਅਤੇ ਬਾਗੀਆਨਾ ਜੁਗਨੀ ਛੰਦ ਗਾਉਂਦੇ ਹੋਏ ਆਪਣੇ ਘਰਾਂ ਨੂੰ ਵਾਪਸ ਮੁੜਦੇ।

ਦੁਖਦਾਈ ਅੰਤ... ਸ਼ਹਿਰੋਂ-ਸ਼ਹਿਰ ਜੁਗਨੀ ਉਰਫ ਜੁਬਲੀ ਜਾਂਦੀ। ਨਾਲ ਹੀ ਬਿਸ਼ਨਾ ਅਤੇ ਮੱਦ੍ਹਾ ਜਾਂਦੇ। ਲੋਕਾਂ ਦੀ ਭੀੜ ਜੁੜਦੀ। ਸਰਕਾਰੀ ਤਸ਼ੱਦਦ ਖਿਲਾਫ ਰੋਹ ਵਧਦਾ। ਸਰਕਾਰੀ ਲਾਠੀਆਂ ਵਰ੍ਹਦੀਆਂ। ਇਸ ਤਰ੍ਹਾਂ ਦੇ ਜ਼ੁਲਮਾਂ ਵਾਲੇ ਸ਼ਹਿਰ ਵਿਚ ਜੁਬਲੀ ਜਸ਼ਨ, ਬਿਸ਼ਨੇ ਅਤੇ ਮੱਦ੍ਹੇ ਦੇ ਅਖਾੜੇ ਅੱਗੇ ਫਿੱਕੇ ਪੈ ਗਏ। ਖਿਝੀ ਪਈ ਸਰਕਾਰ ਨੇ ਬਿਸ਼ਨੇ ਤੇ ਮੱਦ੍ਹੇ ਉਤੇ ਬਹੁਤ ਤਸ਼ੱਦਦ ਕੀਤੇ ਅਤੇ ਇਸ ਕੁੱਟਮਾਰ ਕਰ ਕੇ ਹੀ ਉਨ੍ਹਾਂ ਦੀ ਮੌਤ ਹੋ ਗਈ। ਕਿਹਾ ਜਾਂਦਾ ਹੈ ਕਿ ਦੋਵਾਂ ਨੂੰ ਚੋਰੀ ਛਿਪੇ ਕਿਸੇ ਕਬਰਸਤਾਨ ਵਿਚ ਰਾਤ ਵੇਲੇ ਦਫ਼ਨਾ ਦਿੱਤਾ ਗਿਆ।

ਪੁਲਿਸ ਦੀਆਂ ਲਾਠੀਆਂ ਨੇ ਉਨ੍ਹਾਂ ਦੀ ਜ਼ੁਬਾਨ ਤਾਂ ਬੰਦ ਕਰ ਦਿੱਤੀ, ਪਰ ਉਨ੍ਹਾਂ ਦੀ ਜੁਗਨੀ ਅਜ ਤੱਕ ਹਰ ਸ਼ਹਿਰ ਵਿਚ ਮਸ਼ਹੂਰ ਹੈ ਅਤੇ ਸਦਾ ਲਈ ਗੂੰਜਦੀ ਰਹੇਗੀ। ਮਨ ਵਿਚ ਆਉਂਦਾ ਹੈ ਕਿ ਇਨ੍ਹਾਂ ਅਣਗੌਲੇ ਅਤੇ ਭੁਲਾਏ ਜਿਊੜਿਆਂ ਬਾਰੇ ਕੀ ਕੀਤਾ ਜਾਣਾ ਚਾਹੀਦਾ ਹੈ। ਇਨ੍ਹਾਂ ਦੀ ਕੋਈ ਯਾਦਗਾਰ ਬਣੇ। ਜੁਗਨੀ ਤਾਂ ਉਨ੍ਹਾਂ ਨਿਸ਼ਕਾਮ ਕਲਾਕਾਰਾਂ ਦੀ ਸਦੀਵੀ ਯਾਦ ਹੈ ਹੀ।

ਜ਼ਿਕਰਯੋਗ ਹੈ ਕਿ ਵਿਕਟੋਰੀਆ ਜੁਬਲੀ ਦੀਆਂ ਸਾਰੀਆਂ ਹੀ ਯਾਦਗਾਰਾਂ ਜਿਵੇਂ ਵੱਖ-ਵੱਖ ਸ਼ਹਿਰਾਂ ਵਿਚ ਘੰਟਾ ਘਰ, ਅੰਮ੍ਰਿਤਸਰ ਦਾ ਵੀ.ਜੇ. ਹਸਪਤਾਲ (ਵਿਕਟੋਰੀਆ ਜੁਬਲੀ ਹਸਪਤਾਲ) ਅਤੇ ਬੰਬਈ ਵੀ.ਟੀ. (ਵਿਕਟੋਰੀਆ ਟਰਮੀਨਲ) ਆਦਿ ਯਾਦਗਾਰਾਂ 1906 ਵਿਚ ਹੀ ਬਣੀਆਂ ਅਤੇ ਇਸ ਦੇ ਰਚਨਹਾਰੇ ਜਾਬਰ ਸਰਕਾਰ ਦੇ ਜਬਰ ਦੀ ਬਲੀ ਚੜ੍ਹ ਗਏ!

ਇਸ ਗਾਇਕ ਜੋੜੀ ਦੇ ਮਾਤਾ-ਪਿਤਾ, ਭੈਣ-ਭਰਾਵਾਂ ਦਾ ਕੋਈ ਪਤਾ ਨਹੀਂ। ਇਨ੍ਹਾਂ ਵਿਚੋਂ ਕਿਸੇ ਦਾ ਵਿਆਹ ਨਹੀਂ ਸੀ ਹੋਇਆ। ਗਵੱਈਏ ਹੋਣ ਕਰ ਕੇ ਦੋਵਾਂ ਦੀ ਜੋੜੀ ਬਣ ਗਈ ਹੋਵੇਗੀ। ਇਹ ਭੱਜਦੇ ਫਿਰਦੇ ਰਹਿੰਦੇ ਸਨ ਅਤੇ ਰਾਤ ਕਿਸੇ ਪਿੰਡ ਜਾਂ ਕਸਬੇ ਦੇ ਗੁਰਦੁਆਰੇ ਵਿਚ ਹੀ ਕੱਟਦੇ ਸਨ। 1906 ਵਿਚ ਇਨ੍ਹਾਂ ਦੀ ਉਮਰ ਪੰਜਾਹ ਸਾਲ ਦੇ ਆਸ ਪਾਸ ਸੀ ਅਤੇ ਦੋਵੇਂ ਹਾਣੀ ਸਨ। ਦੋਵਾਂ ਦੀਆਂ ਦਾੜ੍ਹੀਆਂ ਕਰੜ ਬਰੜੀਆਂ ਸਨ। ਰੁਪਏ ਪੈਸੇ ਪੱਖੋਂ ਇਹ ਖੁਸ਼ਹਾਲ ਨਹੀਂ ਸਨ ਅਤੇ ਫਕੀਰੀ ਜੀਵਨ ਹੀ ਇਨ੍ਹਾਂ ਨੂੰ ਅਪਣਾਉਣਾ ਪਿਆ। ਇਨ੍ਹਾਂ ਪਰਵਾਨਿਆਂ ਬਾਰੇ ਪੰਜਾਬੀਆਂ ਨੇ ਸ਼ੁਕਰ ਗੁਜ਼ਾਰੀ ਦਾ ਇਜ਼ਹਾਰ ਅਜੇ ਕਰਨਾ ਹੈ।

# ਪੰਜਾਬੀ ਲੇਖਕਾਂ ਦੀ ਸ਼ਾਮ ਬਰਜ ਢਾਹਾਂ ਦੇ ਨਾਮ

## ਨਿੱਕ ਸੁੱਕ




**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਭਾਰਤ 'ਚ ਕੈਨੇਡੀਅਨ ਦੂਤ ਕ੍ਰਿਸਟਾਫਰ ਗਿੱਬਨਜ਼ ਦੀ ਰਿਹਾਇਸ਼ ਉਤੇ ਪਿਛਲੇ ਐਤਵਾਰ ਪੰਜਾਬੀ ਲੇਖਕਾਂ ਦੀ ਬਹੁਤ ਵਧੀਆ ਮਿਲਣੀ ਹੋਈ। ਇਸ ਵਿਚ ਬਲਦੇਵ ਸਿੰਘ ਸੜਕਨਾਮਾ, ਜਸਬੀਰ ਸਿੰਘ ਭੁੱਲਰ, ਕੈਨੇਡਾ ਨਿਵਾਸੀ ਜਰਨੈਲ ਸਿੰਘ, ਹਿੰਦੀ ਕਵੀ ਸੁਮੀਤਾ ਮਿਸ਼ਰਾ, ਸਿਮਰਨ ਧਾਲੀਵਾਲ, ਮਨਮੋਹਨ ਸਿੰਘ ਦਾਊਂ ਸੁਰਿੰਦਰ ਗਿੱਲ, ਸੁਸ਼ੀਲ ਦੁਸਾਂਝ, ਜਸਪਾਲ ਸਿੰਘ, ਸੰਜਮਪ੍ਰੀਤ, ਦਮਨ ਜੋੜੀ ਤੇ ਜਸਵੀਰ ਸਮਰ ਤੋਂ ਬਿਨਾ ਉਘੇ ਪੰਜਾਬੀ ਪ੍ਰਕਾਸ਼ਕ ਹਰੀਸ਼ ਜੈਨ ਨੇ ਵੀ ਸ਼ਿਰਕਤ ਕੀਤੀ। ਭਾਰਤ ਦੇ ਸਭ ਤੋਂ ਵਧ ਰਾਸ਼ੀ ਵਾਲੇ ਢਾਹਾਂ ਸਨਮਾਨ ਦੇ ਸੰਸਥਾਪਕ ਬਰਜ ਢਾਹਾਂ ਇਸ ਸ਼ਾਮ ਵਿਚ ਹਾਜ਼ਰ ਹੋਣ ਲਈ ਉਚੇਚੇ ਤੌਰ 'ਤੇ ਕੈਨੇਡਾ ਤੋਂ ਆਏ ਸਨ। ਇਸ ਨੂੰ ਕੈਨੇਡਾ ਵਾਸੀਆਂ ਦੇ ਵਖਰਾ ਦੇਸ਼ ਸਥਾਪਤ ਹੋਣ ਦੇ ਡੇਢ ਸੌ ਸਾਲਾ ਜਸ਼ਨਾਂ ਦਾ ਹਿੱਸਾ ਬਣਾਇਆ ਗਿਆ। ਇਥੇ ਬਰਜ ਢਾਹਾਂ ਦੇ ਪੁਰਖਿਆਂ ਦੀ ਵੀ ਚਰਚਾ ਹੋਈ।

ਬਰਜ ਦੇ ਪਿਤਾ ਬੁੱਧ ਸਿੰਘ ਢਾਹਾਂ ਇੱਕ ਨਹੀਂ, ਦੋ ਖੈਰਾਇਤੀ ਹਸਪਤਾਲਾਂ ਦੀ ਸਥਾਪਨਾ ਲਈ ਜਾਣੇ ਜਾਂਦੇ ਹਨ। ਪਹਿਲਾਂ ਉਨ੍ਹਾਂ ਦੀ ਜੱਦੀ ਭੂਮੀ ਢਾਹਾਂ ਕਲੇਰਾਂ ਵਿਚ ਤੇ ਦੂਜਾ ਗੜ੍ਹਸ਼ੰਕਰ-ਅਨੰਦਪੁਰ ਸਾਹਿਬ ਮਾਰਗ ਉਤੇ ਪਿੰਡ ਕੁਕੜ ਮਾਜਰਾ ਵਿਚ। 25,000 ਡਾਲਰ ਦੀ ਵੱਡੀ ਰਾਸ਼ੀ ਵਾਲਾ ਇਨਾਮ ਹੀ ਨਹੀਂ ਗੁਰਮੁਖੀ ਜਾਂ ਸ਼ਾਹਮੁਖੀ ਲਿਪੀ ਵਿਚ ਲਿਖੇ ਜਾ ਰਹੇ ਕਹਾਣੀ ਸੰਗ੍ਰਿਹਾਂ ਨੂੰ ਦੂਜਾ ਤੇ ਤੀਜਾ ਇਨਾਮ ਵੀ ਦਿੱਤਾ ਜਾਂਦਾ ਹੈ। ਬਰਜ ਢਾਹਾਂ ਦਾ ਇਹ ਉਦਮ ਉਸ ਦੇ ਪਰਿਵਾਰਕ ਖੂਨ ਉਤੇ ਮੋਹਰ ਲਾਉਂਦਾ ਹੈ। ਢਾਹਾਂ ਪਰਿਵਾਰ ਜ਼ਿੰਦਾਬਾਦ।

**ਸੁਰਜੀਤ ਹਾਂਸ ਨਾਲ ਖੁਲ੍ਹੀਆਂ ਗੱਲਾਂ:** ਇਸ ਹਫਤੇ ਦਾ ਚੰਡੀਗੜ੍ਹ ਸਾਹਿਤ ਅਕਾਡਮੀ ਸਮਾਗਮ ਸਾਹਿਤਕਾਰ ਤੇ ਅਨੁਵਾਦਕ ਸੁਰਜੀਤ ਹਾਂਸ ਨਾਲ ਹੋਈਆਂ ਪਾਰਦਰਸ਼ੀ ਗੱਲਾਂ ਨਾਲ ਸਬੰਧ ਰਖਦਾ ਹੈ। ਚੰਡੀਗੜ੍ਹ ਦੇ ਗੈਸਟ ਹਾਊਸ ਵਿਚ ਹੋਇਆ ਇਹ ਪ੍ਰੋਗਰਾਮ ਹਾਂਸ ਦੀ ਦਿੱਬ ਦ੍ਰਿਸ਼ਟੀ, ਅਣਥਕ ਮਿਹਨਤ ਤੇ ਤਿਖੀ ਬੁੱਧੀ ਤੋਂ ਪਰਦਾ ਚੁੱਕਣ ਵਾਲਾ ਸੀ। ਸੁਰਜੀਤ ਹਾਂਸ ਨੇ ਪੰਜਾਬੀ ਵਿਚ ਨਾਵਲ, ਕਹਾਣੀਆਂ ਤੇ ਪੁਸ਼ਤਾਂ ਵਰਗੇ ਮਹਾਂਕਾਵਿ ਹੀ ਨਹੀਂ ਰਚੇ, ਸ਼ੇਕਸਪੀਅਰ ਦੀ ਸਮੁੱਚੀ ਰਚਨਾ ਦਾ ਕਾਵਿਕ ਅਨੁਵਾਦ ਵੀ ਕੀਤਾ ਹੈ। ਉਹ ਅੱਜ ਕਲ ਚਾਰਲਸ ਡਾਰਵਿਨ ਰਚਿਤ ਪੁਸਤਕ 'ਜਾਤੀ-ਉਪਜਾਤੀ ਨਿਕਾਸ ਅਤੇ ਵਿਕਾਸ' ਨੂੰ ਪੰਜਾਬੀ ਰੂਪ ਦੇਣ ਵਿਚ ਰੁੱਝਾ ਹੋਇਆ ਹੈ।



ਸੁਰਜੀਤ ਹਾਂਸ

ਰੂ-ਬ-ਰੂ ਸਮੇਂ ਪੁੱਛੇ ਗਏ ਪ੍ਰਸ਼ਨਾਂ ਦੇ ਉਤਰ ਇਨੇ ਤਿਖੇ, ਸਾਰਥਕ ਤੇ ਭਾਵਪੂਰਤ ਸਨ ਕਿ ਉਨ੍ਹਾਂ ਨੂੰ ਗਿਣੇ ਮਿਥੇ ਸ਼ਬਦਾਂ ਤੇ ਵਾਕਾਂ ਵਿਚ ਕੈਦ ਕਰਨਾ ਸੰਭਵ ਨਹੀਂ। ਸੁਰਜੀਤ ਹਾਂਸ ਪੰਜਾਬੀ ਸਾਹਿਤ ਦਾ ਬਹੁਪੱਖੀ ਤੇ ਬਹੁਪਾਸਾਰੀ ਜਿਊੜਾ ਹੈ। ਅਸੀਂ ਉਹਦੀ ਲੰਮੀ ਉਮਰ ਦੀ ਦੁਆ ਕਰਦੇ ਹਾਂ।

**1947 ਤੋਂ 1966 ਦਾ ਪੰਜਾਬ:** ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਚੰਡੀਗੜ੍ਹ ਨੇ '1947 ਤੋਂ 1966 ਵਿਚ ਪੰਜਾਬ ਨੇ ਕੀ ਖੱਟਿਆ, ਕੀ ਪਾਇਆ' ਵਿਸ਼ੇ ਸਬੰਧੀ ਇੱਕ ਰੋਜ਼ਾ ਸੈਮੀਨਾਰ ਕੀਤਾ। ਇਸ ਵਿਚ ਪੰਜਾਬ ਦੀ ਖੇਤੀਬਾੜੀ ਦੇ ਭਵਿੱਖ ਤੇ ਨੌਜਵਾਨਾਂ ਦੀ ਬੇਰੁਜ਼ਗਾਰੀ ਤੇ ਨਸ਼ਾਖੋਰੀ ਦੇ ਮਸਲੇ ਉਭਰ ਕੇ ਸਾਹਮਣੇ ਆਏ। ਇਹ ਵੀ ਕਿ 1947 ਵਿਚ ਦੋ ਟੁਕੜੇ ਹੋਇਆ ਪੰਜਾਬ ਬੋਲੀ ਦੇ ਆਧਾਰ ਉਤੇ ਸੀਮਤ ਹੋਣ ਨਾਲ ਕੇਵਲ ਇੱਕ ਫਿਰਕੇ ਦੀ ਸਰਦਾਰੀ ਵਾਲਾ ਹੋ ਗਿਆ। ਇਸ ਦਾ ਇਕ ਪ੍ਰਤੀਕਰਮ ਇਹ ਵੀ ਹੋਇਆ ਕਿ ਇਸ ਨਾਲ ਅਤਿਵਾਦ ਨੂੰ ਸ਼ਹਿ ਮਿਲੀ ਜਿਸ ਦੇ ਨਤੀਜੇ ਅਸੀਂ ਭੁਗਤ ਚੁਕੇ ਹਾਂ। ਅਜੋਕਾ ਪੰਜਾਬ ਨਾ ਹੀ ਮਹਾਰਾਜਾ ਰਣਜੀਤ ਸਿੰਘ ਵਾਲਾ ਹੈ ਤੇ ਨਾ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਧਾਰਨਾ ਵਾਲਾ।

**ਇਸਤਰੀ ਸ਼ਕਤੀ ਦਾ ਸਨਮਾਨ:** ਮੁਖ ਮੰਤਰੀ ਅਮਰਿੰਦਰ ਸਿੰਘ ਨੇ ਨਵੇਂ ਮੰਤਰੀ ਮੰਡਲ ਦੀ ਪਹਿਲੀ ਬੈਠਕ ਵਿਚ ਹੀ ਸਰਕਾਰੀ ਤੇ ਗੈਰ ਸਰਕਾਰੀ ਕਾਰਜਾਂ ਵਿਚ ਇਸਤਰੀਆਂ ਨੂੰ 33 ਪ੍ਰਤੀਸ਼ਤ ਪ੍ਰਤੀਨਿਧਤਾ ਦੇਣ ਦਾ ਫੈਸਲਾ ਕੀਤਾ ਹੈ। ਇਸ ਦੀ ਪੈਰਵੀ ਕਰਦਿਆਂ ਛੇ ਜ਼ਿਲਿਆਂ ਦੀ ਵਾਗ ਡੋਰ ਮਹਿਲਾ ਅਧਿਕਾਰੀਆਂ ਦੇ ਹੱਥ ਹੈ। ਮੇਰੇ ਪੱਤਰਕਾਰ ਮਿੱਤਰ ਸੁਰਿੰਦਰ ਸਿੰਘ ਤੇਜ ਦੀ ਬੇਟੀ ਗੁਰਨੀਤ ਤੇਜ ਨੂੰ ਜ਼ਿਲਾ ਰੂਪਨਗਰ ਦੀ ਡਿਪਟੀ ਕਮਿਸ਼ਨਰ ਲਾਇਆ ਗਿਆ ਹੈ।



ਗੁਰਨੀਤ ਤੇਜ

ਗੁਰਨੀਤ ਕਰਨਾਟਕ ਕੇਡਰ ਦੀ ਆਈ.ਏ.ਐਸ. ਅਫਸਰ ਹੈ ਤੇ ਇਸ ਤੋਂ ਪਹਿਲਾਂ ਸਪੈਸ਼ਲ ਸੈਕਟਰੀ ਕੋਆਪਰੇਸ਼ਨ ਦੀ ਜ਼ਿਮੇਵਾਰੀ ਨਿਭਾ ਚੁਕੀ ਹੈ। ਉਹ ਡੈਪੂਟੇਸ਼ਨ ਦੇ ਆਧਾਰ ਉਤੇ ਪੰਜ ਸਾਲ ਵਾਸਤੇ ਪੰਜਾਬ ਪ੍ਰਸ਼ਾਸਨ ਵਿਚ ਤਾਇਨਾਤ ਹੈ।

**ਅੰਤਿਕਾ:** ਜਾਂਨਿਸਾਰ ਅਖਤਰ
ਅਪਨੇ ਤਾਰੀਕ ਮਕਾਨੋ ਸੇ ਤੋ ਬਾਹਰ ਝਾਂਕੋ
ਜ਼ਿੰਦਗੀ ਸ਼ਮਾਂ ਲੀਏ ਦਰ ਪਰ ਖੜੀ ਹੈ ਯਾਰੋ।
ਜਬ ਭੀ ਚਾਹੇਂਗੇ ਜ਼ਮਾਨੇ ਕੋ ਬਦਲ ਡਾਲੇਂਗੇ
ਸਿਰਫ ਕਹਿਨੇ ਕੇ ਲੀਏ ਬਾਤ ਬੜੀ ਹੈ ਯਾਰੋ।

# 'ਦੁਸ਼ਮਣ' ਮੁਲਕ ਦਾ ਦੋਸਤਾਨਾ ਜ਼ਾਇਕਾ

***ਮੁੰਬਈ ਵਿਚ 1942 ਨੂੰ ਜਨਮਿਆ ਆਸਿਫ ਨੂਰਾਨੀ ਅੱਜ ਕੱਲ੍ਹ ਅੰਗਰੇਜ਼ੀ ਅਖਬਾਰ 'ਡਾਅਨ' ਲਈ ਲਿਖਦਾ ਹੈ। ਉਹ 1950 ਵਿਚ ਆਪਣੇ ਪਰਿਵਾਰ ਸਮੇਤ ਪਾਕਿਸਤਾਨ ਜਾ ਵੱਸਿਆ ਸੀ। ਉਹ ਪਹਿਲਾਂ 'ਈਸਟਰਨ ਫਿਲਮ' ਦਾ ਅਸਿਸਟੈਂਟ ਐਡੀਟਰ ਅਤੇ ਫਿਰ ਐਡੀਟਰ ਬਣਿਆ। 'ਦੁਸ਼ਮਣ ਮੁਲਕ ਦਾ ਦੋਸਤਾਨਾ ਜ਼ਾਇਕਾ' ਲੇਖ ਵਿਚ ਉਸ ਨੇ 1965 ਦੇ ਉਨ੍ਹਾਂ ਵੇਲਿਆਂ ਦੀ ਗੱਲ ਕੀਤੀ ਹੈ ਜਦੋਂ ਦੋਹਾਂ ਮੁਲਕਾਂ ਵਿਚਕਾਰ ਜੰਗ ਭੜਕ ਗਈ ਸੀ। ਉਦੋਂ ਉਹ ਮੁੰਬਈ ਪੁੱਜਾ ਹੋਇਆ ਸੀ। ਇਸ ਤੋਂ ਬਾਅਦ ਹੀ ਉਹ ਦੋਹਾਂ ਮੁਲਕਾਂ ਵਿਚਕਾਰ ਰਾਬਤੇ ਦਾ ਵੱਡਾ ਹਮਾਇਤੀ ਬਣਿਆ। ਪੱਤਰਕਾਰ ਕੁਲਦੀਪ ਨਈਅਰ ਨਾਲ ਰਲ ਕੇ ਉਸ ਨੇ 'ਟੇਲ ਆਫ ਟੂ ਸਿਟੀਜ਼' ਲਿਖੀ। ਮਿਸਾਲੀ ਗਾਇਕ ਮਹਿਦੀ ਹਸਨ ਬਾਰੇ ਉਹਨੇ 'ਮਹਿਦੀ ਹਸਨ: ਦਿ ਮੈਨ ਐਂਡ ਹਿਜ਼ ਮਿਊਜਿਕ' ਬਹੁਤ ਮਿਹਨਤ ਨਾਲ ਤਿਆਰ ਕੀਤੀ ਸੀ। ਕ੍ਰਿਕਟ ਖਿਡਾਰੀ ਸ਼ਾਹਿਦ ਅਫਰੀਦੀ ਬਾਰੇ ਲਿਖੀ ਉਹਦੀ ਕਿਤਾਬ ਵੀ ਖੂਬ ਚਰਚਾ ਵਿਚ ਰਹੀ ਸੀ। -ਸੰਪਾਦਕ***

ਬੰਬਈ (ਹੁਣ ਮੁੰਬਈ) ਉਹ ਸ਼ਹਿਰ ਹੈ ਜਿਥੇ ਮੇਰੀ ਪੈਦਾਇਸ਼ ਹੋਈ। ਮੈਂ ਇਸ ਦੇ ਸੁਲ੍ਹਾਕੁਲ ਮਿਜ਼ਾਜ ਤੋਂ ਹਮੇਸ਼ਾ ਮੁਤਾਸਿਰ ਰਿਹਾ ਹਾਂ। ਉਂਜ ਵੀ, ਮੇਰੇ ਕਈ ਮਿੱਤਰ ਤੇ ਰਿਸ਼ਤੇਦਾਰ ਇਸ ਮਹਾਂਨਗਰ ਵਿਚ ਰਹਿੰਦੇ ਹਨ। ਪਹਿਲਾਂ ਮੇਰਾ ਇਸ ਮਹਾਂਨਗਰ ਨਾਲ ਨਾਤਾ ਬਹੁਤਾ ਗਹਿਰਾ ਨਹੀਂ ਸੀ, ਪਰ 1965 ਵਿਚਲੇ ਘਟਨਾਕ੍ਰਮ ਨੇ ਮੇਰਾ ਇਸ ਮਹਾਂਨਗਰ ਨਾਲ ਰਿਸ਼ਤਾ ਪੱਕਾ ਤੇ ਸਦੀਵੀ ਬਣਾ ਦਿਤਾ। ਇਸੇ ਘਟਨਾਕ੍ਰਮ ਨੇ ਮੈਨੂੰ ਕੱਟੜ ਅਮਨਪ੍ਰਸਤ ਵੀ ਬਣਾਇਆ।

1965 ਉਹ ਵਰ੍ਹਾ ਸੀ ਜਦੋਂ ਮੈਂ ਐਮ.ਏ. (ਅੰਗਰੇਜ਼ੀ ਸਾਹਿਤ) ਦੇ ਆਖ਼ਰੀ ਸਾਲ ਦੇ ਪਰਚੇ ਦਿਤੇ। ਪਰਚੇ ਦੇ ਕੇ ਵਿਹਲਾ ਹੁੰਦਿਆਂ ਹੀ ਸੋਚਿਆ ਕਿ ਕਿਉਂ ਨਾ ਬੰਬਈ ਜਾ ਆਵਾਂ। ਮੇਰੇ ਮਾਪੇ ਕਰਾਚੀ ਵਿਚ ਵਸੇ ਹੋਏ ਸਨ। ਅਸੀਂ ਵੰਡ ਤੋਂ ਬਾਅਦ ਹੀ ਉਥੇ ਗਏ ਸਾਂ। ਮੈਂ ਅਜੇ ਸਾਲ ਪਹਿਲਾਂ ਹੀ ਬੰਬਈ ਜਾ ਕੇ ਆਇਆ ਸਾਂ ਅਤੇ ਉਥੇ ਹਿੰਦੀ ਫਿਲਮ ਜਗਤ ਨਾਲ ਸਬੰਧਤ ਕਈ ਹਸਤੀਆਂ ਦੇ ਇੰਟਰਵਿਊ ਕੀਤੇ



ਆਸਿਫ਼ ਨੂਰਾਨੀ

ਸਨ। ਮੈਂ ਦੋ ਕੁ ਸਾਲ ਪਹਿਲਾਂ ਹੀ 'ਈਸਟਰਨ ਫਿਲਮ' ਨਾਂ ਦੇ ਮੈਗਜ਼ੀਨ ਦਾ ਸੰਪਾਦਕ ਬਣਿਆ ਸਾਂ। ਇਹ ਪਾਕਿਸਤਾਨ ਦਾ ਸਭ ਤੋਂ ਵੱਧ ਵਿਕਣ ਵਾਲਾ ਮਹੀਨੇਵਾਰ ਅੰਗਰੇਜ਼ੀ ਫਿਲਮੀ ਰਸਾਲਾ ਸੀ। ਮੇਰੇ ਵੱਲੋਂ ਲਏ ਇੰਟਰਵਿਊ ਪਾਕਿਸਤਾਨੀ ਪਾਠਕਾਂ ਨੂੰ ਖ਼ੂਬ ਪਸੰਦ ਆਏ ਸਨ। ਇਸੇ ਲਈ ਮੈਂ ਹੁਣ ਵੀ ਬੰਬਈ ਵਿਚਲੇ ਆਪਣੇ ਕਿਆਮ ਦਾ ਫਾਇਦਾ ਭਾਰਤੀ ਫਿਲਮ ਹਸਤੀਆਂ ਨੂੰ ਇੰਟਰਵਿਊ ਕਰ ਕੇ ਲੈਣਾ ਚਾਹੁੰਦਾ ਸਾਂ।

ਮੇਰੀ ਉਮਰ ਸਿਰਫ 22 ਵਰ੍ਹਿਆਂ ਦੀ ਸੀ। ਮੇਰੇ ਦੋਸਤਾਂ ਤੇ ਖ਼ੈਰਖਾਹਾਂ ਨੇ ਮੈਨੂੰ ਚੌਕਸ ਕੀਤਾ ਸੀ ਕਿ ਪਾਕਿਸਤਾਨ ਅਤੇ ਭਾਰਤ ਪਹਿਲਾਂ ਹੀ ਕਸ਼ਮੀਰ ਵਿਚ ਇਕ-ਦੂਜੇ ਨਾਲ ਘੁਲ ਰਹੇ ਹਨ ਅਤੇ ਜੰਗ ਹੋਰਨਾਂ ਸਰਹੱਦਾਂ 'ਤੇ ਵੀ ਭੜਕ ਸਕਦੀ ਹੈ। ਮੈਂ ਇਨ੍ਹਾਂ ਚਿਤਾਵਨੀਆਂ ਨੂੰ ਜ਼ਿਆਦਾ ਸੰਜੀਦਗੀ ਨਾਲ ਨਹੀਂ ਸੀ ਲਿਆ, ਕਿਉਂਕਿ ਦੋ ਕੁ ਮਹੀਨੇ ਪਹਿਲਾਂ ਤਕ ਦੋਵਾਂ ਮੁਲਕਾਂ ਦਰਮਿਆਨ ਰਣ ਕੱਛ ਵਿਚ ਝੜਪਾਂ ਹੋਈਆਂ ਸਨ, ਪਰ ਉਸ ਮਗਰੋਂ ਤਲਖੀ ਖਤਮ ਹੋ ਗਈ ਸੀ। ਮੈਂ ਅਗਸਤ 1965 ਦੇ ਤੀਜੇ ਹਫਤੇ 'ਸਾਬਰਮਤੀ' ਨਾਂ ਦੇ ਜਹਾਜ਼ 'ਤੇ ਸਵਾਰ ਹੋਇਆ। ਇਤਫਾਕਵੱਸ, ਇਹ ਉਹੀ ਜਹਾਜ਼ ਸੀ ਜਿਸ ਰਾਹੀਂ ਮੈਂ ਤੇ ਮੇਰਾ ਪਰਿਵਾਰ 1950 ਵਿਚ ਬੰਬਈ ਤੋਂ ਹਿਜਰਤ ਕਰ ਕੇ ਕਰਾਚੀ ਆਏ ਸਾਂ। ਇਸ ਜਹਾਜ਼ ਨੇ ਕਰਾਚੀ ਤੋਂ ਬੰਬਈ ਪੁੱਜਣ ਲਈ ਦਸ ਦਿਨ ਲਾਏ।

ਮੈਂ ਬੰਬਈ ਵਿਚ ਪਹਿਲੇ ਕੁਝ ਦਿਨ ਫਿਲਮਾਂ ਦੇਖਣ ਵਿਚ ਬਿਤਾਏ। ਫਿਲਮਸਾਜ਼ ਅਬਦੁਲ ਰਹਿਮਾਨ ਕਾਰਦਾਰ ਦੇ ਇਕ ਸਹਾਇਕ ਦੀ ਮਦਦ ਨਾਲ ਮੈਨੂੰ ਦਲੀਪ ਕੁਮਾਰ ਤੇ ਵਹੀਦਾ ਰਹਿਮਾਨ ਦੀਆਂ ਮੁੱਖ ਭੂਮਿਕਾਵਾਂ ਵਾਲੀ ਫਿਲਮ 'ਦਿਲ ਦੀਆ ਦਰਦ ਲੀਆ' ਕਾਰਦਾਰ ਸਟੂਡੀਓਜ਼ ਦੇ ਮਿਨੀ ਥਿਏਟਰ ਵਿਚ ਦੇਖਣ ਦਾ ਸੁਭਾਗ ਪ੍ਰਾਪਤ ਹੋ ਗਿਆ। ਇਹ ਫਿਲਮ ਉਦੋਂ ਅਜੇ ਸੈਂਸਰ ਨਹੀਂ ਸੀ ਹੋਈ। ਮੈਥੋਂ ਅੱਗੇ ਵਾਲੀ ਕਤਾਰ ਵਿਚ ਦਲੀਪ ਕੁਮਾਰ ਬੈਠਾ ਸੀ ਜੋ ਫਿਲਮ ਦੇ ਸੰਗੀਤਕਾਰ ਨੌਸ਼ਾਦ ਨਾਲ ਫਿਲਮ ਦੇ ਬੈਕਗ੍ਰਾਊਂਡ ਮਿਊਜ਼ਿਕ ਬਾਰੇ ਵਿਚਾਰਾਂ ਕਰ ਰਿਹਾ ਸੀ। ਇਹ ਸੰਗੀਤ ਅਜੇ ਰਿਕਾਰਡ ਹੋਣਾ ਬਾਕੀ ਸੀ। ਦਰਅਸਲ, ਕਹਿਣ ਨੂੰ ਤਾਂ ਫਿਲਮ ਦੇ ਨਿਰਮਾਤਾ ਨਿਰਦੇਸ਼ਕ ਏ.ਆਰ. ਕਾਰਦਾਰ ਹੀ ਸਨ, ਪਰ ਅਸਲ ਨਿਰਦੇਸ਼ਨ ਦਲੀਪ ਕੁਮਾਰ ਦਾ ਸੀ। ਦਲੀਪ ਕੁਮਾਰ ਦਾ ਸਿਤਾਰਾ ਉਨ੍ਹੀਂ ਦਿਨੀਂ ਪੂਰੀ ਬੁਲੰਦੀ 'ਤੇ ਸੀ ਅਤੇ ਉਹ ਚੰਮ ਦੀਆਂ ਚਲਾਉਂਦਾ ਸੀ।

ਉਨ੍ਹੀਂ ਦਿਨੀਂ ਭਾਰਤ ਤੇ ਪਾਕਿਸਤਾਨ ਕਿਉਂਕਿ ਕਸ਼ਮੀਰ ਵਿਚ ਜੰਗ ਵਿਚ ਉਲਝੇ ਹੋਏ ਸਨ, ਇਸ ਲਈ ਬਹੁਤੀਆਂ ਮੁਸਲਿਮ ਫਿਲਮੀ ਹਸਤੀਆਂ ਨੇ ਮੈਥੋਂ ਕਿਨਾਰਾਕਸ਼ੀ ਹੀ ਕੀਤੀ। ਉਹ ਨਹੀਂ ਸਨ ਚਾਹੁੰਦੇ ਕਿ ਕਿਸੇ ਪਾਕਿਸਤਾਨੀ ਨਾਲ ਉਨ੍ਹਾਂ ਦੇ ਮੇਲ-ਜੋਲ ਦੀ ਖਬਰ ਕਿਸੇ ਨੂੰ ਲੱਗੇ। ਬੰਬਈ ਦੀ ਆਪਣੇ ਸਾਲ ਪਹਿਲਾਂ ਵਾਲੀ ਫੇਰੀ ਦੌਰਾਨ ਮੈਂ ਨੌਸ਼ਾਦ ਅਲੀ ਸਾਬ੍ਹ ਨੂੰ ਉਨ੍ਹਾਂ ਦੇ ਬੰਗਲੇ ਵਿਚ ਜਾ ਕੇ ਮਿਲਿਆ ਸੀ। ਉਦੋਂ ਉਹ ਬੜੀ ਨਿੱਘ ਤੇ ਖਲੂਸ ਨਾਲ ਮਿਲੇ ਸਨ, ਪਰ ਹੁਣ ਉਹ ਮੈਨੂੰ ਸਮਾਂ ਦੇਣ ਤੋਂ ਇਨਕਾਰੀ ਸਨ। ਦਲੀਪ ਕੁਮਾਰ ਨੇ ਜ਼ਰੂਰ ਦਲੇਰੀ ਦਿਖਾਈ। ਉਸ ਨੇ ਮੇਰੇ ਕੁਝ ਸਵਾਲਾਂ ਦੇ ਜਵਾਬ ਵੀ ਦਿਤੇ ਅਤੇ ਵਾਅਦਾ ਕੀਤਾ ਕਿ ਮਦਰਾਸ (ਹੁਣ ਚੇਨੱਈ) ਤੋਂ ਵਾਪਸੀ 'ਤੇ ਉਹ ਮੈਨੂੰ ਮੁਲਾਕਾਤ ਲਈ ਸਮਾਂ ਜ਼ਰੂਰ ਦੇਵੇਗਾ। ਉਹ ਫਿਲਮ 'ਆਦਮੀ' ਦੀ ਸ਼ੂਟਿੰਗ ਦੇ ਸਿਲਸਿਲੇ ਵਿਚ ਮਦਰਾਸ ਜਾ ਰਿਹਾ ਸੀ। ਉਸ ਫਿਲਮ ਵਿਚ ਉਸ ਨਾਲ ਵਹੀਦਾ ਰਹਿਮਾਨ ਤੇ ਮਨੋਜ ਕੁਮਾਰ ਦੀਆਂ ਮੁੱਖ ਭੂਮਿਕਾਵਾਂ ਸਨ, ਪਰ ਕਿਸਮਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ।

---

ਛੇ ਸਤੰਬਰ ਨੂੰ ਫਿਲਮ 'ਚੌਦਵੀਂ ਕਾ ਚਾਂਦ' ਦੇਖਣ ਤੋਂ ਬਾਅਦ ਮੈਂ ਫਿਲਮ ਨਿਰਮਾਤਾ ਇਰਸ਼ਾਦ ਅਲੀ ਦੇ ਦਫਤਰ ਗਿਆ ਤਾਂ ਜੋ ਉਸ ਦੀ ਨਿਰਮਾਣ ਅਧੀਨ ਫਿਲਮ 'ਸਾਜ਼ ਔਰ ਆਵਾਜ਼' ਦੀਆਂ ਕੁਝ ਸਟਿੱਲਜ਼ (ਫੋਟੋਗ੍ਰਾਫ) ਹਾਸਲ ਕਰ ਸਕਾਂ। ਮੈਨੂੰ ਇਹ ਤਸਵੀਰਾਂ 'ਈਸਟਰਨ ਫਿਲਮ' ਵਿਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਵਾਸਤੇ ਚਾਹੀਦੀਆਂ ਸਨ। ਉਸ ਦੇ ਦਫਤਰ ਵਿਚ ਤਿੰਨ ਪੰਜਾਬੀ ਬੈਠੇ ਸਨ ਜੋ ਪੱਛਮੀ ਪੰਜਾਬ ਤੋਂ ਉਜੜ ਕੇ ਆਏ ਸਨ। ਉਨ੍ਹਾਂ ਵਿਚੋਂ ਇਕ ਨੂੰ ਜਿਵੇਂ ਪਤਾ ਲੱਗਾ ਕਿ ਮੈਂ ਪਾਕਿਸਤਾਨੀ ਹਾਂ, ਤਾਂ ਉਹ ਫਿਕਰਮੰਦੀ ਵਾਲੇ ਲਹਿਜੇ ਵਿਚ ਬੋਲਿਆ, "ਫੌਰੀ ਵਤਨ ਵਾਪਸ ਚਲਾ ਜਾ। ਤੁਹਾਡੇ ਸਦਰ ਅਯੂਬ ਨੇ ਭਾਰਤ ਖਿਲਾਫ ਜੰਗ ਛੇੜਨ ਦਾ ਐਲਾਨ ਕਰ ਦਿਤਾ ਹੈ।" ਇਰਸ਼ਾਦ ਅਲੀ ਮੈਨੂੰ ਤਸਵੀਰਾਂ ਦੇਣ ਦੇ ਬਹਾਨੇ ਨਾਲ ਦੇ ਕਮਰੇ ਵਿਚ ਲੈ ਗਿਆ ਅਤੇ ਕਹਿਣ ਲੱਗਾ, "ਇਸ ਬਿਲਡਿੰਗ ਦੇ ਪਿਛਵਾੜੇ ਉਤਰ ਕੇ ਖਿਸਕ ਜਾਹ। ਤੇਰਾ ਭਲਾ ਏਸੇ ਗੱਲ 'ਚ ਐ।"

ਮੈਂ ਉਸੇ ਦਿਨ ਕਰਾਚੀ, ਹਵਾਈ ਜਹਾਜ਼ ਰਾਹੀਂ ਪਰਤਣਾ ਚਾਹਿਆ, ਪਰ ਦੋਵਾਂ ਦੇਸ਼ਾਂ ਦਰਮਿਆਨ ਉਡਾਣਾਂ ਰੱਦ ਹੋਣ ਕਾਰਨ ਅਜਿਹਾ ਨਾ ਹੋ ਸਕਿਆ। ਅਗਲੇ ਦਿਨ ਦੇ ਅਖਬਾਰਾਂ ਵਿਚ ਖਬਰ ਛਪੀ ਕਿ ਪਾਕਿਸਤਾਨੀ ਸਿਰਫ ਐਗਜ਼ਿਟ ਪਰਮਿਟਾਂ ਰਾਹੀਂ ਹੀ ਵਤਨ ਪਰਤ ਸਕਣਗੇ। ਇਸੇ ਤਰ੍ਹਾਂ ਪਾਕਿਸਤਾਨ ਵਿਚ ਫਸੇ ਭਾਰਤੀਆਂ ਉਤੇ ਵੀ ਅਜਿਹੀ ਸ਼ਰਤ ਲਾਗੂ ਹੋ ਗਈ। ਮੈਂ ਆਪਣੇ ਚਾਚੇ ਦੇ ਘਰ ਟਿਕਿਆ ਹੋਇਆ ਸੀ। ਉਸ ਦਾ ਬਹੁਤਾ ਸਮਾਂ ਦਫਤਰ ਵਿਚ ਹੀ ਗੁਜ਼ਰਦਾ ਸੀ, ਜਦੋਂਕਿ ਮੇਰੀ ਚਾਚੀ ਸਾਰਾ ਦਿਨ ਆਪਣੇ ਬੱਚਿਆਂ ਵਿਚ ਹੀ ਉਲਝੀ ਰਹਿੰਦੀ ਸੀ।

ਖੁਸ਼ਕਿਸਮਤੀ ਨਾਲ ਮੇਰੀ ਵਾਕਫੀਅਤ ਜ਼ੁਲੈਖਾ ਨਾਲ ਸੀ ਜੋ ਲਾਹੌਰ ਤੋਂ ਸੀ। ਉਹ ਦੱਖਣੀ ਬੰਬਈ ਦੇ ਅਮੀਰ ਇਲਾਕੇ ਵਿਚ ਰਹਿੰਦੀ ਸੀ। ਉਸ ਦਾ ਪਤੀ ਯੂਸੁਫ ਕਾਰੋਬਾਰੀ ਸੀ। ਉਹ ਅਕਸਰ ਹੀ ਸਾਨੂੰ ਲੰਚ ਜਾਂ ਸ਼ਾਮ ਦੀ ਚਾਹ ਲਈ ਕਿਤੇ ਨਾ ਕਿਤੇ ਲੈ ਜਾਇਆ ਕਰਦਾ।

ਇਕ ਦਿਨ ਉਹ ਸਾਨੂੰ ਗੇਟਵੇਅ ਆਫ ਇੰਡੀਆ ਨੇੜੇ ਰੀਗਲ ਸਿਨਮਾ ਵਿਚ ਛੱਡ ਗਿਆ। ਉਥੇ ਕੋਈ ਅੰਗਰੇਜ਼ੀ ਫਿਲਮ ਚੱਲ ਰਹੀ ਸੀ। ਅਚਾਨਕ ਫਿਲਮ ਦੀ ਸਕਰੀਨਿੰਗ ਰੋਕ ਦਿਤੀ ਗਈ। ਫਿਰ ਸਕਰੀਨ ਉਪਰ ਐਲਾਨ ਉਭਰਿਆ:



*ਫਿਲਮ 'ਆਦਮੀ' ਦੇ ਇਕ ਦ੍ਰਿਸ਼ ਵਿਚ ਵਹੀਦਾ ਰਹਿਮਾਨ ਅਤੇ ਦਲੀਪ ਕੁਮਾਰ।*

"ਹਵਾਈ ਹਮਲਾ ਹੋ ਗਿਆ ਹੈ। ਬੰਬਈ ਉਪਰ ਵੀ ਜਹਾਜ਼ ਮੰਡਰਾ ਰਹੇ ਹਨ। ਸਾਰੇ ਦਰਸ਼ਕ ਸਿਨਮਾਘਰ ਦੀ ਬੇਸਮੈਂਟ ਵਿਚ ਚਲੇ ਜਾਣ।" ਇਹ ਵੀ ਸਲਾਹ ਦਿਤੀ ਗਈ, "ਘਬਰਾਉ ਨਾ, ਥਿਏਟਰ ਦਾ ਸਟਾਫ ਤੁਹਾਡੀ ਪੂਰੀ ਮਦਦ ਕਰੇਗਾ।" ਇਹ ਵੱਖਰੀ ਗੱਲ ਹੈ ਕਿ ਖਤਰੇ ਦੀ ਗੱਲ ਸੁਣਦਿਆਂ ਸਟਾਫ ਸਭ ਤੋਂ ਪਹਿਲਾਂ ਘਰ ਦੌੜ ਗਿਆ ਸੀ।

---

ਅਗਲੇ 16 ਦਿਨ ਮੇਰੇ ਲਈ ਬਹੁਤ ਔਖੇ ਲੰਘੇ। ਜੰਗਬੰਦੀ ਹੋਣ 'ਤੇ ਕੁਝ ਸੁੱਖ ਦਾ ਸਾਹ ਆਇਆ। ਮੈਨੂੰ ਜਾਪਿਆ ਕਿ ਹੁਣ ਨਿਕਾਸੀ ਪਰਮਿਟ ਛੇਤੀ ਜਾਰੀ ਹੋ ਜਾਣਗੇ, ਪਰ ਇਹ ਸੋਚ ਗਲਤ ਸਾਬਤ ਹੋਈ। ਜੰਗ ਖਤਮ ਹੋਣ ਤੋਂ ਦੋ ਹਫਤੇ ਬਾਅਦ ਮੈਂ ਵਿਕਟੋਰੀਆ ਟਰਮੀਨਸ ਇਲਾਕੇ ਵਿਚ ਇਕ ਵੱਡੇ ਕਿਤਾਬਘਰ 'ਤਾਰਾਪੁਰਵਾਲਾ' ਵਿਚ ਗਿਆ। ਕਰਾਚੀ ਯੂਨੀਵਰਸਿਟੀ ਦੀ ਇਕ ਪ੍ਰੋਫੈਸਰ ਨੇ ਮੈਨੂੰ ਕਿਹਾ ਸੀ ਕਿ ਉਸ ਦੁਕਾਨ ਉਤੇ ਕੰਮ ਕਰਨ ਵਾਲਾ ਇਕ ਬਜ਼ੁਰਗ ਪਾਰਸੀ ਅੱਖਾਂ ਵਿਚ ਪਾਉਣ ਵਾਲੀ ਵਧੀਆ ਦਵਾਈ ਤਿਆਰ ਕਰਦਾ ਹੈ। ਮੈਂ ਇਕ ਬਜ਼ੁਰਗ ਪਾਰਸੀ ਕੋਲ ਜਾ ਕੇ ਉਸ ਨੂੰ ਦੱਸਿਆ ਕਿ ਮੈਨੂੰ ਮਿੱਸ ਰੋਡਾ ਵਾਨੀਆ ਨੇ ਭੇਜਿਆ ਹੈ। ਉਸ ਦਾ ਡਰਿਆ ਹੋਇਆ ਜਵਾਬ ਸੀ, 'ਤੂੰ ਪਾਕਿਸਤਾਨੀ ਐਂ?' ਮੈਂ 'ਹਾਂ' ਵਜੋਂ ਸਿਰ ਹਿਲਾ ਦਿਤਾ।

ਅਗਲੇ ਹੀ ਦਿਨ ਸੀ.ਆਈ.ਡੀ. ਦਫਤਰ ਤੋਂ ਇਕ ਚਿੱਟਕੱਪੜੀਆ ਸਿਪਾਹੀ ਮੇਰੇ ਚਾਚੇ ਦੇ ਦਫਤਰ ਪਹੁੰਚ ਗਿਆ ਅਤੇ ਮੈਨੂੰ ਪੇਸ਼ ਕੀਤੇ ਜਾਣ ਦਾ ਹੁਕਮ ਦਿਤਾ। ਮੈਨੂੰ ਜਾਪਿਆ ਕਿ ਹੁਣ ਮੈਨੂੰ ਜੇਲ੍ਹ ਵਿਚ ਡੱਕ ਦਿਤਾ ਜਾਵੇਗਾ। ਮੈਂ ਪੁਰਾਣਾ ਸੂਟਕੇਸ ਚੁੱਕਿਆ। ਉਸ ਵਿਚ ਕੁਝ ਪੁਰਾਣੇ ਕੱਪੜੇ ਰੱਖੇ ਅਤੇ ਮਹਾਤਮਾ ਗਾਂਧੀ ਬਾਰੇ ਕੁਝ ਕਿਤਾਬਾਂ ਵੀ ਰੱਖ ਲਈਆਂ। ਮੈਨੂੰ ਸੀ.ਆਈ.ਡੀ. ਦਫਤਰ ਲਿਜਾਣ ਆਏ ਕਾਂਸਟੇਬਲ ਨੇ ਇਹ ਦੇਖ ਕੇ ਪੁੱਛਿਆ, "ਸੂਟਕੇਸ ਕੀ ਕਰਨਾ? ਸਾਡੇ ਦਫਤਰ ਵਿਚ ਰਹਿਣ ਦੀ ਕੋਈ ਥਾਂ ਨਹੀਂ।" ਇਹ ਸੁਣ ਕੇ ਮੇਰਾ ਡਰ ਕੁਝ ਘਟ ਗਿਆ।

ਕਰਾਅਫਰਡ ਮਾਰਕੀਟ ਨੇੜੇ ਸਥਿਤ ਸੀ.ਆਈ.ਡੀ. ਦਫਤਰ ਵਿਚ ਮੈਨੂੰ ਇੰਸਪੈਕਟਰ ਟਾਕਲੇ ਅੱਗੇ ਪੇਸ਼ ਕੀਤਾ ਗਿਆ। ਉਸ ਨੇ ਮੇਰੇ ਪਾਸਪੋਰਟ ਦਾ ਮੁਆਇਨਾ ਕੀਤਾ। ਫਿਰ ਕਹਿਣ ਲੱਗਾ, "ਤੇਰੇ ਕੋਲ ਤਾਂ ਪੂਨਾ ਜਾਣ ਦਾ ਵੀ ਵੀਜ਼ਾ ਸੀ, ਤੂੰ ਉਥੇ ਕਿਉਂ ਨਹੀਂ ਗਿਆ?"

"ਦੋਵਾਂ ਦੇਸ਼ਾਂ ਦਰਮਿਆਨ ਹਥਿਆਰਬੰਦ ਝਗੜੇ ਕਾਰਨ।" ਮੈਂ ਸ਼ਬਦ ਤੋਲ ਤੋਲ ਕੇ ਜਵਾਬ ਦਿਤਾ।

"ਹਥਿਆਰਬੰਦ ਝਗੜਾ!" ਉਹ ਮੁਸਕਰਾਇਆ, "ਤੂੰ ਇਹਦੇ ਬਾਰੇ ਕੀ ਸੋਚਦੈਂ?"

"ਦੋ ਗਰੀਬ ਭੁੱਖਮਰੇ ਦੇਸ਼ਾਂ ਦਰਮਿਆਨ ਅਜਿਹੇ ਝਗੜੇ ਦਾ ਕੀ ਫਾਇਦਾ?" ਮੇਰਾ ਲਹਿਜਾ ਫਿਰ ਕੂਟਨੀਤਕ ਸੀ।

"ਚੰਗਾ ਭਾਸ਼ਨ ਕਰ ਲੈਂਦਾ ਏਂ ਤੂੰ!" ਉਸ ਨੇ ਟੋਕਿਆ, "ਇਹ ਦੱਸ ਕਿ ਤਾਰਾਪੁਰਵਾਲਾ ਬੁੱਕ ਸ਼ਾਪ 'ਤੇ ਕੀ ਕਰਨ ਗਿਆ ਸੀ?"

ਮੈਂ ਸਮਝ ਗਿਆ ਕਿ ਸੀ.ਆਈ.ਡੀ. ਨੂੰ ਉਸ ਪਾਰਸੀ ਬਜ਼ੁਰਗ ਨੇ ਹੀ ਮੇਰੇ ਬਾਰੇ ਸੂਚਿਤ ਕੀਤਾ ਸੀ। ਮੈਂ ਇੰਸਪੈਕਟਰ ਟਾਕਲੇ ਨੂੰ ਪੂਰੀ ਕਹਾਣੀ ਦੱਸ ਦਿਤੀ। ਨਾਲ ਹੀ ਕਿਹਾ ਕਿ ਜੇ ਸੀ. ਆਈ. ਡੀ. ਇਜਾਜ਼ਤ ਦੇਵੇ ਤਾਂ ਮੈਂ ਉਥੋਂ ਦਵਾਈ ਦੀ ਸ਼ੀਸ਼ੀ ਜ਼ਰੂਰ ਲੈ ਕੇ ਜਾਣੀ ਚਾਹਾਂਗਾ। ਇੰਸਪੈਕਟਰ ਦਾ ਜਵਾਬ ਸੀ, "ਇਕ ਨਹੀਂ, ਤਿੰਨ-ਚਾਰ ਲੈ ਜਾਈਂ। ਹੁਣ ਤੁਹਾਨੂੰ ਪਾਕਿਸਤਾਨੀਆਂ ਨੂੰ ਕਿਸੇ ਨੇ ਵੀ ਛੇਤੀ ਛੇਤੀ ਬੰਬਈ ਨਹੀਂ ਆਉਣ ਦੇਣਾ!" ਫਿਰ ਉਹ ਨਸੀਹਤ ਦੇਣ ਲੱਗਾ, "ਕਿਸੇ ਨਾਜ਼ੁਕ ਟਿਕਾਣੇ ਜਾਂ ਇਮਾਰਤ ਨੇੜੇ ਨਾ ਜਾਈਂ। ਕਿਸੇ ਫੌਜੀ ਛਾਉਣੀ ਦੇ ਨੇੜੇ ਵੀ ਨਾ ਢੁਕੀਂ।" ਇਹ ਕਹਿੰਦਿਆਂ ਉਸ ਨੇ ਮੇਰਾ ਪਾਸਪੋਰਟ ਮੈਨੂੰ ਮੋੜ ਦਿੱਤਾ। ਮੈਂ ਝੱਟ ਸਵਾਲ ਦਾਗ ਦਿਤਾ, "ਮੈਨੂੰ ਨਿਕਾਸੀ ਪਰਮਿਟ ਕਿਥੋਂ ਮਿਲੇਗਾ?"

"ਜੇ ਦਿੱਲੀਓਂ ਹੁਕਮ ਆ ਗਿਆ ਤਾਂ ਮੈਂ ਹੀ ਦੇ ਦਿਆਂਗਾ।" ਫਿਰ ਉਸ ਨੇ ਚਾਹ ਤੇ ਬਿਸਕੁਟ ਮੰਗਵਾ ਲਏ। ਮੈਨੂੰ ਇਹ ਤਜਰਬਾ ਬਹੁਤ ਸੁਖਾਵਾਂ ਜਾਪਿਆ।

ਮੈਂ ਹਰ ਤੀਜੇ-ਚੌਥੇ ਦਿਨ ਨਿਕਾਸੀ ਪਰਮਿਟ ਬਾਰੇ ਪਤਾ ਕਰਨ ਲਈ ਸੀ.ਆਈ.ਡੀ. ਦਫਤਰ ਦਾ ਗੇੜਾ ਮਾਰਨਾ ਸ਼ੁਰੂ ਕਰ ਦਿਤਾ। ਹਰ ਵਾਰ ਉਹ ਚਾਹ ਤੇ ਖਤਾਈ ਬਿਸਕੁਟਾਂ ਨਾਲ ਮੇਜ਼ਬਾਨੀ ਵਾਲੇ ਫਰਜ਼ ਨਿਭਾਉਂਦਾ। ਫਿਰ ਇਕ ਦਿਨ ਉਸ ਨੇ ਅੱਕ ਕੇ ਕਹਿ ਹੀ ਦਿਤਾ, "ਮੈਂ ਤਨਖਾਹਦਾਰ ਬੰਦਾ ਆਂ। ਹਰ ਦੂਜੇ ਦਿਨ ਤੇਰੀ ਇਸ ਤਰ੍ਹਾਂ ਸੇਵਾ ਨਹੀਂ ਕਰ ਸਕਦਾ। ਉਂਜ ਵੀ ਦਫਤਰੀ ਸਾਥੀ ਪੁੱਛਣ ਲੱਗ ਪਏ ਹਨ ਕਿ ਇਸ ਪਾਕਿਸਤਾਨੀ ਦੀ ਮੈਂ ਇੰਨੀ ਸੇਵਾ ਕਿਉਂ ਕਰਦਾ ਹਾਂ। ਹੁਣ ਤੂੰ ਹਫਤੇ ਬਾਅਦ ਆਈਂ।"

---

ਮੇਰੇ ਮਾਪੇ ਮੇਰੀ ਹਿਫਾਜ਼ਤ ਬਾਰੇ ਬੜੇ ਫਿਕਰਮੰਦ ਸਨ। ਦੋਵਾਂ ਦੇਸ਼ਾਂ ਦਰਮਿਆਨ ਫੋਨ ਕੁਨੈਕਸ਼ਨ ਨਹੀਂ ਸਨ ਅਤੇ ਡਾਕ ਦਾ ਵਟਾਂਦਰਾ ਬੰਦ ਸੀ। ਤਾਰ ਵੀ ਨਹੀਂ ਸੀ ਭੇਜੀ ਜਾ ਸਕਦੀ।

***ਬੰਬਈ ਵਿਚ ਫਿਲਮਸਾਜ਼ ਅਬਦੁਲ ਰਹਿਮਾਨ ਕਾਰਦਾਰ ਦੇ ਸਹਾਇਕ ਦੀ ਮਦਦ ਨਾਲ ਦਲੀਪ ਕੁਮਾਰ ਤੇ ਵਹੀਦਾ ਰਹਿਮਾਨ ਦੀਆਂ ਮੁੱਖ ਭੂਮਿਕਾਵਾਂ ਵਾਲੀ ਫ਼ਿਲਮ 'ਦਿਲ ਦੀਆ ਦਰਦ ਲੀਆ' ਦੇਖਣ ਦਾ ਸੁਭਾਗ ਪ੍ਰਾਪਤ ਹੋ ਗਿਆ। ਇਹ ਫ਼ਿਲਮ ਉਦੋਂ ਅਜੇ ਸੈਂਸਰ ਨਹੀਂ ਸੀ ਹੋਈ। ਮੈਥੋਂ ਅੱਗੇ ਵਾਲੀ ਕਤਾਰ ਵਿਚ ਦਿਲੀਪ ਕੁਮਾਰ ਬੈਠਾ ਸੀ ਜੋ ਫ਼ਿਲਮ ਦੇ ਸੰਗੀਤਕਾਰ ਨੌਸ਼ਾਦ ਨਾਲ ਫ਼ਿਲਮ ਦੇ ਬੈਕਗ੍ਰਾਊਂਡ ਮਿਊਜ਼ਿਕ ਬਾਰੇ ਵਿਚਾਰਾਂ ਕਰ ਰਿਹਾ ਸੀ। ਕਹਿਣ ਨੂੰ ਤਾਂ ਫ਼ਿਲਮ ਦੇ ਨਿਰਮਾਤਾ ਨਿਰਦੇਸ਼ਕ ਏ.ਆਰ. ਕਾਰਦਾਰ ਹੀ ਸਨ, ਪਰ ਅਸਲ ਨਿਰਦੇਸ਼ਨ ਦਲੀਪ ਕੁਮਾਰ ਦਾ ਸੀ। ਦਲੀਪ ਕੁਮਾਰ ਦਾ ਸਿਤਾਰਾ ਉਨ੍ਹੀਂ ਦਿਨੀਂ ਪੂਰੀ ਬੁਲੰਦੀ 'ਤੇ ਸੀ ਅਤੇ ਉਹ ਚੰਮ ਦੀਆਂ ਚਲਾਉਂਦਾ ਸੀ।***

ਮਹੀਨੇ ਬਾਅਦ ਮੇਰੇ ਇਕ ਰਿਸ਼ਤੇਦਾਰ ਜਿਸ ਕੋਲ ਬ੍ਰਿਟਿਸ਼ ਪਾਸਪੋਰਟ ਸੀ, ਨੂੰ ਲੰਡਨ ਜਾਣ ਦੀ ਖੁੱਲ੍ਹ ਮਿਲ ਗਈ। ਉਸ ਨੇ ਉਥੋਂ ਮੇਰੇ ਵਾਲਿਦ ਸਾਹਿਬ ਨੂੰ ਫੋਨ ਕਰ ਕੇ ਦੱਸਿਆ ਕਿ ਮੈਂ ਜੇਲ੍ਹ ਵਿਚ ਨਹੀਂ ਸਾਂ, ਸਗੋਂ ਪੁਲਿਸ ਵਾਲਿਆਂ ਦੀ ਚਾਹ ਵੀ ਪੀਂਦਾ ਸਾਂ ਅਤੇ ਉਨ੍ਹਾਂ ਦਾ ਸਿਰ ਵੀ ਖਾਂਦਾ ਸਾਂ। ਉਪਰੋਂ ਫਿਲਮਾਂ ਵੀ ਦੇਖਦਾ ਸਾਂ ਅਤੇ ਬੰਬਈ ਵਿਚਲੇ ਮਿੱਤਰਾਂ ਨਾਲ ਕਲੱਬਾਂ ਤੇ ਹੋਟਲਾਂ ਦੀਆਂ ਰੋਟੀਆਂ ਵੀ ਖਾਂਦਾ ਫਿਰਦਾ ਸਾਂ।

ਜੰਗ ਮੁੱਕਣ ਤੋਂ ਢਾਈ ਮਹੀਨੇ ਬਾਅਦ ਮੈਨੂੰ ਇਕ ਦਿਨ ਅਚਾਨਕ ਇੰਸਪੈਕਟਰ ਟਾਕਲੇ ਦਾ ਫੋਨ ਆਇਆ। "ਤੂੰ ਕਿਹੜੇ ਜਹਨੁੰਮ 'ਚ ਏਂ? ਮੈਂ ਤਿੰਨ ਦਿਨਾਂ ਤੋਂ ਤੇਰਾ ਪਰਮਿਟ ਤਿਆਰ ਕਰੀ ਬੈਠਾਂ, ਤੂੰ ਲੈਣ ਈ ਨਹੀਂ ਆਇਆ।" ਉਹ ਆਖਰੀ ਵਾਰ ਸੀ ਜਦੋਂ ਉਸ ਨੇ ਮੈਨੂੰ ਖਤਾਈਆਂ ਨਾਲ ਚਾਹ ਪਿਲਾਈ। ਦੋ ਦਿਨ ਬਾਅਦ ਮੈਂ ਕਰਾਚੀ ਪਹੁੰਚ ਗਿਆ ਜਿਥੇ ਹਵਾਈ ਅੱਡੇ 'ਤੇ ਪੂਰਾ ਕੁਨਬਾ ਹੀ ਮੇਰੇ ਸਵਾਗਤ ਲਈ ਹਾਜ਼ਰ ਸੀ। ਉਹ ਮੈਨੂੰ ਪਹਿਲਾਂ ਨਾਲੋਂ ਤਕੜਾ ਤੇ ਸੁਨੱਖਾ ਹੋਇਆ ਦੇਖ ਕੇ ਹੈਰਾਨ ਸਨ।

ਮੈਂ ਇਸ ਮਗਰੋਂ 1976 ਵਿਚ ਬੰਬਈ ਗਿਆ। ਉਥੇ ਸੀ.ਆਈ.ਡੀ. ਦਫਤਰ ਵਿਚੋਂ ਪਤਾ ਲੱਗਿਆ ਕਿ ਇੰਸਪੈਕਟਰ ਟਾਕਲੇ ਸੇਵਾਮੁਕਤ ਹੋ ਕੇ ਆਪਣੇ ਪਿੰਡ ਚਲਾ ਗਿਆ ਹੈ। ਵੀਜ਼ਾ ਸ਼ਰਤਾਂ ਕਾਰਨ ਮੈਂ ਉਸ ਨੂੰ ਉਸ ਦੇ ਪਿੰਡ ਮਿਲਣ ਲਈ ਨਹੀਂ ਸੀ ਜਾ ਸਕਦਾ। ਉਸ ਤੋਂ ਬਾਅਦ ਵੀ ਬੰਬਈ ਦੇ ਚੱਕਰ ਲੱਗਦੇ ਰਹੇ। ਦਿੱਲੀ ਦੇ ਵੀ। ਮੇਰੇ ਤਜਰਬੇ ਨੇ ਮੈਨੂੰ ਅਮਨਪ੍ਰਸਤ ਬਣਾ ਦਿਤਾ ਸੀ। ਹੁਣ ਵੀ ਜਦੋਂ ਭਾਰਤ ਤੇ ਪਾਕਿਸਤਾਨ ਦਰਮਿਆਨ ਤਨਾਜ਼ਾ ਪੈਦਾ ਹੁੰਦਾ ਹੈ ਤਾਂ ਮੈਨੂੰ ਇੰਸਪੈਕਟਰ ਟਾਕਲੇ ਨਾਲ ਬਿਤਾਏ ਪਲ ਯਾਦ ਆ ਜਾਂਦੇ ਹਨ। ਨਾਲ ਹੀ ਇਹ ਉਮੀਦ ਟਿਮਟਿਮਾਉਣ ਲੱਗਦੀ ਹੈ ਕਿ ਦੋਵਾਂ ਮੁਲਕਾਂ ਦਰਮਿਆਨ ਰਿਸ਼ਤੇ ਦੇ ਭਲੇ ਦਿਨ ਜ਼ਰੂਰ ਆਉਣਗੇ।

***('ਡਾਅਨ' ਤੋਂ ਧੰਨਵਾਦ ਸਹਿਤ)***

***ਅਗਲੇ ਦਿਨ ਬਹੁਤ ਔਖੇ ਲੰਘੇ। ਜੰਗਬੰਦੀ ਹੋਣ 'ਤੇ ਕੁਝ ਸੁੱਖ ਦਾ ਸਾਹ ਆਇਆ। ਮੈਨੂੰ ਜਾਪਿਆ ਕਿ ਹੁਣ ਨਿਕਾਸੀ ਪਰਮਿਟ ਛੇਤੀ ਜਾਰੀ ਹੋ ਜਾਣਗੇ, ਪਰ ਇਹ ਸੋਚ .ਗਲਤ ਸਾਬਤ ਹੋਈ। ਜੰਗ ਖ਼ਤਮ ਹੋਣ ਤੋਂ ਦੋ ਹਫ਼ਤੇ ਬਾਅਦ ਮੈਂ ਵਿਕਟੋਰੀਆ ਟਰਮੀਨਸ ਇਲਾਕੇ ਵਿਚ ਇਕ ਵੱਡੇ ਕਿਤਾਬਘਰ 'ਤਾਰਾਪੁਰਵਾਲਾ' ਵਿਚ ਗਿਆ। ਕਰਾਚੀ ਯੂਨੀਵਰਸਿਟੀ ਦੀ ਇਕ ਪ੍ਰੋਫ਼ੈਸਰ ਨੇ ਮੈਨੂੰ ਕਿਹਾ ਸੀ ਕਿ ਉਸ ਦੁਕਾਨ ਉਤੇ ਕੰਮ ਕਰਨ ਵਾਲਾ ਬਜ਼ੁਰਗ ਪਾਰਸੀ ਅੱਖਾਂ ਵਿਚ ਪਾਉਣ ਵਾਲੀ ਵਧੀਆ ਦਵਾਈ ਤਿਆਰ ਕਰਦਾ ਹੈ। ਮੈਂ ਇਕ ਬਜ਼ੁਰਗ ਪਾਰਸੀ ਕੋਲ ਜਾ ਕੇ ਉਸ ਨੂੰ ਦੱਸਿਆ ਕਿ ਮੈਨੂੰ ਮਿੱਸ ਰੋਡਾ ਵਾਨੀਆ ਨੇ ਭੇਜਿਆ ਹੈ। ਉਸ ਦਾ ਡਰਿਆ ਹੋਇਆ ਜਵਾਬ ਸੀ, 'ਤੂੰ ਪਾਕਿਸਤਾਨੀ ਐਂ?' ਮੈਂ 'ਹਾਂ' ਵਜੋਂ ਸਿਰ ਹਿਲਾ ਦਿਤਾ।... ਅਗਲੇ ਹੀ ਦਿਨ ਸੀ.ਆਈ.ਡੀ. ਦਫ਼ਤਰ ਤੋਂ ਚਿੱਟਕੱਪੜੀਆ ਸਿਪਾਹੀ ਮੇਰੇ ਚਾਚੇ ਦੇ ਦਫ਼ਤਰ ਪਹੁੰਚ ਗਿਆ ਅਤੇ ਮੈਨੂੰ ਪੇਸ਼ ਕੀਤੇ ਜਾਣ ਦਾ ਹੁਕਮ ਦਿਤਾ। ਮੈਨੂੰ ਜਾਪਿਆ, ਹੁਣ ਜੇਲ੍ਹ ਵਿਚ ਡੱਕ ਦਿਤਾ ਜਾਵੇਗਾ। ਮੈਂ ਪੁਰਾਣਾ ਸੂਟਕੇਸ ਚੁੱਕਿਆ। ਉਸ ਵਿਚ ਕੁਝ ਪੁਰਾਣੇ ਕੱਪੜੇ ਰੱਖੇ ਅਤੇ ਮਹਾਤਮਾ ਗਾਂਧੀ ਬਾਰੇ ਕੁਝ ਕਿਤਾਬਾਂ ਵੀ ਰੱਖ ਲਈਆਂ।***

# ‘ਮੂਲ ਪਛਾਣਨ’ ਵੱਲ ਮੁੜਦਾ ਰਾਹ ‘ਖਲੀਲ ਜਿਬਰਾਨ: ਜੀਵਨੀ’

ਖ਼ਲੀਲ ਜਿਬਰਾਨ ਦਾ ਨਾਵਲ ‘ਪੈਗ਼ੰਬਰ’ ਇਨ੍ਹਾਂ ਸਤਰਾਂ ਨਾਲ ਸ਼ੁਰੂ ਹੁੰਦਾ ਹੈ, “ਪਸੰਦੀਦਾ ਤੇ ਹਰਮਨ-ਪਿਆਰਾ ਅਲਮੁਸਤਫਾ, ਜੋ ਆਪਣੇ ਸਮੇਂ ਪ੍ਰਸਿੱਧੀ ਦੀ ਸਿਖਰ ’ਤੇ ਸੀ, ਓਰਫਲੀਸ ਸ਼ਹਿਰ ਵਿਚ ਬਾਰ੍ਹਾਂ ਸਾਲਾਂ ਲਈ ਆਪਣੇ ਉਸ ਜਹਾਜ਼ ਦੀ ਉਡੀਕ ਕਰਦਾ ਰਿਹਾ, ਜਿਸ ਨੇ ਵਾਪਸ ਪਰਤ ਕੇ ਉਸ ਨੂੰ ਉਸ ਦੇ ਜਨਮ ਭੋਂ ਵਾਲੇ ਟਾਪੂ ’ਤੇ ਲਿਜਾਣਾ ਸੀ।

ਬਾਰ੍ਹਵੇਂ ਸਾਲ, ਵਾਢੀਆਂ ਵਾਲੇ ਇਅਲੂਲ ਮਹੀਨੇ ਦੇ ਸਤਵੇਂ ਦਿਨ, ਉਹ ਉਸ ਪਹਾੜੀ ਉਤੇ ਚੜ੍ਹ ਕੇ, ਜੋ ਸ਼ਹਿਰ ਦੀ ਚਾਰਦੀਵਾਰੀ ਦੇ ਬੰਧਨਾਂ ਤੋਂ ਆਜ਼ਾਦ ਸੀ, ਸਮੁੰਦਰ ਵੱਲ ਟਿਕਟਿਕੀ ਲਾ ਕੇ ਵੇਖਣ ਲੱਗਾ, ਧੁੰਦਲਕੇ ਵਿਚ ਦੂਰੋਂ ਹੀ ਉਸ ਨੂੰ ਆਪਣਾ ਜਹਾਜ਼ ਆਉਂਦਾ



**ਸੁਰਿੰਦਰ ਸੋਹਲ**

ਦਿਸਿਆ।” (ਅਨੁਵਾਦਕ-ਡਾ. ਜਗਦੀਸ਼ ਕੌਰ ਵਾਡੀਆ)

ਮੈਂ ਇਨ੍ਹਾਂ ਸਤਰਾਂ ਨੂੰ ਇਸ ਤਰ੍ਹਾਂ ਡੀਕੋਡ ਕਰਦਾ ਰਿਹਾ ਹਾਂ, “ਅਲਮੁਸਤਫਾ ਮਨੁੱਖੀ ਜੀਵਨ ਹੈ, ਓਰਫਲੀਸ ਇਹ ਸੰਸਾਰ ਹੈ, ਸਮੁੰਦਰ ਭਵ-ਸਾਗਰ ਹੈ, ਸ਼ਹਿਰ ਦੀ ਚਾਰ-ਦੀਵਾਰੀ ਸੰਸਾਰਕ ਮੋਹ ਦੀਆਂ ਤੰਦਾਂ ਹਨ, ਪਹਾੜੀ ਦੀ ਸਿਖਰ ਰੂਹਾਨੀਅਤ ਦੀ ਬੁਲੰਦੀ ਹੈ, ਜਹਾਜ਼ ਮੌਤ ਦਾ ਪ੍ਰਤੀਕ ਹੈ ਤੇ ਜਨਮ ਭੋਂ ਵਾਲਾ ਟਾਪੂ ਪਰਲੋਕ।”

ਜਿਨ੍ਹਾਂ ਲੇਖਕਾਂ ਨੂੰ ਮੈਂ ਲਿਖਣਾ ਸਿੱਖਣ ਦੀ ਦ੍ਰਿਸ਼ਟੀ ਤੋਂ ਪੜ੍ਹਿਆ, ਖ਼ਲੀਲ ਜਿਬਰਾਨ ਉਨ੍ਹਾਂ ਵਿਚੋਂ ਇਕ ਹੈ। ਜਿਬਰਾਨ ਦੀ ਫਿਕਰੇਬੰਦੀ ਨੇ ਮੈਨੂੰ ਹਮੇਸ਼ਾ ਮੁਤਾਸਰ ਕੀਤਾ। ਉਸ ਦੇ ਵਾਕਾਂ ਵਿਚ ਲਹਿਰਾਂ ਵਰਗੇ ਉਸਲ-ਵੱਟੇ ਅਤੇ ਉਤਰਾ-ਚੜ੍ਹਾਅ ਹੁੰਦੇ ਨੇ। ਹਵਾ ਨੂੰ ਗੰਢ ਪੈ ਕੇ ਉਠਦੇ ਵਾਵਰੋਲਿਆਂ ਵਰਗੀ ਦਿਲਕਸ਼ ਵਿਲੱਖਣਤਾ ਹੁੰਦੀ ਹੈ। ਸ਼ਬਦ ਜੜਤ ਇੰਜ, ਜਿਵੇਂ ਰਜਨੀਗੰਧਾ ਦੇ ਮਨਮੋਹਣੇ ਫੁੱਲਾਂ ਦੀ ਲੜੀ। ਪੈਰੇ ਇੰਜ ਜਿਵੇਂ ਕਿਸੇ ਦੀਵੇ ਬਾਲ ਕੇ ਮੇਜ਼ ‘ਤੇ ਟਿਕਾ ਦਿੱਤੇ ਹੋਣ। ਇਨ੍ਹਾਂ ਵਿਚ ਪੇਸ਼ ਖਿਆਲ ਪਾਠਕ ਨੂੰ ਸੰਸਾਰੀ ਝੰਜਟਾਂ ਦੇ ਮੱਕੜ ਜਾਲ ‘ਚੋਂ ਕੱਢ ਕੇ ਰੂਹਾਨੀ ਉਚਾਈਆਂ ਤਕ ਲੈ ਜਾਣ ਵਾਲੇ। ਖ਼ਲੀਲ ਜਿਬਰਾਨ ਮੈਂ ਲਗਪਗ ਸਾਰਾ ਪੜ੍ਹਿਆ, ਪਰ ‘ਟੁੱਟੇ ਖੰਭ’ ਅਤੇ ‘ਪੈਗ਼ੰਬਰ’ ਵਾਰ ਵਾਰ ਪੜ੍ਹੇ।

51 ਵੈਸਟ, 10 ਸਟਰੀਟ ਮੈਨਹਾਟਨ ਵਿਚ ਉਹ ਬਿਲਡਿੰਗ ਹੈ, ਜਿਸ ਦੀ ਤੀਸਰੀ ਮੰਜ਼ਿਲ ‘ਤੇ ਜਿਬਰਾਨ ਕਈ ਵਰ੍ਹੇ ਰਿਹਾ। ਮੈਂ ਜਦੋਂ ਵੀ ਇਸ ਗਲੀ ਵਿਚੋਂ ਲੰਘਦਾ ਹਾਂ, ਗੱਡੀ ਦੀ ਸਪੀਡ ਮੱਲੋ-ਮੱਲੀ ਘਟ ਜਾਂਦੀ ਹੈ। ਇਸ ਇਮਾਰਤ ਅੱਗੇ ਸਿਰ ਝੁਕ ਜਾਂਦਾ ਹੈ। ਸੋਚਾਂ ਹੀ ਸੋਚਾਂ ਵਿਚ ਜਿਬਰਾਨ ਦੀ ਹਾਜ਼ਰੀ ਮਹਿਸੂਸ ਹੁੰਦੀ ਹੈ। ਹਵਾਵਾਂ ਵਿਚ ਉਸ ਦੇ ਸਾਹਾਂ ਦਾ ਅਹਿਸਾਸ ਹੁੰਦਾ ਹੈ। ਪੱਕੀਆਂ ਗਲੀਆਂ ਵਿਚ ਉਸ ਦੇ ਕਦਮਾਂ ਦੇ ਨਿਸ਼ਾਨ ਭਾਵੇਂ ਨਜ਼ਰ ਨਹੀਂ ਆਉਂਦੇ, ਪਰ ਵਕਤ ਦੀ ਕੈਨਵਸ ‘ਤੇ ਉਹ ਸਦੀਵੀ ਨਕਸ਼ ਛੱਡ ਗਿਆ ਹੈ।

ਮਿਖ਼ਾਈਲ ਨਈਮੀ ਦੀ ਰਚਨਾ ‘ਮੀਰਦਾਦ ਦੀ ਪੁਸਤਕ’ ਨੇ ਮੇਰੀ ਸੋਚ ਨੂੰ ਇੰਜ ਕੋਮਲ ਤੇ ਜਿਉਣ-ਜੋਗੀ ਬਣਾ ਦਿੱਤਾ ਜਿਵੇਂ ਰਾਮ ਛੋਹ ਨਾਲ ਸਿੱਲ੍ਹ ਜੂਨੀ ’ਚੋਂ ਅਹੱਲਿਆ ਨੂੰ ਜੀਵਨ ਮਿਲ ਗਿਆ ਹੋਵੇ। ਇਸ ਕਿਤਾਬ ਦੀ ਪੜ੍ਹਤ ਰਹੱਸਮਈ ਸੈਨਤਾਂ ਨਾਲ ਮੈਨੂੰ ਹੋਰ ਤਰਲ ਬਣਾਉਂਦੀ ਰਹਿੰਦੀ ਹੈ।

ਮਿਖ਼ਾਈਲ ਨਈਮੀ ਦੁਆਰਾ ਅਰਬੀ ਜ਼ਬਾਨ ਵਿਚ ਲਿਖੀ, ਅੰਗਰੇਜ਼ੀ ਦਾ ਪੈਂਡਾ ਗਾਹੁੰਦੀ ਖ਼ਲੀਲ ਜਿਬਰਾਨ ਦੀ ਜੀਵਨੀ ਜੰਗ ਬਹਾਦੁਰ ਗੋਇਲ ਦੇ ਅਨੁਵਾਦ ਰਾਹੀਂ ਪੰਜਾਬੀ ਵਿਚ ਪਹੁੰਚੀ ਹੈ।

ਜੰਗ ਬਹਾਦੁਰ ਗੋਇਲ ਪਹਿਲਾਂ ਹੀ ਦੁਨੀਆਂ ਦੇ ਸ਼ਾਹਕਾਰ ਨਾਵਲਾਂ ਦੇ ਸੰਖੇਪ ਰੂਪ ਪੰਜਾਬੀ ਵਿਚ ਚਾਰ ਭਾਗਾਂ ਵਿਚ ਪਾਠਕਾਂ ਨੂੰ ਦੇ ਚੁਕਾ ਹੈ। ਮੈਨੂੰ ਨਹੀਂ ਪਤਾ ਕਿ ਉਸ ਦੀ ਕੋਈ ਮੌਲਿਕ ਰਚਨਾ ਹੈ ਕਿ ਨਹੀਂ, ਪਰ ਉਸ ਦੀ ਲਿਖਤ ਹੰਢੇ-ਵਰਤੇ ਲੇਖਕ ਜਿਹੀ ਪਰਪੱਕ ਹੈ। ਉਹ ਨਾਵਲ ਦੀ ਕਹਾਣੀ ਨੂੰ ਏਨੀ ਕੁ ਰਸ-ਭਰਪੂਰ ਬਣਾ ਕੇ ਪਾਠਕ ਅੱਗੇ ਪੇਸ਼ ਕਰ ਦਿੰਦਾ ਹੈ ਕਿ ਪਾਠਕ ਵਿਚ ਪੂਰਾ ਨਾਵਲ ਪੜ੍ਹਨ ਦੀ ਉਤਸੁਕਤਾ ਪੈਦਾ ਹੋ ਜਾਂਦੀ ਹੈ।

ਖ਼ਲੀਲ ਜਿਬਰਾਨ ਦੀ ਜੀਵਨੀ ਦਾ ਅਨੁਵਾਦ ਕਰਦਿਆਂ ਉਸ ਦਾ ਕਹਿਣਾ ਹੈ, “ਮੇਰਾ ਹਰ ਯਤਨ ਇਹੋ ਰਿਹਾ ਹੈ ਕਿ ਇਸ ਪੁਸਤਕ ਨੂੰ ਪੜ੍ਹਦਿਆਂ ਪਾਠਕ ਇੰਜ ਮਹਿਸੂਸ ਕਰੇ ਜਿਵੇਂ ਇਹ ਮੂਲ ਰੂਪ ਵਿਚ ਪੰਜਾਬੀ ‘ਚ ਹੀ ਲਿਖੀ ਗਈ ਹੋਵੇ।” (ਪੰਨਾ 16) ਉਸ ਦੇ ਅਨੁਵਾਦ ’ਚ ਨਦੀਆਂ ਵਰਗੀ ਰਵਾਨੀ ਅਤੇ ਹਵਾਵਾਂ ਵਰਗੀ ਰੁਮਕਣੀ ਹੈ।

ਜਦੋਂ ਮੈਂ ਏਨੀ ਖ਼ੂਬਸੂਰਤ ਕਿਤਾਬ ਦੀ ਗੋਇਲ ਨੂੰ ਮੁਬਾਰਕਬਾਦ ਕਹੀ ਤਾਂ ਜਵਾਬ ਸੀ, “ਇਹ ਅਨੁਵਾਦ ਕਰਦਿਆਂ ਮੈਂ ਨਈਮੀ ਅਤੇ ਖ਼ਲੀਲ ਦੀ ਆਤਮਾ ‘ਚ ਹੀ ਪਰਵੇਸ਼ ਕਰ ਗਿਆ ਸੀ। ਸ਼ਬਦ ਆਪਣੇ ਆਪ ਹੀ ਬਾਰਿਸ਼ ਵਾਂਗ ਡਿਗਦੇ ਰਹੇ। ਇਹ ਮੇਰੀ ਰੂਹਾਨੀ ਯਾਤਰਾ ਹੈ। ਸਿੰਘ ਬ੍ਰਦਰਜ਼, ਅੰਮ੍ਰਿਤਸਰ ਨੇ ਬਹੁਤ ਅਕੀਦਤ ਨਾਲ ਛਾਪੀ ਹੈ।”

ਖ਼ਲੀਲ ਜਿਬਰਾਨ ਅਤੇ ਮਿਖ਼ਾਈਲ ਨਈਮੀ ਦੋਵੇਂ ਲਿਬਨਾਨ ਦੇ ਸਨ। ਸਮਕਾਲੀ ਸਨ। ਗੂੜ੍ਹੇ ਮਿੱਤਰ ਸਨ। ਰੂਹਾਨੀਅਤ ਦੀ ਸਿਖਰ ਨੂੰ ਬਰਾਬਰ ਹੀ ਛੂਹ ਚੁਕੇ ਸਨ। ਜਦੋਂ ਜਿਬਰਾਨ ਦੀ ਮੌਤ ਤੋਂ ਬਾਅਦ ਨਈਮੀ ਲਿਬਨਾਨ ਗਿਆ ਤਾਂ ਉਸ ਮੁਤਾਬਕ ਜਿਬਰਾਨ ‘ਮਿੱਥ’ ਬਣ ਚੁਕਾ ਸੀ। ਜ਼ਾਹਰ ਹੈ ‘ਪੈਗ਼ੰਬਰ’ ਨਾਵਲ ਦੇ ‘ਅਲਮੁਸਤਫਾ’ ਵਰਗਾ ਪਾਤਰ ਸਿਰਜਣ ਵਾਲਾ ਲੇਖਕ ਰੂਹਾਨੀਅਤ ਦੀ ਬੁਲੰਦੀ ਨੂੰ ਚੁੰਮ ਚੁਕਾ ਹੋਵੇਗਾ।

ਮਿਖ਼ਾਈਲ ਨਈਮੀ ਉਸ ‘ਮਿੱਥ’ ਨੂੰ ਤੋੜ ਕੇ ਜਦੋਂ ਜਿਬਰਾਨ ਨੂੰ ਸਾਧਾਰਨ ਮਨੁੱਖ ਦੀ ਸਥਿਤੀ ਵਿਚ ਲਿਆਉਂਦਾ ਹੈ ਤਾਂ ਕਈ ਭਰਮ-ਭੁਲੇਖੇ ਦੂਰ ਹੋ ਜਾਂਦੇ ਹਨ। ਸਾਧਾਰਨ ਮਨੁੱਖ ਤੋਂ ਮਹਾਨ ਮਨੁੱਖ ਬਣਨ ਦੀ ਯਾਤਰਾ ਦੇ ਦਰਸ਼ਨ ਹੁੰਦੇ ਹਨ।

ਜਿਬਰਾਨ ਵਿਚ ਆਮ ਮਨੁੱਖਾਂ ਵਾਲੇ ਸਾਰੇ ਗੁਣ-ਔਗੁਣ ਸਨ। ਪਰ ਜਦੋਂ ਮਨੁੱਖ ਮਨ ਦੇ ਵਿਕਾਰਾਂ ‘ਤੇ ਕਾਬੂ ਪਾ ਕੇ ‘ਆਪਣਾ ਮੂਲ ਪਛਾਣ’ ਲੈਂਦਾ ਹੈ ਤਾਂ, ਉਸ ਦਾ ਜੋ ਹਾਸਿਲ ਹੁੰਦਾ ਹੈ, ਉਹ



ਹੈ ਖ਼ਲੀਲ ਜਿਬਰਾਨ। ਜਿਬਰਾਨ ਦਾ ਅਜਿਹਾ ਕਾਇਆ-ਕਲਪ ਹੋਇਆ ਕਿ ਉਸ ਦੀਆਂ ਰਚਨਾਵਾਂ ਵਿਚ ਸਮੁੰਦਰ ਵਰਗੀ ਗਹਿਰਾਈ ਆ ਗਈ। ਚਿੱਤਰਾਂ ਵਿਚ ਅੰਬਰ ਵਰਗੀ ਵਿਸ਼ਾਲਤਾ। ਉਸ ਦੀਆਂ ਕਿਰਤਾਂ ਦੇ ਅਰਥ ਹੋ ਗਹਿਰੇ, ਹੋਰ ਸੰਘਣੇ ਹੁੰਦੇ ਗਏ। ਕਾਇਆ-ਕਲਪ ਤੋਂ ਬਾਅਦ ਖ਼ਲੀਲ ਜਿਬਰਾਨ ਇਕ ਕਵਿਤਾ ਵਿਚ ਲਿਖਦਾ ਹੈ,

ਮੇਰੀ ਆਤਮਾ ਨੇ
ਮੈਨੂੰ ਇਹ ਭਰੋਸਾ ਦਿੱਤਾ ਹੈ
ਕਿ ਨਾ ਮੈਂ ਕਿਸੇ ਬੌਣੇ ਆਦਮੀ
ਤੋਂ ਬਿਹਤਰ ਹਾਂ ਤੇ
ਨਾ ਹੀ ਮੈਂ ਕਿਸੇ ਮਹਾਂ-ਮਾਨਵ
ਸਾਹਮਣੇ ਬੌਣਾ ਹਾਂ
ਇਸ ਤੋਂ ਪਹਿਲਾਂ ਮੈਂ ਲੋਕਾਂ ਨੂੰ
ਜਾਂ ਤਾਂ ਕਮਜ਼ੋਰ ਤੇ ਲਾਚਾਰ ਸਮਝਦਾ ਸੀ
ਜਾਂ ਏਨਾ ਸ਼ਕਤੀਸ਼ਾਲੀ
ਜਿਨ੍ਹਾਂ ਤੋਂ ਮੈਂ ਖੌਫ ਖਾਂਦਾ ਸੀ
ਸਿੱਟੇ ਵਜੋਂ
ਮੇਰੇ ਕੋਲ ਦੋ ਹੀ ਰਸਤੇ ਸਨ-
ਇਕ ਸੀ ਕਿਸੇ ਫਿਰਕੇ ਦਾ
ਪੈਗ਼ੰਬਰ ਬਣਨਾ
ਤੇ ਦੂਜਾ ਸੀ ਤਾਕਤਵਰ ਲੋਕਾਂ
ਵਿਰੁਧ ਲੜਨਾ
ਪਰ ਮੈਂ ਹੌਲੀ ਹੌਲੀ
ਇਹ ਜਾਣ ਗਿਆ ਸੀ
ਕਿ ਮੇਰਾ ਵਜੂਦ ਵੀ
ਉਨ੍ਹਾਂ ਹੀ ਤੱਤਾਂ ਦਾ ਬਣਿਆ ਹੋਇਆ ਸੀ
ਜਿਨ੍ਹਾਂ ਨਾਲ ਸਮੁੱਚੀ ਮਨੁੱਖ ਜਾਤੀ
ਬਣੀ ਹੋਈ ਹੈ। *(ਪੰਨਾ 155)*

ਖ਼ਲੀਲ ਜਿਬਰਾਨ ਦੇ ਚਿੱਤਰਾਂ ਦੀ ਵਿਆਖਿਆ ਇਸ ਪੁਸਤਕ ਨੂੰ ਹੋਰ ਵੀ ਦਿਲਚਸਪ ਬਣਾਉਂਦੀ ਹੈ,

‘ਨਿਆਂ’ ਦੇ ਚਿੱਤਰ ਵਿਚ ਨਿਆਂ ਨੂੰ ਇਕ ਸ਼ਕਤੀਸ਼ਾਲੀ ਆਦਮੀ ਦੇ ਰੂਪ ਵਿਚ ਚਿੱਤਰਤ ਕੀਤਾ ਗਿਆ ਸੀ, ਜਿਸ ਦੇ ਖੱਬੇ ਹੱਥ ਵਿਚ ਤੱਕੜੀ ਸੀ, ਜਿਸ ’ਤੇ ਉਹ ਬੜੇ ਮਾਣ-ਮੱਤੇ ਢੰਗ ਨਾਲ ਝੁਕਿਆ ਹੋਇਆ ਸੀ। ਉਸ ਦੇ ਸੱਜੇ ਹੱਥ ਦੇ ਪੱਲੜੇ ਵਿਚ ਰੱਖਿਆ ਇਕ ਪਿਆਲਾ ਧਰਤੀ ਨੂੰ ਛੂਹ ਰਿਹਾ ਸੀ ਤੇ ਦੂਜਾ ਪੱਲੜਾ ਉਤਾਂਹ ਉਠਿਆ ਹੋਇਆ ਸੀ। ਇਸ ਪੱਲੜੇ ਵਿਚ ਇਕ ਮਾੜਕੂ ਜਿਹਾ ਬੰਦਾ ਬੈਠਾ ਸੀ। ਜਿਸ ਢੰਗ ਨਾਲ ਤਾਕਤਵਰ ਸੰਗਠਨਵਾਦੀ ਲੋਕ ਇਸ ਧਰਤੀ ’ਤੇ ਗ਼ਰੀਬ, ਕਮਜ਼ੋਰ ਅਤੇ ਮਜ਼ਲੂਮ ਲੋਕਾਂ ਨਾਲ ਜਿਹੋ ਜਿਹਾ ਨਿਆਂ ਕਰਦੇ ਹਨ, ਉਸ ਦਾ ਚਿਤਰਣ ਬਹੁਤ ਹੀ ਦਿਲ-ਟੁੰਬਵੇਂ ਢੰਗ ਨਾਲ ਕੀਤਾ ਗਿਆ ਸੀ। ਇਹ ਚਿੱਤਰ ਐਨੇ ਕਲਾਤਮਕ ਸਨ ਕਿ ਉਨ੍ਹਾਂ ਵਿਚ ਕਿਸੇ ਸੋਧ ਦੀ ਗੁੰਜਾਇਸ਼ ਹੀ ਨਹੀਂ ਸੀ।’ (ਪੰਨਾ 131)

ਕਲਾ ਦੇ ਮਹੱਤਵ ਬਾਰੇ ਖ਼ਲੀਲ ਜਿਬਰਾਨ




ਦੇ ਵਿਚਾਰ ਮੁੱਲਵਾਨ ਹਨ,

‘ਚਿਹਰੇ ਦੀ ਹੂ-ਬ-ਹੂ ਤਸਵੀਰ ਤਾਂ ਕੋਈ ਵੀ ਫੋਟੋਗ੍ਰਾਫਰ ਕੈਮਰੇ ਨਾਲ ਖਿੱਚ ਸਕਦਾ ਹੈ, ਪਰ ਕੈਮਰੇ ਦੀ ਕੋਈ ਵੀ ਫੋਟੋ ਚਿਹਰੇ ਦੇ ਸੂਖਮ ਭਾਵਾਂ ਨੂੰ ਪ੍ਰਗਟ ਨਹੀਂ ਕਰ ਸਕਦੀ। ਇਸ ਨੂੰ ਤਾਂ ਕਿਸੇ ਕਲਾਕਾਰ ਦੀ ਕਲਾਤਮਕ ਨਜ਼ਰ ਹੀ ਵੇਖ ਸਕਦੀ ਹੈ ਤੇ ਪ੍ਰਗਟਾ ਸਕਦੀ ਹੈ। ਏਨੇ ਵੱਡੇ ਫਰਕ ਕਰਕੇ ਹੀ ਮਸ਼ੀਨ ਅਜੇ ਤਕ ਕਲਾਕਾਰ ਦਾ ਤਖ਼ਤ ਹਿਲਾ ਨਹੀਂ ਸਕੀ।’ (ਪੰਨਾ 158)

ਖ਼ਲੀਲ ਜਿਬਰਾਨ ਨੇ ਮਿਖ਼ਾਈਲ ਨਈਮੀ ਦੀਆਂ ਅੱਖਾਂ ਸਾਹਮਣੇ ਦਮ ਤੋੜਿਆ ਸੀ। ਉਸ ਦੀ ਮੌਤ ਤੋਂ ਤਿੰਨ ਸਾਲਾਂ ਬਾਅਦ 1934 ਵਿਚ ਉਸ ਨੇ ਅਰਬੀ ਵਿਚ ਇਹ ਜੀਵਨੀ ਲਿਖੀ ਸੀ ਜੋ ਅੰਗਰੇਜ਼ੀ ਵਿਚ 1936 ਵਿਚ ਪ੍ਰਕਾਸ਼ਿਤ ਹੋਈ। ਜੰਗ ਬਹਾਦੁਰ ਗੋਇਲ ਦੇ ਸ਼ਬਦਾਂ ਵਿਚ, “ਇਹ ਖ਼ਲੀਲ ਜਿਬਰਾਨ ਦੀ ਪਹਿਲੀ ਜੀਵਨੀ ਹੀ ਨਹੀਂ, ਸਗੋਂ ਉਸ ਦੀ ਸਭ ਤੋਂ ਵੱਧ ਪ੍ਰਮਾਣਿਕ ਜੀਵਨੀ ਹੈ।” (ਪੰਨਾ 15)

ਇਹ ਪੁਸਤਕ ਨਿਰਾ ਜਿਬਰਾਨ ਦਾ ਜੀਵਨ ਬਿਰਤਾਂਤ ਹੀ ਨਹੀਂ ਸਗੋਂ ਫਿਲਾਸਫੀ, ਧਰਮ, ਮੌਤ, ਜ਼ਿੰਦਗੀ, ਰੱਬ, ਰੂਹਾਨੀਅਤ, ਸੰਸਾਰ, ਮੋਖ, ਰਿਸ਼ਤੇ-ਨਾਤਿਆਂ ਬਾਰੇ ਗਹਿਰ-ਗੰਭੀਰ ਚਿੰਤਨ ਨਾਲ ਡੂੰਘੀ ਤਰ੍ਹਾਂ ਬਾਵਸਤਾ ਹੈ।

ਜਿਨ੍ਹਾਂ ਪਾਠਕਾਂ ਨੇ ਖ਼ਲੀਲ ਜਿਬਰਾਨ ਪੜ੍ਹਿਆ ਹੋਇਆ ਹੈ ਅਤੇ ਉਸ ਦੇ ਚਿੱਤਰ ਦੇਖ ਹੋਏ ਹਨ, ਉਨ੍ਹਾਂ ਵਾਸਤੇ ਇਹ ਕਿਤਾਬ ਵੱਡ-ਮੁੱਲਾ ਖਜ਼ਾਨਾ ਹੈ। ਇਹ ਜਿਬਰਾਨ ਦੇ ਵਾਕਾਂ ਦੀਆਂ ਤਹਿਆਂ ਖੋਲ੍ਹਦੀ ਹੈ ਅਤੇ ਚਿੱਤਰਾਂ ਦੀਆਂ ਲਕੀਰਾਂ ਦੇ ਗੰਭੀਰ ਅਰਥ ਪ੍ਰਗਟ ਕਰਦੀ ਹੈ। ਜਿਹੜੇ ਪਾਠਕ ਜਿਬਰਾਨ ਦੀਆਂ ਰਚਨਾਵਾਂ ਤੋਂ ਵਾਂਝੇ ਹਨ, ਉਨ੍ਹਾਂ ਅੰਦਰ ਉਸ ਨੂੰ ਪੜ੍ਹਨ ਅਤੇ ਵਾਚਣ ਦੀ ਤੀਬਰ ਤਾਂਘ ਜਗਾਉਂਦੀ ਹੈ।

ਇਹ ਕਿਤਾਬ ਮਨੁੱਖ ਦੇ ਦਿਲ ਅੰਦਰ ਚਿੰਤਨ ਦਾ ਚਾਨਣ ਪੈਦਾ ਕਰਨ ਦੀ ਸਮਰੱਥਾ ਰੱਖਦੀ ਹੈ।

‘ਪੈਗ਼ੰਬਰ’ ਨਾਵਲ ਦੀਆਂ ਮੁੱਢਲੀਆਂ ਸਤਰਾਂ ਦਾ ਖੁਲਾਸਾ ਵੀ ਇਸ ਪੁਸਤਕ ਵਿਚ ਦਰਜ ਹੈ,

“ਜਹਾਜ਼ ਦੀ ਉਡੀਕ ਵਿਚ ਅਲਮੁਸਤਫਾ ਜੋ 12 ਵਰ੍ਹੇ ਗੁਜ਼ਾਰਦਾ ਹੈ, ਹਕੀਕਤ ਵਿਚ ਇਹ ਉਹ 12 ਵਰ੍ਹੇ ਹਨ, ਜੋ ਜਿਬਰਾਨ ਨੇ ‘ਪੈਗ਼ੰਬਰ’ ਦਾ ਪੂਰਬ-ਕਥਨ ਲਿਖਣ ਤੋਂ ਪਹਿਲਾਂ ਨਿਊ ਯਾਰਕ ਵਿਚ ਗੁਜ਼ਾਰੇ ਸਨ। ਨਿਊ ਯਾਰਕ ਹੀ ‘ਓਰਫਲੀਜ਼’ ਸ਼ਹਿਰ ਹੈ। ਮੈਰੀ ਹੈਕਸਲ ‘ਅਲਮਿੱਤਰਾ ਹੈ, ਜਿਸ ਨੇ ਸਭ ਤੋਂ ਪਹਿਲਾਂ ਜਿਬਰਾਨ ਦੀ ਪ੍ਰਤਿਭਾ ਦੀ ਸ਼ਨਾਖ਼ਤ ਕੀਤੀ ਸੀ। ‘ਈਜ਼ਲ ਆਫ ਹਿਜ਼ ਬਰਥ’ ਜਿਬਰਾਨ ਦਾ ਦੇਸ਼ ਲਿਬਨਾਨ ਹੈ।” (ਪੰਨਾ 165)

ਪਰ ਅੱਗੇ ਜਾ ਕੇ ਮਿਖ਼ਾਈਲ ਨਈਮੀ ਇਨ੍ਹਾਂ ਸਤਰਾਂ ਨੂੰ ਸਮੇਂ, ਸਥਾਨ ਤੋਂ ਪਾਰ ਜਾ ਕੇ ਰਹੱਸਵਾਦੀ ਦ੍ਰਿਸ਼ਟੀ ਤੋਂ ਇੰਜ ਡੀਕੋਡ ਕਰਦਾ ਹੈ,

“ਮੇਰੀ ਜਾਚੇ ‘ਓਰਫਲੀਜ਼’ ਧਰਤੀ ਦਾ ਪ੍ਰਤੀਕ ਹੈ, ‘ਅਲਮੁਸਤਫਾ’ ਦਾ ਬਨਵਾਸ ਆਦਮੀ ਦਾ ਧਰਤੀ ’ਤੇ ਪਰਵਾਸ ਹੈ। ‘ਈਜ਼ਲ ਆਫ ਹਿਜ਼ ਬਰਥ’ ਜਿੱਥੇ ਅਲਮੁਸਤਫਾ ਜਾ ਰਿਹਾ ਹੈ, ਉਹ ਪਰਮਾਤਮਾ ਦੀ ਨਿੱਘੀ ਗੋਦ ਹੈ।” (ਪੰਨਾ 165)

ਆਪਣੀ ਗੱਲ ਮੈਂ ਗੋਇਲ ਸਾਹਿਬ ਦੇ ਕਥਨ ਨਾਲ ਹੀ ਮੁਕਾਉਣੀ ਚਾਹਾਂਗਾ, “ਜੇ ਕਿਸੇ ਨਾਲ ਦੋਸਤੀ ਹੋਵੇ ਤਾਂ ਜਿਬਰਾਨ-ਨਈਮੀ ਵਰਗੀ ਹੋਵੇ ਤੇ ਜੇ ਕੋਈ ਦੋਸਤ ਆਪਣੇ ਦੋਸਤ ਬਾਰੇ ਲਿਖੇ ਤਾਂ ਉਹ ਮਿਖ਼ਾਈਲ ਨਈਮੀ ਵਾਂਗ ਲਿਖੇ।”

#

# ਸੰਤ ਸਿੰਘ ਸੇਖੋਂ ਦੀਆਂ ਵੱਡੀਆਂ ਗਲਤੀਆਂ

ਸੰਤ ਸਿੰਘ ਸੇਖੋਂ ਪੰਜਾਬੀ ਦੇ ਸਰਬ ਸਤਿਕਾਰਤ ਸਾਹਿਤਕਾਰ ਸਨ। ਹੋਰ ਲੋਕਾਂ ਵਾਂਗ ਉਨ੍ਹਾਂ ਨੇ ਵੀ ਜ਼ਿੰਦਗੀ ਵਿਚ ਬੜੀਆਂ ਗਲਤੀਆਂ/ਭੁੱਲਾਂ ਕੀਤੀਆਂ ਹੋਣਗੀਆਂ ਪਰ ਮੇਰੀ ਸਮਝ ਅਨੁਸਾਰ ਕੁਝ ਅਜਿਹੀਆਂ ਵੱਡੀਆਂ ਗਲਤੀਆਂ ਵੀ ਕੀਤੀਆਂ ਜਿਨ੍ਹਾਂ ਦਾ ਉਨ੍ਹਾਂ ਨੂੰ ਫਾਇਦਾ ਬਿਲਕੁਲ ਨਹੀਂ ਹੋਇਆ, ਨੁਕਸਾਨ ਬਹੁਤ ਹੋਇਆ। ਉਨ੍ਹਾਂ ਦਾ ਸੁਭਾਅ ਅਜਿਹਾ ਸੀ ਕਿ ਨੁਕਸਾਨ ਦੀ ਨਾ ਕਦੇ ਪਰਵਾਹ ਕੀਤੀ, ਨਾ ਚਿੰਤਾ, ਬਸ ਹੱਸ ਛਡਦੇ।

ਸੀ.ਪੀ.ਆਈ. ਦੀ ਟਿਕਟ ‘ਤੇ ਉਨ੍ਹਾਂ 1952


**ਪ੍ਰੋ. ਮੇਵਾ ਸਿੰਘ ਤੁੰਗ**
**ਫੋਨ: 91-94642-47926**

ਵਿਚ ਜਗਰਾਵਾਂ ਤੋਂ ਅਸੈਂਬਲੀ ਲਈ ਚੋਣ ਲੜੀ, ਜੋ ਵੱਡੀ ਭੁੱਲ ਸੀ। ਭੁੱਲ ਤੋਂ ਵੀ ਵੱਡੀ ਸੀ ਉਨ੍ਹਾਂ ਦੀ ਬੇਸਮਝੀ ਅਤੇ ਮੌਕਾ ਸ਼ਨਾਸ਼ੀ ਦੀ ਘਾਟ। ਜਿਸ ਕਾਲਜ ਵਿਚ ਨੌਕਰੀ ਕਰਦੇ ਸਨ, ਉਹ ਅਕਾਲੀਆਂ ਦਾ ਸੀ ਤੇ ਉਸ ਦੇ ਪ੍ਰਿੰਸੀਪਲ ਇਕਬਾਲ ਸਿੰਘ ਆਪ ਜਗਰਾਵਾਂ ਤੋਂ ਚੋਣ ਲੜ ਰਹੇ ਸਨ ਤੇ ਪੰਜਾਬ ਭਰ ‘ਚੋਂ ਸਭ ਤੋਂ ਵੱਧ ਵੋਟਾਂ ਲੈ ਕੇ ਜਿੱਤੇ ਵੀ।

ਸੇਖੋਂ ਨੇ ਹਾਰਨਾ ਸੀ, ਹਾਰ ਗਏ, ਭਾਰੀ ਮਾਲੀ ਨੁਕਸਾਨ ਹੋਇਆ। ਸਰਕਾਰੀ ਸਕੂਲਾਂ ਵਿਚ ਗੁਰਮੁਖੀ ਦੀ ਪੜ੍ਹਾਈ ਨਵੀਂ ਨਵੀਂ ਸ਼ੁਰੂ ਹੋਈ ਸੀ ਜਿਸ ਕਰਕੇ ਪਾਠ ਪੋਥੀਆਂ ਦੀ ਲੋੜ ਸੀ ਜਿਨ੍ਹਾਂ ਨੂੰ ਸੰਥਾਵਲੀਆਂ ਕਿਹਾ ਜਾਂਦਾ ਸੀ। ਸੰਥਾਵਲੀਆਂ ਲਿਖ ਲਿਖ ਸੇਖੋਂ ਨੇ ਲਾਹੌਰ ਬੁੱਕ ਸ਼ਾਪ ਪਾਸੋਂ ਦੋ ਲੱਖ ਰੁਪਿਆ ਕਮਾਇਆ ਸੀ ਜੋ ਚੋਣ ਵਿਚ ਜ਼ਾਇਆ ਹੋ ਗਿਆ। ਹੋਰ ਵੀ ਬੜਾ ਕੁਝ ਹੱਥੋਂ ਨਿਕਲ ਗਿਆ। ਤਾਂ ਵੀ ਪ੍ਰਿੰ. ਇਕਬਾਲ ਸਿੰਘ ਨੇ ਉਨ੍ਹਾਂ ਨੂੰ ਤੱਤੀ ਵਾਅ ਨਾ ਲੱਗਣ ਦਿੱਤੀ। ਸੇਖੋਂ ਨੇ ਬਿਨਾ ਤਨਖਾਹ ਦੋ ਮਹੀਨੇ ਦੀ ਛੁੱਟੀ ਮੰਗੀ, ਇਨ੍ਹਾਂ ਦੋ ਮਹੀਨਿਆਂ ਦੀ ਤਨਖਾਹ ਵੀ ਪ੍ਰਿੰਸੀਪਲ ਨੇ ਦੇ ਦਿੱਤੀ।

ਇਹੋ ਗਲਤੀ ਦੂਜੀ ਵਾਰ ਉਨ੍ਹਾਂ 1957 ਦੀ ਜਨਰਲ ਇਲੈਕਸ਼ਨ ਵਿਚ ਦੁਹਰਾ ਦਿੱਤੀ। ਇਸ ਵਾਰ ਪਾਰਲੀਮੈਂਟ ਦੇ ਨਾਲ ਨਾਲ ਅਸੈਂਬਲੀ ਚੋਣ ਵੀ ਲੜੀ ਤੇ ਦੋਹਾਂ ਸੀਟਾਂ ਤੋਂ ਹਾਰ ਕੇ ਝੁੱਗਾ ਚੌੜ ਕਰਾਉਣ ਵਿਚ ਰਹਿੰਦੀ ਕਸਰ ਪੂਰੀ ਕਰ ਦਿੱਤੀ।

ਇਨ੍ਹਾਂ ਦੋਹਾਂ ਗਲਤੀਆਂ ਤੋਂ ਵੱਡੀ ਗਲਤੀ ਉਨ੍ਹਾਂ ਨੇ 1967 ਵਿਚ ਚੋਣ ਨਾ ਲੜਨ ਕਰਕੇ ਕੀਤੀ ਤੇ ਇਹੋ ਗਲਤੀ ਉਨ੍ਹਾਂ 1969 ਦੀਆਂ ਮੱਧਕਾਲੀ ਚੋਣਾਂ ਸਮੇਂ ਦੁਹਰਾਈ। ਜੇ ਉਹ ਇਨ੍ਹਾਂ ਦੋ ਮੌਕਿਆ ‘ਤੇ ਚੋਣ ਲੜਦੇ ਤਾਂ ਲਾਜ਼ਮੀ ਜਿੱਤਦੇ ਕਿਉਂਕਿ ਦੋਵਾਂ ਮੌਕਿਆਂ ‘ਤੇ ਉਨ੍ਹਾਂ ਦੀ ਪਾਰਟੀ ਸੀ.ਪੀ.ਐਮ. ਦਾ ਅਕਾਲੀ ਦਲ ਨਾਲ ਚੋਣ ਸਮਝੌਤਾ ਹੋ ਗਿਆ ਸੀ। ਜਿੱਤ ਤਾਂ ਯਕੀਨੀ ਹੈ ਸੀ ਹੀ, ਵਜ਼ੀਰ ਬਣਨਾ ਵੀ ਨਿਸ਼ਚਿਤ ਸੀ। ਉਹ ਅਜਿਹਾ ਨਾ ਕਰ ਸਕੇ। ਸਾਲ 1977 ਵਿਚ ਜਿੱਤ ਕੇ ਵਜ਼ੀਰ



*ਸੰਤ ਸਿੰਘ ਸੇਖੋਂ*

ਬਣਨ ਦਾ ਫਿਰ ਇਕ ਮੌਕਾ ਆਇਆ ਪਰ ਉਹ ਮੁੜ ਖੁੰਝ ਗਏ। ਸੇਖੋਂ ਦੇ ਇਸ ਪੱਖ ‘ਤੇ ਵਿਚਾਰ ਕਰਦਿਆਂ ਉਨ੍ਹਾਂ ਦੇ ਦੋਸਤ ਰਮੇਸ਼ ਵਾਲੀਆ ਨੇ ਵਿਹਾਰਕ ਟਿੱਪਣੀ ਦਿੱਤੀ ਸੀ, ਸਿਆਸੀ ਤਾਕਤ ਮਾਣਨ ਦੀ ਲਕੀਰ ਇਹਦੇ ਹੱਥ ਉਪਰ ਹੈ ਈ ਨਹੀਂ ਜਦੋਂ।

1980 ਦੀ ਇਲੈਕਸ਼ਨ ਰਾਏਕੋਟ ਤੋਂ ਉਨ੍ਹਾਂ ਨੇ ਪਤਾ ਨਹੀਂ ਕਿਸ ਕਾਰਨ ਲੜੀ। ਨਤੀਜਾ ਆਇਆ ਤਾ ਕੁੱਲ 850 ਵੋਟ ਮਿਲੇ। ਹਰਪਾਲਜੀਤ ਪਾਲੀ ਦੇ ਲਿਖਣ ਅਨੁਸਾਰ ਸੇਖੋਂ ਨੇ ਕਿਹਾ, ਚਲੋਂ ਇਹ ਪਤਾ ਲੱਗ ਗਿਆ ਕਿ ਰਾਏਕੋਟ ਵਿਚ ਪੜ੍ਹੇ-ਲਿਖਿਆਂ ਦੀ ਗਿਣਤੀ ਸਾਢੇ ਅੱਠ ਸੌ ਹੈ।

ਜਦੋਂ ਉਨ੍ਹਾਂ ਨੂੰ ਸਾਹਿਤ ਅਕਾਦਮੀ ਦਾ ਇਨਾਮ ਮਿਲਿਆ ਤਾਂ ਮੈਂ ਕਿਹਾ ਸੀ, ਲੈਣਾ ਨਹੀਂ ਚਾਹੀਦਾ। ਰਮੇਸ਼ ਵਾਲੀਆ ਨੇ ਉਹੋ ਪੁਰਾਣੀ ਟਿੱਪਣੀ ਦਿੱਤੀ, ਇਹਦੇ ਹੱਥ ਉਪਰ ਤਿਆਗ ਵਾਲੀ ਲਕੀਰ ਈ ਨੀ ਜਦੋਂ।

ਰਮੇਸ਼ ਵਾਲੀਆ ਨਾਲ ਪੁਰਾਣੀ ਭਾਵੁਕ ਸਾਂਝ ਸੀ। ਵਾਲੀਆ ਨੇ ਦੱਸਿਆ, ਸੇਖੋਂ ਦਾ ਮੁੱਦਤ ਪਹਿਲਾਂ ਇਕ ਖਤ ਜੀਵਨ ਸਿੰਘ ਕੋਲ ਆਇਆ ਸੀ ਜਿਸ ਰਾਹੀਂ ਉਨ੍ਹਾਂ ਨੇ ਮੇਰਾ ਸਿਰਨਾਵਾਂ ਮੰਗਿਆ ਸੀ। ਜੀਵਨ ਸਿੰਘ ਨੇ ਬਿਨਾ ਮੈਨੂੰ ਦੱਸਿਆਂ ਉਹ ਖਤ ਪਾੜ ਦਿੱਤਾ ਸੀ।

## ਸੂਹੇ ਮੇਰੇ ਫਿੱਕੇ ਹੋ ਚੱਲੇ

ਹੌਕੇ, ਹਾਵਾਂ, ਦਰਦ ਤੇ ਪੀੜ੍ਹਾਂ,
ਹੋਰ ਨਾ ਕੁਝ ਵੀ ਪੱਲੇ ਵੇ।
ਸੂਹੇ ਮੇਰੇ ਹੁਣ ਫਿੱਕੇ ਹੋ ਚੱਲੇ ਵੇ।
ਬੜੀਆਂ ਭੀੜਾਂ, ਬੜੇ ਨੇ ਮੇਲੇ,
ਹਰ ਮਹਿਫਿਲ ਅਸੀਂ ਤਾਂ ‘ਕੱਲ੍ਹੇ ਵੇ।
ਸੂਹੇ ਮੇਰੇ ਹੁਣ ਫਿੱਕੇ ਹੋ ਚੱਲੇ ਵੇ।

ਗਮਾਂ ਦੀ ਗਠੜੀ ਲਾਈ ਸੀਨੇ ਨਾਲ,
ਇਹ ਦਰਦ ਨੇ ਬੜੇ ਅਵੱਲੇ ਵੇ।
ਸੂਹੇ ਮੇਰੇ ਹੁਣ ਫਿੱਕੇ ਹੋ ਚੱਲੇ ਵੇ।
ਵਰ੍ਹੇ ਬੀਤ ਗਏ, ਪੀੜ ਘਟੀ ਨਾ,
ਸਭ ਜ਼ਖਮ ਅਜੇ ਵੀ ਅੱਲ੍ਹੇ ਵੇ।
ਸੂਹੇ ਮੇਰੇ ਹੁਣ ਫਿੱਕੇ ਹੋ ਚੱਲੇ ਵੇ।

ਨਾ ਦੰਮ ਕਮਾਏ, ਨਾ ਦੰਮ ਖਰਚੇ,
ਅਸੀਂ ਭਰੇ ਗਮਾਂ ਦੇ ਗੱਲੇ ਵੇ।
ਸੂਹੇ ਮੇਰੇ ਹੁਣ ਫਿੱਕੇ ਹੋ ਚੱਲੇ ਵੇ।
ਉਡ ਕੇ, ਪਰਬਤ ਚੀਰ ਕੇ ਆ ਜਾ,
ਆ ਜਾ ਤੂੰ ਕਿਸੇ ਤਾਂ ਹੱਲੇ ਵੇ।
ਸੂਹੇ ਮੇਰੇ ਹੁਣ ਫਿੱਕੇ ਹੋ ਚੱਲੇ ਵੇ।

**-ਸ਼ਮਿੰਦਰ ਕੌਰ**
*shaminderbrar83@gmail.com*

# ਪਿੰਡ ਉਡੀਕਦਾ ਹੈ

## ਜ਼ਿੰਦਗੀ ਦਾ ਨਾਦ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਹਨ, ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਡਾ. ਭੰਡਾਲ ਇਸ ਕਾਲਮ ਹੇਠ ਘਰ ਦੀਆਂ ਨਿਆਮਤਾਂ ਦੀ ਵਾਰਤਾ ਸੁਣਾ ਚੁਕੇ ਹਨ ਕਿ ਘਰ ਦਾ ਕੇਂਦਰ ਮਾਂ ਹੁੰਦੀ ਹੈ। ਮਾਂ, ਸਿਰਫ ਮਾਂ ਹੁੰਦੀ ਏ। ਉਨ੍ਹਾਂ ਬਜ਼ੁਰਗਾਂ ਦਾ ਸਤਿਕਾਰ ਕਰਨ ਦੀ ਨਸੀਹਤ ਕੀਤੀ ਸੀ ਕਿ ਬੁਢਾਪਾ ਉਹ ਅਵਸਥਾ ਏ ਜਦੋਂ ਜ਼ਿੰਦਗੀ, ਸਰੀਰਕ ਸਮਰੱਥਾ ਤੋਂ ਆਤਮਿਕ ਸੰਤੁਸ਼ਟੀ ਅਤੇ ਸਕੂਨ ਦੇ ਸਫਰ ਦੀ ਹਮਰਾਜ਼ ਬਣਦੀ ਏ। ਉਨ੍ਹਾਂ ਦੱਸਿਆ ਸੀ ਕਿ ਜਦੋਂ ਬੱਚੇ ਵੱਡੇ ਹੋ ਕੇ ਪੰਛੀਆਂ ਵਾਂਗ ਉਡਾਰੀ ਮਾਰ ਜਾਂਦੇ ਹਨ ਤਾਂ ਮਾਪੇ ਖੁਸ਼ ਹੁੰਦੇ ਹਨ ਪਰ ਅੰਦਰੋਂ ਬੱਚਿਆਂ ਦਾ ਹੇਰਵਾ ਸਦਾ ਬਣਿਆ ਰਹਿੰਦਾ ਹੈ। ਉਨ੍ਹਾਂ ਧੀਆਂ ਨੂੰ ਬੋਝ ਸਮਝਣ ਵਾਲਿਆਂ ਨੂੰ ਸਵਾਲ ਕੀਤਾ ਸੀ ਕਿ ਜੇ ਧੀਆਂ ਨਾ ਹੁੰਦੀਆਂ ਤਾਂ ਕੀ ਮਨੁੱਖ ਦੀ ਹੋਂਦ ਸੰਭਵ ਹੁੰਦੀ? ਪਿਛਲੇ ਲੇਖ ਵਿਚ ਉਨ੍ਹਾਂ ਮਾਪਿਆਂ ਘਰੋਂ ਆਪਣਾ ਨਵਾਂ ਘਰ ਵਸਾਉਣ ਚੱਲੀ ਧੀ ਦੀ ਗੱਲ ਕਰਦਿਆਂ ਕਿਹਾ ਸੀ ਕਿ ਧੀ ਇਕ ਵਿਰਸਾ ਏ ਜੋ ਇਕ ਘਰ ਤੋਂ ਦੂਸਰੇ ਘਰ, ਇਕ ਸੋਚ ਤੋਂ ਦੂਸਰੀ ਸੋਚ, ਇਕ ਜੀਵਨ-ਜਾਚ ਤੋਂ ਦੂਸਰੀ ਜੀਵਨ-ਜਾਚ ਅਤੇ ਇਕ ਸੰਸਕਾਰ ਤੋਂ ਦੂਸਰੇ ਸੰਸਕਾਰ ਤੀਕ ਦਾ ਪੰਧ ਤੈਅ ਕਰਕੇ ਆਪਣੀ ਵੱਖਰੀ, ਨਰੋਈ ਅਤੇ ਵਿਲੱਖਣ ਪਛਾਣ ਸਿਰਜਣ ਦੀ ਪ੍ਰਕ੍ਰਿਆ ਅਰੰਭਦਾ ਏ। ਹਥਲੇ ਲੇਖ ਵਿਚ ਉਨ੍ਹਾਂ ਪਿੰਡਾਂ ਵਿਚ ਜੰਮੇ-ਪਲੇ ਪਾਠਕਾਂ ਨੂੰ ਪਿੰਡ ਦੀਆਂ ਨਿਆਮਤਾਂ ਚੇਤੇ ਕਰਵਾਈਆਂ ਹਨ। ਹੁਣ ਸੱਠਵਿਆਂ ਤੋਂ ਉਪਰਲੀ ਪੀੜ੍ਹੀ ਵਿਚ ਪਿੰਡ 'ਚ ਬਿਤਾਏ ਖਿਣਾਂ ਦਾ ਹੇਰਵਾ ਜਗਾਇਆ ਏ। ਭਲਾ ਟੂਥ-ਪੇਸਟ 'ਚੋਂ ਨਿੰਮ ਜਾਂ ਕਿੱਕਰ ਦੀ ਦਾਤਣ ਵਰਗੀ ਤਾਜ਼ਗੀ ਤੇ ਸਫਾਈ ਕਿੱਥੋਂ ਮਿਲੇਗੀ? ਖੂਹ ਦੇ ਔਲੂ 'ਚ ਕੋਸੇ ਪਾਣੀਆਂ ਵਿਚ ਲਾਈਆਂ ਡੁਬਕੀਆਂ ਦਾ ਕਿਵੇਂ ਘਰਾਂ ਦੀਆਂ ਟੂਟੀਆਂ 'ਚੋਂ ਟਪਕਦੇ ਪਾਣੀ ਸੰਗ ਇਸ਼ਨਾਨ ਦਾ ਮੁਕਾਬਲਾ ਕਰਦਾ ਹੋਵੇਗਾ? ਇਹ ਵੱਖਰੀ ਗੱਲ ਹੈ ਕਿ ਹੁਣ ਤਾਂ ਪਿੰਡ ਵੀ ਉਹ ਪਿੰਡ ਨਹੀਂ ਰਹੇ। -ਸੰਪਾਦਕ*

ਜ਼ਿੰਦਗੀ ਸੰਗ ਮੌਲਦਾ, ਆਪਣੇ ਰੰਗ 'ਚ ਰੰਗਿਆ ਪਿੰਡ ਕਦੇ-ਕਦੇ ਬਹੁਤ ਉਦਾਸ ਹੋ ਜਾਂਦਾ ਏ ਜਦੋਂ ਉਸ ਨੂੰ ਆਪਣੇ ਆਲ੍ਹਣੇ 'ਚੋਂ ਪਰਵਾਸ ਕਰ ਗਏ ਪਰਿੰਦਿਆਂ ਦੀ ਯਾਦ ਸਤਾਉਂਦੀ ਏ। ਉਸ ਦੇ ਖਿਆਲਾਂ 'ਚ ਵਸੀ ਆਪਣਿਆਂ ਦੀ ਨਿੱਘੀ ਯਾਦ, ਮਨ-ਮਸਤਕ ਦੇ ਦਰੀਂ ਦਸਤਕ ਦੇ, ਉਸ ਦੀਆਂ ਆਂਦਰਾਂ 'ਚ ਚਸਕ ਪਾਉਂਦੀ ਏ। ਉਸ ਨੂੰ ਕੁਝ ਗੁਆਚ ਜਾਣ ਦਾ ਅਹਿਸਾਸ ਬੜਾ ਦੁਖੀ ਕਰਦਾ ਏ ਅਤੇ ਉਹ ਬੀਤੇ ਸਮੇਂ ਦੇ ਡੂੰਘੇ ਸਮੁੰਦਰਾਂ 'ਚ ਟੁੱਭੀ ਲਾ, ਯਾਦਾਂ ਦੇ ਮਾਣਕ-ਮੋਤੀ ਨਿਹਾਰ, ਉਨ੍ਹਾਂ ਦੀ ਪ੍ਰਾਪਤੀ ਤੋਂ ਬਲਿਹਾਰੇ ਜਾਂਦਾ, ਦੂਰ ਤੁਰ ਗਏ ਪਿਆਰਿਆਂ ਲਈ ਲੱਖਾਂ ਦੁਆਵਾਂ ਮੰਗਦਾ, ਉਨ੍ਹਾਂ ਦੀਆਂ ਬਲਾਵਾਂ ਆਪਣੇ ਸਿਰ ਲੈਣ ਲਈ ਅਰਦਾਸਾਂ ਵੀ ਕਰਦਾ ਏ।

ਪਿੰਡ ਨੂੰ ਯਾਦ ਏ ਨਿੱਕੀ ਜਿਹੀ ਜਟੂਰੀ ਵਾਲਾ ਨਿੱਕੜਾ, ਜਿਹੜਾ ਖਿੱਦੋ ਖੂੰਡੀ, ਅੱਡੀ-ਟੱਪਾ, ਪਿੱਠੂ-ਗਰਮ, ਕਬੱਡੀ ਵਰਗੀਆਂ ਖੇਡਾਂ ਖੇਡਦਾ ਸਰੀਰਕ ਤੇ ਮਾਨਸਿਕ ਸਿਹਤਯਾਬੀ ਦਾ ਪਾਠ ਕਰਿਆ ਕਰਦਾ ਸੀ। ਮਿੱਟੀ ਨਾਲ ਲਿਬੜੇ



ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 216-556-2080

ਪਿੰਡੇ ਨਾਲ ਘਰ 'ਚ ਵੜਦੇ ਨੂੰ ਮਾਂ ਦੀ ਘੂਰੀ ਘਿਉ ਦੀ ਚੂਰੀ ਵਾਂਗ ਲੱਗਦੀ ਸੀ ਅਤੇ ਉਹ ਮਾੜੀਆਂ ਮੋਟੀਆਂ ਅਲਾਮਤਾਂ ਦੀ ਪ੍ਰਵਾਹ ਨਹੀਂ ਸੀ ਕਰਦਾ। ਜਦੋਂ ਪਿੰਡ ਚਿਤਵਦਾ ਏ ਕਿ ਮੇਰੀ ਮਿੱਟੀ 'ਚ ਖੇਡ ਕੇ ਪਰਵਾਸੀ ਬਣਿਆ ਮੇਰਾ ਆਪਣਾ ਅੰਗ, ਆਪਣੇ ਬੱਚਿਆਂ ਨੂੰ ਮਿੱਟੀ 'ਚ ਖੇਡਣ ਤੋਂ ਹੋੜਦਾ ਏ ਤਾਂ ਮਿੱਟੀ ਦਾ ਰੁਦਨ ਸੁਣ ਪਿੰਡ ਦਾ ਗੱਚ ਭਰ ਆਉਂਦਾ ਏ ਕਿ ਅੱਜ

> *ਪਿੰਡ ਜੋ ਆਪਣਿਆਂ ਦੀ ਗੈਰਹਾਜ਼ਰੀ ਦਾ ਰੁਦਨ ਮਨ 'ਚ ਸਮੋਈ ਮੌਲਦਾ ਰਿਹਾ, ਹੁਣ ਹੋਰ ਮੌਲੇਗਾ ਜਦੋਂ ਉਸ ਦੇ ਆਪਣੇ ਉਸ ਦੀਆਂ ਬਾਹਾਂ 'ਚ ਸਮੋ ਜੋਗੀਆਂ ਦੀਆਂ ਮੁੰਦਰਾਂ ਵਾਂਗ ਲਿਸ਼ਕਦੇ ਬਨੇਰਿਆਂ 'ਤੇ ਚੰਦਰਮਾ ਉਤਾਰਨਗੇ ਅਤੇ ਸਮੁੱਚੀ ਫਿਜ਼ਾ 'ਚ ਜੀਵਨ ਜਿਊਣ ਦਾ ਅੰਦਾਜ਼ ਧੜਕਾਉਣਗੇ। ਸੱਚੀਂ! ਪਿੰਡ ਨੂੰ ਬੜੀ ਆਸ ਏ ਕਿ ਉਸ ਦੀ ਮਿੱਟੀ ਨੂੰ ਮਾਣ ਬਖਸ਼ਣ ਵਾਲੇ 'ਕੇਰਾਂ ਘਰਾਂ ਨੂੰ ਜ਼ਰੂਰ ਪਰਤਣਗੇ, ਜ਼ਰੂਰ ਪਰਤਣਗੇ।*

ਪਾਲਣਹਾਰੀ ਮਿੱਟੀ ਆਪਣੀ ਮਮਤਾ ਦੀ ਮੌਤ ਕਿਆਸਦੀ-ਕਿਆਸਦੀ ਮਿੱਟੀ 'ਚ ਪਲਣ ਵਾਲੇ ਤੋਂ ਦੂਰ ਕਿਉਂ ਜਾ ਰਹੀ ਏ?

ਅੰਮ੍ਰਿਤ ਵੇਲੇ ਪਿੰਡ ਦੀ ਫਿਰਨੀ ਅਤੇ ਵੱਟਾਂ-ਬੰਨ੍ਹਿਆਂ 'ਤੇ ਧੜਕਦਾ ਜੀਵਨ ਹਰਿਆਵਲ ਨੂੰ ਅੱਖਾਂ ਰਾਹੀਂ ਰੱਜ ਕੇ ਡੀਕਦਾ, ਤ੍ਰੇਲ-ਤੁਪਕਿਆਂ ਨਾਲ ਪੈਰਾਂ 'ਤੇ ਟਕੋਰ ਕਰਦਾ ਅਤੇ ਸਿਆਲ 'ਚ ਨੰਗੇ ਪੈਰੀਂ ਕੋਹਰੇ 'ਤੇ ਫਿਰਦਿਆਂ ਵਿਸਮਾਦਮਈ ਪਲ ਮਾਣਦਾ, ਉਹ ਪਿੰਡ ਦਾ ਜੁਆਕ ਜਦੋਂ ਕੋਠੀ ਦੀ ਚਾਰ-ਦੀਵਾਰੀ ਦਾ ਕੈਦੀ ਬਣਿਆ ਸ਼ਹਿਰ 'ਚ ਢਾਈ ਕੁ ਗਜ਼ ਦੇ ਲਾਅਨ 'ਤੇ ਫਿਰਦਿਆਂ ਮਸਨੂਈ ਮੁਸਕਾਨ ਖਿਲੇਰਦਾ ਏ ਤਾਂ ਪਿੰਡ ਦੀਆਂ ਆਂਦਰਾਂ ਦਾ ਰੁੱਗ ਭਰਿਆ ਜਾਂਦਾ ਏ। ਭਲਾ ਟੂਥ-ਪੇਸਟ 'ਚੋਂ ਨਿੰਮ ਜਾਂ ਕਿੱਕਰ ਦੀ ਦਾਤਣ ਵਰਗੀ ਤਾਜ਼ਗੀ ਤੇ ਸਫਾਈ ਕਿੱਥੋਂ ਮਿਲੇਗੀ? ਖੂਹ ਦੇ ਔਲੂ 'ਚ ਕੋਸੇ ਪਾਣੀਆਂ ਵਿਚ ਲਾਈਆਂ ਡੁਬਕੀਆਂ ਦਾ ਕਿਵੇਂ ਘਰਾਂ ਦੀਆਂ ਟੂਟੀਆਂ 'ਚੋਂ ਟਪਕਦੇ ਪਾਣੀ ਸੰਗ ਇਸ਼ਨਾਨ ਦਾ ਮੁਕਾਬਲਾ ਕਰਦਾ ਹੋਵੇਗਾ? ਕਿਹੜੀ ਸੈਰ ਮੁਕਾਬਲਾ ਕਰੇਗੀ ਨਾਹਰੇ ਬਲਦਾਂ ਦੀ ਜੋਗ ਨਾਲ ਲੰਬਾ ਜੋਤਰਾ ਲਾਉਣ ਦੀ? ਕਿਹੜੇ ਇੱਟਾਂ ਤੇ ਪੱਥਰਾਂ ਦੇ ਜੰਗਲ 'ਚੋਂ, ਮੇਰਾ ਲਾਡਲਾ ਭਾਲੇਗਾ ਦੂਰ ਦਿਸਹੱਦੇ ਤੀਕ ਪਸਰੀ ਹੋਈ ਸਰ੍ਹੋਂ ਦੇ ਫੁੱਲਾਂ ਨਾਲ ਲਬਰੇਜ਼ ਦਸੂਤੀ ਦੀ ਚਾਦਰ ਵਰਗੀ ਧਰਤ ਦਾ ਨਜ਼ਾਰਾ? ਮਤਾਂ ਕੁਦਰਤ ਤੋਂ ਦੂਰ ਰਹਿੰਦਿਆਂ ਕੁਦਰਤ ਦੀ ਸੰਗਤ ਦਾ ਮਾਣਿਆ ਪੁਰ-ਸਕੂਨੀ ਅਹਿਸਾਸ ਕਿਤੇ ਮਰ ਹੀ ਨਾ ਜਾਵੇ ਅਤੇ ਨਾਲ ਹੀ ਦਫਨ ਹੋ ਜਾਵੇ ਕੁਦਰਤੀ ਨਜ਼ਾਰਿਆਂ ਨੂੰ ਨਿਹਾਰਨ ਦਾ ਮੋਹ।

ਪਿੰਡ ਨੂੰ ਗਮ ਵੀ ਏ ਕਿ ਮੇਰਾ ਲਡਿੱਕਾ, ਜੋ ਕੂੰਜਾਂ ਦੀਆਂ ਡਾਰਾਂ ਦੇ ਬੋਲਾਂ ਵਿਚਲਾ ਸੰਗੀਤ ਮਾਣਦਾ ਸੀ, ਬਲਦਾਂ ਦੀਆਂ ਹਮੇਲਾਂ ਤੇ ਟੱਲੀਆਂ ਸੰਗ ਮਿਰਜ਼ੇ ਦੀਆਂ ਸੱਦਾਂ ਲਾਉਂਦਾ ਥਕਾਵਟ ਦੀ ਸ਼ਿਕਨ ਵੀ ਮੱਥੇ 'ਤੇ ਨਹੀਂ ਸੀ ਉਭਰਨ ਦਿੰਦਾ। ਜੋ ਖੂਹ ਦੇ ਕੁੱਤੇ ਅਤੇ ਟਿੰਡਾਂ 'ਚੋਂ ਪਾੜਛੇ 'ਚ ਪੈਂਦੇ ਪਾਣੀ ਸੰਗ ਅਰਾਧਨਾ ਕਰਦਾ ਸੀ, ਹਵਾ ਨਾਲ ਲਹਿਰਾਉਂਦੇ ਪੱਤਿਆਂ ਦੀ ਸੰਗੀਤਕ ਰੁਮਕਣੀ ਮਾਣਦਾ, ਪੰਛੀਆਂ ਦੀ ਪਰਵਾਜ਼ ਵਰਗਾ ਸੁਖਨ ਭਾਲਦਾ ਸੀ, ਦੁੱਧ ਰਿੜਕਦੀ ਮਾਂ ਦੀਆਂ ਚੂੜੀਆਂ ਦੇ ਸੰਗੀਤ ਅਤੇ ਮਧਾਣੀ ਦੀ ਰਿੜਕਣੀ 'ਚੋਂ ਜ਼ਿੰਦਗੀ ਦੇ ਅਰਥ ਪੜ੍ਹਦਾ ਸੀ, ਅੱਧ-ਰਿੜਕੇ ਦਾ ਕੰਗਣੀ ਵਾਲਾ ਗਲਾਸ ਹੋਠਾਂ 'ਤੇ ਧਰਦਾ ਸੀ ਅਤੇ ਕੁਦਰਤੀ ਕ੍ਰਿਆਵਾਂ ਦੀ ਸੰਗੀਤਕ ਲੈਅ 'ਚ ਜ਼ਿੰਦਗੀ ਦਾ ਗੀਤ ਗਾਉਂਦਾ ਸੀ, ਅੱਜ ਉਹ ਕੁਦਰਤੀ ਸੰਗੀਤ ਤੋਂ ਸ਼ੋਰ ਤੀਕ ਦੇ ਸਫਰ ਦਾ ਹਮਰਾਹੀ ਬਣ ਮਾਨਸਿਕ ਤੇ ਸਰੀਰਕ ਬਿਮਾਰੀਆਂ ਦੇ ਸ਼ਿਕੰਜੇ 'ਚ ਫਸਿਆ ਆਪਣੀ ਰਿਹਾਈ ਲਈ ਲਿਲਕੜੀਆਂ ਕੱਢਦਾ ਏ ਅਤੇ ਸ਼ੋਰ ਦੇ ਪ੍ਰਦੂਸ਼ਣ ਨੂੰ ਘਟਾਉਣ ਦੀ ਦੁਹਾਈ ਪਾ ਰਿਹਾ ਏ। ਉਹਦੇ ਤਾਂ ਚੇਤਿਆਂ 'ਚੋਂ ਹੀ ਖੁਰ ਗਿਆ ਹੋਣਾ ਏ, ਪੰਛੀਆਂ ਦਾ ਚਹਿਚਹਾਉਣਾ, ਘੁੱਗੀਆਂ-ਕਬੂਤਰਾਂ ਦਾ ਗੁਟਕਣਾ ਅਤੇ ਭਰੇ ਹਵਾਨੇ ਵਾਲੀਆਂ ਗਾਂਵਾਂ ਤੇ ਮੱਝਾਂ ਦਾ ਧਾਰਾਂ ਲਈ ਅੜਿੰਗਣਾ। ਕੀ ਉਸ ਨੂੰ ਕਦੇ ਵੀ ਚੇਤਾ ਨਹੀਂ ਆਇਆ ਬੂਰੀਆਂ ਤੇ ਕੁੰਡੀਆਂ ਝੋਟੀਆਂ ਦਾ, ਖੀਰੇ ਤੇ ਦੁੱਗੇ ਵਹਿੜਕਿਆਂ ਦਾ ਜਾਂ ਪਹਿਲੇ ਹੀ ਦਿਨ ਹਲ 'ਚ ਜੁਪੇ ਵਹਿੜਕੇ ਦੇ ਪੈਰ 'ਚ ਖੁੱਭ ਗਏ ਚੋਅ ਦਾ।

ਪਿੰਡ ਬਹੁਤ ਉਦਾਸ ਹੈ, ਆਪਣੀਆਂ ਗਲੀਆਂ 'ਚ ਖੇਡ ਕੇ ਪ੍ਰਵਾਨ ਚੜ੍ਹੇ ਪਰਵਾਸ ਕਰ ਗਏ ਉਸ ਗੱਭਰੂ ਦਾ, ਜਿਹਨੇ ਆਪਣੀ ਮਿਹਨਤ ਅਤੇ ਲਿਆਕਤ ਸਦਕਾ ਨਾਮਣਾ ਕਮਾਇਆ; ਪਿੰਡ ਦਾ ਪਰਚਮ ਉਚਾ ਝੁਲਾਇਆ, ਆਪਣੇ ਇਲਾਕੇ ਅਤੇ ਲੋਕਾਂ ਲਈ ਮਾਣ ਦਾ ਅਹਿਸਾਸ ਮਨਾਂ 'ਚ ਉਪਜਾਇਆ। ਪਰ ਪਤਾ ਨਹੀਂ ਕਿਉਂ ਪਿੰਡ ਦੀ ਜੂਹ ਨੂੰ ਸਦਾ ਲਈ ਮਨੋਂ ਭੁਲਾਇਆ। ਉਸ ਨੂੰ ਪਿੰਡ ਦੀ ਯਾਦ ਕਿਉਂ ਨਾ ਆਈ ਅਤੇ ਉਸ ਨੇ ਗਲੀਆਂ 'ਚ ਯਾਦਾਂ ਦੀ ਫੇਰੀ ਕਿਉਂ ਨਾ ਲਾਈ? ਨਿੱਤ ਉਹ ਬਿਗਾਨੀ ਦੁਨੀਆਂ ਦੇ ਭਰਮਣ 'ਤੇ ਤਾਂ ਤੁਰਿਆ ਰਹਿੰਦਾ ਏ ਪਰ ਆਪਣੀਆਂ ਮੁਹਾਰਾਂ ਪਿੰਡ ਵੰਨੀਂ ਨਹੀਂ ਮੋੜਦਾ। ਪਿੰਡ ਦੇ ਟਾਹਣਿਆਂ 'ਤੇ ਮੁਰਕੀਆਂ ਵਾਂਗ ਲਟਕਦੇ ਆਲ੍ਹਣਿਆਂ 'ਚੋਂ ਦੂਰ ਉਡਾਰੀ ਭਰ ਗਏ ਪਰਿੰਦਿਆਂ ਨੂੰ ਆਪਣੇ ਆਲ੍ਹਣਿਆਂ ਦੇ ਕੱਖਾਂ ਦੀ ਯਾਦ ਤਾਂ ਆਉਂਦੀ ਹੀ ਹੋਵੇਗੀ। ਪਿੰਡ ਸੋਚਦਾ ਹੈ ਕਿ ਉਸ ਯਾਦ ਨੂੰ ਸਜਦਾ ਕਰਨ 'ਕੇਰਾਂ ਤਾਂ ਪਰਿੰਦੇ ਪਰਤ ਕੇ ਜ਼ਰੂਰ ਆਉਣਗੇ।

ਪਿੰਡ ਨੂੰ ਦੁੱਖ ਵੀ ਏ ਕਿ ਕੁਦਰਤ ਨਾਲ ਜੁੜਿਆ ਕੁਦਰਤੀ ਨਿਆਮਤਾਂ ਨਾਲ ਜੀਵਨ ਦੇ ਸੂਹੇ ਤੇ ਸੁੱਚੇ ਰੰਗਾਂ ਦੀ ਫੁਲਕਾਰੀ ਸਮਾਜ ਦੇ



*ਪਿੰਡ ਵਿਚ ਕੁੱਪਾਂ ਦੀ ਰੌਣਕ*

ਪਿੰਡੇ 'ਤੇ ਕੱਢਣ ਵਾਲੇ ਨੇ ਕਦੇ ਖੇਤ 'ਚੋਂ ਗੰਨਾ ਤੋੜ ਆਗ ਦੂਸਰੇ ਖੇਤ 'ਚ ਸੁੱਟਿਆ ਸੀ। ਗਾਜਰਾਂ, ਆਲੂ ਜਾਂ ਸ਼ਕਰਕੰਦੀ ਖਾਣ ਵਾਲਾ ਅਤੇ ਗੰਡ 'ਤੇ ਬਹਿ ਕੇ ਉਂਗਲਾਂ ਨਾਲ ਗੁੜ ਖਾਣ ਵਾਲਾ ਦੁਕਾਨ ਤੋਂ ਪਾਈਆ ਕੁ ਗੁੜ ਲੈਣ ਲੱਗਿਆਂ ਜ਼ਰਾ ਵੀ ਸੰਗਦਾ ਨਹੀਂ! ਵਾੜ੍ਹੇ 'ਚੋਂ ਖਰਬੂਜੇ ਤੇ ਹਦਵਾਣੇ ਖਾਣ ਵਾਲਾ ਹੁਣ ਹਦਵਾਣਾ ਖਾਣ ਲੱਗਿਆਂ ਢਿੱਡ ਦੁੱਖਣ ਦਾ ਬਹਾਨਾ ਕਿਉਂ ਕਰਦਾ ਏ? ਰਸ ਭਰੀਆਂ ਜਾਮਣਾਂ ਭਾਲਦਿਆਂ ਪਤਲੇ ਟਾਹਣੇ ਤੋਂ ਡਿੱਗ ਕੇ ਲੱਤ ਵੀ ਤੁੜਵਾਈ ਸੀ ਅਤੇ ਆਕਾਸ਼ ਛੂੰਹਦੇ ਖਜੂਰ ਦੇ ਰੁੱਖ ਤੋਂ ਖਜੂਰਾਂ ਲਾਹ ਉਤਰਨ ਲੱਗਿਆਂ ਮੰਨਤਾਂ ਵੀ ਮੰਨੀਆਂ ਸਨ। ਆੜ੍ਹ 'ਚੋਂ ਗੰਢੇ ਦੀਆਂ ਭੂਕਾਂ ਨਾਲ ਪਾਣੀ ਪੀ ਕੇ ਅਰੋਗ ਰਹਿਣ ਵਾਲਾ ਹੁਣ ਫਿਲਟਰ ਦਾ ਪਾਣੀ ਪੀਂਦਿਆਂ ਵੀ ਬਿਮਾਰ ਏ। ਗਾਜਰਾਂ-ਮੂਲੀਆਂ ਨੂੰ ਖੇਤ 'ਚੋਂ ਪੁੱਟ, ਹੱਥ ਨਾਲ ਹੀ ਪੂੰਝ ਕੇ ਖਾਣ ਵਾਲੇ ਦੀ ਸੋਚ 'ਚ ਸਫਾਈ ਦਾ ਸਨਕੀਪੁਣਾ ਕਿੱਥੋਂ ਆ ਗਿਆ? ਖੇਤਾਂ 'ਚ ਹੀ ਛੋਲਿਆਂ ਦੀਆਂ ਹੋਲਾਂ ਤੇ ਛੱਲੀਆਂ ਭੁੰਨਦਿਆਂ ਹੱਥ ਤੇ ਮੂੰਹ ਲਬੇੜਨ ਵਾਲਾ ਮੇਰਾ ਲਾਡਲਾ ਗੈਸ 'ਤੇ ਪੱਕੀਆਂ ਛੱਲੀਆਂ ਭੁੰਨ ਕੇ ਦੋਧੇ ਦਾ ਸਵਾਦ ਭਾਲਦਾ ਏ। ਮੱਕੀ ਦੀ ਰੋਟੀ 'ਤੇ ਲੱਪ ਨਾਲ ਸਾਗ ਪਾਉਣ ਵਾਲੀ ਦਾਦੀ ਦੀ ਤਸਵੀਰ ਤਾਂ ਚੇਤਿਆਂ 'ਚੋਂ ਘਸਮੈਲੀ ਹੀ ਹੋ ਗਈ ਹੋਵੇਗੀ ਜਦੋਂ ਉਸ ਨੂੰ ਹੁਣ ਮੱਕੀ ਦੀ ਰੋਟੀ ਤੇ ਸਾਗ ਖਾਧਿਆਂ ਗੈਸ ਹੋ ਜਾਂਦੀ ਏ। ਪਿੰਡ ਤਾਂ ਉਸ ਦੀ ਲੰਮੀ ਉਮਰ ਤੇ ਚੰਗੀ ਸਿਹਤ ਦੀ ਸੁਖਣਾ ਬਾਬੇ ਸ਼ਾਹ ਅਨਾਇਤ ਅਲੀ ਦੀ ਦਰਗਾਹ 'ਤੇ ਸੁੱਖਦਾ ਰਹਿੰਦਾ ਏ, ਜਿੱਥੋਂ ਮਾਂ ਨੂੰ ਗੋਦੀ 'ਚ ਖੇਡਦੇ ਲਾਲ ਦਾ ਵਰ ਮਿਲਿਆ ਸੀ।

ਪਿੰਡ ਨੂੰ ਹੇਰਵਾ ਹੈ ਕਿ ਕਾਲੇ ਸ਼ੀਸ਼ਿਆਂ ਵਾਲੀ ਕਾਰ 'ਚ ਪਿੰਡ ਦੇ ਕੋਲੋਂ ਲੰਘੀ ਜਾਂਦੀ ਸਵਾਰੀ ਨੂੰ ਬੀਤਿਆ ਸਮਾਂ ਕਿਉਂ ਭੁੱਲ ਗਿਆ ਏ ਜਦ ਕਿ ਪਿੰਡ ਨੂੰ ਸਭ ਯਾਦ ਹੈ ਕਿ ਕਣਕ ਦੀਆਂ ਭਰੀਆਂ ਨਾਲ ਲੱਦੇ ਹੋਏ ਗੱਡੇ ਦਾ ਉਲਰ ਜਾਣਾ, ਕਣਕ ਦੀਆਂ ਬੱਲੀਆਂ ਇਕੱਠੀਆਂ ਕਰਦਿਆਂ ਪਿਆਸ ਨਾਲ ਬਿਹਬਲ ਹੋਣਾ। ਜੇਠ ਹਾੜ ਦੀਆਂ ਪਿੰਡਾ ਲੂਹਣੀਆਂ ਧੁੱਪਾਂ 'ਚ ਫਲ੍ਹੇ ਵਾਹੁਣਾ, ਕਣਕ ਗਾਹੁਣਾ ਅਤੇ ਕੁਝ ਪੂਰਤੀ ਦਾ ਅਹਿਸਾਸ ਚੱਕਰਾਂ 'ਚ ਘੁੰਮਦੀ ਆਸ ਨੂੰ ਪਾਉਣਾ। ਪਿੰਡ ਨੂੰ ਤਾਂ ਇਹ ਵੀ ਯਾਦ ਏ ਕਿ ਸਕੂਟਰ ਜਾਂ ਮੋਟਰ ਸਾਈਕਲ ਤੋਂ ਹੇਠਾਂ ਨਾ ਉਤਰਨ ਵਾਲਾ ਆਪਣੀ ਪੜ੍ਹਾਈ ਦੇ ਵੇਲਿਆਂ 'ਚ ਸਾਈਕਲ ਨਾਲ ਸਾਈਕਲ ਹੀ ਬਣਿਆ ਰਿਹਾ ਸੀ, ਜਿਸ ਦੀ ਚੈਨ 'ਚ ਫਸ ਕੇ ਕਈ ਵਾਰੀ ਪਾਟੀ ਪੈਂਟ ਦੀਆਂ ਲੀਰਾਂ ਇਸ ਦੀਆਂ ਗਵਾਹ ਨੇ।

ਪਿੰਡ ਨੂੰ ਉਦੋਂ ਬੜਾ ਹੀ ਮਾਨਸਿਕ ਕਸ਼ਟ ਪਹੁੰਚਦਾ ਏ ਜਦੋਂ ਉਸ ਦੇ ਮੁਰੱਬਿਆਂ ਦਾ ਮਾਲਕ ਗਮਲਿਆਂ 'ਚ ਸਬਜ਼ੀਆਂ ਬੀਜਦਾ ਏ। ਭਰੇ ਭੜੋਲਿਆਂ ਵਾਲਾ ਲਿਫਾਫੇ 'ਚ ਆਟਾ ਲਿਆਉਂਦਾ ਏ। ਵੱਡੀਆਂ ਹਵੇਲੀਆਂ ਤੇ ਘਰਾਂ ਵਾਲਾ ਚਿੜੀ ਦੇ ਪੌਂਚੇ ਜਿੱਡੀ ਥਾਂ 'ਚ ਘਰ ਦਾ ਭਰਮ ਮਨ 'ਚ ਵਸਾਉਂਦਾ ਏ। ਖੁੱਲ੍ਹੇ ਡੁੱਲ੍ਹੇ ਸੁਭਾਅ ਵਾਲਾ, ਘਰ ਦੀ ਬੰਦ ਚਾਰ-ਦੀਵਾਰੀ 'ਚ ਉਡਾਰੂ ਸੋਚਾਂ ਨੂੰ ਪਿੰਜਰੇ ਪਾਉਂਦਾ ਏ। ਸਰਬੱਤ ਦੇ ਭਲੇ ਦੀ ਸੋਚ ਦਾ ਪਹਿਰੇਦਾਰ ਨਿਜੀ ਧਰਾਤਲ 'ਤੇ ਹਉਮੈ ਦੀ ਫਸਲ ਉਗਾਉਂਦਾ ਏ ਅਤੇ ਜ਼ਿੰਦਗੀ ਦੇ ਸੁੰਗੜ ਗਏ ਅਰਥਾਂ ਵਾਂਗ ਜੀਵਨ-ਸ਼ੈਲੀ ਨੂੰ ਖੋਖਲੇ ਉਚੇਚਾਂ ਦੀ ਸੂਲੀ ਚੜ੍ਹਾਉਂਦਾ ਏ।

ਪਿੰਡ ਨੂੰ ਉਡੀਕ ਹੈ, ਉਸ ਪਲ ਦੀ ਜਦੋਂ ਉਸ ਦੇ ਵਿਹੜੇ 'ਚੋਂ ਸ਼ਹਿਰੀਂ ਤੇ ਵਿਦੇਸ਼ੀਂ ਪਰਵਾਸ ਕਰ ਗਏ ਪਰਿੰਦੇ ਮੁੜ ਆਲ੍ਹਣਿਆਂ ਨੂੰ ਪਰਤਣਗੇ। ਪਿੰਡ ਛਾਤੀ ਫੁਲਾ ਕੇ ਉਨ੍ਹਾਂ ਨੂੰ ਗਲ ਨਾਲ ਲਾ ਪੁਰ-ਸਕੂਨ ਵਕਤ ਦੀ ਦਹਿਲੀਜ਼ 'ਤੇ ਸ਼ਗਨਾਂ ਦਾ ਤੇਲ ਚੋਵੇਗਾ। ਉਸ ਦੀਆਂ ਗਲੀਆਂ 'ਚ ਰੌਣਕਾਂ ਦੂਣ ਸਵਾਈਆਂ ਹੋਣਗੀਆਂ। ਉਸ ਦੇ ਮੋੜਾਂ 'ਤੇ ਬੋਹੜਾਂ ਹੇਠ ਮਹਿਫਿਲਾਂ ਦਾ ਰੰਗ ਸੰਧੂਰੀ ਹੋਵੇਗਾ। ਬੁੱਢੀਆਂ ਮਾਂਵਾਂ ਆਪਣੇ ਲਾਲਾਂ ਦੇ ਸਿਰ ਪਲੋਸ ਨਾਮਣਾ ਖੱਟ ਕੇ ਸੁੱਖੀਂ ਸਾਂਦੀ ਪਰਤੇ ਪੁੱਤਰਾਂ ਦੀਆਂ ਸੁੱਖਣਾ ਉਤਾਰਨਗੀਆਂ। ਚੁੱਲ੍ਹਿਆਂ ਦੀ ਅੱਗ ਫਿਰ ਚੁਗਲੀਆਂ ਕਰੇਗੀ। ਚੌਂਕਿਆਂ ਵਿਚਲਾ ਨਿੱਘ ਬੀਤੇ ਸਮੇਂ ਦਾ ਲੇਖਾ-ਜੋਖਾ ਕਰ ਵਰਤਮਾਨ ਦੀ ਤਲੀ 'ਤੇ ਸੰਦਲੀ ਸਮਿਆਂ ਦਾ ਸੰਧਾਰਾ ਧਰੇਗਾ।

ਪਿੰਡ ਜੋ ਆਪਣਿਆਂ ਦੀ ਗੈਰਹਾਜ਼ਰੀ ਦਾ ਰੁਦਨ ਮਨ 'ਚ ਸਮੋਈ ਮੌਲਦਾ ਰਿਹਾ, ਹੁਣ ਹੋਰ ਮੌਲੇਗਾ ਜਦੋਂ ਉਸ ਦੇ ਆਪਣੇ ਉਸ ਦੀਆਂ ਬਾਹਾਂ 'ਚ ਸਮੋ ਜੋਗੀਆਂ ਦੀਆਂ ਮੁੰਦਰਾਂ ਵਾਂਗ ਲਿਸ਼ਕਦੇ ਬਨੇਰਿਆਂ 'ਤੇ ਚੰਦਰਮਾ ਉਤਾਰਨਗੇ ਅਤੇ ਸਮੁੱਚੀ ਫਿਜ਼ਾ 'ਚ ਜੀਵਨ ਜਿਊਣ ਦਾ ਅੰਦਾਜ਼ ਧੜਕਾਉਣਗੇ। ਸੱਚੀਂ! ਪਿੰਡ ਨੂੰ ਬੜੀ ਆਸ ਏ ਕਿ ਉਸ ਦੀ ਮਿੱਟੀ ਨੂੰ ਮਾਣ ਬਖਸ਼ਣ ਵਾਲੇ 'ਕੇਰਾਂ ਘਰਾਂ ਨੂੰ ਜ਼ਰੂਰ ਪਰਤਣਗੇ, ਜ਼ਰੂਰ ਪਰਤਣਗੇ।



*ਵਿਚਾਰਾ ਹਲਟ, ਜਿਸ ਦੀ ਥਾਂ ਹੁਣ ਟਿਊਬਵੈਲ ਨੇ ਲੈ ਲਈ ਹੈ*

# ਆਮਿਰ ਦੀ ਅਹਿਮੀਅਤ







ਮਾਰਚ ਦੀ 14 ਤਾਰੀਖ ਨੂੰ ਅਦਾਕਾਰ ਆਮਿਰ ਖਾਨ 52 ਵਰ੍ਹਿਆਂ ਦਾ ਹੋ ਗਿਆ। ਉਸ ਨੇ ਆਪਣਾ ਜਨਮ ਦਿਨ ਬੜੇ ਸਾਦਾ ਤਰੀਕੇ ਨਾਲ ਮਨਾਇਆ ਹੈ। ਹਾਲ ਹੀ ਵਿਚ ਉਸ ਦੀ ਫਿਲਮ 'ਦੰਗਲ' ਨੇ ਵਾਹਵਾ ਧੁੰਮਾਂ ਪਾਈਆਂ ਸਨ ਅਤੇ ਇਸ ਨਾਲ ਜੁੜੇ ਕੁੜੀਆਂ ਦੇ ਸਰੋਕਾਰ ਉਭਾਰਨ ਲਈ ਉਸ ਦੀ ਖੂਬ ਪ੍ਰਸ਼ੰਸਾ ਹੋਈ ਸੀ। ਹੁਣ ਇਸੇ ਸਾਲ ਉਸ ਦੀ ਫ਼ਿਲਮ 'ਸੀਕਰਟ ਸੁਪਰਸਟਾਰ' ਆ ਰਹੀ ਹੈ ਜਿਸ ਵਿਚ ਉਸ ਤੋਂ ਇਲਾਵਾ ਮਿਹਰ ਵਿਜ ਅਤੇ ਜ਼ਾਇਰਾ ਵਸੀਮ ਦੀਆਂ ਅਹਿਮ ਭੂਮਿਕਾਵਾਂ ਹਨ। ਇਸ ਫਿਲਮ ਵਿਚ ਆਮਿਰ ਖਾਨ ਨੇ ਸੰਗੀਤਕਾਰ ਦਾ ਕਿਰਦਾਰ ਨਿਭਾਇਆ ਹੈ। ਇਸ ਸੰਗੀਤਕਾਰ ਦੀ ਕਹਾਣੀ ਅਜਿਹੀ ਅੱਲ੍ਹੜ ਕੁੜੀ ਦੁਆਲੇ ਘੁੰਮਦੀ ਹੈ ਜੋ ਬੜੇ ਤਰੱਦਦ ਤੋਂ ਬਾਅਦ ਆਪਣੀ ਮਾਂ ਨੂੰ ਆਪਣੇ ਸ਼ਰਾਬੀ ਪਿਓ ਤੋਂ ਬਚਾਉਂਦੀ ਹੈ। ਇਹ ਫਿਲਮ ਇਸੇ ਸਾਲ ਅਗਸਤ ਵਿਚ ਰਿਲੀਜ਼ ਹੋਣੀ ਹੈ।

ਆਮਿਰ ਖਾਨ ਬਾਰੇ ਮਸ਼ਹੂਰ ਹੈ ਕਿ ਉਹ ਆਪਣੀ ਫਿਲਮ ਦੀ ਨਿੱਕੀ ਤੋਂ ਨਿੱਕੀ ਗੱਲ ਵੱਲ ਵੀ ਪੂਰਾ ਧਿਆਨ ਦਿੰਦਾ ਹੈ। ਆਪਣੀਆਂ ਪਿਛਲੀਆਂ ਫਿਲਮਾਂ ਵਿਚ ਉਸ ਨੇ ਸਮਾਜਕ ਸਰੋਕਾਰਾਂ ਦਾ ਪੱਖ ਪ੍ਰਚੰਡ ਰੂਪ ਵਿਚ ਉਭਾਰਿਆ। ਆਮਿਰ ਖਾਨ ਦਾ ਅਦਾਕਾਰੀ ਦਾ ਕਰੀਅਰ 1973 ਵਿਚ ਸ਼ੁਰੂ ਹੋ ਗਿਆ ਸੀ ਜਦੋਂ ਉਸ ਨੇ ਮਹਿਜ਼ 8 ਵਰ੍ਹਿਆਂ ਦੀ ਉਮਰ ਵਿਚ ਫਿਲਮ 'ਯਾਦੋਂ ਕੀ ਬਰਾਤ' ਵਿਚ ਬਾਲ-ਕਿਰਦਾਰ ਨਿਭਾਇਆ ਸੀ। ਸੰਨ 1988 ਵਿਚ ਬਤੌਰ ਨਾਇਕ ਆਈ ਫਿਲਮ 'ਕਿਆਮਤ ਸੇ ਕਿਆਮਤ ਤੱਕ' ਨਾਲ ਉਹ ਫਿਲਮੀ ਦੁਨੀਆ ਵਿਚ ਛਾ ਗਿਆ ਅਤੇ ਅੱਜ ਅਹਿਮ ਮੁਕਾਮ 'ਤੇ ਪੁੱਜ ਗਿਆ ਹੈ।

# ਹੇ ਸਵਰਾ ਕੁੜੀਏ !



ਲੀਕ ਤੋਂ ਹਟ ਕੇ ਫਿਲਮਾਂ ਕਰਨ ਵਾਲੀ ਅਦਾਕਾਰਾ ਸਵਰਾ ਭਾਸਕਰ ਇਕ ਹੋਰ ਜ਼ੋਰਦਾਰ ਅਦਾਕਾਰੀ ਵਾਲੀ ਫਿਲਮ ਲੈ ਕੇ ਦਰਸ਼ਕਾਂ ਦੇ ਸਨਮੁਖ ਹੋਈ ਹੈ। ਇਸ ਫਿਲਮ ਦਾ ਨਾਂ ਹੈ 'ਅਨਾਰਕਲੀ ਆਫ਼ ਆਰਾ'। ਇਸ ਫਿਲਮ ਵਿਚ ਸਵਰਾ ਭਾਸਕਰ ਨੇ ਗੁਰਬਤ ਦੀ ਮਾਰ ਸਹਿ ਰਹੀ ਗਾਇਕਾ ਦਾ ਕਿਰਦਾਰ ਨਿਭਾਇਆ ਹੈ ਜੋ ਆਪਣੇ ਦੋਹਰੇ ਅਰਥਾਂ ਵਾਲੇ ਗੀਤਾਂ ਨਾਲ ਲੋਕਾਂ ਦਾ ਮਨੋਰੰਜਨ ਕਰਦੀ ਹੈ। ਲੋਕ ਇਹ ਸਮਝਣ ਲੱਗ ਪੈਂਦੇ ਹਨ ਕਿ ਅਜਿਹੇ ਹਲਕੇ ਗੀਤ ਗਾਉਣ ਵਾਲੀ ਗਾਇਕਾ ਉਨ੍ਹਾਂ ਦੀ 'ਪਹੁੰਚ' ਵਿਚ ਹੀ ਹੈ। ਇਸੇ ਭੁਲੇਖੇ ਦਾ ਸ਼ਿਕਾਰ ਯੂਨੀਵਰਸਿਟੀ ਦਾ ਵੀ.ਸੀ. ਧਰਮਿੰਦਰ ਚੌਹਾਨ ਬਣ ਜਾਂਦਾ ਹੈ ਅਤੇ ਉਸ ਨਾਲ ਬਦਤਮੀਜ਼ੀ ਕਰਦਾ ਹੈ। ਇਹ ਕਿਰਦਾਰ ਮਸ਼ਹੂਰ ਅਦਾਕਾਰ ਸੰਜੇ ਮਿਸ਼ਰਾ ਨੇ ਬਾਖੂਬੀ ਨਿਭਾਇਆ ਹੈ। ਬੱਸ, ਇਥੋਂ ਹੀ ਅਨਾਰਕਲੀ ਦੀ ਅਸਲ ਲੜਾਈ ਸ਼ੁਰੂ ਹੋ ਜਾਂਦੀ ਹੈ। ਮਾਮਲਾ ਅਦਾਲਤ ਵਿਚ ਪੁੱਜਦਾ ਹੈ। ਅਨਾਰਕਲੀ ਨੂੰ ਚੰਗਾ ਵਕੀਲ ਤਾਂ ਕੀ ਮਿਲਣਾ ਹੈ, ਕੋਈ ਵੀ ਵਕੀਲ ਉਸ ਲਈ ਨਹੀਂ ਖੜ੍ਹਦਾ। ਸਿੱਟੇ ਵਜੋਂ ਉਹ ਆਪਣੀ ਲੜਾਈ ਆਪ ਲੜਦੀ ਹੈ। ਇਹ ਕਹਾਣੀ ਸੁਣਾਉਂਦਿਆਂ ਫਿਲਮਸਾਜ਼ ਅਵਿਨਾਸ਼ ਦਾਸ ਨੇ ਬਹੁਤ ਖੂਬਸੂਰਤ ਲੜੀਆਂ ਜੋੜੀਆਂ ਹਨ। ਬਿਹਾਰ ਦੀ ਰਹਿਤਲ ਨੂੰ ਉਸ ਨੇ ਜਿਸ ਢੰਗ ਨਾਲ ਪੇਸ਼ ਕੀਤਾ ਹੈ, ਉਸ ਦਾ ਕੋਈ ਜਵਾਬ ਨਹੀਂ। ਉਸ ਦੀਆਂ ਇਨ੍ਹਾਂ ਬਾਰੀਕੀਆਂ ਕਰ ਕੇ ਹੀ ਸਵਰਾ ਭਾਸਕਰ ਵੱਲੋਂ ਨਿਭਾਇਆ ਅਨਾਰਕਲੀ ਵਾਲਾ ਕਿਰਦਾਰ ਐਨ ਖੜਕਵਾਂ ਹੋ ਨਿਬੜਦਾ ਹੈ। ਫਿਲਮ ਆਲੋਚਕਾਂ ਅਤੇ ਦਰਸ਼ਕਾਂ ਨੇ ਇਸ ਫਿਲਮ ਖੂਬ ਹੁੰਗਾਰਾ ਭਰਿਆ ਹੈ; ਹਾਲਾਂਕਿ ਇਹ ਫਿਲਮ ਮੁੱਖ ਧਾਰਾ ਸਿਨੇਮਾ ਦੀਆਂ ਫਿਲਮਾਂ ਨਾਲੋਂ ਉਕਾ ਹੀ ਵੱਖਰੀ ਹੈ।



**'ਅਨਾਰਕਲੀ ਆਫ ਆਰਾ' ਵਿਚ ਸਵਰਾ ਭਾਸਕਰ ਦਾ ਰੰਗ-ਰੂਪ।**

ਯਾਦ ਰਹੇ ਕਿ ਸਵਰਾ ਭਾਸਕਰ ਨੇ ਪਹਿਲਾਂ ਵੀ ਲੀਕ ਤੋਂ ਹਟਵੀਆਂ ਫਿਲਮਾਂ ਹੀ ਕੀਤੀਆਂ ਅਤੇ ਵੱਖ-ਵੱਖ ਕਿਰਦਾਰ ਨਿਭਾਏ ਹਨ। ਪਿਛਲੇ ਸਾਲ ਆਈ ਉਸ ਦੀ ਫਿਲਮ 'ਨਿੱਲ ਬਟੇ ਸਨਾਟਾ' ਵਿਚ ਉਸ ਨੇ ਮਾਂ ਦਾ ਰੋਲ ਨਿਭਾਇਆ ਸੀ ਜੋ ਆਪਣੀ ਧੀ ਨੂੰ ਪੜ੍ਹਾਉਣ ਲਈ ਅਹੁਲਦੀ ਹੈ ਅਤੇ ਸਫ਼ਲ ਵੀ ਹੁੰਦੀ ਹੈ। ਹੁਣ 'ਅਨਾਰਕਲੀ ਆਫ ਆਰਾ' ਨੇ ਲੀਕ ਤੋਂ ਹਟਵੀਆਂ ਫਿਲਮਾਂ ਲਈ ਰਾਹ ਹੋਰ ਮੋਕਲਾ ਕੀਤਾ ਹੈ ਅਤੇ ਸਾਬਤ ਕੀਤਾ ਹੈ ਕਿ ਚੰਗੀ ਕਹਾਣੀ ਉਤੇ ਪੀਡੀ ਪਕੜ ਕਿਸੇ ਚੰਗੀ ਫਿਲਮ ਨੂੰ ਜਨਮ ਦੇ ਸਕਦੀ ਹੈ। ਸਵਰਾ ਭਾਸਕਰ ਤਾਂ ਡੰਕੇ ਦੀ ਚੋਟ 'ਤੇ ਕਹਿੰਦੀ ਹੈ ਕਿ ਉਹ ਫਿਲਮਾਂ ਬਣਾਉਣ ਲਈ ਫਿਲਮੀ ਦੁਨੀਆ ਵਿਚ ਨਹੀਂ ਆਈ। ਸੱਚ ਹੀ ਉਸ ਨੇ ਸਾਬਤ ਕਰ ਦਿੱਤਾ ਹੈ ਕਿ ਉਹ ਅਦਾਕਾਰੀ ਦੇ ਸਿਰ 'ਤੇ ਫਿਲਮੀ ਦੁਨੀਆ ਵਿਚ ਆਪਣਾ ਸਥਾਨ ਬਣਾ ਸਕਦੀ ਹੈ।

*-ਗੁਰਜੰਟ ਸਿੰਘ*

# ਸਿਨੇਮਾ ਤੇ ਅੰਧ-ਵਿਸ਼ਵਾਸ

ਸਿਨੇਮਾ ਨੂੰ ਆਧੁਨਿਕਤਾ ਦਾ ਸੰਦ ਮੰਨਣ ਦੇ ਬਾਵਜੂਦ ਵੱਖ-ਵੱਖ ਮੁਲਕਾਂ ਦਾ ਸਿਨੇਮਾ ਧਾਰਮਿਕ ਮਾਨਤਾਵਾਂ, ਸਮਾਜਿਕ ਰੂੜੀਆਂ ਅਤੇ ਅੰਧ-ਵਿਸ਼ਵਾਸੀ ਧਾਰਨਾਵਾਂ ਤੋਂ ਮੁਕਤ ਨਹੀਂ ਹੋ ਸਕਿਆ। ਕਲਾ ਦੇ ਤੌਰ 'ਤੇ ਸਿਨੇਮਾ ਤੋਂ ਇਹ ਤਵੱਕੋ ਸਦਾ ਹੀ ਕੀਤੀ ਜਾਂਦੀ ਹੈ ਕਿ ਉਹ ਨਾ ਸਿਰਫ ਵੇਲਾ ਵਿਹਾਅ ਚੁੱਕੀਆਂ ਰਵਾਇਤਾਂ ਤੋਂ ਬੰਦ-ਖਲਾਸੀ ਲਈ ਪਲੇਟਫਾਰਮ ਬਣੇਗਾ, ਸਗੋਂ ਨਰੋਈਆਂ ਸਭਿਆਚਾਰਕ ਕਦਰਾਂ-ਕੀਮਤਾਂ ਪ੍ਰਚਾਰਨ ਤੇ ਪ੍ਰਸਾਰਨ ਦਾ ਜ਼ਰੀਆ ਵੀ ਬਣੇਗਾ। ਪ੍ਰੈਸ ਅਤੇ ਬਿਜਲਈ ਮੀਡੀਆ ਦੇ ਮੁਕਾਬਲੇ ਸਿਨੇਮਾ ਦੇ ਮਾਮਲੇ ਵਿਚ ਇਹ ਮਸਲਾ ਕਾਫੀ ਗੁੰਝਲਦਾਰ ਹੈ, ਕਿਉਂਕਿ ਫਿਲਮ ਬਣਾਉਣਾ ਮਹਿੰਗਾ ਸੌਦਾ ਹੈ ਅਤੇ ਪੈਸਾ ਲਾਉਣ ਤੋਂ ਪਹਿਲਾ ਨਿਰਮਾਤਾ ਵਪਾਰਕ ਪੱਖ ਧਿਆਨ ਵਿਚ ਰੱਖਦੇ ਹਨ। ਆਵਾਮ ਦੀ ਧਾਰਮਿਕ ਤੇ ਸਮਾਜਿਕ-ਤੰਤਰ ਵੱਲੋਂ ਜਥੇਬੰਦ ਸੰਗਠਿਤ ਅਤੇ ਸੰਸਥਾਗਤ ਢੰਗ ਨਾਲ ਲੁੱਟ ਨੂੰ ਪਟਕਥਾ ਦਾ ਆਧਾਰ ਬਣਾਉਣਾ ਬਹੁਤੇ ਨਿਰਮਾਤਾ ਘਾਟੇ ਦਾ ਸੌਦਾ ਗਿਣਦੇ ਹਨ। ਇਸੇ ਕਾਰਨ ਜਦੋਂ ਵੀ ਕੋਈ ਫਿਲਮ ਇਸ ਗੰਭੀਰ ਮੁੱਦੇ ਬਾਰੇ ਕੋਈ ਸੰਵਾਦ ਛੇੜਨ ਦੀ ਕੋਸ਼ਿਸ਼ ਕਰਦੀ ਹੈ, ਉਹ ਧਾਰਮਿਕ ਮੱਠਾਂ ਅਤੇ ਸਮਾਜਿਕ ਜੜ੍ਹਤਾ ਦੇ ਅਸਹਿਣਸ਼ੀਲ ਵਿਤਕਰੇ ਦਾ ਸ਼ਿਕਾਰ ਹੋ ਕੇ ਰਹਿ ਜਾਂਦੀ ਹੈ।

ਭਾਰਤੀ ਸਿਨੇਮਾ ਦੀ ਸ਼ੁਰੂਆਤ ਤੋਂ ਹੀ ਬਹੁਤ ਸਾਰੀਆਂ ਫਿਲਮਾਂ ਦੀ ਪਟਕਥਾ ਦਾ ਆਧਾਰ ਧਰਮ, ਮਿਥਿਹਾਸ, ਇਤਿਹਾਸ ਅਤੇ ਅਲੌਕਿਕ ਵਰਤਾਰੇ ਬਣਦੇ ਰਹੇ ਹੈ। ਭਾਰਤੀ ਦਰਸ਼ਕਾਂ ਦੀਆਂ ਸੰਵੇਦਨਸ਼ੀਲ ਭਾਵਨਾਵਾਂ ਨੂੰ 'ਕੈਸ਼' ਕਰਨ ਦੇ ਇਰਾਦੇ ਨਾਲ ਭਾਰਤੀ ਫਿਲਮ ਸਨਅਤ ਵਿਚ ਸਮੇਂ-ਸਮੇਂ 'ਤੇ ਲੋਕ-ਪ੍ਰਲੋਕ, ਭੂਤ-ਪ੍ਰੇਤ, ਆਤਮਾਵਾਂ ਦੇ ਕਿੱਸੇ ਅਤੇ ਪਰਾ-ਲੌਕਿਕ ਸ਼ਕਤੀਆਂ 'ਤੇ ਆਧਾਰਿਤ ਫਿਲਮਾਂ ਦਾ ਨਿਰਮਾਣ ਹੁੰਦਾ ਰਿਹਾ ਹੈ। ਦੂਜੇ ਪਾਸੇ ਵਿਗਿਆਨ, ਸਬੂਤਾਂ ਸਹਿਤ ਇਨ੍ਹਾਂ ਦੀ ਹੋਂਦ ਨੂੰ ਨਕਾਰਦਾ ਰਿਹਾ ਹੈ। ਦਿਲਚਸਪ ਤੱਥ ਇਹ ਹੈ ਕਿ ਜਿਥੇ ਫਿਲਮਾਂ ਦੇ ਵਿਸ਼ੇ-ਵਸਤੂ ਦੇ ਮਾਮਲੇ ਵਿਚ ਭਾਰਤੀ ਸਿਨੇਮਾ ਹਾਲੀਵੁੱਡ ਦੀ ਨਕਲ ਕਰਨ ਵਿਚ ਮਾਹਿਰ ਹੈ, ਉਥੇ ਵਿਗਿਆਨ ਆਧਾਰਿਤ ਫਿਲਮਾਂ ਦੇ ਮਾਮਲੇ ਵਿਚ ਇਸ ਨੇ ਚੁੱਪ ਹੀ ਧਾਰੀ ਹੋਈ ਹੈ। ਸ਼ਾਇਦ ਇਸ ਦਾ ਕਾਰਨ ਸੰਵਿਧਾਨ ਰਾਹੀਂ 'ਵਿਗਿਆਨਕ ਨਜ਼ਰੀਆ' ਪ੍ਰਫੁਲਿਤ ਕਰਨ ਦੀ ਰਾਜ-ਨੀਤੀ ਅਪਨਾਉਣ ਦੇ ਬਾਵਜੂਦ ਭਾਰਤੀ ਸਰਕਾਰਾਂ ਦੁਆਰਾ ਜਨ-ਸੰਚਾਰ ਸਾਧਨਾਂ ਲਈ ਨੀਤੀ ਦੀ ਗੈਰ-ਹਾਜ਼ਰੀ ਹੈ, ਜਾਂ ਫਿਰ ਸਰਕਾਰਾਂ ਦਾ ਆਪਣਾ ਨਜ਼ਰੀਆਂ ਹੀ ਸ਼ੱਕ ਦੇ ਘੇਰੇ ਵਿਚ ਹੈ।

ਭਾਰਤੀ ਸਿਨੇਮਾ ਵਿਚ ਪਹਿਲੇ ਦੌਰ ਦਾ ਸਿਨੇਮਾ ਜ਼ਿਆਦਾਤਰ ਧਾਰਮਿਕ ਸੰਤਾਂ-ਗੁਰੂਆਂ ਦੀਆਂ ਜੀਵਨੀਆਂ ਅਤੇ ਸਿੱਖਿਆਵਾਂ 'ਤੇ ਆਧਾਰਿਤ ਸੀ। ਕਲਕੱਤੇ ਦੀ 'ਨਿਊ ਥੀਏਟਰ ਕੰਪਨੀ' ਦੀਆਂ ਬਹੁਤੀਆਂ ਫਿਲਮਾਂ ਅਜਿਹੀਆਂ ਕਹਾਣੀਆਂ ਅਤੇ ਕਿੱਸਿਆਂ 'ਤੇ ਆਧਾਰਿਤ ਸਨ ਜਿਨ੍ਹਾਂ ਵਿਚ ਪੁਨਰ-ਜਨਮ, ਭੂਤਾਂ-ਪ੍ਰੇਤ ਦੀ ਹੋਂਦ ਅਤੇ ਭਟਕਦੀਆਂ ਆਤਮਾਵਾਂ ਦੇ ਇਰਦ-ਗਿਰਦ ਫਿਲਮ ਦੀ ਪਟਕਥਾ ਦਾ ਤਾਣਾ-ਬਾਣਾ ਬੁਣਿਆ ਜਾਂਦਾ ਸੀ। 1932 ਵਿਚ ਰਿਲੀਜ਼ ਹੋਈ ਫਿਲਮ 'ਪੁਨਰ-ਜਨਮ' ਇਸ ਦੀ ਮਿਸਾਲ ਹੈ। ਜਿਹੜੀਆਂ ਫਿਲਮਾਂ ਵਿਚ ਧਾਰਮਿਕ ਅੰਧ-ਵਿਸ਼ਵਾਸ਼ ਸਿੱਧੇ ਰੂਪ ਵਿਚ ਸ਼ਾਮਿਲ ਨਹੀਂ ਸਨ, ਉਨ੍ਹਾਂ ਵਿਚ ਵੀ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਅਤੇ ਔਕੜਾਂ ਦਾ ਅੰਤਿਮ ਹੱਲ ਕਿਸੇ ਸੁਪਰ-ਸੱਤਾ ਦੀ 'ਰਜ਼ਾ ਵਿਚ ਜਿਉਣ' ਵਿਚ ਸੁਝਾਇਆ ਜਾਂਦਾ ਸੀ। ਇਸ ਦੌਰ ਦਾ ਸਿਨੇਮਾ ਇਕ ਪਾਸੇ ਪਾਰਸੀ ਥੀਏਟਰ ਦੀ ਆਧਨਿਕਤਾ, ਹਾਲੀਵੁੱਡ ਸਿਨੇਮਾ ਦੀ ਲੜਾਕੂ ਸ਼ੈਲੀ ਅਤੇ ਅੰਗਰੇਜ਼ੀ ਸ਼ਾਸਨ ਖਿਲਾਫ ਆਵਾਮ ਦੇ ਉਭਰਦੇ ਰੋਹ ਤੇ ਰੋਸ ਨੂੰ ਸਿਨੇਮਾ ਦੇ ਸੁਪਨਈ ਪਰਦੇ 'ਤੇ ਜੀਵੰਤ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਦੂਜੇ ਪਾਸੇ ਸਿਨੇਮਾ ਉਤੇ ਲੋਕ ਕਲਾਵਾਂ, ਲੋਕ ਪੇਸ਼ਕਾਰੀਆਂ (ਯਾਤਰਾ, ਨੌਟੰਕੀ, ਸਾਂਗ, ਬ੍ਹਹਰੂਪੀਆਂ, ਨਕਲਚੀ-ਗਰੁੱਪਾਂ, ਭੰਡ-ਮਰਾਸੀ, ਕਠਪੁਤਲੀ ਨਾਚਾਂ ਅਤੇ ਧਾਰਮਿਕ ਦਰਸ਼ਨ ਆਦਿ) ਦਾ ਗਹਿਰਾ ਅਸਰ ਸੀ। ਇਨ੍ਹਾਂ ਵਿਚੋਂ ਜ਼ਿਆਦਾਤਰ ਕਲਾ ਭਾਰਤ ਦੀ ਕਿਸੇ ਨਾ ਕਿਸੇ ਇਤਿਹਾਸਕ ਤੇ ਮਿਥਿਹਾਸਕ ਕਥਾ ਜਾਂ ਕਹਾਣੀ 'ਤੇ ਆਧਾਰਿਤ ਹੁੰਦੀ ਸੀ। ਦਿਲਚਸਪ ਤੱਥ ਇਹ ਹੈ ਕਿ ਜਿਥੇ ਸਿਨੇਮਾ ਦੇ ਜਾਗਰੂਕ ਨਿਰਦੇਸ਼ਕਾਂ ਨੇ ਇਨ੍ਹਾਂ ਕਲਾਵਾਂ ਦੀ ਆਵਾਮ ਨਾਲ ਸਾਂਝ ਨੂੰ ਆਪਣੀਆਂ ਫਿਲਮਾਂ ਵਿਚ ਨਵੇਂ ਅਰਥ ਘੜਨ ਲਈ ਵਰਤਿਆ, ਉਥੇ ਕਹਾਣੀ ਕਹਿਣ ਦੀ




**ਕੁਲਦੀਪ ਕੌਰ**
ਫੋਨ: +91-98554-04330


ਕਲਾ ਨੂੰ ਸਿਰਫ ਕਹਾਣੀ ਸੁਣਾਉਣ ਤੱਕ ਮਹਿਦੂਦ ਕਰਣ ਵਾਲੇ ਨਿਰਦੇਸ਼ਕਾਂ ਨੇ ਇਨ੍ਹਾਂ ਨੂੰ ਅੰਧ-ਵਿਸ਼ਵਾਸਾਂ ਅਤੇ ਭਰਮਾਂ ਦੀ ਸਥਿਤੀ 'ਜਿਉਂ ਦੀ ਤਿਉਂ' ਪੱਕੀ ਕਰਨ ਲਈ ਵਰਤਿਆ।

1945 ਵਿਚ ਬਣੀ ਫਿਲਮ 'ਮੀਰਾ' ਤੋਂ ਬਾਅਦ ਅਗਲੇ ਸਾਲਾਂ ਵਿਚ ਅਜਿਹੀਆਂ ਅਨੇਕਾਂ ਫਿਲਮਾਂ ਰਿਲੀਜ਼ ਹੋਈਆਂ ਜਿਨ੍ਹਾਂ ਵਿਚ ਧਰਮ ਨੂੰ ਮੁਕਤੀ ਦੇ ਸੰਦ ਵਜੋਂ ਪ੍ਰਸਾਰਿਆ ਗਿਆ। ਫਿਲਮ 'ਮਾਇਆ ਮਛਿੰਦਰਾਦਾਸ', 'ਮੋਹਿਨੀ ਭਸਮਾਸੁਰ', 'ਪੂਰਨ ਭਗਤ', 'ਸੀਤਾ', 'ਭਗਤ ਪ੍ਰਹਿਲਾਦ', 'ਕ੍ਰਿਸ਼ਨ ਸੁਦਾਮਾ', 'ਲੰਕਾ ਦਹਨ', 'ਨਲ ਦਮਯੰਤੀ' ਆਦਿ ਫਿਲਮਾਂ ਨੇ ਧਰਮ ਦੀਆਂ ਧਾਰਨਾਵਾਂ ਪ੍ਰਚਾਰਨ ਵਿਚ ਮਹੱਤਵਪੂਰਣ ਰੋਲ ਅਦਾ ਕੀਤਾ। ਇਨ੍ਹਾਂ ਫਿਲਮਾਂ ਵਿਚ ਜ਼ਿੰਦਗੀ ਤੋਂ ਡਰੇ ਦਰਸ਼ਕਾਂ ਅੱਗੇ ਧਰਮ ਅਜਿਹੇ ਸਹਾਰੇ ਵਜੋਂ ਪੇਸ਼ ਕੀਤਾ ਗਿਆ ਜਿਸ ਨੂੰ ਬਿਨਾਂ ਅਪਣਾਏ ਕਿਰਦਾਰਾਂ ਲਈ ਅਰਥ-ਭਰਪੂਰ ਜ਼ਿੰਦਗੀ ਦੀ ਕਲਪਨਾ ਕਰਨਾ ਅਸੰਭਵ ਹੈ।








*ਫਿਲਮ 'ਮੀਰਾ' ਵਿਚ ਸੁਬਾ ਲਕਸ਼ਮੀ, (ਵਿਚਕਾਰ) ਫਿਲਮ 'ਪੂਰਨ ਭਗਤ' ਦਾ ਪੋਸਟਰ, (ਐਨ ਸੱਜੇ) ਕੇ.ਐਲ. ਸਹਿਗਲ ਜਿਸ ਨੇ 'ਪੂਰਨ ਭਗਤ' ਵਿਚ ਰੋਲ ਨਿਭਾਇਆ।*




7401 Brookville Rd., Indianapolis, IN 46239

Ajay Singh Grewal, Ph: 317-559-6813 & 317-493-9010

*One Stop Shop, Easy Access Off I-465 And 74
*Cheap & Best Price & Service In Town
*New & Fully Equipped With Upto Date Software
*Road Service, Towing And 24/7 Service
*Sub Dealer Aurora & Stoops Trailer






Detroit, ISX Cummins ਅਤੇ Service Maxx ਇੰਜਣਾਂ ਦੇ ਮਾਹਰ



ਸਸਤੇ, ਵਧੀਆ ਅਤੇ ਹਰ ਕਿਸਮ ਦੇ ਕਲਪੁਰਜੇ (ਪਾਰਟਸ) ਉਪਲਬਧ

■ਸਸਤੇ ਰੇਟ ਤੇ ਵਧੀਆ ਕੰਮ ■ਸਰਟੀਫਾਈਡ ਮਕੈਨਿਕ
■ਮੁਕੰਮਲ ਏ.ਸੀ. ਸਰਵਿਸ ■ਕੰਪਿਊਟਰ ਉਪਲਬਧ

*ਸ਼ਹਿਰ ਵਿਚ ਸਸਤੇ ਭਾਅ ਉਤੇ ਬੇਹਤਰੀਨ ਸਰਵਿਸ
*ਨਵੀਂ ਅਤੇ ਅਪ ਟੂ ਡੇਟ ਸਾਫਟਵੇਅਰ ਨਾਲ ਲੈਸ
*ਰੋਡ ਸਰਵਿਸ, ਟੋਇੰਗ ਅਤੇ 24 ਘੰਟੇ 7 ਦਿਨ ਸਰਵਿਸ
*ਸਬ ਡੀਲਰ ਅਰੋਰਾ ਅਤੇ ਸਟੂਪਸ ਟਰੇਲਰ

Aurora PARTS & SERVICE NETWORK




ਰੋਡ ਸਰਵਿਸ $85 ਪ੍ਰਤੀ ਘੰਟਾ

